Reo-Bankowned Properties
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY


Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 29, July 18, 2009
20451 N Plum Grove Rd. Palatine, IL 60074
Ph:847-359-0746, Fax:847-705-9388


# ਪੰਜਾਬ ਬਜਟ ਪਾਸ:ਕਾਨੂੰਨਸਾਜ਼ਾਂ ਵਲੋਂ ਆਪਣੇ ਹੀ ਢਿੱਡ ਭਰਨ ਨੂੰ ਪਹਿਲ

## ਖਾੜਕੂਵਾਦ ਵੇਲੇ ਦੇ ਜੰਗੀ ਤਵਾਨ ਨੇ ਦੱਬਿਆ ਪੰਜਾਬ-ਵਿੱਤ ਮੰਤਰੀ

**ਚੰਡੀਗੜ੍ਹ:** ਇਕ ਪਾਸੇ ਪੰਜਾਬ ਸਰਕਾਰ ਵਲੋਂ ਆਰਥਿਕ ਮੰਦੇ ਦਾ ਰੋਣਾ ਰੋਇਆ ਜਾ ਰਿਹਾ ਹੈ, ਅਸੈਂਬਲੀ 'ਚ ਸੂਬੇ ਸਿਰ ਚੜ੍ਹੇ 63000 ਕਰੋੜ ਰੁਪਏ ਦੇ ਕਰਜ਼ੇ ਬਾਰੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਚਿੰਤਾ 'ਚ ਡੁੱਬੇ ਹੋਏ ਹਨ, ਜਦਕਿ ਦੋਵੇਂ ਧਿਰਾਂ ਦੇ ਸਿਆਸੀ ਲੀਡਰ ਭਾਵ ਵਿਧਾਇਕ ਤੇ ਮੰਤਰੀ ਚੁੱਪ-ਚੁਪੀਤੇ ਅਪਣੀਆਂ ਤਨਖ਼ਾਹਾਂ, ਭੱਤੇ ਅਤੇ ਹੋਰ ਸਹੂਲਤਾਂ ਵਧਾਉਣ ਦੇ ਹੱਕ ਵਿਚ ਸਹਿਮਤੀ ਪ੍ਰਗਟ ਕਰਦੇ ਵੇਖੇ ਗਏ। ਬਜਟ ਸੈਸ਼ਨ ਦੇ ਆਖ਼ਰੀ ਦਿਨ ਦੀ ਮੀਟਿੰਗ 'ਚ ਸਪੀਕਰ ਨਿਰਮਲ ਸਿੰਘ ਕਾਹਲੋਂ ਦੀ ਪ੍ਰਧਾਨਗੀ 'ਚ 15 ਮੈਂਬਰੀ ਕਮੇਟੀ ਵਲੋਂ ਤਿਆਰ ਕੀਤੀ ਰਿਪੋਰਟ 11 ਜੁਲਾਈ ਨੂੰ ਸਦਨ 'ਚ ਪੇਸ਼ ਕੀਤੀ ਗਈ, ਜਿਸ ਨੂੰ ਨਾਲ ਦੀ ਨਾਲ ਪ੍ਰਵਾਨ ਕਰ ਕੇ ਸਪੀਕਰ ਨੇ ਖ਼ੁਦ ਐਲਾਨ ਕਰ ਦਿਤਾ ਕਿ ਇਹ ਵਧੀਆਂ ਹੋਈਆਂ ਤਨਖ਼ਾਹਾਂ, ਭੱਤੇ, ਚਾਹ-ਪਾਣੀ ਖ਼ਰਚੇ, ਗੱਡੀਆਂ ਲਈ ਪੈਟਰੋਲ ਤੇ ਡੀਜ਼ਲ ਦੇ ਵਧੇ ਹੋਏ ਰੇਟ, ਮੈਡੀਕਲ ਭੱਤੇ ਅਤੇ ਹੋਰ ਵਾਧੂ ਸਹੂਲਤਾਂ ਪਿਛਲੀ ਤਰੀਕ ਪਹਿਲੀ ਅਪ੍ਰੈਲ ਤੋਂ ਮਿਲਣਗੀਆਂ। ਇਸ ਐਲਾਨ 'ਤੇ ਖ਼ਜ਼ਾਨਾ ਮੰਤਰੀ ਨੇ ਇਤਰਾਜ਼ ਕੀਤਾ ਅਤੇ ਕਿਹਾ ਕਿ ਬਜਟ 'ਚ ਰਾਸ਼ੀ ਤਾਂ ਪਹਿਲੀ ਅਗਸਤ ਤੋਂ ਲਾਗੂ ਕਰਨ ਦੀ ਸਲਾਹ ਹੈ ਤਾਂ ਸਪੀਕਰ ਨੇ ਕਿਹਾ ਕਿ ਬਾਅਦ 'ਚ ਕੈਬਨਿਟ ਤੋਂ ਪ੍ਰਵਾਨਗੀ ਲੈ ਕੇ ਲਾਗੂ ਕਰਵਾ ਦੇਣਾ। ਕੁਲ ਮਿਲਾ ਕੇ ਸਮੁੱਚੀ ਵਿਧਾਨ ਸਭਾ ਆਪਣੇ ਭੱਤੇ ਵਗੈਰਾ ਵਧਾਉਣ ਲਈ ਕਾਹਲੀ ਨਜ਼ਰ ਆਈ। ਲੋਕਾਂ ਦਾ ਟੈਕਸਾਂ ਰਾਹੀਂ ਇਕੱਠਾ ਕੀਤਾ ਪੈਸਾ ਲੁੱਟਣ ਲਈ ਪੰਜਾਬ ਦੇ ਇਹ ਪੰਚ ਸਰਪੰਚ ਹਲਕੇ ਜਿਹੇ ਵਿਖਾਈ ਦਿੱਤੇ।

ਪੰਜਾਬ ਵਿਧਾਨ ਸਭਾ ਵਿਚ ਬਹਿਸ ਤੋਂ ਬਾਅਦ ਲੰਘੀ 11 ਜੁਲਾਈ ਨੂੰ ਸਾਲ 2009-10 ਦਾ ਬਜਟ ਪਾਸ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸੂਬੇ ਦੇ ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤਿਆਂ 'ਚ ਵਾਧਿਆਂ ਨੂੰ ਪ੍ਰਵਾਨਗੀ ਦੇਣ ਦੇ ਨਾਲ-ਨਾਲ ਮੰਤਰੀਆਂ ਦੀਆਂ ਤਨਖਾਹਾਂ ਤੇ ਭੱਤਿਆਂ ਨੂੰ ਵਧਾਉਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਵਿਧਾਇਕਾਂ ਦੀਆਂ ਤਨਖਾਹਾਂ 'ਚ ਵਾਧੇ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ। ਇਹ ਫੈਸਲਾ ਕੈਬਨਿਟ ਦੀ ਮਨਜ਼ੂਰੀ ਤੋਂ ਬਾਅਦ ਲਾਗੂ ਹੋਵੇਗਾ। ਪੰਜਾਬ ਦੇ ਸਾਰੇ ਵਿਧਾਇਕਾਂ ਦੀ ਤਨਖਾਹ ਹੁਣ 4000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਅਤੇ ਵਿਧਾਨ ਸਭਾ ਖੇਤਰ ਭੱਤਾ 5000 ਰੁਪਏ ਤੋਂ ਵਧਾ ਕੇ 15000 ਰੁਪਏ ਮਹੀਨਾ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਹ 5000 ਰੁਪਏ ਮਹੀਨੇ 'ਤੇ ਨਿੱਜੀ ਸਹਾਇਕ ਵੀ ਰੱਖ ਸਕਣਗੇ ਅਤੇ ਉਨ੍ਹਾਂ ਨੂੰ 5000 ਰੁਪਏ ਸਾਲਾਨਾ ਸਕੱਤਰੇਤ ਭੱਤਾ ਵੀ ਮਿਲੇਗਾ। ਵਿਧਾਇਕਾਂ ਦਾ ਕੰਪੋਨੈਂਟ ਭੱਤਾ 5000 ਰੁਪਏ ਮਹੀਨਾ ਅਤੇ ਦਫ਼ਤਰੀ ਭੱਤਾ 5000 ਰੁਪਏ ਮਹੀਨਾ ਹੀ ਰਹੇਗਾ। ਉਨ੍ਹਾਂ ਨੂੰ ਫੁਟਕਲ ਭੱਤਾ

*(ਬਾਕੀ ਸਫਾ 12 ਉਤੇ)*



*ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਲਾ'ਅਕੁਇਲਾ, ਇਟਲੀ ਵਿਚ ਜੂਨੀਅਰ-8 ਮੀਟਿੰਗ ਦੌਰਾਨ ਕੋਈ ਗੱਲ ਵਿਚਾਰਦੇ ਹੋਏ*

# ਅਹਿਮ ਮਸਲੇ ਵਿਚਾਰਨ ਤੱਕ ਸੀਮਤ ਰਿਹਾ ਸੰਮੇਲਨ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਲਾ'ਅਕੁਇਲਾ:** ਇਟਲੀ ਦੇ ਭੂਚਾਲ ਨਾਲ ਭੰਨੇ ਸ਼ਹਿਰ ਲਾਕੁਇਲਾ 'ਚ ਹਾਲ ਹੀ ਵਿਚ ਜੀ-8 ਤੇ ਜੀ-5 ਮੁਲਕਾਂ ਦੇ ਹੋਏ ਸਾਂਝੇ ਸੰਮੇਲਨ ਵਿਚ ਦੋਨਾਂ ਜਥੇਬੰਦੀਆਂ ਨੂੰ ਮਿਲਾ ਕੇ ਜੀ-14 ਬਣਾਉਣ, ਕੋਪਨਹੇਗਨ ਸਮਾਗਮ ਤੱਕ ਜਲਵਾਯੂ ਤਬਦੀਲੀ ਬਾਰੇ ਕੋਈ ਸਾਂਝੀ ਸਮਝ ਬਣਾਉਣ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਗਰੀਬ ਕਿਸਾਨਾਂ ਦੀ 20 ਅਰਬ ਡਾਲਰ ਦੀ ਮਦਦ ਕਰਨ ਦਾ ਵਿਚਾਰ ਸਾਹਮਣੇ ਆਇਆ।

ਖੇਤੀਬਾੜੀ ਖੇਤਰ 'ਚ ਉਤਪਾਦਨ ਵਧਾਉਣ ਲਈ ਵਿਕਾਸਸ਼ੀਲ ਦੇਸ਼ਾਂ ਦੇ ਗਰੀਬ ਕਿਸਾਨਾਂ ਦੀ ਮਦਦ ਵਾਸਤੇ ਆਖਰ ਵਿਸ਼ਵ ਦੇ ਆਗੂਆਂ ਨੇ ਕੁਝ ਹੱਦ ਤੱਕ ਰਜ਼ਾਮੰਦ ਹੁੰਦਿਆਂ 20 ਅਰਬ ਅਮਰੀਕੀ ਡਾਲਰ ਦੀ ਰਾਸ਼ੀ ਵੰਡਣ ਦਾ ਫ਼ੈਸਲਾ ਕੀਤਾ ਹੈ। ਵਿਸ਼ਵ ਆਗੂਆਂ ਵਲੋਂ ਲਏ ਗਏ ਇਸ ਫ਼ੈਸਲੇ ਨੂੰ ਸੰਸਾਰ 'ਚ ਪਸਰੀ ਭੁੱਖਮਰੀ ਵਲ ਪੱਛਮੀ ਦੇਸ਼ਾਂ ਦੇ ਰੁਖ਼ 'ਚ ਆਈ ਤਬਦੀਲੀ ਦਾ ਲਖਾਇਕ ਮੰਨਿਆ ਜਾ ਰਿਹਾ ਹੈ। ਲੰਘੀ 10 ਜੁਲਾਈ ਨੂੰ ਜਾਰੀ ਕੀਤੇ ਗਏ ਇਕ ਬਿਆਨ ਦੇ ਮਸੌਦੇ

## ਜੀ- 8 ਸੰਮੇਲਨ

ਵਿਚ ਕਿਹਾ ਗਿਆ ਹੈ ਕਿ ਇਹ ਰਾਸ਼ੀ ਤਿੰਨ ਸਾਲਾਂ ਦੌਰਾਨ ਖ਼ਰਚੀ ਜਾਣੀ ਹੈ। ਇਸ ਦੌਰਾਨ ਸੰਯੁਕਤ ਰਾਸ਼ਟਰ ਨੇ ਵਿਸ਼ਵ ਆਗੂਆਂ ਵਲੋਂ ਲਏ ਗਏ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ, ਜਦੋਂ ਕਿ ਗਰੀਬੀ ਵਿਰੋਧੀ ਜਥੇਬੰਦੀਆਂ ਨੇ ਦਿੱਤੀ ਜਾਣ ਵਾਲੀ ਇਸ ਰਾਸ਼ੀ ਨੂੰ ਨਾਕਾਫ਼ੀ ਦੱਸਿਆ। ਬਿਆਨ ਅਨੁਸਾਰ ਇਸ ਰਾਸ਼ੀ ਦਾ ਮੁੱਖ ਉਦੇਸ਼ ਸਿਰਫ਼ ਸਹਾਇਤਾ ਦੇਣ ਦੀ ਥਾਂ ਗਰੀਬ ਦੇਸ਼ਾਂ ਦੇ ਕਿਸਾਨਾਂ ਵਲੋਂ ਖੇਤੀ ਖੇਤਰ 'ਚ ਪੈਦਾਵਾਰ ਵਧਾਉਣ 'ਚ ਮਦਦ ਕਰਨਾ ਹੈ। ਵਿਸ਼ਵ ਆਗੂਆਂ ਵਲੋਂ ਚੁੱਕਿਆ ਗਿਆ ਇਹ ਕਦਮ ਅਨਾਜ ਸੁਰੱਖਿਆ ਪ੍ਰਦਾਨ ਕਰੇਗਾ, ਜੋ ਕਿ ਇਸ ਸਮੇਂ ਸਿਆਸੀ ਅਸਥਿਰਤਾ ਦਾ ਇਕ ਵੱਡਾ ਕਾਰਨ ਬਣਿਆ ਹੋਇਆ ਹੈ। ਬਿਆਨ ਦਾ ਇਹ ਮਸੌਦਾ 8 ਉਦਯੋਗਿਕ ਦੇਸ਼ਾਂ ਵਲੋਂ ਤਿੰਨ ਦਿਨਾਂ ਚਰਚਾ ਤੋਂ ਬਾਅਦ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਉਭਰਦੀਆਂ ਅਰਥ ਵਿਵਸਥਾਵਾਂ ਤੇ ਅਫ਼ਰੀਕੀ ਦੇਸ਼ਾਂ ਨੂੰ ਇਸ ਸਮੂਹ 'ਚ ਸ਼ਾਮਲ ਕਰਾਉਣ ਲਈ ਇਹ ਸੰਮੇਲਨ 10 ਜੁਲਾਈ ਤਕ ਵਧਾ ਦਿੱਤਾ ਗਿਆ ਸੀ।

ਇਹ ਵੀ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਸਮੂਹ 27

*(ਬਾਕੀ ਸਫਾ 6 ਉਤੇ)*


ਕਾਰ, ਘਰ, ਜੀਵਨ ਤੇ ਬਿਜਨਸ

ਵਾਜਬ ਭਾਅ 'ਤੇ ਬੀਮੇ ਦੀਆਂ ਆਪਣੀਆਂ ਸਭ ਲੋੜਾਂ ਲਈ ਕਾਲ ਕਰੋ
Truck Insurance
Liquor Store/Gas Stations
Workers Compensation
Manjit Gill
Prisident
CA Lic#OB23990
Civil Service Employees Insurance Group
CSE
Gill Financial & Insurance Services
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਦਵਾਰਾ ਫਰੀਮਾਂਟ ਦੇ ਪ੍ਰਬੰਧਕ ਆਪਣੇ ਪੁਰਾਣੇ ਚਾਲਿਆਂ 'ਤੇ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):**ਕੀ ਗੁਰਦਵਾਰਾ ਫਰੀਮਾਂਟ ਦੀ ਸੰਗਤ ਨੂੰ ਵੋਟਾਂ ਰਾਹੀਂ ਆਪਣੇ ਪ੍ਰਬੰਧਕ ਚੁਣਨ ਦਾ ਮਹਿੰਗੀ ਅਦਾਲਤੀ ਲੜਾਈ ਪਿਛੋਂ ਹਾਸਲ ਹੋਇਆ ਹੱਕ ਇਕ ਵਾਰ ਫੇਰ ਖਤਰੇ 'ਚ ਹੈ? ਕੀ ਚੋਣਾਂ ਕਰਵਾਉਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਜਿਹੇ ਕਿਸੇ ਸਿਰਲੱਥ ਆਗੂ ਨੂੰ ਮੁੜ ਅਦਾਲਤਾਂ ਦੇ ਚੱਕਰ ਕਟਣੇ ਪੈਣਗੇ? ਕੀ ਮੁੜ ਚੋਣਾਂ ਰੋਕਣ ਲਈ ਨੌਂ ਲੱਖਾ ਬਾਂਡ ਭਰਿਆ ਜਾਏਗਾ? ਅਤੇ ਕੀ ਸੰਗਤ ਦੀ ਕਮਾਈ ਦਾ ਕੋਈ ਪੰਜ ਲੱਖ ਡਾਲਰ ਪਹਿਲਾਂ ਵਾਂਗ ਮੁੜ ਕੋਰਟ-ਕਚਹਿਰੀਆਂ ਦੇ ਲੇਖੇ ਲੱਗ ਜਾਵੇਗਾ? ਜੇਕਰ ਮੌਜੂਦਾ ਪ੍ਰਬੰਧਕਾਂ ਦੇ ਚਾਲ-ਢੰਗ ਦੇਖੇ ਜਾਣ ਅਤੇ ਉਨ੍ਹਾਂ ਦੇ ਲਿਖੇ ਵਿਚੋਂ ਅਣਲਿਖਿਆ ਪੜ੍ਹਿਆ ਜਾਵੇ ਤਾਂ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ 'ਹਾਂ' ਵਾਲੇ ਪਾਸੇ ਨਿਕਲਦਾ ਹੈ।

ਜਿਸ ਤਰ੍ਹਾਂ ਸ. ਹਰਜੋਤ ਸਿੰਘ ਖਾਲਸਾ ਦੀ ਅਗਵਾਈ ਹੇਠ ਪ੍ਰਬੰਧਕ ਸਾਰੇ ਕਾਇਦੇ ਕਾਨੂੰਨ, ਗੁਰੂਘਰ ਦੇ ਵਕੀਲ ਦੀ ਸਲਾਹ ਅਤੇ ਵਿਰੋਧੀ ਧਿਰ ਦੇ ਇਤਰਾਜ਼ਾਂ ਨੂੰ ਛਿੱਕੇ ਟੰਗ ਕੇ ਵੋਟਰ ਸੂਚੀਆਂ ਵਿਚ ਸੋਧ ਕਰਨ ਨੂੰ ਤੁਰੇ ਹੋਏ ਹਨ, ਉਸਤੋਂ ਤਾਂ ਇਹੋ ਜਾਪਦਾ ਹੈ ਕਿ ਪ੍ਰਬੰਧਕ ਆਪਣੇ ਵਿਰੋਧੀਆਂ ਨੂੰ ਚੋਣਾਂ ਕਰਵਾਉਣ ਲਈ ਅਦਾਲਤਾਂ ਦੇ ਰਾਹ ਪਾਉਣਾ ਚਾਹੁੰਦੇ ਹਨ। ਫਰੀਮਾਂਟ ਗੁਰੂਘਰ ਦੇ ਇਸ ਵੇਲੇ ਕੋਈ 9400 ਮੈਂਬਰ ਹਨ। ਪ੍ਰਬੰਧਕਾਂ ਨੇ ਮਈ ਮਹੀਨੇ ਵੋਟਰ ਸੂਚੀ ਸੋਧਣ ਲਈ ਇਕ ਕਮੇਟੀ ਬਣਾਈ ਅਤੇ ਵੋਟਰਾਂ ਨੂੰ ਪਾਉਣ ਲਈ ਇਕ ਚਿੱਠੀ ਵੀ ਘੜੀ ਜੋ ਪਾਈ ਨਹੀਂ ਗਈ। ਸਟੇਜ ਤੋਂ ਵੋਟਰ ਲਿਸਟ ਸੋਧਣ ਬਾਰੇ ਐਲਾਨ ਜ਼ਰੂਰ ਕੀਤਾ ਗਿਆ ਤੇ ਫਿਰ ਵੋਟਰ ਸੂਚੀਆਂ ਦੀ ਸੋਧ ਕਰਨ ਦਾ ਕੰਮ ਆਰੰਭ ਦਿੱਤਾ। ਮੈਂਬਰਾਂ ਨੂੰ ਆਖਿਆ ਗਿਆ ਹੈ, ਗੁਰਦਵਾਰਾ ਸਾਹਿਬ ਦੀ ਵੋਟਰ ਸੂਚੀ ਸੋਧੀ ਜਾ ਰਹੀ ਹੈ ਅਤੇ ਨਿਜੀ ਤੌਰ ਤੇ ਗੁਰਦਵਾਰਾ ਸਾਹਿਬ ਆ ਕੇ ਮੈਂਬਰਸ਼ਿਪ ਬਾਰੇ ਆਪਣੀ ਜਾਣਕਾਰੀ 26 ਜੁਲਾਈ ਤੋਂ ਪਹਿਲਾਂ-ਪਹਿਲਾਂ ਅਪਡੇਟ ਕਰਵਾਈ ਜਾਵੇ। ਇਸ ਚਿੱਠੀ ਅਨੁਸਾਰ ਮੈਂਬਰਸ਼ਿਪ ਦਾ ਰਜਿਸਟਰ 14 ਜੂਨ ਤੋਂ 26 ਜੁਲਾਈ 2009 (ਐਤਵਾਰ ਨੂੰ ਸਵੇਰੇ 10 ਤੋਂ ਸ਼ਾਮ 4 ਵਜੇ ਤਕ ਅਤੇ ਦੋ ਬੁਧਵਾਰ 15 ਅਤੇ 22 ਜੁਲਾਈ ਸ਼ਾਮ 6 ਵਜੇ ਤੋਂ 8 ਵਜੇ) ਤਕ ਖੁਲ੍ਹਾ ਰਖਿਆ ਜਾ ਰਿਹਾ ਹੈ। ਚੋਣਾਂ ਅਗਲੇ ਸਾਲ ਮਾਰਚ ਮਹੀਨੇ ਹੋਣੀਆਂ ਹਨ।

ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਗੁਰਚਰਨ ਸਿੰਘ ਮਾਨ ਅਤੇ ਉਨ੍ਹਾਂ ਦੇ ਸਾਥੀਆਂ ਨੇ ਪ੍ਰਬੰਧਕਾਂ ਦੇ ਇਸ ਫੈਸਲੇ ਵਿਰੁਧ ਇਤਰਾਜ ਕੀਤਾ। ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਵੀ ਪ੍ਰਬੰਧਕਾਂ ਦੀ ਇਸ ਕਾਰਵਾਈ ਨੂੰ ਗੈਰ-ਵਿਧਾਨਕ ਦੱਸਿਆ। ਸੰਗਤ ਦੇ ਦਬਾਅ ਪਿਛੋਂ ਵੋਟਰ ਸੂਚੀਆਂ ਸੋਧਣ ਦਾ ਕੰਮ ਰੋਕ ਦੇਣ ਅਤੇ ਇਸ ਸਬੰਧੀ ਵਕੀਲ ਦੀ ਸਲਾਹ ਲੈਣ ਦਾ ਫੈਸਲਾ ਹੋਇਆ। ਵਕੀਲ ਮਾਰਕ ਕੋਹਨ ਨੇ ਇਹ ਰਾਇ ਦਿੱਤੀ ਕਿ ਵਾਜਬ ਨੋਟਿਸ ਦਿੱਤੇ ਬਿਨਾ ਵੋਟਰ ਸੂਚੀਆਂ ਦੀ ਸੋਧ ਗਲਤ ਹੋਵੇਗੀ ਪਰੰਤੂ ਪ੍ਰਬੰਧਕਾਂ ਨੇ ਇਹ ਰਾਇ ਅਣਡਿੱਠ ਕਰਕੇ ਵੋਟਰ ਸੂਚੀਆਂ ਦੀ ਸੋਧ ਦਾ ਕੰਮ ਜਾਰੀ ਰਖਿਆ ਹੋਇਆ ਹੈ। ਦਿਲਚਸਪ ਗੱਲ ਤਾਂ ਇਹ ਹੈ ਕਿ ਵੋਟਰ ਸੂਚੀਆਂ 'ਚ ਸੋਧ ਕਰਨ ਲਈ ਬਣਾਈ ਕਮੇਟੀ ਵਿਚ ਇਕ ਅਜਿਹੇ ਸ਼ਖਸ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਸ ਉਤੇ ਪਿਛਲੀਆਂ ਚੋਣਾਂ ਵਿਚ ਵੋਟਾਂ ਦੇ ਟੈਗ ਖਿਸਕਾ ਲੈਣ ਦੇ ਦੋਸ਼ ਲੱਗੇ ਹੋਏ ਹਨ।

ਇਸੇ ਦੌਰਾਨ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਹਰਮਿੰਦਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਮਾਨ ਨੇ ਪ੍ਰਬੰਧਕਾਂ ਨੂੰ ਵੋਟਰ ਸੂਚੀਆਂ ਵਿਚ ਇਸ ਤਰੀਕੇ ਨਾਲ ਸੋਧ ਕਰਨ ਵਿਰੁਧ ਚਿਤਾਵਨੀ ਭਰੀ ਚਿੱਠੀ ਲਿਖੀ ਹੈ। ਚਿੱਠੀ ਵਿਚ ਲਿਖਿਆ ਗਿਆ ਹੈ ਕਿ ਗੁਰਦਵਾਰਾ ਸਾਹਿਬ ਦੇ ਮੈਂਬਰ ਬਣਨ ਲਈ ਸਪਸ਼ਟ ਗਾਈਡਲਾਈਨਾਂ ਹਨ, ਜੋ ਕਿ ਕਿਸੇ ਹੁਕਮਰਾਨ ਧਿਰ ਵਲੋਂ ਸੋਧੀਆਂ ਜਾਂ ਬਦਲੀਆਂ ਨਹੀਂ ਜਾ ਸਕਦੀਆਂ ਅਤੇ ਨਵੀਆਂ ਚੋਣਾਂ ਤੇ ਮੈਂਬਰਸ਼ਿਪ ਦੇ ਅਮਲ ਨੂੰ ਪੂਰਾ ਕਰਨਾ ਸਿਰਫ ਤੇ ਸਿਰਫ ਸੁਪਰੀਮ ਕੌਂਸਲ ਦੀ ਜਿੰਮੇਵਾਰੀ ਹੈ। ਮੈਂਬਰਸ਼ਿਪ ਅਮਲ ਬਾਰੇ ਲੋੜੀਂਦਾ ਨੋਟਿਸ ਦਿੱਤਾ ਜਾਵੇ ਅਤੇ ਇਸ ਵਿਚ ਸਾਰੇ ਗਰੁਪਾਂ ਅਤੇ ਧਿਰਾਂ ਨੂੰ ਸ਼ਾਮਲ ਕੀਤਾ ਜਾਵੇ। ਇਹ ਅਮਲ ਹਾਲ ਦੀ ਘੜੀ ਅਗਲੀਆਂ ਚੋਣਾਂ ਲਈ ਅਕਤੂਬਰ-ਨਵੰਬਰ ਤਕ ਮੁਲਤਵੀ ਕਰ ਦਿੱਤਾ ਜਾਵੇ।

ਪ੍ਰਬੰਧਕਾਂ ਦੇ ਇਸ ਵਤੀਰੇ ਨੂੰ ਭਾਂਪਦਿਆਂ ਖਾਲਸਾ ਧੜੇ ਦੇ ਇਕ ਤੋਂ ਤਿੰਨ ਬਣੇ ਧੜੇ ਮੁੜ ਸਿਰ ਜੋੜਨ ਲਈ ਮਜਬੂਰ ਹੋ ਗਏ ਹਨ। ਇਸ ਸਬੰਧੀ ਤਿੰਨਾਂ ਧੜਿਆਂ ਦੀ ਪਿਛਲੇ ਦਿਨੀਂ ਮੀਟਿੰਗ ਹੋਈ, ਜਿਸ ਵਿਚ ਸੰਗਤ ਦੀਆਂ ਭਾਵਨਾਵਾਂ ਨੂੰ ਮੁਖ ਰਖ ਕੇ ਖਾਲਸਾ ਧੜੇ, ਭਾਈ ਰਾਮ ਸਿੰਘ ਧੜੇ ਅਤੇ ਕੈਲੀਫੋਰਨੀਆ ਸਿੱਖ ਐਸੋਸੀਏਸ਼ਨ ਧੜੇ ਨੇ ਮੁੜ ਇਕੱਠੇ ਹੋਣ ਦਾ ਫੈਸਲਾ ਕੀਤਾ। ਇਥੇ ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ ਵਿਚ ਜਿਥੇ ਸਿੱਖ ਯੂਥ ਆਫ ਅਮੈਰਿਕਾ ਦਾ ਚੇਲਾ-ਜੰਡੀ ਧੜਾ ਕਈ ਧੜਿਆਂ ਨੂੰ ਇਕੱਠੇ ਕਰਨ ਵਿਚ ਕਾਮਯਾਬ ਰਿਹਾ ਸੀ, ਉਥੇ ਭਾਈ ਗੁਰਮੀਤ ਸਿੰਘ ਦੀ ਅਗਵਾਈ ਹੇਠਲਾ ਖਾਲਸਾ ਧੜਾ ਤਿੰਨਾਂ ਧੜਿਆਂ ਵਿਚ ਵੰਡਿਆ ਗਿਆ ਸੀ, ਜਿਸ ਕਰਕੇ 2700 ਵੋਟਾਂ ਹਾਸਲ ਕਰਨ ਦੇ ਬਾਵਜੂਦ ਉਹ ਚੋਣਾਂ ਹਾਰ ਗਏ ਸਨ ਅਤੇ ਕਰੀਬ 1500 ਵੋਟਾਂ ਹਾਸਲ ਕਰਕੇ ਮੌਜੂਦਾ ਪ੍ਰਬੰਧਕ ਜਿੱਤ ਗਏ ਸਨ।

ਮੌਜੂਦਾ ਸਥਿਤੀ ਨੂੰ ਸਮਝਣ ਲਈ ਗੁਰਦਵਾਰਾ ਫਰੀਮਾਂਟ ਦੇ ਪਿਛਲੇ ਇਤਿਹਾਸ ਉਤੇ ਨਿਗਾਹ ਮਾਰਨੀ ਸਹਾਈ ਸਾਬਤ ਹੋਏਗੀ। ਮੌਜੂਦਾ ਪ੍ਰਬੰਧਕਾਂ ਪਾਸ ਇਸ ਗੁਰੂਘਰ ਦੀ ਸੇਵਾ 1996 ਵਿਚ ਵੀ ਆਈ ਸੀ, ਉਦੋਂ ਆਮ ਸਿੱਖ ਹਲਕਿਆਂ ਵਿਚ ਕਾਂਗਰਸੀ ਕਰਕੇ ਜਾਣਿਆ ਜਾਂਦਾ ਗਰੇਵਾਲ ਧੜਾ ਸਿੱਖ ਯੂਥ ਆਫ ਅਮੈਰਿਕਾ ਦੇ ਚੇਲਾ-ਜੰਡੀ ਧੜੇ ਨਾਲ ਪ੍ਰਬੰਧ ਵਿਚ ਸ਼ਰੀਕ ਸੀ। ਇਸ ਸਮੇਂ ਵੀ ਗਰੇਵਾਲ ਧੜੇ ਦਾ ਹੀ ਇਕ ਪੁਰਾਣਾ ਸਿਪਾਹੀ ਭਾਈ ਦਵਿੰਦਰ ਸਿੰਘ ਚਾਨਾ ਸੁਪਰੀਮ ਕੌਂਸਲ ਮੈਂਬਰ ਹੈ। 1998 ਦੇ ਮੱਧ ਤੱਕ ਚੇਲਾ ਗਰੁੱਪ ਨੇ ਸ. ਧਾਮੀ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਘਰਾਂ ਨੂੰ ਵੀ ਤੋਰ ਦਿੱਤਾ ਸੀ। ਇਸ ਪਿਛੋਂ ਚੇਲਾ-ਜੰਡੀ ਧੜੇ ਨੇ ਇਲੈਕਸ਼ਨ ਨਹੀਂ ਸਿਲੈਕਸ਼ਨ ਦੇ ਨਾਅਰੇ ਹੇਠ ਚੋਣਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਸੰਨ 2002 ਵਿਚ ਚੋਣਾਂ ਲਈ ਲੰਮੀ ਤੇ ਖਰਚੀਲੀ ਕਾਨੂੰਨੀ ਲੜਾਈ ਸ਼ੁਰੂ ਹੋਈ। ਅਖੀਰ ਅਦਾਲਤ ਦੇ ਹੁਕਮਾਂ 'ਤੇ ਜਨਵਰੀ 2005 ਵਿਚ ਚੋਣਾਂ ਹੋਈਆਂ ਜਿਨ੍ਹਾਂ ਵਿਚ ਖਾਲਸਾ ਧੜਾ ਵੱਡੇ ਫਰਕ ਨਾਲ ਜੇਤੂ ਰਿਹਾ। ਚੇਲਾ-ਜੰਡੀ ਗਰੁਪ ਨੇ ਅਦਾਲਤ ਵਿਚ ਇਹ ਪੈਂਤੜਾ ਲਿਆ ਸੀ ਕਿ ਚੋਣਾਂ ਸਿੱਖ ਸਿਧਾਂਤਾਂ ਦੇ ਉਲਟ ਹਨ ਅਤੇ ਇਹ ਦਲੀਲ ਵੀ ਦੇ ਦਿੱਤੀ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਉਮਰ ਭਰ ਲਈ ਥਾਪੇ ਸਨ ਇਸੇ ਕਰਕੇ ਸੁਪਰੀਮ ਕੌਂਸਲ ਦੇ ਪੰਜ ਪਿਆਰੇ ਵੀ ਉਮਰ ਭਰ ਲਈ ਹਨ ਪਰ ਜੱਜ ਨੇ ਇਸ ਦਲੀਲ ਨੂੰ ਨਾ ਮੰਨਿਆ। ਚੇਲਾ-ਜੰਡੀ ਗਰੁਪ ਨੇ ਇਸ ਦਲੀਲ ਨਾਲ ਆਪਣੇ ਆਪ ਨੂੰ ਕਸੂਤੀ ਸਥਿਤੀ ਵਿਚ ਪਾ ਲਿਆ ਅਤੇ ਸਿੱਧਿਆਂ ਚੋਣ ਨਾ ਲੜੀ। 2005 ਦੀਆਂ ਚੋਣਾਂ ਇਸ ਨੇ ਸਾਧ ਸੰਗਤ ਸਲੇਟ ਦੇ ਓਹਲੇ ਹੇਠ ਲੜੀਆਂ। ਜਨਵਰੀ 2006 ਵਿਚ ਇਸ ਨੇ ਮੁੜ ਯੁਨਾਈਟਿਡ ਸਿੱਖ ਅਲਾਇੰਸ ਦੀ ਪਿਛੇ ਰਹਿ ਕੇ ਪੁਸ਼ਤਪਨਾਹੀ ਕੀਤੀ। ਇਨ੍ਹਾਂ ਚੋਣਾਂ ਵਿਚ ਭਾਈ ਰਾਮ ਸਿੰਘ ਦੇ ਧੜੇ ਨੂੰ ਵੱਡੀ ਜਿੱਤ ਹਾਸਲ ਹੋਈ। ਮਾਰਚ 2008 ਦੀਆਂ ਚੋਣਾਂ ਵਿਚ ਖਾਲਸਾ ਧੜਾ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੋ ਚੁੱਕਾ ਸੀ ਅਤੇ ਤਿੰਨਾਂ ਧੜਿਆਂ ਵਿਚ ਵੰਡਿਆ ਜਾ ਚੁੱਕਾ ਸੀ।

ਇਥੇ ਜ਼ਿਕਰ ਕਰਨਾ ਬਣਦਾ ਹੈ ਕਿ ਜਨਵਰੀ 2005 ਅਤੇ ਜਨਵਰੀ 2006 ਦੀਆਂ ਚੋਣਾਂ ਜੋ ਭਾਈ ਰਾਮ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੀ ਪੰਥਕ ਸਲੇਟ ਵਲੋਂ ਕਰਵਾਈਆਂ ਗਈਆਂ, ਵਿਚ ਚੋਣਾਂ ਦੇ ਢੰਗ ਤਰੀਕਿਆਂ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਾ ਹੋਇਆ। ਪਰ ਮਾਰਚ 2008 ਦੀਆਂ ਚੋਣਾਂ ਵਿਚ ਜਦੋਂ ਚੇਲਾ-ਜੰਡੀ ਗਰੁਪ ਨੇ ਸਿੱਧੇ ਰੂਪ ਵਿਚ ਹਿੱਸਾ ਲਿਆ ਤਾਂ ਸਟਿਕਰ ਚੋਰੀ ਹੋਣ ਦੇ ਦੋਸ਼ ਇਸ ਧੜੇ ਉਤੇ ਲੱਗੇ। ਜਾਅਲੀ ਵੋਟਾਂ ਭੁਗਤਾਏ ਜਾਣ ਦੇ ਦੋਸ਼ ਵੀ ਲੱਗੇ। ਵੋਟਾਂ ਦੀ ਗਿਣਤੀ ਦੋ ਹਫਤੇ ਲਟਕੀ ਰਹੀ। ਛਪਵਾਈਆਂ ਵੋਟਾਂ ਨਾਲੋਂ 384 ਵੋਟਾਂ ਵੱਧ ਨਿਕਲੀਆਂ। ਅਖੀਰ ਸ. ਸੁਖਦੇਵ ਸਿੰਘ ਬੈਣੀਵਾਲ ਅਤੇ ਸ. ਰਾਮ ਸਿੰਘ ਨੇ ਗੁਰੂ ਘਰ ਨੂੰ ਅਦਾਲਤੀ ਲੜਾਈ ਦੇ ਮੂੰਹ ਜਾਣ ਤੋਂ ਬਚਾ ਲਿਆ। ਇਨ੍ਹਾਂ ਚੋਣਾਂ ਵਿਚ ਮੌਜੂਦਾ ਪ੍ਰਬੰਧਕ ਕੋਈ ਸਵਾ ਕੁ ਸੌ ਵੋਟ ਨਾਲ ਜਿੱਤ ਗਏ।

ਅਗਲੀਆਂ ਚੋਣਾਂ ਮਾਰਚ 2010 ਵਿਚ ਹੋਣੀਆਂ ਹਨ ਪਰ ਮੌਜੂਦਾ ਪ੍ਰਬੰਧਕਾਂ ਨੇ ਇਨ੍ਹਾਂ ਦੀ ਤਿਆਰੀ ਕਾਫੀ ਸਮਾਂ ਪਹਿਲਾਂ ਹੀ ਅਰੰਭ ਦਿੱਤੀ ਸੀ ਜਦੋਂ ਗੁਰੂ ਘਰ ਬਾਰੇ ਇਕ ਪ੍ਰੋਗਰੈਸ ਰਿਪੋਰਟ ਛਾਪੀ ਗਈ ਜਿਸ ਵਿਚ ਭਾਈ ਰਾਮ ਸਿੰਘ ਧੜੇ ਵਿਰੁਧ ਸਪਾਂਸਰਸ਼ਿਪਾਂ ਦੇਣ, ਜ਼ਮੀਨ ਦਾ ਗਲਤ ਸੌਦਾ ਕਰਨ ਅਤੇ ਵਿਆਹਾਂ ਦੇ ਸਕੈਂਡਲ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਸ. ਰਾਮ ਸਿੰਘ ਨੇ ਇਸ ਮਾਮਲੇ ਨੂੰ ਅੰਦਰੂਨੀ ਇਤਰਾਜ਼ ਜਤਾ ਕੇ ਸੁਲਝਾ ਲਿਆ ਸਮਝ ਲਿਆ ਪਰ ਪ੍ਰਬੰਧਕ ਕੋਈ ਲੰਮੇ ਦਾਈਏ ਲਾਈ ਬੈਠੇ ਹਨ।

ਨਵੇਂ ਸਿਰਿਓਂ ਵੋਟਰ ਸੂਚੀ ਸੋਧਣ ਬਾਰੇ ਪ੍ਰਬੰਧਕਾਂ ਦੀ ਦਲੀਲ ਇਹ ਹੈ ਕਿ ਬਹੁਤ ਸਾਰੇ ਵੋਟਰ ਇਸ ਇਲਾਕੇ ਵਿਚ ਨਹੀਂ ਰਹਿੰਦੇ। ਜਿਸ ਕਰਕੇ ਵੋਟਰ ਸੂਚੀ ਨੂੰ ਸੋਧਣਾ ਜ਼ਰੂਰੀ ਹੈ। ਸਵਾਲ ਇਹ ਹੈ ਕਿ ਜੇ ਕੁਝ ਲੋਕ ਇਸ ਇਲਾਕੇ ਤੋਂ ਚਲੇ ਗਏ ਹਨ ਤਾਂ ਸੰਗਤ ਦੇ ਬਾਕੀ 9000 ਤੋਂ ਵੱਧ ਵੋਟਰਾਂ ਨੂੰ ਕਿਸ ਕਸੂਰ ਦੀ ਸਜ਼ਾ ਦਿੱਤੀ ਜਾ ਰਹੀ ਹੈ?

ਦਰਅਸਲ ਮੌਜੂਦਾ ਪ੍ਰਬੰਧਕਾਂ ਦੇ ਮਨ ਵਿਚ ਇਹ ਜਾਪਦਾ ਹੈ ਕਿ ਸਾਰੇ 9400 ਵੋਟਰ ਤਾਂ ਵੋਟ ਅਪਡੇਟ ਕਰਵਾਉਣ ਆਉਣ ਨਹੀਂ ਲੱਗੇ ਇਸ ਲਈ ਨਵੀਂ ਮੈਂਬਰਸ਼ਿਪ ਲਿਸਟ ਬਣਾਈ ਜਾਵੇਗੀ ਜਿਸ ਵਿਚ ਉਨ੍ਹਾਂ ਦੀ ਮਨਪਸੰਦ ਦੇ ਵੋਟਰ ਹੋਣਗੇ। ਵਿਰੋਧੀਆਂ ਦੇ ਇਤਰਾਜ਼ ਅਸੀਂ ਮੰਨਣੇ ਨਹੀਂ। ਜੇ ਉਹ ਨਵੀਂ ਵੋਟਰ ਸੂਚੀ ਨੂੰ ਅਦਾਲਤ ਵਿਚ ਚੁਣੌਤੀ ਦੇਣਾ ਚਾਹੁਣ ਤਾਂ ਵੀ ਇਹ ਕੋਈ ਐਡਾ ਸੌਖਾ ਕੰਮ ਨਹੀਂ। ਜੇ ਅਦਾਲਤ ਵਿਚ ਜਾਣ ਵੀ ਤਾਂ ਅਦਾਲਤ ਦਾ ਹੁਕਮ ਆਉਣ ਤੱਕ ਨਵੀਂਆਂ ਚੋਣਾਂ ਹੋਣ ਨਹੀਂ ਲੱਗੀਆਂ। ਉਹ ਅੱਜ ਵੀ ਚੋਣਾਂ ਕਰਵਾਏ ਜਾਣ ਦੇ ਹੱਕ ਵਿਚ ਨਹੀਂ ਹਨ।

ਜਾਪਦਾ ਹੈ ਕਿ ਪ੍ਰਧਾਨ ਹਰਜੋਤ ਸਿੰਘ ਮੌਜੂਦਾ ਸੁਪਰੀਮ ਕੌਂਸਲ ਦੀ ਅੰਦਰੂਨੀ ਸ਼ਹਿ 'ਤੇ ਹੀ ਇਹ ਸਭ ਕੁਝ ਕਰ ਰਹੇ ਹਨ। ਸੁਪਰੀਮ ਕੌਂਸਲ ਵਿਚ ਵਿਰੋਧੀ ਧਿਰ ਦੇ ਇਕੋ ਇਕ ਮੈਂਬਰ ਭਾਈ ਰਾਮ ਸਿੰਘ ਦੀ ਗੱਲ ਸੁਣ ਕੇ ਵੀ ਨਹੀਂ ਸੁਣੀ ਜਾ ਰਹੀ। ਭਾਈ ਰਾਮ ਸਿੰਘ ਅਨੁਸਾਰ ਸੁਪਰੀਮ ਕੌਂਸਲ ਵਿਚ ਕਦੀ ਇਹ ਪਾਸ ਨਹੀਂ ਹੋਇਆ ਕਿ ਵੋਟਰ ਸੂਚੀ ਅਪਡੇਟ ਕੀਤੀ ਜਾਏਗੀ। ਪ੍ਰਬੰਧਕ ਕਮੇਟੀ ਆਪਣੀ ਮਰਜ਼ੀ ਨਾਲ ਹੀ ਸਭ ਕੁਝ ਕਰੀ ਜਾ ਰਹੀ ਹੈ। 22 ਜੂਨ ਨੂੰ ਵਕੀਲ ਨੇ ਰਾਏ ਦਿੱਤੀ ਸੀ ਕਿ ਕਿਸੇ ਵੋਟਰ ਦਾ ਵੋਟ ਪਾਉਣ ਦਾ ਹੱਕ ਖੋਹਿਆ ਨਹੀਂ ਜਾ ਸਕਦਾ। ਭਾਈ ਰਾਮ ਸਿੰਘ ਨੂੰ ਬਾਕੀ ਸੁਪਰੀਮ ਕੌਂਸਲ ਮੈਂਬਰ ਮੂੰਹ 'ਤੇ ਕਹਿ ਛੱਡਦੇ ਹਨ ਕਿ ਵੋਟਾਂ ਬਣਾਉਣ ਦਾ ਕੰਮ ਅੱਗੋਂ ਨਹੀਂ ਹੋਵੇਗਾ। ਪਰ ਇਕ ਹਫਤੇ ਬਾਅਦ ਫਿਰ ਮੈਂਬਰਸ਼ਿਪ ਸੋਧ ਕਮੇਟੀ ਵਾਲੇ ਸਜ-ਧਜ ਕੇ ਬੈਠੇ ਹੁੰਦੇ ਹਨ।

ਸੂਤਰਾਂ ਅਨਸੁਾਰ ਦੋ ਹਫਤੇ ਪਹਿਲਾਂ ਸੁਪਰੀਮ ਕੌਂਸਲ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਸਿਰਫ ਨਵੀਂਆਂ ਵੋਟਾਂ ਬਣਾਈਆਂ ਜਾਣਗੀਆਂ ਅਤੇ ਇਸ ਸਬੰਧੀ ਦੋ ਪੰਜਾਬੀ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਣਗੇ। ਇਸ ਸਬੰਧੀ ਜ਼ਿੰਮੇਵਾਰੀ ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖ਼ਸ ਕੌਰ ਕਾਹਲੋਂ ਦੀ ਲਾਈ ਗਈ ਸੀ। ਨਾ ਇਹ ਇਸ਼ਤਿਹਾਰ ਦਿੱਤੇ ਗਏ ਅਤੇ ਨਾ ਹੀ ਵੋਟਰ ਸੂਚੀ ਨਾਲ ਛੇੜਛਾੜ ਦਾ ਕੰਮ ਰੁਕਿਆ। 2005 ਤੋਂ ਬਾਅਦ ਦੀਆਂ ਸਾਰੀਆਂ ਚੋਣਾਂ ਵੇਲੇ ਨਵੀਂਆਂ ਵੋਟਾਂ ਬਾਰੇ ਅਖਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਰਹੇ ਹਨ।

ਲੰਘੇ ਐਤਵਾਰ ਭਾਈ ਗੁਰਮੀਤ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਗੁਰਚਰਨ ਸਿੰਘ ਮਾਨ ਨੇ ਬੀਬੀ ਕਾਹਲੋਂ ਨਾਲ ਇਕ ਮੀਟਿੰਗ ਵੀ ਕੀਤੀ ਪਰ ਜੇ ਪ੍ਰਬੰਧਕਾਂ ਦੇ ਚਾਲ ਢੰਗ ਅਤੇ ਉਨ੍ਹਾਂ ਦੇ ਲਿਖੇ ਵਿਚ ਅਣਲਿਖਿਆ ਪੜ੍ਹਿਆ ਜਾਵੇ ਤਾਂ ਵਿਰੋਧੀਆਂ ਦੀ ਕਿਸੇ ਕੋਸ਼ਿਸ਼ ਨੂੰ ਬੂਰ ਪੈਣ ਵਾਲਾ ਨਹੀਂ ਜਾਪਦਾ। ਕਈ ਸੁਪਰੀਮ ਕੌਂਸਲ ਮੈਂਬਰ ਉਂਜ ਕਹਿੰਦੇ ਇਹ ਹਨ ਕਿ ਸੁਪਰੀਮ ਕੌਂਸਲ ਨੂੰ ਕੋਈ ਨਹੀਂ ਸੁਣਦਾ। ਪ੍ਰਧਾਨ ਆਪ ਹੀ ਮਨ ਮਰਜੀ ਕਰੀ ਜਾ ਰਿਹਾ ਹੈ। ਜੇ ਸੁਪਰੀਮ ਕੌਂਸਲ ਇਹ ਕਹਿੰਦੀ ਹੈ ਤਾਂ ਪ੍ਰਧਾਨ ਦੀਆਂ ਆਪਹੁਦਰੀਆਂ ਨੂੰ ਨੱਥ ਕੌਣ ਪਾਵੇ? ਦਰਅਸਲ ਸੁਪਰੀਮ ਕੌਂਸਲ ਅਤੇ ਪ੍ਰਬੰਧਕ ਆਪਸ ਵਿਚ ਘਿਓ ਖਿਚੜੀ ਹਨ। ਇਕ ਸਾਜਿਸ਼ ਤਹਿਤ ਚੋਣਾਂ ਰੋਕਣ ਜਾਂ ਜਿੱਤਣ ਲਈ ਮਨਸੂਬੇ ਘੜੇ ਜਾ ਰਹੇ ਹਨ।

## ਬਰਗਰ ਕਿੰਗ ਨੇ ਲਕਸ਼ਮੀ ਦੀ ਫੋਟੋ ਛਾਪਣ ਲਈ ਮੁਆਫੀ ਮੰਗੀ

**ਵਾਸ਼ਿੰਗਟਨ:**ਅਮਰੀਕਾ ਦੀ ਫਾਸਟ ਫੂਡ ਕੰਪਨੀ ਬਰਗਰ ਕਿੰਗ ਨੇ ਸਪੇਨ ਵਿਚ ਪ੍ਰਦਰਸ਼ਿਤ ਧਾਰਮਿਕ ਆਸਥਾ 'ਤੇ ਸੱਟ ਮਾਰਨ ਵਾਲੇ ਇਕ ਵਿਗਿਆਪਨ ਲਈ ਦੁਨੀਆ ਭਰ ਦੇ ਹਿੰਦੂਆਂ ਕੋਲੋਂ ਮੁਆਫੀ ਮੰਗ ਲਈ ਹੈ। ਬਰਗਰ ਕਿੰਗ ਨੇ ਆਪਣੇ ਇਸ ਵਿਗਿਆਪਨ ਵਿਚ ਲਕਸ਼ਮੀ ਜੀ ਨੂੰ ਮਾਸ ਨਾਲ ਬਣੇ ਹੋਏ ਸੈਂਡਵਿਚ ਅਤੇ ਹੋਰ ਵਸਤਾਂ 'ਤੇ ਬੈਠਾ ਵਿਖਾਇਆ ਸੀ ਅਤੇ ਹੇਠਾਂ ਅੰਗਰੇਜ਼ੀ ਭਾਸ਼ਾ ਵਿਚ ਲਿਖਿਆ ਸੀ, "ਏ ਸਨੈਕ ਦੈਟ ਇਜ਼ ਸੈਕਰਡ" ਭਾਵ ਇਕ ਪਵਿੱਤਰ ਨਾਸ਼ਤਾ।

ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਅਮਰੀਕਾ ਦੀ ਇਕ ਸ਼ਰਾਬ ਕੰਪਨੀ ਨੇ ਵੀ ਆਪਣੀ ਬੀਅਰ ਦੀ ਬੋਤਲ 'ਤੇ ਗਣੇਸ਼ ਦੀ ਤਸਵੀਰ ਛਾਪੀ ਸੀ, ਜਿਸ ਦਾ ਹਿੰਦੂਆਂ ਵਲੋਂ ਵਿਰੋਧ ਕੀਤੇ ਜਾਣ 'ਤੇ ਕੰਪਨੀ ਨੇ ਮੁਆਫੀ ਮੰਗੀ ਸੀ।

## ਸੁਪਰੀਮ ਕੋਰਟ 'ਚ ਜੱਜਾਂ ਦੀ ਨਿਯੁਕਤੀ 'ਚ ਰਾਖਵਾਂਕਰਨ ਨਹੀਂ

**ਨਵੀਂ ਦਿੱਲੀ:**ਸਰਕਾਰ ਨੇ ਸਪੱਸ਼ਟ ਕਿਹਾ ਹੈ ਕਿ ਸੁਪਰੀਮ ਕੋਰਟ ਅਤੇ ਵੱਖ-ਵੱਖ ਰਾਜਾਂ ਦੇ ਹਾਈ ਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਦੇ ਮਾਮਲੇ 'ਚ ਰਾਖਵੇਂਕਰਨ ਦੀ ਵਿਵਸਥਾ ਨੂੰ ਲਾਗੂ ਕਰਨ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਅਤੇ ਨਾ ਹੀ ਭਾਰਤ ਦੇ ਨਿਆਂਇਕ ਕਮਿਸ਼ਨ ਵਲੋਂ ਇਸ ਸਬੰਧੀ ਕੋਈ ਸੁਝਾਅ ਹੀ ਦਿੱਤਾ ਗਿਆ ਹੈ।

ਲੋਕ ਸਭਾ 'ਚ ਸੁਆਲਾਂ ਦੇ ਸਮੇਂ ਦੌਰਾਨ ਇਕ ਸਵਾਲ ਦੇ ਜਵਾਬ 'ਚ ਕਾਨੂੰਨ ਅਤੇ ਨਿਆਂ ਮੰਤਰੀ ਵੀਰੱਪਾ ਮੋਇਲੀ ਨੇ ਕਿਹਾ ਕਿ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਦੇ ਮਾਮਲੇ 'ਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਪੱਛੜੇ ਵਰਗਾਂ ਅਤੇ ਮਹਿਲਾਵਾਂ ਨੂੰ ਰਾਖਵਾਂਕਰਨ ਦੇਣ ਸਬੰਧੀ ਕੋਈ ਵੀ ਯੋਜਨਾ ਸਰਕਾਰ ਕੋਲ ਨਹੀਂ ਹੈ ਅਤੇ ਨਾ ਹੀ ਸਰਕਾਰ ਵਲੋਂ ਅਜਿਹੀ ਕਿਸੇ ਤਜਵੀਜ਼ 'ਤੇ ਵਿਚਾਰ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਵਿਵਸਥਾ ਅਨੁਸਾਰ ਹੇਠਲੀਆਂ ਅਦਾਲਤਾਂ 'ਚ ਰਾਖਵੇਂਕਰਨ ਦੀ ਵਿਵਸਥਾ ਲਾਗੂ ਹੈ।




*ਪੰਜਾਬ ਸਪੋਰਟਸ ਕਲੱਬ ਸਿਆਟਲ ਵਲੋਂ ਲੰਘੀ ਚਾਰ ਜੁਲਾਈ ਨੂੰ ਸਿਆਟਲ ਵਿਚ ਕਰਵਾਏ ਗਏ ਦਸਵੇਂ ਸਿਆਟਲ ਕਬੱਡੀ ਟੂਰਨਾਮੈਂਟ ਵਿਚ ਕਬੱਡੀ ਓਪਨ ਵਿਚ ਜੇਤੂ ਰਹੀ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਪ੍ਰਬੰਧਕਾਂ ਨਾਲ। ਇਸ ਸੀਜ਼ਨ ਵਿਚ ਇਹ ਟੀਮ ਛੇ ਟੂਰਨਾਮੈਂਟਾਂ ਵਿਚ ਖੇਡੀ ਹੈ ਜਿਨ੍ਹਾਂ ਵਿਚੋਂ ਪੰਜਾਂ ਵਿਚ ਜੇਤੂ ਰਹੀ ਹੈ ਅਤੇ ਇਕ ਵਿਚ ਦੂਜੇ ਥਾਂ। ਕਲੱਬ ਦੀ ਅੰਡਰ 18 ਟੀਮ ਦੋ ਸਾਲਾਂ ਵਿਚ ਇਕ ਵਾਰ ਵੀ ਨਹੀਂ ਹਾਰੀ। ਟੀਮ ਵਲੋਂ ਸੈਨ ਹੋਜ਼ੇ ਮੇਲੇ ਵਿਚ ਹੋਈ ਹਾਰ ਤੋਂ ਬਾਅਦ ਮੁੜ ਜੇਤੂ ਰਹਿਣ ਤੋਂ ਪ੍ਰਬੰਧਕ ਬਲਜੀਤ ਸਿੰਘ ਸੰਧੂ, ਬਲਜੋਗ ਸਿੰਘ ਸੰਧੂ ਅਤੇ ਟੀਮ ਕਪਤਾਨ ਤੀਰਥ ਗਾਖਲ ਬਾਗੋ ਬਾਗ ਹਨ।*


**ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ**

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

**Law Offices Of Jaspreet Singh**

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

ੴ ਸਤਿਗੁਰ ਪ੍ਰਸਾਦਿ॥

# ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਬਿਲਡਿੰਗ ਨੂੰ ਰੋਕਣ ਲਈ ਵਿਰੋਧੀ ਧਿਰ ਦਾ ਇੱਕ ਹੋਰ ਕੋਝਾ ਯਤਨ!

## ਗੁਰਦੁਆਰਾ ਸਾਹਿਬ ਅਤੇ ਸਿੱਖ ਕੌਮ ਨੂੰ ਬਦਨਾਮ ਕਰਨ ਲਈ "ਸੈਨ ਹੋਜ਼ੇ ਮਰਕਰੀ ਨਿਊਜ਼" ਤੱਕ ਕੀਤੀ ਪਹੁੰਚ

ਸੈਨ ਹੋਜ਼ੇ: ਗੁਰਦੁਆਰਾ ਸੈਨ ਹੋਜ਼ੇ ਵਿਚ ਹੋਏ ਰਾਜ ਪਲਟੇ ਤੋਂ ਬਾਅਦ ਵਿਰੋਧੀ ਧਿਰ ਨੇ ਆਪਣੇ ਖੁਸੇ ਅਹੁਦੇ ਹਾਸਲ ਕਰਨ ਲਈ ਘਟੀਆ ਕਿਸਮ ਦੇ ਹੱਥ-ਕੰਡੇ ਵਰਤਣੇ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਅਹੁਦਿਆਂ ਦੀ ਖਾਤਰ ਵਿਰੋਧੀ ਧਿਰ ਨੇ ਪਹਿਲਾਂ ਗੁਰਦੁਆਰਾ ਸਾਹਿਬ ਦਾ ਲੋਨ ਬੰਦ ਕਰਾਉਣ ਲਈ ਬੈਂਕ ਨੂੰ ਚਿੱਠੀ ਪਾਈ ਜਿਸ ਉਪਰ ਸਾਬਕਾ ਪ੍ਰਧਾਨ ਬਲਬੰਤ ਸਿੰਘ ਚਾਹਲ ਅਤੇ ਸਾਬਕਾ ਸਟੇਜ ਸਕੱਤਰ ਜਸਵੰਤ ਸਿੰਘ ਹੋਠੀ ਦੇ ਦਸਤਖਤ ਹਨ। ਅਤੇ ਦੂਜੇ ਸਫੇ 'ਤੇ ਛੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਦਸਤਖਤ ਹਨ। ਫਿਰ ਘਰੋ ਘਰੀ ਜਾ ਕੇ ਸੰਗਤ ਨੂੰ ਅਪੀਲ ਕਰਦੇ ਰਹੇ ਕਿ ਗੁਰਦੁਆਰਾ ਸਾਹਿਬ ਵਿਚ ਕੋਈ ਫੰਡ (ਢਾਲ) ਅਤੇ ਚੜ੍ਹਾਵਾ ਨਾ ਦਿੱਤਾ ਜਾਵੇ। ਇਥੋਂ ਤੱਕ ਕਿ ਗੁਰੂ ਕੇ ਲੰਗਰਾਂ ਨੂੰ ਮਸਤ ਕਰਨ ਦੇ ਇਰਾਦੇ ਨਾਲ ਸੰਗਤ ਨੂੰ ਈ-ਮੇਲਾਂ ਕੀਤੀਆਂ ਗਈਆਂ ਕਿ ਗੁਰਦੁਆਰਾ ਸਾਹਿਬ ਵਿਚ ਰਸਦਾਂ ਨਾ ਦਿੱਤੀਆਂ ਜਾਣ। ਇਸ ਤੋਂ ਬਾਅਦ ਇੱਕ ਦੇਸੀ ਵਕੀਲ ਦੇ ਜ਼ਰੀਏ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੇ ਚਲ ਰਹੇ ਕੰਮ ਨੂੰ ਬੰਦ ਕਰਾਉਣ ਲਈ ਲੇਬਰ ਯੂਨੀਅਨ ਤੱਕ ਪਹੁੰਚ ਕੀਤੀ ਪਰ ਗੁਰੂ ਕਿਰਪਾ ਨਾਲ ਵਿਰੋਧੀ ਧਿਰ ਦੀ ਗੁਰੂ ਘਰ ਵਿਰੋਧੀ ਕਿਸੇ ਵੀ ਚਾਲ ਨੂੰ ਸਫਲਤਾ ਨਾ ਮਿਲੀ। ਹੁਣ ਆਪਣੀ ਬੌਣੀ ਸੋਚ ਅਤੇ ਸੌੜੀ ਰਾਜਨੀਤੀ ਦਾ ਵਿਖਾਵਾ ਕਰਦਿਆਂ ਵਿਰੋਧੀ ਧਿਰ ਨੇ ਪੰਜਾਬ ਪੁਲੀਸ ਦੇ ਇੱਕ ਸਾਬਕਾ ਕੈਟ ਦੀ ਮਦਦ ਨਾਲ ਸੈਨ ਹੋਜ਼ੇ ਤੋਂ ਛਪਦੇ ਇਕ ਅੰਗਰੇਜ਼ੀ ਅਖਬਾਰ "ਸੈਨ ਹੋਜ਼ੇ ਮਰਕਰੀ ਨਿਊਜ਼" ਤੱਕ ਪਹੁੰਚ ਕਰ ਲਈ ਹੈ ਅਤੇ ਸੈਨ ਹੋਜ਼ੇ ਮਰਕਰੀ ਨਿਊਜ਼ ਵਿਚ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਬੰਧਕਾਂ ਵਿਰੁਧ ਖਬਰ ਲਗਵਾ ਕੇ ਕੱਛਾਂ ਵਜਾ ਰਹੇ ਹਨ। ਇਨ੍ਹਾਂ ਭੱਦਰ ਪੁਰਸ਼ਾਂ ਨੂੰ ਇਹ ਨਹੀਂ ਪਤਾ ਕਿ ਇਸ ਖਬਰ ਲੱਗਣ ਨਾਲ ਸਿੱਖ ਕੌਮ ਦੀ ਹੋਰਨਾਂ ਕੌਮਾਂ ਵਿਚ ਕਿੰਨੀ ਬਦਨਾਮੀ ਹੋਈ ਹੈ। ਜਦੋਂ ਕਿ ਇਸ ਖਬਰ ਦੇ ਲੱਗਣ ਨਾਲ ਨਾ ਤਾਂ ਗੁਰਦੁਆਰਾ ਸਾਹਿਬ ਦਾ ਕੰਮ ਹੀ ਰੁਕਣਾ ਹੈ ਅਤੇ ਨਾ ਹੀ ਮੌਜੂਦਾ ਪ੍ਰਬੰਧਕਾ ਦੀ ਸੇਵਾ ਵਿਚ ਹੀ ਕੋਈ ਫਰਕ ਪੈਣਾ ਹੈ ਪਰ ਇਸ ਖਬਰ ਦਾ ਵਿਰੋਧੀ ਧਿਰ ਨੂੰ ਸਿੱਖ ਸੰਗਤ ਦੇ ਸਾਹਮਣੇ ਜ਼ਰੂਰ ਜਵਾਬਦੇਹ ਹੋਣਾ ਪਵੇਗਾ।



*ਭਾਈ ਭੁਪਿੰਦਰ ਸਿੰਘ ਢਿੱਲੋਂ*

ਪ੍ਰਬੰਧਕ ਕਮੇਟੀ ਵਲੋਂ ਪਿਛਲੇ ਤਕਰੀਬਨ 12 ਮਹੀਨਿਆਂ 'ਚ ਕੀਤੇ ਗਏ ਮੁਖ ਕੰਮ

1. ਗੁਰਦੁਆਰਾ ਸਾਹਿਬ ਦੀ ਬਣ ਰਹੀ ਖੂਬਸੂਰਤ ਬਿਲਡਿੰਗ ਦਾ ਖਰਚਾ 40 ਮਿਲੀਅਨ ਡਾਲਰ ਤੋਂ ਘਟਾ ਕੇ 18 ਮਿਲੀਅਨ ਡਾਲਰ ਲਿਆਂਦਾ (ਵਿਰੋਧੀ ਧਿਰ ਦੇ ਕੁਝ ਆਗੂਆਂ ਨੇ ਇਸ ਨੂੰ ਹਾਲਮਾਰਕ ਕੰਪਨੀ ਰਾਹੀਂ 30 ਮਿਲੀਅਨ ਡਾਲਰ 'ਚ ਬਣਾਉਣ ਲਈ ਅੱਡੀ ਤੱਕ ਜ਼ੋਰ ਲਾਇਆ)।

2. ਪ੍ਰਧਾਨ ਹਰਦੇਵ ਸਿੰਘ ਤੱਖਰ ਅਤੇ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਨੇ ਡਾਕਟਰ ਹਰਦੇਵ ਸਿੰਘ ਮਾਂਗਟ ਨਾਲ ਸੰਪਰਕ ਕੀਤਾ ਜਿਸ ਨੇ ਫਰੇਮਿੰਗ ਦਾ ਠੇਕਾ 22 ਲੱਖ ਡਾਲਰ 'ਚ ਦੁਆਇਆ, ਜਿਸ ਨਾਲ ਗੁਰਦੁਆਰਾ ਸਾਹਿਬ ਦਾ 2 ਮਿਲੀਅਨ ਡਾਲਰ ਬਚਿਆ। (ਵਿਰੋਧੀ ਧਿਰ ਦੇ ਕੁਝ ਆਗੂਆਂ ਨੇ ਇਸੇ ਫਰੇਮਿੰਗ ਦਾ ਠੇਕਾ 43 ਲੱਖ ਡਾਲਰ 'ਚ ਆਪਣੇ ਜਾਣ ਪਛਾਣ ਵਾਲੇ ਦੇਸੀ ਭਾਈ ਨੂੰ ਦਵਾਉਣ ਲਈ ਫੇਰ ਅੱਡੀ ਤੱਕ ਜ਼ੋਰ ਲਾਇਆ)

3. ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿੱਪ ਬਣਾਉਣ ਦਾ ਸਿਸਟਮ ਤਿਆਰ ਕੀਤਾ ਅਤੇ ਹੁਣ ਤੱਕ ਤਕਰੀਬਨ 2500 ਮੈਂਬਰ ਬਣ ਗਏ ਹਨ (ਵਿਰੋਧੀ ਧਿਰ ਦੇ ਲੀਡਰਾਂ ਨੂੰ ਇਹੀ ਕੰਮ ਕਰਵਾਉਣ ਦੀ ਤਕਰੀਬਨ 2 ਸਾਲ ਪਹਿਲਾਂ ਜ਼ੁਮੇਵਾਰੀ ਲਾਈ ਸੀ ਪਰ ਉਹ ਢਿੱਡੋਂ ਨਹੀਂ ਸੀ ਕੋਈ ਵੀ ਕੰਮ ਕਰਨਾ ਚਾਹੁੰਦੇ)।

4. ਗੁਰਦੁਆਰਾ ਸਾਹਿਬ ਦਾ ਹਿਸਾਬ ਕਿਤਾਬ ਹਰ ਮਹੀਨੇ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਲਾਇਆ ਜਾਂਦਾ ਹੈ (ਸਾਬਕਾ ਪ੍ਰਧਾਨ ਪ੍ਰਧਾਨ ਬਲਬੰਤ ਸਿੰਘ ਚਾਹਲ ਤੇ ਸਾਬਕਾ ਸੈਕਟਰੀ ਜਸਵੰਤ ਸਿੰਘ ਹੋਠੀ ਦੀ ਅਗਵਾਈ ਹੇਠ ਇਹ ਕੰਮ ਪਿਛਲੇ 20-22 ਵਰ੍ਹੇ ਤੋਂ ਨਹੀਂ ਹੋ ਸਕਿਆ।)

5. ਪ੍ਰਬੰਧਕ ਕਮੇਟੀ ਨੇ ਪੂਰੇ ਜ਼ੋਰ ਸ਼ੋਰ ਨਾਲ ਢਾਲ ਇਕੱਠੀ ਕਰਨ ਦੀ ਮੁਹਿੰਮ ਚਲਾਈ ਹੋਈ ਹੈ ਜਿਸ ਸਦਕਾ ਹੁਣ ਤੱਕ 7 ਪਰਿਵਾਰਾਂ ਨੇ 51-51 ਹਜ਼ਾਰ ਡਾਲਰ ਅਤੇ ਇੱਕ ਪਰਿਵਾਰ ਨੇ ਇੱਕ ਲੱਖ ਡਾਲਰ ਦੇ ਕੇ ਖਾਲਸਾ ਸਕੂਲ ਦੇ ਦੋ ਕਮਰਿਆਂ ਦੀ ਸੇਵਾ ਲੈ ਲਈ ਹੈ। ਇਕ ਹੋਰ ਪਰਿਵਾਰ ਨੇ ਇਕ ਲੱਖ ਡਾਲਰ ਦੇ ਕੇ ਲਾਇਬ੍ਰੇਰੀ ਦੀ ਸੇਵਾ ਲੈ ਲਈ ਹੈ ਅਤੇ ਹੋਰ ਬਹੁਤ ਸੰਗਤਾਂ ਹੁਮ ਹੁਮਾ ਕੇ ਢਾਲ 'ਚ ਹਿੱਸਾ ਪਾ ਰਹੀਆਂ ਹਨ (ਵਿਰੋਧੀ ਧਿਰ ਦੇ ਕੁਝ ਆਗੂ ਘਰੋ ਘਰੀ ਜਾ ਕੇ ਸੰਗਤ ਨੂੰ ਅਪੀਲ ਕਰਦੇ ਰਹੇ ਕਿ ਗੁਰਦੁਆਰਾ ਸਾਹਿਬ ਵਿਚ ਕੋਈ ਫੰਡ ਅਤੇ ਚੜ੍ਹਾਵਾ ਨਾ ਦਿੱਤਾ ਜਾਵੇ ਇਥੋਂ ਤੱਕ ਕਿ ਗੁਰੂ ਕੇ ਲੰਗਰਾਂ ਨੂੰ ਮਸਤ ਕਰਨ ਦੇ ਇਰਾਦੇ ਨਾਲ ਸੰਗਤ ਨੂੰ ਈ-ਮੇਲਾਂ ਕੀਤੀਆਂ ਗਈਆਂ ਕਿ ਗੁਰਦੁਆਰਾ ਸਾਹਿਬ ਵਿਚ ਰਸਦਾਂ ਨਾ ਦਿੱਤੀਆਂ ਜਾਣ। ਗੁਰੂ ਸਾਹਿਬ ਇਨ੍ਹਾਂ ਭੱਦਰ ਪੁਰਸ਼ਾਂ ਨੂੰ ਸਮੱਤ ਬਖਸ਼ਣ।)

6. ਜਦੋਂ ਪਿਛਲੇ ਸਾਲ ਐਗਜ਼ੈਕਟਿਵ ਕਮੇਟੀ 'ਚ ਤਬਦੀਲੀ ਕੀਤੀ ਗਈ, ਸਾਬਕਾ ਸਕੱਤਰ ਜਸਵੰਤ ਸਿੰਘ ਹੋਠੀ ਅਤੇ ਬਲਬੀਰ ਸਿੰਘ ਢਿੱਲੋਂ ਗੁਰੂ ਘਰ ਦਾ ਕਾਰਵਾਈ ਰਜਿਸਟਰ ਕਮੇਟੀ ਤੋਂ ਖੋਹ ਕੇ ਮੀਟਿੰਗ ਰੂਮ ਤੋਂ ਬਾਹਰ ਦੌੜੇ, ਬਾਹਰ ਖੜ੍ਹੇ ਪੁਲੀਸ ਮੁਲਾਜ਼ਮ ਨੇ ਇਨ੍ਹਾਂ ਨੂੰ ਭੱਜਣ ਤੋਂ ਰੋਕਿਆ ਅਤੇ ਕਾਰਵਾਈ ਰਜਿਸਟਰ ਵਾਪਿਸ ਮੀਟਿੰਗ ਰੂਮ ਵਿਚ ਭਿਜਵਾਇਆ। ਅਹੁਦੇ ਖੁਸਦੇ ਸਾਰ ਖਫਾ ਹੋਇਆਂ ਨੇ ਦੂਜੇ ਦਿਨ ਗੁਰੂ ਘਰ ਦੇ ਲੋਨ 'ਚ ਰੁਕਾਵਟ ਪਾਉਣ ਲਈ 9 ਸਫਿਆਂ ਦੀ ਚਿੱਠੀ ਬੈਂਕ ਨੂੰ ਫੈਕਸ ਕੀਤੀ ਜਿਸ ਉਪਰ ਪਹਿਲੇ ਸਫੇ 'ਤੇ ਸਾਬਕਾ ਸਕੱਤਰ ਅਤੇ ਸਾਬਕਾ ਪ੍ਰਧਾਨ ਦੇ ਦਸਤਖਤ ਹਨ ਅਤੇ ਦੂਜੇ ਸਫੇ 'ਤੇ ਛੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਦਸਤਖਤ ਹਨ। ਗੁਰੂ ਘਰ ਦੇ ਲੋਨ 'ਚ ਪਏ ਵਿਘਨ ਨੂੰ ਰੋਕਣ ਲਈ ਕਮੇਟੀ ਨੇ ਬੈਂਕ ਨਾਲ ਸੰਪਰਕ ਕਰਨ ਤੋਂ ਬਾਦ, ਕਮੇਟੀ ਮੈਂਬਰਾਂ ਦੇ ਦਸਤਖਤਾਂ ਹੇਠ ਬੈਂਕ ਨੂੰ ਇੱਕ ਚਿੱਠੀ ਪਾਈ ਜਿਸ ਨਾਲ ਗੁਰੂ ਘਰ ਦਾ ਲੋਨ ਵਿਘਨ ਪੈਣ ਤੋਂ ਬਚਾਇਆ ਗਿਆ। ਇਸ ਚਿੱਠੀ ਉਪਰ ਵੀ ਇਸ ਵਿਰੋਧੀ ਧਿਰ ਨੇ ਦਸਤਖਤ ਕਰਨ ਤੋਂ ਨਾਹ ਕਰ ਦਿੱਤੀ।

7. ਸੰਗਤਾਂ ਦੀ ਪੁਰ ਜ਼ੋਰ ਮੰਗ ਤੇ ਇੱਕ ਆਡਿਟ ਕਮੇਟੀ ਸਥਾਪਤ ਕੀਤੀ ਜੋ ਆਪਣਾ ਕੰਮ ਬੜੇ ਜੋਰ ਸ਼ੋਰ ਨਾਲ ਕਰ ਰਹੀ ਹੈ। ਇਹ ਕਮੇਟੀ ਆਉਣ ਵਾਲੇ ਥੋੜੇ ਹੀ ਸਮੇਂ 'ਚ ਦੁਧ ਦਾ ਦੁਧ ਅਤੇ ਪਾਣੀ ਦਾ ਪਾਣੀ ਸੰਗਤਾਂ ਦੇ ਸਾਹਮਣੇ ਲੈ ਕੇ ਆਵੇਗੀ।

8. ਗੁਰੂ ਘਰ 'ਚ ਚੜ੍ਹੀ ਰਸਦ (ਆਟਾ, ਦਾਲਾਂ, ਦੁਧ ਆਦਿ) ਨੂੰ ਠੀਕ ਤਰੀਕੇ ਨਾਲ ਕੰਟਰੋਲ ਕਰਨ ਲਈ ਇੱਕ ਲੰਗਰ ਕਮੇਟੀ ਸਥਾਪਤ ਕੀਤੀ ਜੋ ਬਹੁਤ ਹੀ ਸੁਚੱਜੇ ਢੰਗ ਨਾਲ ਆਪਣਾ ਕੰਮ ਕਰ ਰਹੀ ਹੈ ਜਿਸ ਨਾਲ ਗੁਰੂ ਘਰ ਦੀ ਆਮਦਨ ਵਿਚ ਵੀ ਵਾਧਾ ਹੋਇਆ ਹੈ।

9. ਇੱਕ ਮੀਡੀਆ ਕਮੇਟੀ ਸਥਾਪਤ ਕੀਤੀ ਗਈ ਹੈ ਜੋ ਵੱਖ ਵੱਖ ਕਮੇਟੀਆਂ ਦੇ ਕੀਤੇ ਯਤਨਾਂ ਅਤੇ ਫੈਸਲਿਆਂ ਨੂੰ ਸੰਗਤਾਂ ਤੱਕ ਪਹੁੰਚਾਉਣ 'ਚ ਮਦਦ ਕਰ ਰਹੀ ਹੈ।

10. ਇੱਕ ਧਾਰਮਿਕ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ ਜੋ ਵਧੀਆ ਤੋਂ ਵਧੀਆ ਕੀਰਤਨੀ ਜਥੇ ਅਤੇ ਕਥਾਵਾਚਕ ਲਿਆਉਣ ਵਿਚ ਬਹੁਤ ਸਰਗਰਮੀ ਨਾਲ ਆਪਣਾ ਯੋਗਦਾਨ ਪਾ ਰਹੀ ਹੈ।

11. ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਵਾਰ ਵਾਰ ਵਲੰਟੀਅਰ ਕੰਮ ਲਈ ਬੇਨਤੀਆਂ ਕੀਤੀਆਂ ਜਿਸ ਸਦਕਾ ਕੰਸਟਰੱਕਸ਼ਨ 'ਚ ਵਲੰਟੀਅਰ ਸੇਵਾ, ਸੱਚ ਖੰਡ ਨਿਵਾਸ, ਪਾਲਕੀ, ਸਟੇਜ ਅਤੇ ਸਾਊਂਡ ਸਿਸਟਮ ਲਗਵਾਉਣ ਵਿਚ ਬਹੁਤ ਸਾਰੇ ਵਲੰਟੀਅਰ ਆਪਣਾ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ।

12. ਕੰਸਟਰੱਕਸ਼ਨ ਮੈਨੇਜਰ ਕਰਿਸ ਰਾਇਲ ਨੂੰ ਕੰਮ ਤੋਂ ਹਟਾਉਣ ਬਾਰੇ ਵਿਰੋਧੀ ਧਿਰ ਨੇ ਸੰਗਤਾਂ ਅਤੇ ਮੀਡੀਏ ਵਿਚ ਕੂੜ ਪ੍ਰਚਾਰ ਕਰਨ ਤੋਂ ਜ਼ਰਾ ਵੀ ਗੁਰੇਜ ਨਹੀਂ ਕੀਤਾ ਬਲਕਿ ਉਸਨੂੰ ਗੁਰਦੁਆਰਾ ਸਾਹਿਬ ਦੇ ਵਿਰੁਧ ਅਦਾਲਤ 'ਚ ਭੇਜਣ ਲਈ ਵੀ ਇਸ਼ਾਰਾ ਕਰ ਰਹੇ ਹਨ। ਕਰਿਸ ਰਾਇਲ ਨੂੰ ਕੰਮ ਤੋਂ ਇਸ ਕਰਕੇ ਹਟਾਇਆ ਗਿਆ ਹੈ ਕਿ ਉਹ ਕੰਮ 'ਚ ਪੂਰਾ ਧਿਆਨ ਨਹੀਂ ਸੀ ਦਿੰਦਾ ਅਤੇ ਪ੍ਰੋਜੈਕਟ ਨੂੰ ਲੇਟ ਕਰਵਾਉਣ ਦੀ ਕੋਸ਼ਿਸ਼ ਕਰਦਾ ਸੀ (ਯਾਦ ਰਹੇ ਕਿ ਕਰਿਸ ਰਾਇਲ ਨੂੰ ਸਾਬਕਾ ਐਗਜ਼ੈਕਟਿਵ ਕਮੇਟੀ ਨੇ 11000 ਡਾਲਰ ਪ੍ਰਤੀ ਮਹੀਨਾ ਤਨਖਾਹ ਤੇ ਰੱਖਿਆ ਹੋਇਆ ਸੀ ਅਤੇ ਆਮ ਤੌਰ ਤੇ ਵਿਰੋਧੀ ਧਿਰ ਦੇ ਮੁੱਖ ਲੀਡਰਾਂ ਨਾਲ ਮੀਟਿੰਗਾਂ ਕਰਦਾ ਰਹਿੰਦਾ ਸੀ, ਸ਼ਾਇਦ ਇਸੇ ਕਰਕੇ ਹੀ ਗੁਰਦੁਆਰਾ ਸਾਹਿਬ ਦੀ ਚੱਲ ਰਹੀ ਕੰਸਟਰਕਸ਼ਨ 'ਚ ਬਹੁਤਾ ਧਿਆਨ ਨਹੀਂ ਸੀ ਦਿੰਦਾ)।

13. ਵਿਰੋਧੀ ਧਿਰ ਦੇ ਇੱਕ ਲੀਡਰ (ਜਿਸ ਨੂੰ ਪ੍ਰਬੰਧਕ ਕਮੇਟੀ ਨੇ ਬਹੁਸੰਮਤੀ ਨਾਲ ਕਮੇਟੀ ਚੋਂ ਖਾਰਜ ਕੀਤਾ ਹੋਇਆ ਹੈ) ਨੇ ਪਿਛਲੇ ਹਫਤੇ ਇੱਕ ਪੰਜਾਬੀ ਅਖਬਾਰ ਵਿਚ ਬਿਆਨ ਦਿੱਤਾ ਹੈ ਕਿ ਬੌਬ ਢਿੱਲੋਂ ਦੀ ਗਲਤੀ ਕਾਰਨ ਗੁਰਦੁਆਰਾ ਸਾਹਿਬ ਨੂੰ 2,19,375 ਡਾਲਰ ਵਿਆਜ ਦੇਣਾ ਪਿਆ। ਸੰਗਤਾਂ ਦੀ ਜਾਣਕਾਰੀ ਵਾਸਤੇ ਇਹੋ ਜਿਹੇ ਕੂੜ ਪ੍ਰਚਾਰ ਦਾ ਜੁਆਬ ਦੇਣਾ ਬਹੁਤ ਜਰੂਰੀ ਹੈ। ਬੈਂਕ ਨਾਲ ਜਦੋਂ ਲੋਨ ਦੇ ਪੇਪਰ ਸਾਈਨ ਕੀਤੇ ਗਏ ਸਨ ਤਾਂ ਉਨ੍ਹਾਂ ਦੀ ਮਿਆਦ ਜੂਨ 30, 2009 ਤੱਕ ਸੀ, ਉਸ ਸਮੇ ਬੈਂਕ ਲੋਨ ਤੇ ਕੈਪ ਲਾਉਣਾ ਭੁੱਲ ਗਈ ਸੀ ਜਿਸ ਦਾ ਗੁਰਦੁਆਰਾ ਸਾਹਿਬ ਨੂੰ ਬਹੁਤ ਫਾਇਦਾ ਹੋਇਆ ਹੈ। ਹੁਣ ਤੱਕ ਗੁਰਦੁਆਰਾ ਸਾਹਿਬ ਨੇ ਬੈਂਕ ਤੋਂ ਲਏ ਹੋਏ ਕਰਜ਼ੇ ਦਾ ਸਿਰਫ 3.5% ਵਿਆਜ ਦਿਤਾ ਹੈ (ਜੇ ਬੈਂਕ ਨੇ ਕੈਪ ਲਾਇਆ ਹੁੰਦਾ ਤਾਂ ਸਾਨੂੰ ਸ਼ਾਇਦ 6.75% ਵਿਆਜ ਦੇਣਾ ਪੈਣਾ ਸੀ, ਬੈਂਕ ਦੀ ਇਸ ਭੁੱਲ ਦਾ ਬੌਬ ਢਿੱਲੋਂ ਨੂੰ ਪਤਾ ਸੀ ਲੇਕਿਨ ਉਸਨੇ ਗੁਰੂ ਘਰ ਦੀ ਮਾਇਆ ਬਚਾਉਣ ਲਈ ਬੈਂਕ ਨਾਲ ਇਹ ਗੱਲ ਸਾਂਝੀ ਨਹੀਂ ਕੀਤੀ। ਹੁਣ ਇਸ ਲੋਨ ਦੀ ਮਿਆਦ ਦਸੰਬਰ ਮਹੀਨੇ ਤੱਕ ਵਧਾਈ ਜਾ ਰਹੀ ਹੈ ਅਤੇ ਬੈਂਕ ਨੇ ਕੈਪ ਲਾ ਦਿਤਾ ਹੈ। ਇਸ ਕਰਕੇ ਹੁਣ ਤੋਂ ਦਸੰਬਰ ਮਹੀਨੇ ਤੱਕ 6.75% ਵਿਆਜ ਲੱਗੇਗਾ (ਯਾਦ ਰਹੇ ਕਿ ਬਾਹਰ ਅਜਿਹੇ ਲੋਨ ਦਾ ਪਹਿਲਾਂ ਅਤੇ ਹੁਣ ਵਿਆਜ 6.75% ਤੋਂ ਘੱਟ ਨਹੀਂ ਹੈ। ਪਰ ਫਿਰ ਵੀ ਬੌਬ ਢਿੱਲੋਂ ਦਾ ਕਹਿਣਾ ਹੈ ਕਿ ਕੋਈ ਵੀ ਇਸ ਤੋਂ ਘੱਟ ਵਿਆਜ ਵਾਲਾ ਲੋਨ ਲੈ ਆਵੇ ਉਹ ਪ੍ਰਵਾਨ ਕਰ ਲਿਆ ਜਾਵੇਗਾ।

14. ਪ੍ਰਬੰਧਕ ਕਮੇਟੀ ਨੇ ਦੀਵਾਨ ਹਾਲ ਵਿਚ ਗੁਰੂ ਸਾਹਿਬ ਦਾ ਸਤਿਕਾਰ ਮੁੱਖ ਰੱਖਦਿਆਂ ਅਤੇ ਸੰਗਤਾਂ ਦੀ ਮੰਗ ਤੇ ਕਮਿਊਨਿਟੀ ਮੀਟਿੰਗ ਸਮੇਂ ਸਮੇਂ ਸਿਰ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਵਿਚ ਕੋਈ ਵੀ ਸਟੇਜ ਤੇ ਟਾਈਮ ਲੈ ਕੇ ਸੰਗਤਾਂ ਸਾਹਮਣੇ ਆਪਣੇ ਵਿਚਾਰ ਰੱਖ ਸਕਦਾ ਹੈ ਅਤੇ ਸੰਗਤ ਵੀ ਸਵਾਲ ਕਰ ਸਕਦੀ ਹੈ (ਯਾਦ ਰਹੇ ਕਿ ਅਜਿਹਾ ਪਹਿਲਾਂ ਕਦੇ ਵੀ ਨਹੀਂ ਸੀ ਹੋਇਆ)।

15. ਪ੍ਰਬੰਧਕ ਕਮੇਟੀ ਦੀ ਚੰਗੀ ਸੂਝ ਅਨੁਸਾਰ ਦੀਵਾਨ ਹਾਲ ਸਟੇਜ ਤੋਂ ਹੁਣ ਨਿਰੋਲ ਧਾਰਮਿਕ ਪ੍ਰੋਗਰਾਮ ਹੀ ਉਲੀਕੇ ਜਾਂਦੇ ਹਨ।

16. ਲੰਗਰ ਕਮੇਟੀ ਦੇ ਕੁਝ ਮੈਂਬਰਾਂ ਨੇ ਟੈਂਟ ਵਾਲੇ ਸੀਨੀਅਰ ਸਿਟੀਜ਼ਨ ਨਾਲ ਸੰਪਰਕ ਕੀਤਾ ਅਤੇ ਬਣ ਰਹੀ ਖੂਬਸੂਰਤ ਬਿਲਡਿੰਗ 'ਚ ਹਿੱਸਾ ਪਾਉਣ ਲਈ ਬੇਨਤੀ ਕੀਤੀ ਜਿਸ ਸਦਕਾ ਸੀਨੀਅਰ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਨੂੰ 11000 ਡਾਲਰ ਢਾਲ ਦੇਣ ਦਾ ਵਾਅਦਾ ਕੀਤਾ।

17. ਸੰਗਤਾਂ ਵਿਚ ਇਹ ਵੀ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਬਿਲਡਿੰਗ ਦਾ ਕੰਮ ਠੀਕ ਨਹੀਂ ਹੋ ਰਿਹਾ ਜਾਂ ਫਿਰ ਪਹਿਲਾਂ ਵਾਲੀਆਂ ਗੱਲਾਂ ਕਿ ਗਾਰਡਰ ਵਿੰਗੇ ਲੱਗੇ ਹਨ। ਸਿਟੀ ਦੇ ਇੰਸਪੈਕਟਰ ਮੌਕੇ ਮੌਕੇ ਤੇ ਆਕੇ ਕੰਮ ਚੈਕ ਕਰਦੇ ਹਨ ਅਤੇ ਠੀਕ ਹੋਣ ਤੇ ਹੀ ਪਾਸ ਕਰਦੇ ਹਨ। ਅਗਰ ਕੋਈ ਕੰਮ ਠੀਕ ਨਹੀਂ ਹੈ ਤਾਂ ਇੰਸਪੈਕਟਰ ਦਾ ਕੰਮ ਹੈ ਉਸਨੂੰ ਫੇਲ੍ਹ ਕਰਨਾ ਅਤੇ ਠੀਕ ਕਰਨ ਲਈ ਸੁਝਾਅ ਦੇਣਾ।

ਗੁਰੂ ਘਰ ਦੀ ਨਵੀਂ ਬਣ ਰਹੀ ਖੂਬਸੂਰਤ ਬਿਲਡਿੰਗ ਮਿੱਥੇ ਸਮੇਂ ਅਨੁਸਾਰ ਅਤੇ 18 ਮਿਲੀਅਨ ਦੇ ਬਜਟ ਵਿਚ ਇਸ ਸਾਲ ਦੇ ਅਖੀਰ ਤੱਕ ਮੁਕੰਮਲ ਹੋ ਜਾਵੇਗੀ। ਆਓ ਸਾਰੇ ਰਲ ਮਿਲ ਕੇ ਗੁਰੂ ਘਰ ਦੇ ਇਸ ਚੱਲ ਰਹੇ ਕੰਮ 'ਚ ਆਪਣਾ ਯੋਗਦਾਨ ਪਾ ਕੇ ਗੁਰੂ ਕੀਆਂ ਖੁਸ਼ੀਆ ਪ੍ਰਾਪਤ ਕਰੀਏ।

**ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ, ਕੈਲੀਫੋਰਨੀਆ**

# ਪਾਕਿ ’ਚ ਇਤਿਹਾਸਕ ਗੁਰਦੁਆਰੇ ਦੀ ਜ਼ਮੀਨ ਵੇਚੀ

**ਅੰਮ੍ਰਿਤਸਰ :** ਪਾਕਿਸਤਾਨ ਵਿਚ ਰਹਿੰਦਾ ਸਿੱਖ ਭਾਈਚਾਰਾ ਪਾਕਿਸਤਾਨ ਔਕਾਫ ਟਰੱਸਟ ਪ੍ਰਾਪਰਟੀ ਬੋਰਡ ਦੇ ਫੈਸਲੇ ਖਿਲਾਫ ਇਕਜੁੱਟ ਖੜ੍ਹਾ ਹੋ ਗਿਆ ਹੈ। ਔਕਾਫ ਬੋਰਡ ਨੇ ਲਾਹੌਰ ਜ਼ਿਲ੍ਹੇ ਦੇ ਡੇਰਾ ਚਾਹਲ ਪਿੰਡ ਵਿਚਲੇ ਗੁਰਦੁਆਰਾ ਬੇਬੇ ਨਾਨਕੀ ਦੀ 34 ਏਕੜ ਜ਼ਮੀਨ ਡਿਫੈਂਸ ਕਾਲੋਨੀ ਦੀ ਉਸਾਰੀ ਲਈ ਵੇਚ ਦਿੱਤੀ ਹੈ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਸਾਬਕਾ ਪ੍ਰਧਾਨ ਪ੍ਰਧਾਨ ਬਿਸ਼ਨ ਸਿੰਘ ਨੇ ਟੈਲੀਫੋਨ ‘ਤੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਸੰਗਤ ਨਨਕਾਣਾ ਸਾਹਿਬ ਵਿਚ ਜਲਦ ਹੀ ਮੀਟਿੰਗ ਕਰੇਗੀ ਅਤੇ ਪਾਕਿਸਤਾਨ ਸਰਕਾਰ ਕੋਲ ਇਸ ਫੈਸਲੇ ਖਿਲਾਫ ਵਿਰੋਧ ਜ਼ਾਹਿਰ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਔਕਾਫ (ਪੀ.ਈ.ਟੀ.ਪੀ.ਬੀ.) ਬੋਰਡ ਕੋਲ ਇਤਿਹਾਸਕ ਗੁਰਦੁਆਰੇ ਦੀ ਜ਼ਮੀਨ ਵੇਚਣ ਦਾ ਅਧਿਕਾਰ ਹੀ ਨਹੀਂ ਹੈ। ਇਸ ਤੋਂ ਪਹਿਲਾਂ ਭਾਈਚਾਰੇ ਦੇ ਮੈਂਬਰਾਂ ਨੇ ਔਕਾਫ ਬੋਰਡ ਦੇ ਚੇਅਰਮੈਨ ਸਈਦ ਆਸਿਫ ਹਾਸ਼ਮੀ ਨਾਲ ਕਈ ਵਾਰੀ ਮੁਲਾਕਾਤ ਕੀਤੀ, ਪਰ ਕੋਈ ਗੱਲ ਨਹੀਂ ਬਣੀ। ਸ੍ਰੀ ਹਾਸ਼ਮੀ ਇਨਸਾਫ ਦੇਣ ਵਿਚ ਨਾਕਾਮਯਾਬ ਨਹੀਂ ਰਹੇ।

ਡੇਰਾ ਚਾਹਲ ਪਿੰਡ ਲਾਹੌਰ ਤੋਂ 35 ਕਿਲੋਮੀਟਰ ਦੂਰ ਹੈ। ਇਸ ਇਤਿਹਾਸਕ ਗੁਰਦੁਆਰੇ ਨੂੰ ਜਨਮ ਅਸਥਾਨ ਬੇਬੇ ਨਾਨਕੀ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਕਈ ਵਾਰੀ ਇਸ ਪਿੰਡ ਵਿਚ ਗਏ ਸਨ, ਕਿਉਂਕਿ ਇਸ ਪਿੰਡ ਵਿਚ ਉਨ੍ਹਾਂ ਦੇ ਨਾਨਕੇ ਸਨ। ਬੇਬੇ ਨਾਨਕੀ ਦਾ ਜਨਮ ਇਸੇ ਪਿੰਡ ਵਿਚ ਸੰਮਤ 1524 ਨੂੰ ਹੋਇਆ ਸੀ। 1996 ਤਕ ਗੁਰਦੁਆਰੇ ਦੀ ਹਾਲਤ ਬਹੁਤ ਮਾੜੀ ਸੀ, ਪਰ ਉਦੋਂ ਦੇਸ਼ ਦੇ ਪ੍ਰਧਾਨ ਮੰਤਰੀ ਨੇ ਵੱਡੀ ਰਕਮ ਖਰਚ ਕੇ ਇਸ ਦੀ ਲੋੜੀਂਦੀ ਮੁਰੰਮਤ ਤੇ ਰੰਗ-ਰੋਗਨ ਕਰਵਾਇਆ।

ਇਹ ਪਹਿਲੀ ਵਾਰ ਹੈ ਕਿ ਪਾਕਿਸਤਾਨ ਦੇ ਸਿੱਖ ਕਿਸੇ ਮੁੱਦੇ ‘ਤੇ ਇਕ ਮੱਤ ਹੋਏ ਹਨ ਅਤੇ ਸਾਂਝਾ ਵਿਰੋਧ ਜ਼ਾਹਿਰ ਕਰਨ ਲਈ ਤਿਆਰ ਹਨ। ਉਹ ਸਰਕਾਰ ਅੱਗੇ ਸਖ਼ਤ ਵਿਰੋਧ ਜ਼ਾਹਿਰ ਕਰਨ ਦੀ ਤਿਆਰੀ ‘ਚ ਹਨ।

ਪਹਿਲਾਂ ਪਾਕਿਸਤਾਨ ਦੇ ਪੁਰਾਤੱਤਵ ਵਿਭਾਗ ਨੇ 130 ਵੱਡੇ ਇਤਿਹਾਸਕ ਗੁਰਦੁਆਰਿਆਂ ਦੀ ਸੂਚੀ ਤਿਆਰ ਕੀਤੀ ਸੀ। ਦੇਸ਼ ਦੀ ਵੰਡ ਪਿੱਛੋਂ ਇਹ ਪਹਿਲੀ ਵਾਰ ਸੀ ਕਿ ਇਸ ਤਰ੍ਹਾਂ ਦਾ ਕੋਈ ਸਰਵੇ ਕੀਤਾ ਗਿਆ ਸੀ। ਬਾਅਦ ਵਿਚ ਖਾਨ ਮੁਹੰਮਦ ਵਲੀ ਉਲਾ ਖਾਨ ਨੇ ਇਨ੍ਹਾਂ ਗੁਰਦੁਆਰਿਆਂ ਬਾਰੇ ਸਮੁੱਚੀ ਜਾਣਕਾਰੀ ਇਕ ਪੁਸਤਕ ‘ਪੱਛਮੀ ਪਾਕਿਸਤਾਨ ਦੇ ਗੁਰਦੁਆਰੇ’ ‘ਚ ਛਾਪ ਦਿੱਤੀ।

ਇਹ ਪੁਸਤਕ 1962 ਵਿਚ ਛਪੀ ਸੀ। ਹਰ ਗੁਰਦੁਆਰੇ ਦੀ ਆਪਣੀ ਜਾਇਦਾਦ ਹੈ, ਖੇਤੀਯੋਗ ਜ਼ਮੀਨ ਅਤੇ ਇਮਾਰਤ ਹੈ। ਇਹ ਜ਼ਮੀਨ ਵਕਤ ਵਕਤ ‘ਤੇ ਸਿੱਖ ਸ਼ਰਧਾਲੂਆਂ ਵਲੋਂ ਗੁਰਦੁਆਰੇ ਦਾ ਕੰਮ ਚਲਾਉਣ ਲਈ ਗੁਰਦੁਆਰੇ ਨੂੰ ਦਾਨ ਹੋਈ ਹੈ।

ਇਨ੍ਹਾਂ ‘ਚ ਕਈ ਗੁਰਦੁਆਰੇ ਜਿਵੇਂ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਮਲਕੀਅਤ ਹੇਠ ਹਜ਼ਾਰਾਂ ਏਕੜ ਜ਼ਮੀਨ ਸੀ, ਪਰ ਇਹ ਸਾਰੀ ਜਾਇਦਾਦ ਵੰਡ ਪਿੱਛੋਂ ਔਕਾਫ ਬੋਰਡ ਦੇ ਅਧਿਕਾਰ ‘ਚ ਚਲੀ ਗਈ। ਉਦੋਂ ਤੋਂ ਹੀ ਇਸ ਥਾਂ ਦੀ ਦੁਰਵਰਤੋਂ ਹੋ ਰਹੀ ਹੈ।

## ਸਿੱਖ ਅਜਾਇਬ ਘਰ ਨੂੰ ਸਰਬਉੱਚ ਸਨਮਾਨ

**ਚੰਡੀਗੜ੍ਹ :** ਸਿੱਖ ਘੱਲੂਘਾਰੇ ਦੀਆਂ ਯਾਦਾਂ ਸਮੋਈ ਬੈਠੇ ਡਰਬੀ ਦੇ ਅਜਾਇਬ ਘਰ ਨੂੰ ਬੇਹਤਰੀਨ ਅਜਾਇਬ ਘਰਾਂ ਵਿਚੋਂ ਇਕ ਚੁਣਿਆ ਗਿਆ ਹੈ। ਕਰੈਸਵੈੱਲ ਕਰੈਗਜ਼ ਵਿਖੇ ਬੀਤੇ ਦਿਨੀਂ ਆਯੋਜਿਤ ਕੀਤੇ 2009 ਡਰਬੀਸ਼ਾਇਰ ਵਿਰਾਸਤ ਸੁਰਜੀਤੀ ਐਵਾਰਡਾਂ ਦੌਰਾਨ ਪੀਅਰ ਟ੍ਰੀ ਵਿਖੇ ਸਥਿਤ ਨੈਸ਼ਨਲ ਸਿੱਖ ਹੈਰੀਟੇਜ ਸੈਂਟਰ ਐਂਡ ਹੋਲੋਕਾਸਟ ਮਿਊਜ਼ੀਅਮ ਨੂੰ ਇਹ ਸਨਮਾਨ ਹਾਸਲ ਹੋਇਆ। ਇਸ ਤੋਂ ਇਲਾਵਾ 16ਵੀਂ ਸਦੀ ਦੇ ਇਕ ਪੁਰਾਤਨ ਮਕਾਨ ਨੂੰ ਵੀ ਜੇਤੂਆਂ ਦੀ ਸੂਚੀ ਵਿਚ ਥਾਂ ਹਾਸਲ ਹੋਈ।

ਬੇਕਵੈੱਲ ਦੇ ਓਲਡ ਹਾਊਸ ਮਿਊਜ਼ੀਅਮ ਨੇ ਦੂਹਰੀ ਵਾਰ ਇਹ ਐਵਾਰਡ ਜਿੱਤਿਆ। ਡਰਬੀਸ਼ਾਇਰ ਦੀ ਅਜਾਇਬ ਘਰ ਵਿਕਾਸ ਅਫ਼ਸਰ ਅਨੀਤਾ ਹੋਲਿਨਸ਼ੈੱਡ ਨੇ ਕਿਹਾ ਕਿ ਜੱਜਾਂ ਨੂੰ ਇਸ ਵਾਰ ਬੇਹਤਰੀਨ ਅਜਾਇਬ ਘਰ ਦੀ ਚੋਣ ਕਰਨ ਵਿਚ ਕਾਫ਼ੀ ਮੁਸ਼ੱਕਤ ਕਰਨੀ ਪਈ।

ਇਹ ਐਵਾਰਡ ਦਰਸਾਉਂਦੇ ਹਨ ਕਿ ਕਿੰਨੇ ਪ੍ਰਾਚੀਨ ਅਜਾਇਬ ਘਰ ਸਾਡੇ ਬਿਲਕੁਲ ਨੇੜੇ ਸਥਿਤ ਹਨ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਮਹਿੰਦਰ ਸਿੰਘ ਕੇ ਪੀ ਭਿੰਡਰਾਂਵਾਲਿਆਂ ਦਾ ਪ੍ਰਸੰਗ ਸੁਣਦਿਆਂ ਹੀ ਸਮਾਗਮ ’ਚੋਂ ਚਲਦੇ ਬਣੇ**

-ਤਕੜੀ ਖੁਰਾਕ ਪਚਾਉਣ ਲਈ ਮਿਹਦਾ ਵੀ ਤਕੜਾ ਚਾਹੀਦਾ।

***ਗੁਰਦਵਾਰਿਆਂ ’ਚ ਸਮਲਿੰਗਕ ਵਿਆਹ ਨਹੀਂ ਕੀਤੇ ਜਾਣਗੇ-ਗਿਆਨੀ ਗੁਰਬਚਨ ਸਿੰਘ**

-ਸਮਲਿੰਗੀਆਂ ਦੀਆਂ ਵੋਟਾਂ ਦਾ ਜੋੜ ਤੋੜ ਲਾ ਕੇ ਤੁਹਾਡੇ ਸਿਆਸੀ ਮਾਲਕਾਂ ਨੇ ਜੇ ਹੁਕਮ ਸੁਣਾ’ਤਾ ਤਾਂ ਨੰਦ ਕਰਾਉਣ ਲਈ ਤੁਸੀਂ ਵੀ ਦੌੜ-ਦੌੜ ਜਾਣੈ।

***ਬਨੂੜ ’ਚ ਕਾਂਗਰਸੀ ਉਮੀਦਵਾਰ ਦੇ ਨਾਂ ’ਤੇ ਅਮਰਿੰਦਰ ਤੇ ਪ੍ਰਨੀਤ ਕੌਰ ’ਚ ਖੜਕੀ**

-ਬਨੂੜ ਵਾਲੀ ਸੀਟ ਤਾਂ ਬਹਾਨੈ! ਬੀਬੀ ਅਸਲੀ ਗੁੱਸਾ ਤਾਂ ਅਰੂਸਾ ਵਾਲਾ ਹੀ ਕੱਢਣ ਡਹੀ ਐ।

***ਮੇਰੇ ਪੁੱਤ ਦੀ ਜਾਨ ਨੂੰ ਖਤਰਾ-ਮੇਨਕਾ ਗਾਂਧੀ**

-ਅੱਗ ਨਾਲ ਖੇਡਣ ਵਾਲਿਆਂ ਨੂੰ ਸੜ ਜਾਣ ਦਾ ਖਤਰਾ ਤਾਂ ਕੁਦਰਤੀ ਐ।

***ਮਨੁੱਖੀ ਹੱਕਾਂ ਦਾ ਝੰਡਾਬਰਦਾਰ ਰਾਮ ਨਰਾਇਣ ਕੁਮਾਰ ਸਿੱਖਾਂ ਦਾ ਸੱਚਾ ਮਿੱਤਰ ਸੀ**

-ਦੇਖਦੇ ਆਂ ਇਕ ਸੱਚੇ ਮਿੱਤਰ ਦਾ ਅਜੋਕੇ ਸਿੱਖ ਕਿੰਨਾ ਕੁ ਮੁੱਲ ਪਾਉਂਦੇ ਐ।

***ਬਾਬਰੀ ਮਸਜਿਦ ਦੀ ਰਿਪੋਰਟ ਬਣਾਉਣ ਲਈ ਕਮਿਸ਼ਨ ਨੇ 17 ਸਾਲ ਕਿਉਂ ਲਾਏ?**

-ਸਬੂਤ ਮਿਟਾਉਣ ਤੇ ਗਵਾਹ ਮੁਕਰਾਉਣ ਲਈ ਸਮਾਂ ਤਾਂ ਲਗਦਾ ਈ ਐ।

***ਮਸਤੂਆਣੇ ਗੁਰਦੁਆਰੇ ਦੀ ਗੋਲਕ ’ਤੇ ਕਬਜ਼ੇ ਨੂੰ ਲੈ ਕੇ ਉਠਿਆ ਵਿਵਾਦ**

-ਹਾਲੇ ਤਾਂ ਵਿਵਾਦ ਈ ਉਠਿਐ, ਸਿਰ ਤਾਂ ਉਦੋਂ ਪਾਟਣਗੇ ਜਦੋਂ ਸੋਨਾ ਚੜ੍ਹਾਉਣ ਦਾ ਐਲਾਨ ਹੋਇਐ।

# ਵਿਧਾਇਕਾਂ ਦੇ ਟੈਕਸ ਸਰਕਾਰੀ ਖਾਤੇ ’ਚੋਂ ਭਰਨ ਵਿਰੁਧ ਪਟੀਸ਼ਨ

**ਚੰਡੀਗੜ੍ਹ :** ਪੰਜਾਬ ਦੇ ਵਿਧਾਇਕਾਂ ਨੂੰ ਛੇਤੀ ਹੀ ਹਾਈਕੋਰਟ ਵਿਚ ਇਹ ਸਪੱਸ਼ਟੀਕਰਨ ਦੇਣਾ ਪੈ ਸਕਦਾ ਹੈ ਕਿ ਉਹ ਆਪਣੇ ਟੈਕਸ ਕਿਸ ਆਧਾਰ ‘ਤੇ ਸਰਕਾਰੀ ਖਾਤੇ ਵਿਚੋਂ ਭਰਵਾਉਣੇ ਚਾਹੁੰਦੇ ਹਨ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਇਕ ਡਵੀਜ਼ਨ ਬੈਂਚ ਕੋਲ ਲੰਘੀ 9 ਜੁਲਾਈ ਨੂੰ ਸੁਣਵਾਈ ਲਈ ਆਈ ਪਟੀਸ਼ਨ ਵਿਚ ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤਿਆਂ ਉੱਤੇ ਟੈਕਸਾਂ ਦੀ ਅਦਾਇਗੀ ਸਰਕਾਰੀ ਖਾਤੇ ਵਿਚੋਂ ਕਰਨ ਸਬੰਧੀ ਸੋਧ ਦੇ ਵਿਰੋਧ ਨੂੰ ਜਾਇਜ਼ ਮੰਨਦਿਆਂ ਬੈਂਚ ਨੇ 50 ਵਿਧਾਇਕਾਂ ਨੂੰ ਪ੍ਰਤੀਵਾਦੀ ਬਨਾਉਣ ਦੀ ਤਿਆਰੀ ਵਿੱਢ ਦਿੱਤੀ ਹੈ।

ਜਸਟਿਸ ਐਮ.ਐਮ. ਕੁਮਾਰ ਤੇ ਜਸਟਿਸ ਜਸਵੰਤ ਸਿੰਘ ਦੇ ਬੈਂਚ ਨੇ ਵਿਧਾਇਕਾਂ ਲਈ ਇਹ ਹੁਕਮ ਲੁਧਿਆਣਾ ਦੇ 72 ਵਰ੍ਹਿਆਂ ਦੇ ਵਾਸੀ ਮਨਮੋਹਨ ਸਿੰਘ ਦੀ ਪਟੀਸ਼ਨ ਉਤੇ ਕਾਰਵਾਈ ਕਰਦਿਆਂ ਜਾਰੀ ਕੀਤੇ।

ਸ਼ਿਕਾਇਤਕਰਤਾ ਦੇ ਵਕੀਲ ਨੇ ਬੈਂਚ ਅੱਗੇ ਪੰਜਾਬ ਵਿਧਾਨ ਸਭਾ ਦੇ ਸਾਰੇ ਵਿਧਾਇਕਾਂ ਦੀ ਸੂਚੀ ਪੇਸ਼ ਕੀਤੀ, ਪਰ ਅਦਾਲਤ ਨੇ ਸੂਚੀ ਵਿਚਲੇ ਪਹਿਲੇ 50 ਵਿਧਾਇਕਾਂ ਨੂੰ ਸਾਰਿਆਂ ਦਾ ਪ੍ਰਤੀਨਿਧ

## ਹਾਈਕੋਰਟ ਵਲੋਂ 50 ਵਿਧਾਇਕ ਤਲਬ

ਮੰਨਦਿਆਂ ਕਾਰਵਾਈ ਕੀਤੀ।

ਇਸ ਕਾਰਵਾਈ ਅਨੁਸਾਰ ਹੁਣ ਅਦਾਲਤ ਇਨ੍ਹਾਂ 50 ਵਿਧਾਇਕਾਂ ਦੇ ਜਵਾਬਾਂ ਦੇ ਆਧਾਰ ਉੱਤੇ ਹੀ ਇਸ ਮਾਮਲੇ ਵਿਚ ਆਪਣੀ ਰਾਇ ਕਾਇਮ ਕਰੇਗੀ। ਬੈਂਚ ਨੇ ਸ਼ਿਕਾਇਤਕਰਤਾ ਤੋਂ ਵਿਧਾਇਕਾਂ ਦੇ ਪਤੇ ਵੀ ਮੰਗੇ ਤਾਂ ਕਿ ਉਨ੍ਹਾਂ ਨੂੰ 26 ਅਗਸਤ ਨੂੰ ਸੁਣਵਾਈ ਲਈ ਪੇਸ਼ ਹੋਣ ਦੀ ਹਦਾਇਤ ਕੀਤੀ ਜਾ ਸਕੇ।

ਬੈਂਚ ਨੇ ਇਸ ਮਾਮਲੇ ਸਬੰਧੀ ਕੇਂਦਰ ਸਰਕਾਰ ਦੇ ਜਵਾਬ ਨੂੰ ਵੀ ਰਿਕਾਰਡ ਵਿਚ ਰੱਖਿਆ, ਜਿਸ ਵਿਚ ਕੇਂਦਰ ਨੇ ਸਪੱਸ਼ਟ ਕੀਤਾ ਸੀ ਕਿ ਸੂਬਾ ਸਰਕਾਰ ਵਲੋਂ ਆਮਦਨ ਕਰ ਸਬੰਧੀ ਪਾਸ ਕੀਤਾ ਗਿਆ ਕਾਨੂੰਨ ਸੰਸਦ ਦੇ ਅਧਿਕਾਰ ਖੇਤਰ ਵਿਚ ਦਖਲ ਦਿੰਦਾ ਹੈ ਅਤੇ ਕੇਂਦਰ ਸਰਕਾਰ ਦੀ ਤਾਈਦ ਤੋਂ ਬਿਨਾਂ ਗੈਰ ਸੰਵਿਧਾਨਕ ਹੈ, ਕਿਉਂਕਿ ਆਮਦਨ ਕਰ ਅਤੇ ਹੋਰ ਕਰ ਕੇਂਦਰ ਸਰਕਾਰ ਦੀ ਮੱਦ ਹੀ ਹਨ। ਇਹ ਮਾਮਲਾ 20 ਜੂਨ 2006 ਨੂੰ ‘ਦਿ ਟ੍ਰਿਬਿਊਨ’ ਵਿਚ ਪਹਿਲੀ ਵਾਰ ‘ਆਜ ਕਾ ਐਮ.ਐਲ.ਏ. ਵਾਂਟਸ ਯੂ ਟੂ ਪੇਅ ਹਿਜ਼ ਟੈਕਸ’ ਸਿਰਲੇਖ ਵਾਲੀ ਸੰਪਾਦਕੀ ਵਿਚ ਉਭਾਰਿਆ ਗਿਆ ਸੀ ਅਤੇ ਰੇਲ ਵਿਭਾਗ ਦੇ ਸਾਬਕਾ ਹੈੱਡ ਟੀ.ਟੀ. ਮਨਮੋਹਨ ਸਿੰਘ ਨੇ ਆਪਣੀ ਪਟੀਸ਼ਨ ਨਾਲ ਇਹ ਸੰਪਾਦਕੀ ਵੀ ਨੱਥੀ ਕੀਤੀ।

ਪਟੀਸ਼ਨ ਵਿਚ ਮਨਮੋਹਨ ਸਿੰਘ ਨੇ ਹਾਈਕੋਰਟ ਅੱਗੇ ਬੇਨਤੀ ਕੀਤੀ ਕਿ ਪੰਜਾਬ ਵਿਧਾਨ ਸਭਾ (ਮੈਂਬਰ ਦੇ ਤਨਖਾਹਾਂ ਤੇ ਭੱਤੇ) ਐਕਟ (1942 ਦੀ ਧਾਰਾ 3-ਏ ਅਤੇ ਪੰਜਾਬ ਐਕਟ ਨੰਬਰ ਇਕ) 2004 ਰੱਦ ਕੀਤੀਆਂ ਜਾਣ, ਜੋ ਕਿ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਉੱਤੇ ਆਮਦਨ ਕਰ ਦੀ ਅਦਾਇਗੀ ਦੀ ਛੋਟ ਨਾਲ ਸਬੰਧਤ ਹਨ। ਪਟੀਸ਼ਨਰ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਕਿਹਾ ਕਿ ਵਿਧਾਨ ਸਭਾ ਦਾ ਨਵਾਂ ਕਾਨੂੰਨ ਸੰਵਿਧਾਨਕ ਨਿਯਮਾਂ ਦੀ ਅਦੂਲੀ ਨਹੀਂ ਸਗੋਂ ਸੰਵਿਧਾਨਕ ਦੀ ਭਾਵਨਾ ਦੇ ਵੀ ਪੂਰੀ ਤਰ੍ਹਾਂ ਵਿਰੁਧ ਹੈ।

REAL ESTATE

HOME LOANS

Specialize in Bay Area

PARMINDER DEOL Call:925-980-1279



RESIDENTCIAL, BUSINESS AND COMMERCIAL PROPERTIES

ਇਨਵੈਸਟਮੈਂਟ ਕਰਨ ਵਾਲਿਆਂ ਅਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ

ਕਿਰਾਏ ’ਤੇ ਘਰ ਲੈਣ ਨਾਲੋਂ ਆਪਣਾ ਘਰ ਖਰੀਦਣਾ ਹੁਣ ਕਿਤੇ ਸੌਖਾ ਹੈ। ਤੁਹਾਡੀ ਕਿਸ਼ਤ ਕਿਰਾਏ ਤੋਂ ਵੀ ਘੱਟ ਹੋ ਸਕਦੀ ਹੈ।

ਪਰਮਿੰਦਰ ਦਿਓਲ 925-980-1279

forhomes@yahoo.com

Best Time to Buy Bankowned, Foreclosure and Short Sale Properties

ਬਿਹਤਰੀਨ ਸੇਵਾ ਅਤੇ ਸਲਾਹ ਲਈ ਅੱਜ ਹੀ ਕਾਲ ਕਰੋ:

209-996-1681

SBA Loan

Sacramento and Central Valley

JAG BHANGU Call: 916-759-1923

Attention Homes Buyer & Realtor

Get qualified for loan before looking for a house.

ਪਹਿਲੀ ਵਾਰ ਘਰ ਖਰੀਦਣ ਵਾਲੇ 8000 ਡਾਲਰ ਦੇ ਟੈਕਸ ਕਰੈਡਿਟ ਦਾ ਲਾਭ ਉਠਾਉਣ

ਮੈਂ ਜਿਸ ਲੋਨ ਅਫਸਰ ਤੋਂ ਘਰ ਲਈ ਲੋਨ ਕਰਵਾ ਰਹੀ ਸਾਂ, ਉਸ ਨੇ ਮੇਰਾ ਲੋਨ ਤਾਂ ਕੀ ਕਰਾਉਣਾ ਸੀ ਸਗੋਂ ਮੇਰਾ 10,000 ਡਾਲਰ ਵੀ ਡੋਬ ਦਿੱਤਾ। ਪਰ ਜੀਵਨ ਸਿੰਘ ਨੇ ਮੇਰਾ ਲੋਨ ਬਹੁਤ ਆਸਾਨ ਸ਼ਰਤਾਂ ’ਤੇ ਝੱਟਪਟ ਕਰਵਾ ਦਿੱਤਾ। -ਸੁਖਵਿੰਦਰ ਬੈਂਸ



ਜੈਗ ਭੰਗੂ

408-598-9605

916-759-1923

Purchase home with 3.5% Down FHA

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

Direct Mortgage Lender Rates Are LOW Now

CA DRE Lic 01364174

DIRECT LENDERS AND MAJOR BANKS LOAN AVAILABLE

UNITED MORTGAGE & REALTY

Self Employed OK First Time Home Buyers OK

Loan Available For Bank Owned Properties

## ਅਕਾਲੀ-ਕਾਂਗਰਸੀਆਂ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨੇ

**ਚੰਡੀਗੜ੍ਹ :** ਸੂਬੇ ਵਿਚ ਤਿੰਨ ਵਿਧਾਨ ਸਭਾ ਹਲਕਿਆਂ 'ਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਕਾਂਗਰਸ ਨੇ ਅਪਣੇ ਉਮੀਦਵਾਰਾਂ ਦਾ ਐਲਾਨ ਕਰ ਦਿਤਾ ਹੈ। ਬਨੂੜ ਸੀਟ ਤੋਂ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੀ ਇੱਛਾ ਅਨੁਸਾਰ ਹੀ ਦੀਪਇੰਦਰ ਸਿੰਘ ਢਿੱਲੋਂ ਨੂੰ ਟਿਕਟ ਦਿਤੀ ਗੱਈ ਹੈ, ਜਦਕਿ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਛੋਟੇ ਭਰਾ ਫ਼ਤਹਿਜੰਗ ਸਿੰਘ ਬਾਜਵਾ ਨੂੰ ਕਾਹਨੂੰਵਾਨ ਤੋਂ ਅਤੇ ਜਲਾਲਾਬਾਦ ਤੋਂ ਸਾਬਕਾ ਮੰਤਰੀ ਹੰਸ ਰਾਜ ਜੋਸਨ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਬੀਤੇ ਹਫ਼ਤੇ ਨਵੀਂ ਦਿੱਲੀ ਵਿਖੇ ਹੋਈ ਮੀਟਿੰਗ ਦੌਰਾਨ ਬਨੂੜ ਸੀਟ ਤੋਂ ਉਮੀਦਵਾਰ ਤੈਅ ਕਰਨ ਦੇ ਮਾਮਲੇ 'ਤੇ ਪ੍ਰਨੀਤ ਕੌਰ ਅਤੇ ਅਮਰਿੰਦਰ ਸਿੰਘ ਦਰਮਿਆਨ ਮਤਭੇਦ ਪੈਦਾ ਹੋ ਗਏ ਸਨ।

ਪ੍ਰਨੀਤ ਕੌਰ, ਢਿੱਲੋਂ ਦੀ ਹਮਾਇਤ ਕਰ ਰਹੇ ਸਨ, ਜਦਕਿ ਕੈਪਟਨ ਅਮਰਿੰਦਰ ਸਿੰਘ ਇਥੋਂ ਸੰਗਰੂਰ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੂੰ ਟਿਕਟ ਦਿਵਾਉਣਾ ਚਾਹੁੰਦੇ ਸਨ। ਲੋਕ ਸਭਾ ਮੈਂਬਰ ਬਣੇ ਪ੍ਰਤਾਪ ਸਿੰਘ ਬਾਜਵਾ ਕਾਹਨੂੰਵਾਨ ਤੋਂ ਵਿਧਾਇਕ ਚੁਣੇ ਗਏ ਸਨ, ਜਦਕਿ 2007 ਵਿਚ ਫ਼ਤਹਿਜੰਗ ਸਿੰਘ ਬਾਜਵਾ ਸ੍ਰੀ ਹਰਗੋਬਿੰਦਪੁਰ ਹਲਕੇ ਤੋਂ ਚੋਣ ਹਾਰ ਗਏ ਸਨ। ਅਕਾਲੀ ਆਗੂ ਸ਼ੇਰ ਸਿੰਘ ਘੁਬਾਇਆ ਤੋਂ ਹਾਰਨ ਵਾਲੇ ਹੰਸ ਰਾਜ ਜੋਸਨ ਨੂੰ ਪਾਰਟੀ ਨੇ ਮੁੜ ਉਮੀਦਵਾਰ ਬਣਾਇਆ ਹੈ, ਕਿਉਂਕਿ ਘੁਬਾਇਆ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। ਅਕਾਲੀ ਦਲ ਵਲੋਂ ਇਸ ਸੀਟ ਤੋਂ ਸੁਖਬੀਰ ਸਿੰਘ ਬਾਦਲ ਉਮੀਦਵਾਰ ਬਣਾਏ ਗਏ ਹਨ। ਅਕਾਲੀ ਦਲ ਨੇ ਬਨੂੜ ਹਲਕੇ ਤੋਂ ਮਰਹੂਮ ਕੈਪਟਨ ਕੰਵਲਜੀਤ ਸਿੰਘ ਦੇ ਬੇਟੇ ਜਸਜੀਤ ਸਿੰਘ ਬੰਨੀ ਨੂੰ ਉਮੀਦਵਾਰ ਐਲਾਨਿਆ ਹੈ। ਯਾਦ ਰਹੇ ਕੈਪਟਨ ਕੰਵਲਜੀਤ ਸਿੰਘ ਦੀ ਵਿਧਵਾ ਸਰਬਜੀਤ ਕੌਰ ਅਪਣੇ ਪੁੱਤਰ ਜਸਜੀਤ ਸਿੰਘ ਬੰਨੀ ਨੂੰ ਟਿਕਟ ਦਿਵਾਉਣ ਲਈ ਬਜ਼ਿੱਦ ਸਨ।

## ਪੰਜਾਬ ਸਰਕਾਰ ਵਲੋਂ ਹੁਣ ਆਪਣੀਆਂ ਦੁਕਾਨਾਂ ਵੇਚਣ ਦਾ ਫ਼ੈਸਲਾ

**ਜਗਰਾਉਂ :** ਪੰਜਾਬ ਦੇ ਪ੍ਰਮੁੱਖ ਸਕੱਤਰ ਨੇ ਇੰਪਰੂਵਮੈਂਟ ਟਰੱਸਟਾਂ, ਨਗਰ ਪਾਲਿਕਾਵਾਂ ਅਤੇ ਨਗਰ ਕੌਂਸਲਾਂ ਨੂੰ ਭੇਜੇ ਪੱਤਰ 'ਚ ਕਿਰਾਏਦਾਰਾਂ ਨੂੰ ਦਿੱਤੀਆਂ ਦੁਕਾਨਾਂ ਵੇਚਣ ਦਾ ਹੁਕਮ ਦਿੱਤਾ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਹਰ ਸ਼ਹਿਰ 'ਚ ਕਿਰਾਏਦਾਰਾਂ ਨੂੰ ਦਿੱਤੀਆਂ ਹੋਈਆਂ ਦੁਕਾਨਾਂ ਡੀ.ਸੀ. ਰੇਟ 'ਤੇ ਵੇਚੀਆਂ ਜਾਣ। ਪਹਿਲ ਦਹਾਕਿਆਂ ਤੋਂ ਬੈਠੇ ਕਿਰਾਏਦਾਰਾਂ ਨੂੰ ਦਿੱਤੀ ਜਾਵੇ ਅਤੇ ਜੇਕਰ ਉਹ ਦੁਕਾਨ ਲੈਣ ਤੋਂ ਅਸਮਰੱਥ ਹੋਵੇ, ਤਾਂ ਇਸ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚਿਆ ਜਾਵੇ।



ਜੇਕਰ ਕਿਸੇ ਦੁਕਾਨਦਾਰ ਨੇ ਆਪਣੀ ਮਰਜ਼ੀ ਨਾਲ ਦੁਕਾਨ 'ਚ ਕੋਈ ਭੰਨ-ਤੋੜ ਕੀਤੀ, ਮੁਰੰਮਤ ਕਰਵਾਈ ਜਾਂ ਛੱਤ ਉਪਰ ਚੁੱਕ ਕੇ ਵਾਧਾ ਕੀਤਾ ਹੈ ਤਾਂ ਉਸ ਨੂੰ 25 ਫੀਸਦੀ ਵਧੇਰੇ ਰਕਮ ਤਾਰਨੀ ਪਵੇਗੀ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਗਰ ਕੌਂਸਲਾਂ, ਨਗਰ ਪਾਲਿਕਾਵਾਂ ਨੂੰ ਸ਼ਹਿਰਾਂ ਦੇ ਵਿਕਾਸ ਲਈ ਦਿੱਤੇ ਕਰੋੜਾਂ ਰੁਪਏ ਬਦਲੇ ਆਪਣੀਆਂ ਜਾਇਦਾਦਾਂ ਪੁੱਡਾ ਦੇ ਹਵਾਲੇ ਕਰਨ ਦੇ ਹਾਲ ਹੀ ਦੇ ਜਾਰੀ ਹੁਕਮਾਂ ਵਾਲਾ ਮਾਮਲਾ ਹਾਲੇ ਗਰਮ ਸੀ ਕਿ ਸਰਕਾਰ ਦਾ ਇਹ ਨਵਾਂ ਫ਼ੁਰਮਾਨ ਆ ਗਿਆ ਹੈ। ਇਸ ਪੱਤਰ 'ਚ ਕਿਹਾ ਗਿਆ ਹੈ ਕਿ ਜਿੰਨੀਆਂ ਵੀ ਸਰਕਾਰੀ ਦੁਕਾਨਾਂ ਕਿਰਾਏ 'ਤੇ ਦਿੱਤੀਆਂ ਹੋਈਆਂ ਹਨ ਜਾਂ ਅੱਗੋਂ ਉਹ ਕਿਸੇ ਹੋਰ ਨੂੰ ਦਿੱਤੀਆਂ ਹੋਈਆਂ ਹਨ, ਸਾਰੀਆਂ ਵੇਚੀਆਂ ਜਾਣ।

ਇਨ੍ਹਾਂ ਨੂੰ ਵੇਚਣ 'ਚ ਪਹਿਲ ਮੌਜੂਦਾ ਕਾਬਜ਼ਕਾਰਾਂ ਨੂੰ ਦਿੱਤੀ ਜਾਵੇ। ਇਹ ਦੁਕਾਨਾਂ ਡੀ.ਸੀ. ਰੇਟਾਂ 'ਤੇ ਦੇਣ ਨੂੰ ਕਿਹਾ ਗਿਆ ਹੈ। ਜੇਕਰ ਕੋਈ ਦੁਕਾਨਦਾਰ ਮਿਥੇ ਗਏ ਮੁੱਲ ਨੂੰ ਦੇਣ ਤੋਂ ਅਸਮਰੱਥ ਹੈ ਤਾਂ ਦੁਕਾਨ ਖੁੱਲ੍ਹੀ ਬੋਲੀ ਲਗਾ ਕੇ ਵੇਚਣ ਦੇ ਹੁਕਮ ਦਿੱਤੇ ਗਏ ਹਨ।

ਜਗਰਾਉਂ ਨਗਰ ਕੌਂਸਲ ਕੋਲ ਕੁੱਲ 478 ਦੁਕਾਨਾਂ ਹਨ, ਜਿਨ੍ਹਾਂ 'ਚੋਂ 180 ਸਬਲੈਟ ਹਨ। ਜਾਣਕਾਰੀ ਮੁਤਾਬਕ ਇਨ੍ਹਾਂ ਹੁਕਮਾਂ ਤੋਂ ਬਾਅਦ ਨਗਰ ਕੌਂਸਲ ਨੇ ਅਜਿਹੀਆਂ ਦੁਕਾਨਾਂ ਦੀ ਸੂਚੀ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਦਹਾਕਿਆਂ ਤੋਂ ਇਨ੍ਹਾਂ ਦੁਕਾਨਾਂ 'ਚ ਕਾਰੋਬਾਰ ਕਰ ਰਹੇ ਦੁਕਾਨਦਾਰ ਫਿਕਰਾਂ 'ਚ ਹਨ।

ਕਈਆਂ ਨੂੰ ਰੋਜ਼ੀ-ਰੋਟੀ ਖੋਹੇ ਜਾਣ ਦਾ ਡਰ ਹੁਣੇ ਤੋਂ ਸਤਾਉਣ ਲੱਗਾ ਹੈ। ਇਨ੍ਹਾਂ 'ਚ ਉਹ ਦੁਕਾਨਦਾਰ ਸ਼ਾਮਲ ਹਨ, ਜੋ ਮਾਮੂਲੀ ਜਿਹਾ ਕਿਰਾਇਆ ਦਿੰਦੇ ਹਨ ਅਤੇ ਵੱਡੀ ਰਕਮ ਤਾਰ ਕੇ ਦੁਕਾਨਾਂ ਖਰੀਦਣ ਤੋਂ ਅਸਮਰੱਥ ਹਨ।

### Matrimonials

**Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com**

Brother invites correspondence for Punjabi Hindu, 32, 5'11", well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com

Executive Khatri Sikh parents want a suitable match for a beautiful 27 year old Canadian born daughter, UBC graduate LLB honors from UK. Please call 604-261-9555 or e-mail: dalipmehta@hotmail.com


Looking for a amritdhari or willing to be amritdhari girl far a amritdhari Chadda Sikh, 24, 5'11", pursuing PGDCA in computers. Highly respected and well established gursikh family from Patiala with a lot of city property. Contact: 702-236-5472

*Visit us on the web:*
***punjabtimesusa.com***

## ਸ਼ਹੀਦ ਉਧਮ ਸਿੰਘ ਦੇ ਜੱਦੀ ਘਰ ਦੀ ਦੁਰਦਸ਼ਾ

**ਸੰਗਰੂਰ :** ਬਰਸਾਤ ਨੇ ਸ਼ਹੀਦ ਉਧਮ ਸਿੰਘ ਦੇ ਜੱਦੀ ਘਰ ਦੀ ਹਾਲਤ ਹੋਰ ਨਾਜ਼ੁਕ ਬਣਾ ਦਿੱਤੀ ਹੈ। ਛੱਤਾਂ ਤੋਂ ਪਾਣੀ ਚੋਣ ਲੱਗਾ ਹੈ।ਮਹਾਂਬਲੀ ਉਧਮ ਸਿੰਘ ਦੇ ਘਰ ਦੀਆਂ ਕੰਧਾਂ ਅੱਜ ਖੁਦ ਸਹਾਰੇ ਲਈ ਤਰਸ ਰਹੀਆਂ ਹਨ। ਪੁਰਾਤਤਵ ਵਿਭਾਗ ਵਲੋਂ ਸਹੀ ਰੱਖ-ਰਖਾਅ ਨਾ ਕੀਤੇ ਜਾਣ ਦੇ ਚਲਦਿਆਂ ਸ਼ਹੀਦ ਦਾ ਜੱਦੀ ਘਰ ਡਿੱਗਣ ਕੰਢੇ ਹੈ। ਘਰ ਵਿਚ ਸ਼ਹੀਦ ਦੇ ਜੀਵਨ ਨਾਲ ਜੁੜੀਆਂ ਕਈ ਮਹੱਤਵਪੂਰਣ ਵਸਤੂਆਂ ਅਤੇ ਹਥ ਲਿਖਤ ਚਿੱਠੀਆਂ ਸੰਜੋਈਆਂ ਹਨ। ਜਿਨ੍ਹਾਂ ਨੂੰ ਦੇਖਣ ਲਈ ਹਰ ਸਾਲ ਹਜ਼ਾਰਾਂ ਲੋਕ ਆਉਂਦੇ ਹਨ। ਘਰ ਦੀ ਨਾਜ਼ੁਕ ਹਾਲਤ ਕਾਰਨ ਇਥੇ ਕਦੇ ਵੀ ਹਾਦਸਾ ਹੋ ਸਕਦਾ ਹੈ।

ਸ਼ਹਿਰ ਦੇ ਮੁਹੱਲਾ ਪੀਲਬਾਦ ਸਥਿਤ ਸ਼ਹੀਦ ਦਾ ਜੱਦੀ



ਘਰ ਪੰਜਾਬ ਸਰਕਾਰ ਦੇ ਪੁਰਾਤਤਵ ਤੇ ਅਜਾਇਬ ਘਰ ਵਿਭਾਗ ਦੀ ਨਿਗਰਾਨੀ ਹੇਠ ਹੈ। ਘਰ ਦੀ ਮੁਰੰਮਤ ਲਈ ਪਿਛਲੀ ਕਾਂਗਰਸ ਸਰਕਾਰ ਅਤੇ ਮੌਜੂਦਾ ਅਕਾਲੀ ਸਰਕਾਰ ਵਿਚੋਂ ਕਿਸੇ ਨੇ ਵੀ ਇਕ ਕੌਡੀ ਵੀ ਜਾਰੀ ਨਹੀਂ ਕੀਤੀ।

ਮੌਜੂਦਾ ਸਰਕਾਰ ਨੇ ਮੰਤਰੀਆਂ ਅਤੇ ਵਿਧਾਇਕਾਂ ਦੀ ਤਨਖਾਹ ਵਿਚ ਢਾਈ ਗੁਣਾ ਵਾਧਾ ਤਾਂ ਜ਼ਰੂਰ ਕਰ ਦਿੱਤਾ ਹੈ। ਸਰਕਾਰ ਸ਼ਹੀਦ ਦੇ ਮਾਤਰ 16 ਫੁੱਟ ਚੌੜੇ ਤੇ 22 ਫੁੱਟ ਲੰਬੇ ਘਰ ਨੂੰ ਸੰਭਾਲ ਕੇ ਨਹੀਂ ਰੱਖ ਰਹੀ। ਘਰ ਦੀਆਂ ਉਹੀ ਛੱਤਾਂ ਜਿਨ੍ਹਾਂ ਨੇ ਕਦੇ ਉਧਮ ਸਿੰਘ ਦੇ ਪਰਿਵਾਰ ਨੂੰ ਬਾਰਸ਼, ਹਨੇਰੀ ਤੋਂ ਬਚਾਇਆ ਸੀ, ਅੱਜ ਖਸਤਾ ਹੋ ਚੁੱਕੀਆਂ ਹਨ। ਕਈ ਵਾਰੀ ਛੱਤਾਂ 'ਤੇ ਮਿੱਟੀ ਪਾਈ ਜਾ ਚੁੱਕੀ ਹੈ। ਕੰਦਾਂ, ਛੱਤਾਂ ਦਾ ਬੋਝ ਚੁੱਕਣ ਵਿਚ ਅਸਮਰੱਥ ਨਜ਼ਰ ਆ ਰਹੀਆਂ ਹਨ ਅਤੇ ਕੰਦਾਂ ਵਿਚ ਚੌੜੀਆਂ ਤਰੇੜਾ ਆ ਗਈਆਂ ਹਨ। ਘਰ ਦੀ ਦਸ਼ਾ ਸੁਧਾਰਣ ਲਈ ਕਿਸੇ ਵੀ ਸਰਕਾਰ ਨੇ ਠੋਸ ਕਦਮ ਨਹੀਂ ਚੁੱਕੇ। ਸਗੋਂ ਖਾਨਾਪੂਰਤੀ ਹੀ ਕਰਦੀਆਂ ਆ ਰਹੀਆਂ ਹਨ। ਸਰਕਾਰ ਵਲੋਂ ਹਰ ਸਾਲ 31 ਜੁਲਾਈ ਤੋਂ ਪਹਿਲਾਂ ਇਥੇ ਰੰਗ ਰੋਗਨ ਕਰਵਾ ਦਿੱਤਾ ਜਾਂਦਾ ਹੈ। ਹਰ ਸਾਲ 31 ਜੁਲਾਈ ਨੂੰ ਪ੍ਰਦੇਸ਼ ਸਰਕਾਰ ਸ਼ਹੀਦ ਦਾ ਰਾਜ ਪੱਧਰੀ ਬਲਿਦਾਨ ਦਿਵਸ ਮਨਾਉਂਦੀ ਹੈ। ਸਮਾਗਮ ਵਿਚ ਸ਼ਹੀਦਾਂ ਦਾ ਸਨਮਾਨ ਕਰਨ ਦੇ ਦਾਅਵੇ ਵੀ ਕੀਤੇ ਜਾਂਦੇ ਹਨ, ਪਰ ਨਤੀਜਾ ਉਹੀ 'ਢਾਕ ਦੇ ਤੀਨ ਪਾਤ।'

ਪੰਜਾਬ ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਦੇ ਮੁੱਖੀ ਬਲਵੰਤ ਸਿੰਘ ਨੇ ਕਿਹਾ ਕਿ ਚਾਲੂ ਸਾਲ ਦਾ ਬਜਟ ਪਾਸ ਹੁੰਦੇ ਹੀ ਸ਼ਹੀਦ ਉਧਮ ਸਿੰਘ ਦੇ ਜੱਦੀ ਘਰ ਦੀ ਹਾਲਤ ਸੁਧਾਰੀ ਜਾਵੇਗੀ। ਆਰਕਿਓਲੋਜੀਕਲ ਥਿਊਰੀ ਅਨੁਸਾਰ ਘਰ ਦੀਆਂ ਛੱਤਾਂ ਅਤੇ ਕੰਦਾਂ ਦੀ ਮੁਰੰਮਤ ਇਸੇ ਸਾਲ ਅੰਦਰ ਪਹਿਲ ਦੇ ਅਧਾਰ 'ਤੇ ਕੀਤੀ ਜਾਵੇਗੀ। ਸ਼ਹੀਦ ਦੇ ਘਰ ਦੀ ਪੁਰਾਣੀ ਦਿੱਖ ਦਾ ਧਿਆਨ ਰੱਖਿਆ ਜਾਵੇਗਾ।

**ਦੁਖੀ ਹਨ ਸ਼ਹੀਦ ਦੇ ਪਰਿਵਾਰ ਵਾਲੇ :** ਸ਼ਹੀਦ ਦੇ ਪਰਿਵਾਰ ਵਾਲੇ ਵੀ ਘਰ ਦੀ ਖਸਤਾ ਹਾਲਤ ਤੋਂ ਦੁਖੀ ਹਨ। ਸ਼ਹੀਦ ਦੇ ਭਾਣਜੇ ਖੁਸ਼ੀ ਨੰਦ ਨੇ ਕਿਹਾ ਕਿ ਸਿਆਸੀ ਲੋਕ ਉਨ੍ਹਾਂ ਦੇ ਮਾਮੇ ਦੀ ਇਤਿਹਾਸਿਕ ਨਿਸ਼ਾਨੀ ਦੀ ਅਣਦੇਖੀ ਕਰ ਰਹੇ ਹਨ। ਕਈ ਵਾਰੀ ਗੁਹਾਰ ਲਾਉਣ ਦੇ ਬਾਵਜੂਦ ਘਰ ਦੀ ਦਸ਼ਾ ਨਹੀਂ ਸੁਧਾਰੀ ਗਈ ਅਤੇ ਅੱਜ ਇਸ ਇਤਿਹਾਸਿਕ ਘਰ ਦਾ ਅਕਸ ਹੀ ਮੁਸ਼ਕਲ ਵਿਚ ਹੈ। ਬਾਰਸ਼ ਨਾਲ ਤਾਂ ਘਰ ਦੀ ਨੀਂਹ ਤੱਕ ਡਗਮਗਾਉਣ ਲੱਗੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਸ਼ਹੀਦ ਦੀ ਇਸ ਅਨਮੋਲ ਧਰੋਹਰ ਦੀ ਉਚਿਤ ਸੰਭਾਲ ਕੀਤੀ ਜਾਵੇ।






**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੋਂਦੀ ਛੱਤ ਵਾਲੀ ਜਮਹੂਰੀਅਤ

## ਨਜ਼ਰੀਆ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਜਿਸ ਜਮਹੂਰੀਅਤ ਦੀਆਂ ਛੱਤਾਂ ਇੰਨੀਆਂ ਜਰਜਰੀਆ ਹੋਣ ਕਿ ਉਹ ਹਲਕੀ ਜਿਹੀ ਬਾਰਿਸ਼ ਨਾਲ ਵੀ ਤਿੱਪ-ਤਿੱਪ ਚੋਣ ਲੱਗਣ, ਉਸ ਦੀਆਂ ਨੀਹਾਂ ਅਤੇ ਫਰਸ਼ ਕਿੰਨੇ ਕੁ ਮਜ਼ਬੂਤ ਹੋ ਸਕਦੇ ਹਨ? ਇਹ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਭਾਰਤ ਜਿਹੇ ਮੁਲਕਾਂ ਵਿਚ ਜਮਹੂਰੀਅਤ ਵੋਟਾਂ ਪੈਣ ਵਾਲੇ ਮਹੀਨੇ ਤੱਕ ਸੀਮਤ ਹੈ। ਵੋਟਾਂ ਪੈਣ ਤੋਂ ਮਹੀਨਾ ਕੁ ਪਹਿਲਾਂ ਲੋਕਾਂ ਨੂੰ ਗੱਫੇ ਨਸੀਬ ਹੁੰਦੇ ਹਨ, ਇਹ ਭਾਵੇਂ ਬਿਜਲੀ ਪਾਣੀ ਦੇ ਹੋਣ ਜਾਂ ਦਾਰੂ, ਭੁੱਕੀ, ਸਮੈਕ ਜਾਂ ਹੈਰੋਇਨ ਵਗੈਰਾ ਦੇ।

ਚੋਣਾਂ ਦੇ ਖਤਮ ਹੁੰਦਿਆਂ ਹੀ ਲੋਕ ਆਮ ਜਿਹੀਆਂ ਸਹੂਲਤਾਂ ਲਈ ਸਿਆਸਤਦਾਨਾਂ ਦਾ ਸਿਆਪਾ ਕਰਨ ਲਗਦੇ ਹਨ। ਵਿਕਾਸ ਦੀ ਕਥਿਤ ਦੌੜ ਦੌੜਦਿਆਂ ਅਸੀਂ ਰੀਸਾਂ ਪੱਛਮ ਦੀਆਂ ਕਰਦੇ ਹਾਂ, ਪਰ ਹੋ ਅੱਗਾ ਦੌੜ ਤੇ ਪਿੱਛਾ ਚੌੜ ਰਿਹਾ ਹੈ। ਦਿੱਲੀ ਵਿਚ ਇਕ ਪੁਲ ਡਿੱਗਾ, ਪੰਜ ਬੰਦਿਆਂ ਦੀ ਮੌਤ ਹੋ ਗਈ। ਅਗਲੇ ਦਿਨ ਮਲਬਾ ਸਾਫ ਕਰਨ ਲਗੇ ਤਾਂ ਇਕ ਹਾਦਸਾ ਹੋਰ ਵਾਪਰ ਗਿਆ, ਕੁੱਲ 21 ਬੰਦੇ ਜ਼ਖਮੀ ਹੋ ਗਏ। ਕੋਟਕਪੂਰੇ ਵਿਚ ਸੀਵਰੇਜ ਵਿਚ ਡਿੱਗ ਕੇ ਹੀ ਵਿਚਾਰੇ ਪੰਜ ਜਣੇ ਜਾਨ ਤੋਂ ਹੱਥ ਧੋ ਬੈਠੇ। ਹੁਣ ਕਈ ਸਾਲ ਦਿੱਲੀ ਵਾਲੇ ਹਾਦਸੇ ਦੀ ਪੜਤਾਲ ਹੁੰਦੀ ਰਹੇਗੀ ਅਤੇ ਅਖੀਰ ਨੂੰ ਸਾਰੇ ਜਣੇ ਦੋਸ਼ ਮੁਕਤ ਕਰਾਰ ਦੇ ਦਿੱਤੇ ਜਾਣਗੇ। ਪੰਜਾਬ ਵਾਲੇ ਦੀ ਤਾਂ ਪੜਤਾਲ ਕਰਵਾਉਣ ਦੀ ਲੋੜ ਵੀ ਨਹੀਂ ਪੈਣੀ ਕਿਉਂਕਿ ਮਾਰੇ ਗਏ ਲੋਕਾਂ ਦਾ ਇਕ ਇਕ ਲੱਖ ਰੁਪਿਆ ਮੁੱਲ ਜੁ ਪੰਜਾਬ ਸਰਕਾਰ ਨੇ ਤਾਰ ਦਿੱਤਾ ਹੈ!

ਹਰ ਆਏ ਦਿਨ ਪੰਜਾਬ ਵਿਚ ਔਸਤਨ ਪੰਜ ਸੜਕ ਹਾਦਸੇ ਵਾਪਰਦੇ ਹਨ ਤੇ ਮੁੱਖ ਮੰਤਰੀ ਮਰੇ ਬੰਦਿਆਂ ਨੂੰ ਲੱਖ-ਡੇਢ ਲੱਖ ਅਤੇ ਜ਼ਖਮੀਆਂ ਨੂੰ ਕੁਝ ਕੁ ਹਜ਼ਾਰਾਂ 'ਚ ਰੁਪਈਏ ਦੇ ਕੇ ਜ਼ੁਬਾਨ ਨੂੰ ਤਾਲੇ ਲਾਈ ਜਾਂਦਾ ਹੈ। ਸੜਕ ਹਾਦਸਿਆਂ ਦਾ ਮਸਲਾ ਜਦੋਂ ਪਿਛਲੇ ਦਿਨੀਂ ਇਕ ਵਿਧਾਇਕ ਨੇ ਪੰਜਾਬ ਅਸੰਬਲੀ ਵਿਚ ਉਠਾਇਆ ਤਾਂ ਮੁੱਖ ਮੰਤਰੀ ਨੇ ਗੋਲੀ ਰੇਹੜ ਦਿੱਤੀ ਕਿ ਟਰਾਂਸਪੋਰਟ ਦਾ ਪ੍ਰਬੰਧ ਜਾਚਣ ਲਈ ਇਕ ਵਫਦ ਅਸਟਰੇਲੀਆ ਭੇਜਿਆ ਜਾਵੇਗਾ। ਅਗੋਂ ਵਿੱਤ ਮੰਤਰੀ ਮਨਪ੍ਰੀਤ ਨੇ ਤਾਏ ਨੂੰ ਟੋਕ ਕੇ ਆਖਿਆ, 'ਕੁਸ਼ ਅਕਲ ਕਰੋ ਬਜ਼ੁਰਗੋ, ਇੰਟਰਨੈਟ ਤੋਂ ਸਭ ਕੁਝ ਲੱਭਿਆ ਜਾ ਸਕਦਾ, ਕਿਸੇ ਵਫਦ ਨੂੰ ਭੇਜਣ ਦੀ ਲੋੜ ਨਹੀਂ।'

ਇਹੋ ਜਿਹੀ ਇਕ ਹੋਰ ਘਟਨਾ ਪਿਛਲੇ ਦਿਨੀਂ ਪੰਜਾਬ ਅਸੈਂਬਲੀ ਵਿਚ ਵਾਪਰੀ। ਪੰਜਾਬ ਵਿਚ ਪਈ ਪਹਿਲੀ ਹੀ ਬਾਰਿਸ਼ ਨਾਲ ਪੰਜਾਬ ਅਸੈਂਬਲੀ ਦੀ ਛੱਤ ਚੋਣ ਲੱਗੀ ਅਤੇ ਜਿਸ ਵਿਧਾਇਕ ਉਪਰ ਇਹ ਪਾਣੀ ਡਿੱਗਣ ਲੱਗਾ, ਉਸਦੇ ਵਾਰ ਵਾਰ ਕਹਿਣ 'ਤੇ ਵੀ ਸਪੀਕਰ ਨੇ ਉਹਦੀ ਗੱਲ ਨਾ ਸੁਣੀ। ਅਜਿਹਾ ਹੋਣਾ ਗਹਿਰੀ ਅਸੰਵੇਦਨਾ ਦਾ ਵੀ ਸੂਚਕ ਹੈ। ਹਾਲ ਭਾਵੇਂ ਸਾਰੇ ਮੁਲਕ ਦਾ ਹੀ ਇਹੋ ਜਿਹਾ ਹੈ ਪਰ ਪੰਜਾਬ ਦੀ ਹਾਲਤ ਜ਼ਿਆਦਾ ਮੰਦੇ ਵਲ ਵਧ ਰਹੀ ਹੈ।

ਹਾਲ ਹੀ ਵਿਚ ਖਬਰਾਂ ਆਈਆਂ ਹਨ ਕਿ ਆਉਂਦੇ 10 ਕੁ ਸਾਲਾਂ ਵਿਚ ਹੀ ਇਸ ਮੁਲਕ ਦੀ ਆਬਾਦੀ ਕੀੜੇ ਮਕੌੜਿਆਂ ਵਾਂਗ ਵਧੇਗੀ ਅਤੇ ਤਕਰੀਬਨ ਦੋ ਅਰਬ ਨੂੰ ਜਾ ਪਹੁੰਚੇਗੀ। ਸਪਸ਼ਟ ਹੈ ਕਿ ਬੰਦਾ ਬੰਦੇ 'ਚ ਵੱਜਦਾ ਫਿਰੇਗਾ ਅਤੇ ਅਖੀਰ ਨੂੰ ਇਕ ਦੂਜੇ ਨੂੰ ਖਾਣ ਦਾ ਰੁਝਾਨ ਵੀ ਚਾਲੂ ਹੋਵੇਗਾ, ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ।

ਕੁਝ ਸਮਾਂ ਪਹਿਲਾਂ ਨੋਇਡਾ 'ਚ ਇਕ ਪੰਜਾਬੀ ਟਰਾਂਸਪੋਰਟਰ ਅਤੇ ਉਸਦੇ ਇਕ ਨੌਕਰ ਵਲੋਂ ਬੰਦੇ ਵੱਢ ਕੇ ਖਾਣ ਦਾ ਕਿੱਸਾ ਸਾਹਮਣੇ ਆਇਆ ਸੀ। ਅਦਾਲਤ ਨੇ ਭਾਵੇਂ ਉਸਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੈ ਪਰ ਕਿਸੇ ਉਪਰਲੀ ਅਦਾਲਤ ਵਿਚੋਂ ਉਸਦੇ ਬਰੀ ਹੋ ਜਾਣ ਦੀਆਂ ਸੰਭਾਵਨਾਵਾਂ ਕਿਸੇ ਨਾ ਕਿਸੇ ਰੂਪ 'ਚ ਹਾਲੇ ਵੀ ਕਾਇਮ ਹਨ। ਪਿਛਲੇ ਦਿਨੀਂ ਅਮਰੀਕਾ ਦੇ ਕਿਸੇ ਠੱਗ ਵਪਾਰੀ ਨੂੰ ਆਮ ਗ੍ਰਾਹਕਾਂ ਨਾਲ ਭ੍ਰਿਸ਼ਟਾਚਾਰ ਕਰਨ ਬਦਲੇ 150 ਸਾਲ ਦੀ ਸਜਾ ਸੁਣਾਏ ਜਾਣ ਦੀ ਖ਼ਬਰ ਵੀ ਅਖਬਾਰਾਂ ਵਿਚ ਪੜ੍ਹਨ ਨੂੰ ਮਿਲੀ ਸੀ। ਇਸ ਕਿਸਮ ਦੀ ਮਿਸਾਲ ਘੱਟੋ ਘੱਟ ਭਾਰਤ ਵਰਗੇ ਮੁਲਕ ਵਿਚ ਤੁਹਾਨੂੰ ਲੱਭਿਆ ਨਹੀਂ ਥਿਆਏਗੀ।

ਹਕੂਮਤਾਂ, ਹਕੂਮਤਾਂ ਦੇ ਪੈਸੇ ਅਤੇ ਇਸ਼ਤਿਹਾਰਾਂ ਤੇ ਪਲਣ ਵਾਲਾ ਮੀਡੀਆ ਫੋਟੋਆਂ ਲਾ ਲਾ ਕੇ ਵਿਕਾਸ ਦਾ ਢਿੰਡੋਰਾ ਪਿੱਟਦਾ ਹੈ। ਇਥੋਂ ਤੱਕ ਕਿ ਭਵਿੱਖ ਵਿਚ ਕੀਤੇ ਜਾਣ ਵਾਲੇ ਕਥਿਤ ਵਿਕਾਸ ਦੇ ਬਿਨਾਅ ਤੇ ਵੋਟਾਂ ਮੰਗਦਾ ਹੈ। ਪਰ ਅਜਿਹਾ ਵਿਕਾਸ ਪਿੰਡਾਂ ਵਿਚ, ਸ਼ਹਿਰਾਂ ਦੇ ਵੱਡੇ ਵਿਆਪਕ ਹਿੱਸਿਆਂ ਵਿਚ ਕਿਧਰੇ ਵਿਖਾਈ ਨਹੀਂ ਦਿੰਦਾ। ਹਾਂ ਇਕ ਆਪੋ ਧਾਪੀ ਖੋ-ਖਿੰਝ ਜਰੂਰ ਵਿਖਾਈ ਦਿੰਦੀ ਹੈ।

ਬਾਕੀ ਦੇਸ਼ ਵਾਂਗ ਹੀ ਪੰਜਾਬ ਵਿਚ ਵੀ ਵੱਡੇ ਵੱਡੇ ਪੁਲ/ਫਲਾਈਓਵਰ ਬਣਾਏ ਜਾ ਰਹੇ ਵਿਖਾਈ ਦਿੰਦੇ ਹਨ। ਪਰ ਬਣਦਿਆਂ ਹੀ ਇਨ੍ਹਾਂ ਦੀ ਹਾਲਤ ਮੰਦੀ ਹੋਣੀ ਸ਼ੁਰੂ ਹੋ ਗਈ ਹੈ। ਲੁਧਿਆਣਾ ਵਿਚ ਜਲੰਧਰ ਬਾਈਪਾਸ ਤੋਂ ਭਾਰਤ ਨਗਰ ਚੌਂਕ ਤੱਕ ਬਣਾਇਆ ਗਿਆ ਫਲਾਈਓਵਰ ਨਾ ਸਿਰਫ ਹਾਲੇ ਅਧੂਰਾ ਹੈ ਸਗੋਂ ਇਸ ਉਪਰ ਥੋੜੀ ਜਿਹੀ ਬਾਰਿਸ਼ ਪੈਣ ਨਾਲ ਵੀ ਪਾਣੀ ਖੜ੍ਹਾ ਹੋਣ ਲੱਗਦਾ ਹੈ ਅਤੇ ਭਵਿੱਖ ਵਿਚ ਕਦੇ ਨਾ ਕਦੇ ਜੇ ਇਸਦਾ ਕੋਈ ਹਿੱਸਾ ਡਿੱਗ ਵੀ ਪੈਂਦਾ ਹੈ ਅਤੇ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ ਤਾਂ ਇਹ ਕੋਈ ਅਣਹੋਣੀ ਨਹੀਂ ਹੋਵੇਗੀ। ਅਜਿਹੀ ਹੀ ਹਾਲਤ ਪੰਜਾਬ ਸਮੇਤ ਦੇਸ਼ ਵਿਚ ਬਣਾਏ ਜਾ ਰਹੇ ਹੋਰ ਫਲਾਈਓਵਰਾਂ ਦੀ ਹੈ।

ਅਸਲ ਵਿਚ ਲੋਕਾਂ ਨੂੰ ਜਿਹੜਾ ਪੁਲਾਂ ਅਤੇ ਬੱਸ ਅੱਡਿਆਂ ਦੇ ਰੂਪ ਵਿਚ ਵਿਕਾਸ ਕਰਕੇ 'ਦਿੱਤਾ' ਜਾ ਰਿਹਾ ਹੈ ਉਸ ਵਿਚ ਸਥਾਨਕ ਲੋਕਾਂ ਦੀ ਨਾਂ ਤਾਂ ਸ਼ਮੂਲੀਅਤ ਹੈ ਅਤੇ ਨਾ ਹੀ ਉਨ੍ਹਾਂ ਦਾ ਕੋਈ ਹਿੱਤ ਜਾਂ ਲਗਾਓ ਅਜਿਹੇ ਵਿਕਾਸ ਨਾਲ ਜੁੜਿਆ ਹੋਇਆ ਹੈ। ਇਹ ਅਸਲ ਵਿਚ ਉਨ੍ਹਾਂ ਦੇ ਰਹਿਣ ਲਈ ਪਿੰਜਰੇ ਦੇ ਸਮਾਨ ਹੈ। ਕੀਤੇ ਜਾ ਰਹੇ ਕਥਿਤ ਵਿਕਾਸ ਵਿਚ ਜੇ ਸਥਾਨਕ ਲੋਕਾਂ ਦੀ ਸ਼ਮੂਲੀਅਤ ਨਾ ਕਰਵਾਈ ਜਾਵੇ ਤਾਂ ਨਤੀਜੇ ਇਹੋ ਜਿਹੇ ਹੀ ਨਿਕਲਦੇ ਹਨ। ਕਿਉਂਕਿ ਬਣਾਈਆਂ ਜਾ ਰਹੀਆਂ ਵਸਤਾਂ ਜਾਂ ਸੜਕਾਂ ਵਗੈਰਾ ਦਾ ਕੋਈ ਵਾਲੀਵਾਰਸ ਨਹੀਂ ਹੁੰਦਾ ਅਤੇ ਨਾ ਹੀ ਇਨ੍ਹਾਂ ਦੇ ਟੁੱਟਣ ਅਤੇ ਤਬਾਹ ਹੋਣ ਵਿਚ ਕਿਸੇ ਨੂੰ ਦੁਖ ਹੁੰਦਾ ਹੈ। ਇਸਤੋਂ ਇਲਾਵਾ ਭ੍ਰਿਸ਼ਟਾਚਾਰ ਦੀ ਬਿਮਾਰੀ ਨੇ ਇਸ ਮੁਲਕ ਨੂੰ ਅੰਦਰੋ ਅੰਦਰੀ ਖੋਖਲਾ ਕਰ ਦਿੱਤਾ ਹੈ। ਜਿਸ ਦਾ ਵੱਡਾ ਕਾਰਨ ਵਧ ਰਹੀ ਅਬਾਦੀ ਅਤੇ ਦੌਲਤ ਦਾ ਲਗਾਤਾਰ ਕੁਝ ਕੁ ਹੱਥਾਂ ਵਿਚ ਕੇਂਦਰਤ ਹੁੰਦੇ ਜਾਣਾ ਵੀ ਹੈ। ਇਕ ਪਾਸੇ ਅਬਾਦੀ ਵਧ ਰਹੀ ਹੈ। ਦੂਜੇ ਪਾਸੇ ਆਮ ਲੋਕ ਪੈਸੇ ਅਤੇ ਲੋੜੀਂਦੀ ਆਰਥਿਕਤਾ ਤੋਂ ਮਰਹੂਮ ਹੋ ਰਹੇ ਹਨ। ਅਜਿਹੀ ਸਥਿਤੀ ਭਾਰਤ ਵਰਗੀ ਜਮਹੂਰੀਅਤ ਦੀਆਂ ਛੱਤਾਂ ਸਾਬਤ ਕਿੰਝ ਰਹਿ ਸਕਦੀਆਂ ਹਨ।

# ਅਹਿਮ ਮਸਲੇ ਵਿਚਾਰਨ ਤੱਕ ਸੀਮਤ ਰਿਹਾ ਸੰਮੇਲਨ

ਦੇਸ਼ ਇਸ ਬਿਆਨ ਨੂੰ ਲਾਗੂ ਕਰਨ ਦੀ ਦਿਸ਼ਾ 'ਚ ਕੰਮ ਕਰਨਗੇ। ਵਫ਼ਦ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਰਾਸ਼ੀ ਵਿਚੋਂ 3 ਅਰਬ ਅਮਰੀਕੀ ਡਾਲਰ ਵਾਸ਼ਿੰਗਟਨ ਤੇ 2 ਅਰਬ ਅਮਰੀਕੀ ਡਾਲਰ ਪੈਰਿਸ ਵਲੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਇਕ ਵੱਖਰੇ ਬਿਆਨ 'ਚ ਪਾਣੀ ਤੇ ਸਿਹਤ ਸਹੂਲਤਾਂ ਦੀ ਪਹੁੰਚ ਆਮ ਲੋਕਾਂ ਤੱਕ ਯਕੀਨੀ ਬਣਾਉਣ ਦੀ ਗੱਲ ਵੀ ਕਹੀ ਗਈ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਜੀ-8 ਦੇਸ਼ ਇਸ ਦਿਸ਼ਾ 'ਚ ਅਫ਼ਰੀਕੀ ਦੇਸ਼ਾਂ ਦੀ ਮਦਦ ਕਰਨਗੇ। ਜ਼ਿਕਰਯੋਗ ਹੈ ਕਿ ਵਧ ਰਹੇ ਅਨਾਜ ਸੰਕਟ ਕਾਰਨ ਕਈ ਦੇਸ਼ਾਂ 'ਚ ਅੰਨ ਲਈ ਦੰਗੇ ਹੋ ਚੁੱਕੇ ਹਨ।

ਜੀ-8 ਦੇਸ਼ਾਂ ਨੇ ਇਹ ਵੀ ਕਿਹਾ ਹੈ ਕਿ ਗਰੀਬ ਕਿਸਾਨਾਂ ਦੀ ਖੇਤੀਬਾੜੀ ਪੈਦਾਵਾਰ ਵਧਾਉਣ ਨਾਲ ਵਿਸ਼ਵ ਵਪਾਰ ਤੇ ਯੂਰਪ ਸਮੇਤ ਹੋਰ ਵਿਕਸਤ ਦੇਸ਼ਾਂ ਨੂੰ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ ਘੱਟੇਗੀ। ਜਿੱਥੇ ਕਿਸਾਨਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਨਾਲ ਗਰੀਬ ਲੋਕਾਂ ਨੂੰ ਭੁੱਖ ਤੋਂ ਬਚਾਇਆ ਜਾ ਸਕੇਗਾ, ਉਥੇ ਇਹ ਲੰਮੇ ਸਮੇਂ ਦੇ ਉਦੇਸ਼ਾਂ ਨੂੰ ਪੂਰਾ ਵੀ ਕਰੇਗੀ। ਇਸੇ ਤਰ੍ਹਾਂ ਇਸ ਮਸੌਦੇ ਬਾਰੇ ਟਿੱਪਣੀ ਕਰਦਿਆਂ ਯੂ.ਐਨ. ਫੂਡ ਅਤੇ ਖੇਤੀਬਾੜੀ ਸੰਸਥਾ ਦੇ ਮੁਖੀ ਜੈਕਸ ਡੀਆਫ ਨੇ ਕਿਹਾ ਕਿ ਕਿਸਾਨ ਪੱਖੀ ਇਹ ਤਬਦੀਲੀ ਸਵਾਗਤਯੋਗ ਤੇ ਉਤਸ਼ਾਹਜਨਕ ਕਦਮ ਹੈ। ਸ੍ਰੀ ਡੀਆਫ ਨੇ ਕਿਹਾ ਕਿ ਗਰੀਬ ਦੇਸ਼ਾਂ ਦੇ ਕਿਸਾਨਾਂ ਨੂੰ ਇਸ ਤਰ੍ਹਾਂ ਦੀ ਮਦਦ ਦੇਣ ਨਾਲ ਅਸੀਂ ਭੁੱਖ ਨਾਲ ਸਬੰਧਤ ਸਮੱਸਿਆਵਾਂ ਨੂੰ ਕਿਸੇ ਹੱਦ ਤੱਕ ਨਜਿੱਠ ਸਕਦੇ ਹਾਂ। ਜੀ-8 ਸੰਮੇਲਨ 'ਚ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਵਿਕਸਤ ਦੇਸ਼ਾਂ ਅਤੇ ਉਭਰ ਰਹੀਆਂ ਅਰਥ ਵਿਵਸਥਾਵਾਂ ਦੀ ਆਲਮੀ ਔਕੜਾਂ ਪ੍ਰਤੀ ਵੱਖੋ-ਵੱਖਰੀ ਪਹੁੰਚ ਇਕ ਵਾਰ ਫਿਰ ਉਭਰ ਕੇ ਸਾਹਮਣੇ ਆ ਗਈ। ਜਿੱਥੇ ਜੀ-5 ਨੇ ਜੀ-8 ਗਰੁੱਪ ਨੂੰ ਮੌਸਮੀ ਤਬਦੀਲੀਆਂ 'ਤੇ ਸਖ਼ਤ ਸਿਆਸੀ ਸੰਦੇਸ਼ ਦੇਣ ਦੀ ਗੱਲ ਕਹੀ, ਉਥੇ ਵਿਕਸਤ ਦੇਸ਼ ਅਜੇ ਵੀ ਇਸ ਸਮੱਸਿਆ ਨੂੰ ਬਾਕੀ ਮੁਲਕਾਂ ਨਾਲ ਰਲ-ਮਿਲ ਕੇ ਨਜਿੱਠਣ ਲਈ ਤਿਆਰ ਨਜ਼ਰ ਨਹੀਂ ਆਏ। ਵਿਕਸਤ ਦੇਸ਼ ਗਰੀਨ ਹਾਊਸ ਗੈਸਾਂ ਘਟਾਉਣ ਬਾਰੇ ਪੁਰਾਣੇ ਪੈਂਤੜੇ ਉਤੇ ਖੜੋਤੇ ਹਨ ਅਤੇ ਵਾਤਾਵਰਨ ਨੂੰ ਗੰਧਲਾ ਕਰਨ 'ਚ ਨਿਭਾਈ ਆਪਣੀ ਇਤਿਹਾਸਕ ਭੂਮਿਕਾ ਨੂੰ ਅਹਿਮੀਅਤ ਨਹੀਂ ਦੇ ਰਹੇ। ਇਟਲੀ ਦੇ ਕਸਬੇ 'ਚ ਹੋ ਰਹੇ ਜੀ-8 ਦੇ ਇਸ ਸਮੂਹ ਨੂੰ ਸਹਿਯੋਗ ਦੇਣ ਵਾਲੇ 5 ਦੇਸ਼ਾਂ ਦੇ ਸਿਖ਼ਰ ਸੰਮੇਲਨ 'ਚ ਮੌਸਮ ਤਬਦੀਲੀ ਦੇ ਮੁੱਦੇ 'ਤੇ ਚਰਚਾ ਕਰ ਰਹੇ ਭਾਰਤੀ ਅਧਿਕਾਰੀਆਂ ਨੇ ਜਲਵਾਯੂ ਦੇ ਮੁੱਦੇ ਨੂੰ ਇਕ ਮੁੱਖ ਮੁੱਦਾ ਕਿਹਾ।



***ਸੰਮੇਲਨ ਮੌਕੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਹੋਰਨਾਂ ਦੇਸ਼ਾਂ ਦੇ ਆਗੂ ਇਕ ਸਾਂਝੀ ਤਸਵੀਰ ਵਿਚ।***

ਇਸ ਸੰਮੇਲਨ ਨੂੰ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਜਲਵਾਯੂ ਪਰਿਵਰਤਨ ਸਬੰਧੀ ਹੋਣ ਵਾਲੇ ਅਹਿਮ ਕੋਪਨਹੇਗਨ ਸਿਖ਼ਰ ਸੰਮੇਲਨ 'ਚ ਸਿਰਫ਼ 150 ਦਿਨ ਰਹਿ ਗਏ ਹਨ। ਇਸ ਦੌਰਾਨ ਜੀ-5 ਦੇ ਇਕ ਬੁਲਾਰੇ ਵਜੋਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਵਿਸ਼ਵ ਮੰਦਵਾੜੇ ਦਾ ਹੱਲ ਵਿਕਸਤ ਦੇਸ਼ ਨਹੀਂ ਕਰ ਸਕਦੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਖਾਧ ਉਤਪਾਦਾਂ ਦੀਆਂ ਉਚੀਆਂ ਕੀਮਤਾਂ ਨਾਲ ਸਭ ਤੋਂ ਵਧ ਵਿਕਾਸਸ਼ੀਲ ਦੇਸ਼ ਪ੍ਰਭਾਵਿਤ ਹੋਏ ਹਨ। ਇਸ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਵਿੱਤ ਦਾ ਉਚਿਤ ਪ੍ਰਵਾਹ ਜਾਰੀ ਰੱਖਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸੁਰੱਖਿਆਵਾਦੀ ਉਪਾਵਾਂ 'ਤੇ ਰੋਕ ਲਗਾਉਂਦਿਆਂ ਬਾਜ਼ਾਰ ਨੂੰ ਖੁੱਲ੍ਹਾ ਰੱਖਣਾ ਚਾਹੀਦਾ ਹੈ। ਡਾ. ਸਿੰਘ ਨੇ ਕਿਹਾ ਕਿ ਖਾਧ ਤੇ ਖੇਤੀ ਸੁਰੱਖਿਆ ਨੂੰ ਅੰਤਰਰਾਸ਼ਟਰੀ ਏਜੰਡੇ 'ਚ ਮੁੱਖ ਸਥਾਨ ਦਿੱਤਾ ਜਾਣਾ ਚਾਹੀਦਾ ਹੈ। ਡਾ. ਸਿੰਘ ਨੇ ਨਾਲ ਹੀ ਸਪੱਸ਼ਟ ਕੀਤਾ ਕਿ ਅਸੀਂ ਅੰਤਰਰਾਸ਼ਟਰੀ ਭਾਈਚਾਰੇ ਦੇ ਜ਼ਿੰਮੇਵਾਰ ਮੈਂਬਰ ਵਜੋਂ ਵਾਤਾਵਰਣ ਬਦਲਾਅ ਲਈ ਆਪਣੀ ਜ਼ਿੰਮੇਵਾਰੀ ਸਮਝਦੇ ਹਾਂ, ਪਰ ਉਨ੍ਹਾਂ ਨਾਲ ਹੀ ਕਿਹਾ ਕਿ ਜਦੋਂ ਤੱਕ ਵਿਕਾਸਸ਼ੀਲ ਦੇਸ਼ਾਂ ਦੀ ਗਰੀਬੀ ਬਰਕਰਾਰ ਰਹੇਗੀ ਉਦੋਂ ਤੱਕ ਮੌਸਮੀ ਤਬਦੀਲੀ ਦਾ ਮੁੱਦਾ ਹੱਲ ਨਹੀਂ ਕੀਤਾ ਜਾ ਸਕਦਾ। ਅਧਿਕਾਰੀਆਂ ਦਾ ਮੰਨਣਾ ਹੈ ਕਿ ਅਜੇ ਤੱਕ ਤਾਂ ਲੰਡਨ ਸੰਮੇਲਨ 'ਚ ਉਠਾਏ ਗਏ ਨੁਕਤਿਆਂ ਨੂੰ ਵੀ ਸਹੀ ਤਰ੍ਹਾਂ ਨਾਲ ਲਾਗੂ ਨਹੀਂ ਕੀਤਾ ਗਿਆ ਹੋਰ ਤਾਂ ਬਾਅਦ ਦੀ ਗੱਲ ਹੈ। ਇਸ ਸੰਮੇਲਨ 'ਚ ਭਾਰਤ ਨੇ ਕੌਮਾਂਤਰੀ ਵਿੱਤੀ ਢਾਂਚੇ ਨੂੰ ਮੁੜ ਤੋਂ ਉਸਾਰਨ ਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਰਗੀਆਂ ਵੱਖ-ਵੱਖ ਸੰਸਥਾਵਾਂ 'ਚ ਸੁਧਾਰ ਦੀ ਲੋੜ 'ਤੇ ਜ਼ੋਰ ਦਿੱਤਾ।

ਇਸੇ ਤਰ੍ਹਾਂ ਜਰਮਨ ਚਾਂਸਲਰ ਐਂਜਲਾ ਮਾਰਕਲ ਤੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਾਰਕੋਜੀ ਨੇ ਕਿਹਾ ਕਿ ਵਿਸ਼ਵ ਦੀ ਆਬਾਦੀ ਤੇ ਅਰਥ ਵਿਵਸਥਾ ਨੂੰ ਸਹੀ ਤਰੀਕੇ ਨਾਲ ਦਰਸਾਉਣ ਲਈ ਜੀ-8 ਦਾ ਦਾਇਰਾ ਵਧਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਗਰੁਪ ਵਿਚ ਉਭਰਦੀਆਂ ਅਰਥ ਵਿਵਸਥਾਵਾਂ ਨੂੰ ਸ਼ਾਮਲ ਕਰਨਾ ਵੀ ਜ਼ਰੂਰੀ ਹੈ।

ਇਸੇ ਤਰ੍ਹਾਂ ਭਾਰਤ 'ਚ ਫਰਾਂਸ ਦੇ ਰਾਜਦੂਤ ਨੇ ਸਲਾਮਤੀ ਕੌਂਸਲ 'ਚ ਭਾਰਤ ਨੂੰ ਸਥਾਈ ਮੈਂਬਰਸ਼ਿਪ ਦਿੱਤੇ ਜਾਣ ਦੀ ਹਮਾਇਤ ਕੀਤੀ। ਇਸ ਦੌਰਾਨ ਇਟਲੀ ਦੇ ਪ੍ਰਧਾਨ ਮੰਤਰੀ ਬਰਲੁਸਕੋਨੀ ਨੇ ਜੀ-8 ਅਤੇ ਜੀ-5 ਨੂੰ ਮਿਲਾ ਕੇ ਜੀ-14 ਬਣਾਉਣ ਦਾ ਵਿਚਾਰ ਪੇਸ਼ ਕੀਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਕਲਗੀ ਬਾਰੇ ਕਮੇਟੀ ਦੀ ਮੀਟਿੰਗ 'ਚ 3 ਮੈਂਬਰ ਪਹੁੰਚੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਇੰਗਲੈਂਡ ਤੋਂ ਲਿਆਂਦੀ ਗਈ ਕਲਗੀ ਦੀ ਪ੍ਰਮਾਣਿਕਤਾ ਬਾਰੇ ਪਤਾ ਲਾਉਣ ਲਈ ਬਣਾਈ ਗਈ, ਤੱਥ ਖੋਜ ਕਮੇਟੀ ਦੀ ਲੰਘੀ 10 ਜੁਲਾਈ ਨੂੰ ਇਥੇ ਹੋਈ ਪਲੇਠੀ ਮੀਟਿੰਗ ਵਿਚ ਤਿੰਨ ਮੈਂਬਰ ਹੀ ਸ਼ਾਮਲ ਹੋਏ, ਜਿਨ੍ਹਾਂ ਇਕ ਗੱਲ 'ਤੇ ਜ਼ੋਰ ਦਿੱਤਾ ਕਿ ਕਲਗੀ ਲਿਆਉਣ ਵਾਲੀ ਦੋ-ਮੈਂਬਰੀ ਕਮੇਟੀ ਕਲਗੀ ਸਬੰਧੀ ਲਿਆਂਦੇ ਗਏ ਪ੍ਰਮਾਣਿਤ ਦਸਤਾਵੇਜ਼ਾਂ ਦੀਆਂ ਕਾਪੀਆਂ ਮੈਂਬਰਾਂ ਨੂੰ ਮੁਹੱਈਆ ਕਰਵਾਏ ਅਤੇ ਅਗਲੀ ਮੀਟਿੰਗ ਵਿਚ ਹਾਜ਼ਰ ਹੋ ਕੇ ਤੱਥ ਪੇਸ਼ ਕਰੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ਼੍ਰੀ ਦਲਮੇਘ ਸਿੰਘ ਇਸ ਤੱਥ ਖੋਜ ਕਮੇਟੀ ਦੇ ਕੋਆਰਡੀਨੇਟਰ ਹਨ।

ਸੂਤਰਾਂ ਅਨੁਸਾਰ ਕਮੇਟੀ ਦੀ ਅਗਲੀ ਮੀਟਿੰਗ 20 ਜੁਲਾਈ ਨੂੰ ਰੱਖੀ ਗਈ ਹੈ। ਸੂਤਰਾਂ ਅਨੁਸਾਰ ਚੰਡੀਗੜ੍ਹ ਅਜਾਇਬ ਘਰ ਦੇ ਕਿਊਰੇਟਰ ਸ਼੍ਰੀ ਮੋਹਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੁਖਦਿਆਲ ਸਿੰਘ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਬਲਵੰਤ ਸਿੰਘ ਢਿੱਲੋਂ ਹੀ ਇਸ ਮੀਟਿੰਗ ਵਿਚ ਹਾਜ਼ਰ ਹੋਏ, ਜਦੋਂਕਿ ਰਾਜ ਸਭਾ ਮੈਂਬਰ ਤ੍ਰਿਲੋਚਨ ਸਿੰਘ, ਇਤਿਹਾਸਕਾਰ ਡਾ. ਕਿਰਪਾਲ ਸਿੰਘ, ਹਰਬੰਸ ਸਿੰਘ ਚਾਵਲਾ, ਡਾ. ਮਹਿੰਦਰ ਸਿੰਘ ਕਿਸੇ ਕਾਰਨ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ।

ਸੂਤਰਾਂ ਅਨੁਸਾਰ ਮੈਂਬਰਾਂ ਨੇ ਇਹ ਵੀ ਕਿਹਾ ਕਿ ਕਲਗੀ ਸਬੰਧੀ ਤੱਥਾਂ ਅਤੇ ਲਿਆਂਦੇ ਗਏ ਦਸਤਾਵੇਜ਼ਾਂ ਨੂੰ ਮੁੱਖ ਰੱਖਣ ਨਾਲ ਗੱਲ ਕਿਸੇ ਸਿਰੇ ਨਹੀਂ ਲੱਗਣੀ, ਸਗੋਂ ਕਲਗੀ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਸਾਰੇ ਤੱਥ ਤੇ ਦਸਤਾਵੇਜ਼ ਜਨਤਕ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਕਲਗੀ ਲੈ ਕੇ ਆਉਣ ਵਾਲੀ ਦੋ ਮੈਂਬਰੀ ਕਮੇਟੀ ਲਿਆਂਦੇ ਗਏ ਸਾਰੇ ਦਸਤਾਵੇਜ਼ਾਂ ਦੀ ਫਾਈਲ ਬਣਾ ਕੇ ਸਾਰੇ ਮੈਂਬਰਾਂ ਨੂੰ ਦੇਵੇ। ਇਹ ਦੋਵੇਂ ਮੈਂਬਰ ਤੱਥ ਖੋਜ ਕਮੇਟੀ ਦੀ ਅਗਲੀ ਮੀਟਿੰਗ ਵਿਚ ਹਾਜ਼ਰ ਹੋਣ ਅਤੇ ਸਾਰੇ ਤੱਥ ਸਪੱਸ਼ਟ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਇਤਿਹਾਸਕ ਕਲਗੀ ਦੇ ਸਫਰ ਦੀਆਂ ਕੜੀਆਂ ਜੋੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ੇਖਾਨੇ ਵਿਚ ਕਿਵੇਂ ਪੁੱਜੀ, ਤੋਸ਼ੇਖਾਨੇ ਤੋਂ ਇੰਗਲੈਂਡ ਕਿਵੇਂ ਪੁੱਜੀ, ਫਿਰ ਇੰਗਲੈਂਡ ਤੋਂ ਲਾਹੌਰ ਪਾਕਿਸਤਾਨ, ਲਾਹੌਰ ਤੋਂ ਫਿਰ ਇੰਗਲੈਂਡ, ਇੰਗਲੈਂਡ ਤੋਂ ਕੈਨੇਡਾ, ਕੈਨੇਡਾ ਤੋਂ ਫਿਰ ਇੰਗਲੈਂਡ ਅਤੇ ਹੁਣ ਇੰਗਲੈਂਡ ਤੋਂ ਅੰਮ੍ਰਿਤਸਰ ਕਿਵੇਂ ਪੁੱਜੀ ਹੈ, ਇਸ ਸਫਰ ਦੀਆਂ ਕੜੀਆਂ ਜੋੜ ਕੇ ਕਿਸੇ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ। ਸੂਤਰਾਂ ਅਨੁਸਾਰ ਮੈਂਬਰਾਂ ਨੇ ਮੀਟਿੰਗ ਵਿਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕਲਗੀ ਦੇ ਅਸਲੀ ਜਾਂ ਨਕਲੀ ਹੋਣ ਬਾਰੇ ਕੋਈ ਬਿਆਨਬਾਜ਼ੀ ਨਹੀਂ ਹੋਣੀ ਚਾਹੀਦੀ, ਕਿਉਂਕਿ ਇਸ ਨਾਲ ਕਲਗੀ ਦਾ ਵਿਵਾਦ ਹੋਰ ਪੇਚੀਦਾ ਹੋਵੇਗਾ। ਇਹ ਵਰਨਣਯੋਗ ਹੈ ਕਿ ਸ਼੍ਰੀ ਕਮਲਜੀਤ ਸਿੰਘ ਬੋਪਾਰਾਏ ਅਤੇ ਸ਼੍ਰੀ ਹਰਪ੍ਰੀਤ ਸਿੰਘ ਸਿੱਧੂ 30 ਜੂਨ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਇੰਗਲੈਂਡ ਤੋਂ ਅੰਮ੍ਰਿਤਸਰ ਲੈ ਕੇ ਆਏ ਸਨ।


MRP TRAVEL
*Lowest International and Domestic Fares*
FLY ANY AIRLINE OF YOUR CHOICE
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:jkulwant@sbcglobal.net
2123 Port Way, San Jose, CA 95133
*CST: 2097308-40*

Asiana Airlines
THAI
KOREAN AIR
malaysia
SINGAPORE AIRLINES
Emirates
We Also Offer Notary Service


## ਸਾਨੀਆ ਮਿਰਜ਼ਾ ਦਾ ਇਕ ਹੋਰ ਦੀਵਾਨਾ ਕਾਬੂ

**ਹੈਦਰਾਬਾਦ:** ਟੈਨਿਸ ਸਟਾਰ ਸਾਨੀਆ ਮਿਰਜ਼ਾ ਦੇ ਇਕ ਆਸ਼ਿਕ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਕੀਤੇ ਜਾਣ ਤੋਂ ਬਾਅਦ ਹੀ ਇਕ ਹੋਰ ਨੌਜਵਾਨ ਨੇ ਲੰਘੀ 9 ਜੁਲਾਈ ਨੂੰ ਜਬਰੀ ਉਸ ਦੇ ਘਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਪਿੱਛੋਂ ਉਸ ਨੂੰ ਕਾਬੂ ਕਰ ਲਿਆ ਗਿਆ।

ਇਹ ਨੌਜਵਾਨ ਬਨਜਾਰਾ ਹਿਲਜ਼ ਇਲਾਕੇ ਵਿਚ ਸਾਨੀਆ ਦੇ ਬੰਗਲੇ ਅੰਦਰ ਦਾਖਲ ਹੋ ਗਿਆ। ਉਸ ਨੇ ਕਿਹਾ ਕਿ ਸਾਨੀਆ ਨੇ ਮੈਨੂੰ ਪ੍ਰੇਮ ਪੱਤਰ ਲਿਖਿਆ ਹੈ, ਇਸ ਲਈ ਮੈਨੂੰ ਉਸ ਨਾਲ ਮਿਲਣ ਦੀ ਆਗਿਆ ਦਿੱਤੀ ਜਾਵੇ। ਅਧਿਕਾਰੀਆਂ ਮੁਤਾਬਕ ਜਦੋਂ ਉਸ ਨੇ ਜਬਰੀ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਸ ਕੋਲੋਂ ਪੁੱਛਗਿਛ ਜਾਰੀ ਹੈ।

# ਸੈਫਦੀ ਨੂੰ ਹਰਿਮੰਦਰ ਸਾਹਿਬ ਦੇ ਗਲਿਆਰੇ ਨੂੰ ਖੂਬਸੂਰਤ ਬਣਾਉਣ ਦਾ ਜ਼ਿੰਮਾ ਸੌਂਪਿਆ

**ਚੰਡੀਗੜ੍ਹ :** ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਅਮਰੀਕਾ ਆਧਾਰਿਤ ਆਰਕੀਟੈਕਟ ਸ਼੍ਰੀ ਮੋਸ਼ੇ ਸੈਫਦੀ ਅੰਮ੍ਰਿਤਸਰ 'ਚ ਹਰਿਮੰਦਰ ਸਾਹਿਬ ਅਤੇ ਦਰਬਾਰ ਸਾਹਿਬ ਦੇ ਗਲਿਆਰੇ ਦੇ ਸੁੰਦਰੀਕਰਨ ਦਾ ਕੰਮ ਕਰਨਗੇ। ਉਨ੍ਹਾਂ ਨੇ ਖਾਲਸਾ ਹੈਰੀਟੇਜ ਸੈਂਟਰ (ਕੇ.ਐਚ.ਸੀ.) ਸ਼੍ਰੀ ਆਨੰਦਪੁਰ ਸਾਹਿਬ ਦੇ ਬਹੁਤ ਜ਼ਿਆਦਾ ਵਕਾਰੀ ਪ੍ਰਜੈਕਟ ਨੂੰ ਵੀ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਹੈ।



ਇਸ ਸਬੰਧੀ ਫੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੀ ਸੈਫਦੀ ਦੀ ਅਗਵਾਈ ਵਾਲੇ ਆਰਕੀਟੈਕਟਰਾਂ ਦੇ ਵਫਦ ਨਾਲ ਹੋਈ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਲਿਆ ਗਿਆ।

ਸ਼੍ਰੀ ਸੈਫਦੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਉਹ ਇਤਿਹਾਸਕ ਜਲ੍ਹਿਆਂਵਾਲਾ ਕੰਪਲੈਕਸ ਤੋਂ ਲੈ ਕੇ ਸ਼੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਸੁੰਦਰੀਕਰਨ ਸਬੰਧੀ ਛੇਤੀ ਇਕ ਵਿਸਤ੍ਰਿਤ ਪੇਸ਼ਕਾਰੀ ਰਾਹੀਂ ਇਸ ਸਬੰਧੀ ਆਪਣੀ ਯੋਜਨਾ ਅਤੇ ਧਾਰਨਾ ਦਾ ਪ੍ਰਗਟਾਵਾ ਕਰਨਗੇ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਦੇ ਦੁਆਲੇ ਦੇ ਸੁੰਦਰੀਕਰਨ ਦਾ ਵਰਤਮਾਨ ਪ੍ਰਵਾਨ ਹੋਇਆ ਗਲਿਆਰਾ ਪ੍ਰੋਜਕਟ ਵੀ ਇਸ ਯੋਜਨਾ ਦਾ ਸਮੁੱਚਾ ਹਿੱਸਾ ਹੋਵੇਗਾ। ਉਨ੍ਹਾਂ ਕਿਹਾ ਕਿ ਹਰਿਮੰਦਰ ਸਾਹਿਬ ਵਿਸ਼ਵ ਦੇ ਵੱਡੇ ਧਾਰਮਿਕ ਸਥਾਨਾਂ ਵਿਚੋਂ ਇਕ ਹੈ, ਜਿੱਥੇ ਦੁਨੀਆ ਭਰ ਤੋਂ ਸਾਰੇ ਤਰ੍ਹਾਂ ਦੇ ਵਿਸ਼ਵਾਸ਼ਾਂ ਵਾਲੇ ਲੋਕ ਮੱਥਾ ਟੇਕਣ ਆਉਂਦੇ ਹਨ ਅਤੇ ਪ੍ਰਾਰਥਨਾ ਕਰਦੇ ਹਨ। ਇਹ ਸਭ ਤੋਂ ਵਧ ਪਸੰਦੀਦਾ ਧਾਰਮਿਕ ਸੈਰ ਸਪਾਟੇ ਵਾਲਾ ਸਥਾਨ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਹ ਵਿਸ਼ਵ ਦੇ ਮੰਨੇ ਪ੍ਰਮੰਨੇ ਲੈਂਡਸਕੇਪ ਆਰਕੀਟੈਕਟ ਸ਼੍ਰੀ ਵਲਾਦੀਮੀਰ ਦਜੂਰੋਵਿਕ ਦੀਆਂ ਸੇਵਾਵਾਂ ਵੀ ਪ੍ਰਾਪਤ ਕਰਨਗੇ।

ਮੁੱਖ ਮੰਤਰੀ ਨੇ ਸ਼੍ਰੀ ਸੈਫਦੀ ਨੂੰ ਇਹ ਪ੍ਰਜੈਕਟ ਦੋ ਸਾਲਾਂ ਵਿਚ ਪੂਰਾ ਕਰਨ ਲਈ ਕਿਹਾ ਹੈ ਅਤੇ ਭਰੋਸਾ ਦਿਵਾਇਆ ਕਿ ਇਸ ਸਬੰਧੀ ਲੋੜੀਂਦੇ ਫੰਡ ਪੂਰੀ ਤਰ੍ਹਾਂ ਉਪਲਬੱਧ ਕਰਵਾਏ ਜਾਣਗੇ ਅਤੇ ਇਹ ਮਿੱਥੀ ਸਮਾਂ ਸੀਮਾ ਵਿਚ ਪੂਰਾ ਹੋਣਾ ਚਾਹੀਦਾ ਹੈ।

ਸ਼੍ਰੀ ਬਾਦਲ ਨੇ ਖਾਲਸਾ ਹੈਰੀਟੇਜ ਸੈਂਟਰ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਅਤੇ ਸ਼੍ਰੀ ਸੈਫਦੀ ਨੂੰ ਕਿਹਾ ਕਿ ਉਹ ਲੈਂਡਸਕੇਪਿੰਗ ਲਈ ਕੰਪਲੈਕਸ ਦੇ ਦੁਆਲੇ ਵਾਧੂ 60 ਏਕੜ ਖੇਤਰ ਨੂੰ ਵੀ ਵਿਕਸਿਤ ਕਰਨ, ਤਾਂ ਜੋ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਸਥਾਪਤ ਇਸ ਕੇਂਦਰ ਨੂੰ ਹੋਰ ਸੁੰਦਰ ਰੂਪ ਦਿੱਤਾ ਜਾ ਸਕੇ।

ਸ਼੍ਰੀ ਸੈਫਦੀ ਨੇ ਮੁੱਖ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਕੇ.ਐਚ.ਸੀ. ਦਾ ਸਮੁੱਚਾ ਪ੍ਰਜੈਕਟ ਮੁਕੰਮਲ ਕੀਤੇ ਜਾਣ ਤੋਂ ਬਾਅਦ 13 ਅਪ੍ਰੈਲ 2010 ਨੂੰ ਵਿਸਾਖੀ ਦੇ ਮੌਕੇ 'ਤੇ ਦੇਸ਼ ਨੂੰ ਸਮਰਪਿਤ ਕੀਤਾ ਜਾਵੇਗਾ।


Real Estate and Home Loans
For buying or selling your home
Call Aman Hundal at: 209-918-6464
Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.
ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ
ਵੱਧ ਜਾਣਕਾਰੀ ਲਈ ਕਾਲ ਕਰੋ
ਟਰੇਸੀ, ਲੈਥਰੋਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:

ਅਮਨਜੋਤ ਸਿੰਘ ਹੁੰਦਲ
ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।
Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com
Century 21
M&M and Associates



ਫਾਰਮਰਜ਼ ਇੰਸ਼ੋਰੈਂਸ
*Auto*Home*Life*Business
*Workers Comp.
Farmers offers more discounts than anybody else.
Call me today to insure that your assets are protected.
*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.
ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।
Kiran Hundal
(209)345-0183
khundal@farmersagent.com
CA insurance License # 0F96503
1900 Standiford Ave.
Modesto, Ca 95350


FARMERS INSURANCE GROUP
Symbol of Superior Service
FARMERS
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।
ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ
Truck Insurance at very competitive rates.
ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਬਨੂੜ ਤੋਂ ਬੰਨੀ ਨੂੰ ਟਿਕਟ, ਸ਼ਰਮਾ ਦਾ ਪੱਤਾ ਫਿਰ ਸਾਫ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 3 ਅਗਸਤ ਨੂੰ ਬਨੂੜ ਵਿਧਾਨ ਸਭਾ ਉਪ ਚੋਣ ਲਈ ਸਾਬਕਾ ਸਹਿਕਾਰਤਾ ਮੰਤਰੀ ਸਵਰਗੀ ਕੈਪਟਨ ਕੰਵਲਜੀਤ ਸਿੰਘ ਦੇ ਪੁੱਤਰ ਜਸਜੀਤ ਸਿੰਘ ਬੰਨੀ ਨੂੰ ਟਿਕਟ ਦੇ ਦਿੱਤੀ ਹੈ।

ਇਸ ਫੈਸਲੇ ਦਾ ਅਧਿਕਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਮੁੱਖ ਮੰਤਰੀ ਨੂੰ ਦੇ ਦਿੱਤਾ ਸੀ। ਟਿਕਟ ਬਾਰੇ ਸੂਚਨਾ ਖੁਦ ਸ. ਬਾਦਲ ਨੇ ਸਵਰਗੀ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ ਸਰਬਜੀਤ ਕੌਰ ਨੂੰ ਫੋਨ 'ਤੇ ਦਿੱਤੀ। ਪਹਿਲਾਂ ਅਟਕਲਾਂ ਸਨ ਕਿ ਸ਼ਾਇਦ ਸਰਬਜੀਤ ਕੌਰ ਨੂੰ ਟਿਕਟ ਮਿਲੇਗੀ, ਪਰ ਉਨ੍ਹਾਂ ਨੇ ਆਪਣੀ ਸਿਹਤ ਖਰਾਬ ਹੋਣ ਦਾ ਕਹਿ ਕੇ ਟਿਕਟ ਬੰਨੀ ਨੂੰ ਦੇਣ ਲਈ ਕਿਹਾ ਸੀ। ਬਨੂੜ ਤੋਂ ਟਿਕਟ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਨਰਿੰਦਰ ਸ਼ਰਮਾ ਵੀ ਚਾਹੁੰਦੇ ਸਨ, ਪਰ ਉਨ੍ਹਾਂ ਦੇ ਨਾਂ 'ਤੇ ਸਹਿਮਤੀ ਨਹੀਂ ਬਣ ਸਕੀ। ਪਤਾ ਲੱਗਾ ਹੈ ਕਿ ਸ. ਬਾਦਲ ਨੇ ਇਸ ਬਾਰੇ ਵੀ ਚਰਚਾ ਕੀਤੀ ਕਿ ਬੰਨੀ ਦੀ ਭੈਣ ਡੌਲੀ ਨੂੰ ਟਿਕਟ ਦਿੱਤੀ ਜਾਵੇ ਜਾਂ ਨਾ। ਅਖੀਰ ਬੰਨੀ ਦੇ ਨਾਂ ਦੀ ਸਹਿਮਤੀ ਹੋ ਗਈ। ਅਸਲ 'ਚ ਸੁਖਬੀਰ ਇਸ ਸਮੇਂ ਕਿਸੇ ਵਿਵਾਦ 'ਚ ਨਹੀਂ ਪੈਣਾ ਚਾਹੁੰਦੇ ਸਨ।



ਬੰਨੀ ਦੇ ਨਾਂ ਦਾ ਐਲਾਨ ਹੁੰਦਿਆਂ ਹੀ ਉਨ੍ਹਾਂ ਦੇ ਹਮਾਇਤੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਹ ਕਈ ਦਿਨਾਂ ਤੋਂ ਚੰਡੀਗੜ੍ਹ ਵਿਚ ਡੇਰੇ ਲਾਈ ਬੈਠੇ ਸਨ। ਬੰਨੀ ਦਾ ਮੁਕਾਬਲਾ ਹੁਣ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦੇ ਹਮਾਇਤੀ ਸ. ਦੀਪਇੰਦਰ ਸਿੰਘ ਢਿੱਲੋਂ ਨਾਲ ਹੋਵੇਗਾ।

**ਸ਼ਰਮਾ ਵਲੋਂ ਵਿਰੋਧ:** ਅਕਾਲੀ ਦਲ ਵਲੋਂ ਲੰਘੀ 14 ਜੁਲਾਈ ਨੂੰ ਮਰਹੂਮ ਸੀਨੀਅਰ ਅਕਾਲੀ ਆਗੂ ਕੈਪਟਨ ਕੰਵਲਜੀਤ ਸਿੰਘ ਦੇ ਪੁੱਤਰ ਜਸਜੀਤ ਸਿੰਘ ਬੰਨੀ ਨੂੰ ਬਨੂੜ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਇਸ ਸੀਟ 'ਤੇ ਪਹਿਲਾਂ ਤੋਂ ਆਪਣਾ ਦਾਅਵਾ ਜਤਾ ਰਹੇ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਅਤੇ ਯੂਥ ਅਕਾਲੀ ਦਲ ਦੇ ਕੌਮੀ ਉਪ ਪ੍ਰਧਾਨ ਨਰਿੰਦਰ ਸ਼ਰਮਾ ਨੇ ਪਾਰਟੀ ਦੇ ਇਸ ਫ਼ੈਸਲੇ ਖ਼ਿਲਾਫ਼ ਬਗ਼ਾਵਤ ਦੇ ਝੰਡੇ ਚੁੱਕ ਲਏ ਹਨ।

ਉਨ੍ਹਾਂ ਜ਼ੀਰਕਪੁਰ ਵਿਖੇ ਸੱਦੀ ਆਪਣੇ ਭਾਰੀ ਗਿਣਤੀ 'ਚ ਸਮਰਥਕਾਂ ਦੀ ਮੀਟਿੰਗ 'ਚ ਬੰਨੀ ਨੂੰ ਪਾਰਟੀ ਵਲੋਂ ਉਮੀਦਵਾਰ ਬਣਾਏ ਜਾਣ ਦੇ ਵਿਰੋਧ ਵਿਚ ਜਿੱਥੇ ਯੂਥ ਅਕਾਲੀ ਦਲ ਦੇ ਵਾਈਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਉਥੇ ਬੰਨੀ ਦੇ ਮੁਕਾਬਲੇ ਅਜ਼ਾਦ ਤੌਰ 'ਤੇ ਲੜਨ ਬਾਰੇ ਵੀ ਵਿਚਾਰਾਂ ਕੀਤੀਆਂ। ਉਨ੍ਹਾਂ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਭੇਜ ਦਿੱਤਾ ਹੈ। ਅਜ਼ਾਦ ਚੋਣ ਲੜਨ ਦਾ ਫ਼ੈਸਲਾ ਕਰਨ ਲਈ ਇਕ 5 ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਉਹ ਅਜ਼ਾਦ ਉਮੀਦਵਾਰ ਵਜੋਂ ਚੋਣ ਦਾ ਐਲਾਨ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੇ ਐਲਾਨ ਤੋਂ ਤੁਰੰਤ ਬਾਅਦ ਅਕਾਲੀ ਦਲ ਤੋਂ ਵੀ ਅਸਤੀਫ਼ਾ ਦੇ ਦੇਣਗੇ।

ਬੰਨੀ ਨੂੰ ਅਕਾਲੀ ਦਲ ਵੱਲੋਂ ਉਮੀਦਵਾਰ ਬਣਾਏ ਜਾਣ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਸ੍ਰੀ ਸ਼ਰਮਾ ਨੇ ਕਿਹਾ ਕਿ ਪਾਰਟੀ ਦਾ ਇਹ ਫ਼ੈਸਲਾ ਬਿਲਕੁਲ ਗ਼ਲਤ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸ਼ਰਮਾ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਲਕਾ ਖਰੜ ਤੋਂ ਅਕਾਲੀ ਟਿਕਟ ਦੇ ਦਾਅਵੇਦਾਰ ਸਨ ਪਰ ਉਦੋਂ ਵੀ ਟਿਕਟ ਸ੍ਰੀ ਬੰਨੀ ਨੂੰ ਮਿਲ ਗਈ ਸੀ ਜਿਸ ਕਾਰਨ ਸ੍ਰੀ ਸ਼ਰਮਾ ਕੈਪਟਨ ਕੰਵਲਜੀਤ ਸਿੰਘ ਨਾਲ ਨਾਰਾਜ਼ ਹੋ ਗਏ ਸਨ। ਬਾਅਦ ਵਿਚ ਸ੍ਰੀ ਸ਼ਰਮਾ ਨੇ ਕੈਪਟਨ ਕੰਵਲਜੀਤ ਸਿੰਘ ਵਿਰੁਧ ਆਪਣਾ ਵੱਖਰਾ ਧੜਾ ਬਣਾ ਲਿਆ ਸੀ ਅਤੇ ਨਗਰ ਕੌਂਸਲ ਜ਼ੀਰਕਪੁਰ ਦੀਆਂ ਚੋਣਾਂ ਦੌਰਾਨ ਸ੍ਰੀ ਸ਼ਰਮਾ ਵਲੋਂ ਬਗਾਵਤ ਕਰਨ ਕਾਰਨ ਉਨ੍ਹਾਂ ਨੂੰ ਅਕਾਲੀ ਦਲ (ਬਾਦਲ) ਵਿਚੋਂ ਕੱਢ ਦਿੱਤਾ ਗਿਆ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੈਪਟਨ ਕੰਵਲਜੀਤ ਸਿੰਘ ਦੀ ਮੌਤ ਤੋਂ ਕੁਝ ਹੀ ਦਿਨਾਂ ਬਾਅਦ ਹੀ ਨਰਿੰਦਰ ਸ਼ਰਮਾ ਨੇ ਜ਼ੀਰਕਪੁਰ ਵਿਚ ਇਕੱਠ ਕਰਕੇ ਸਾਬਕਾ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਮੁੜ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਸ. ਸੁਖਬੀਰ ਸਿੰਘ ਬਾਦਲ ਦੀ ਹਮਾਇਤ ਹੋਣ ਕਰਕੇ ਸ੍ਰੀ ਸ਼ਰਮਾ ਨੂੰ ਪੂਰੀ ਉਮੀਦ ਸੀ ਕਿ ਬਨੂੜ ਹਲਕੇ ਤੋਂ ਟਿਕਟ ਉਨ੍ਹਾਂ (ਸ਼ਰਮਾ) ਨੂੰ ਹੀ ਮਿਲੇਗੀ।

# ਕੌਮੀ ਕਮਿਸ਼ਨ ਨੇ ਪੰਜਾਬ ਦੇ ਸਿੱਖਿਆ ਵਿਭਾਗ ਦੀਆਂ ਧਾਂਦਲੀਆਂ ਦਾ ਨੋਟਿਸ ਲਿਆ

**ਚੰਡੀਗੜ੍ਹ :** ਪੰਜਾਬ ਸਰਕਾਰ ਵਲੋਂ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਲਈ ਚੁਣੇ ਉਮੀਦਵਾਰਾਂ ਵਿਚੋਂ ਮੈਰਿਟ ਸੂਚੀ ਦੇ ਸਿਖਰਲੇ ਵਿਅਕਤੀਆਂ ਨੂੰ ਨਿਯੁਕਤੀ ਪੱਤਰ ਨਾ ਦੇਣ ਅਤੇ ਹੇਠਲਿਆਂ ਦੀਆਂ ਨਿਯੁਕਤੀਆਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਹੁਣ ਇਹ ਮਾਮਲਾ ਨੈਸ਼ਨਲ ਕਮਿਸ਼ਨ ਫਾਰ ਸ਼ੈਡਿਊਲਡ ਕਾਸਟ ਦਿੱਲੀ ਕੋਲ ਵੀ ਪੁੱਜਣ ਕਾਰਨ ਪੂਰੀ ਤਰ੍ਹਾਂ ਭੱਖ ਗਿਆ ਹੈ। ਸਿੱਖਿਆ ਮੰਤਰੀ ਵਲੋਂ ਭਾਵੇਂ 15 ਜੂਨ ਨੂੰ ਇਸ ਮੁੱਦੇ ਉਪਰ ਨੋਟਿਸ ਲੈਂਦਿਆਂ ਅਧਿਕਾਰੀਆਂ ਕੋਲੋਂ ਇਸ ਦੀ ਦੋ ਦਿਨਾਂ ਵਿਚ ਰਿਪੋਰਟ ਮੰਗੀ ਸੀ, ਪਰ ਫਿਲਹਾਲ ਪਰਨਾਲਾ ਉਥੇ ਦਾ ਉਥੇ ਹੀ ਹੈ।

ਪੰਜਾਬ ਸਰਕਾਰ ਨੇ ਇਕ ਅਕਤੂਬਰ 2006 ਨੂੰ ਇਸ਼ਤਿਹਾਰ ਜਾਰੀ ਕਰਕੇ ਸੀ-ਡੈਕ ਰਾਹੀਂ ਮੁੱਖ ਅਧਿਆਪਕ ਤੇ ਬੌਟਨੀ ਲੈਕਚਰਾਰਾਂ ਦੀ ਭਰਤੀ ਵਿੱਢੀ ਸੀ। ਇਸੇ ਭਰਤੀ ਪਰਕ੍ਰਿਆ ਦੌਰਾਨ ਮਜ਼ਹਬੀ ਤੇ ਵਾਲਮੀਕੀ ਵਰਗ ਨਾਲ ਸਬੰਧਤ ਮੁੱਖ ਅਧਿਆਪਕਾਂ ਦੀਆਂ 16 ਅਸਾਮੀਆਂ ਕੱਢੀਆਂ ਗਈਆਂ ਸਨ। ਇਨ੍ਹਾਂ 16 ਅਸਾਮੀਆਂ ਲਈ ਕੇਵਲ 15 ਉਮੀਦਵਾਰਾਂ ਨੇ ਹੀ ਅਪਲਾਈ ਕੀਤਾ ਸੀ, ਪਰ ਇਸ ਦੇ ਬਾਵਜੂਦ ਸਰਕਾਰ ਭਰਤੀ ਪਰਕ੍ਰਿਆ ਨੂੰ ਹਾਲੇ ਤੱਕ ਅੰਤਿਮ ਰੂਪ ਨਹੀਂ ਦੇ ਸਕੀ।

ਇਨ੍ਹਾਂ ਚੁਣੇ ਉਮੀਦਵਾਰਾਂ ਵਿਚੋਂ 7 ਉਮੀਦਵਾਰਾਂ ਨੂੰ 13 ਮਾਰਚ ਨੂੰ ਹੀ ਨਿਯੁਕਤੀ ਪੱਤਰ ਦੇ ਦਿੱਤੇ ਸਨ, ਜਿਸ ਵਿਚ ਮੈਰਿਟ ਦੇ ਸਿਖਰ 'ਤੇ ਬੈਠੇ ਉਮੀਦਵਾਰ ਸ਼ਾਮਲ ਨਹੀਂ ਕੀਤੇ ਗਏ ਸਨ।

ਉਧਰ ਐਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਨੇ ਇਸ ਮਾਮਲੇ ਵਿਚ ਸਰਕਾਰ ਉਪਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਇਸ ਭਰਤੀ ਲਈ ਸਾਹਮਣੇ ਆਏ ਕੁੱਲ 15 ਉਮੀਦਵਾਰਾਂ ਨੂੰ ਵੀ ਮੈਰਿਟ ਅਨੁਸਾਰ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ ਅਤੇ ਮੈਰਿਟ ਲਿਸਟ ਦੀ ਲੜੀ ਨੰਬਰ 5 ਤੱਕ ਦੇ ਸਿਖਰਲੇ ਉਮੀਦਵਾਰਾਂ ਨੂੰ ਅੱਖੋਂ-ਪਰੋਖੇ ਕਰਕੇ ਹੇਠਲੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ।

ਪ੍ਰਧਾਨ ਸਵਰਨ ਸਿੰਘ ਕਲਿਆਣ ਨੇ ਦਾਅਵਾ ਕੀਤਾ ਕਿ ਸਕੱਤਰ ਸਿੱਖਿਆ ਵਿਭਾਗ ਦੇ ਦਫਤਰ ਵਲੋਂ ਚੁਣੀਆਂ ਗਈਆਂ ਮਹਿਲਾਂ ਮੁੱਖ ਅਧਿਆਪਕਾਂ ਦੀ ਮੈਰਿਟ ਸੂਚੀ ਵਿਚ ਲੜੀ ਨੰਬਰ 6 'ਤੇ ਗੁਰਪ੍ਰੀਤ ਕੌਰ (57.488 ਫੀਸਦੀ ਮੈਰਿਟ), ਲੜੀ ਨੰਬਰ 7 'ਤੇ ਅੰਜੂ ਰਾਣੀ (57. 188 ਫੀਸਦੀ), ਲੜੀ ਨੰਬਰ 9 'ਤੇ ਕ੍ਰਿਸ਼ਨਾ ਕੁਮਾਰੀ (53.315 ਫੀਸਦੀ), ਲੜੀ ਨੰਬਰ 11 'ਤੇ ਮਨਜੀਤ ਕੌਰ (52.069 ਫੀਸਦੀ), ਲੜੀ ਨੰਬਰ 12 'ਤੇ ਸੁਨੀਤਾ ਰਾਣੀ (51.253 ਫੀਸਦੀ) ਅਤੇ ਲੜੀ ਨੰਬਰ 14 'ਤੇ ਕੰਵਲਜੀਤ ਕੌਰ (50.425 ਫੀਸਦੀ) ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ, ਜਦੋਂਕਿ ਲੜੀ ਨੰਬਰ 1 ਵਾਲੀ ਰਾਜਿੰਦਰ ਕੌਰ (58.901 ਫੀਸਦੀ), ਲੜੀ ਨੰਬਰ 2 ਰੇਨੂ ਬਾਲਾ ਸਹੋਤਾ (58.787) ਫੀਸਦੀ,) ਲੜੀ ਨੰਬਰ 3 'ਤੇ ਰੀਟਾ ਰਾਣੀ (58.105 ਫੀਸਦੀ), ਲੜੀ ਨੰਬਰ 4 'ਤੇ ਇਕਬਾਲ ਕੌਰ (57.603 ਫੀਸਦੀ), ਲੜੀ ਨੰਬਰ 5 'ਤੇ ਵੀਨਾ (57.59 ਫੀਸਦੀ), ਲੜੀ ਨੰਬਰ 10 'ਤੇ ਮਨਜੀਤ ਕੌਰ (52. 315 ਫੀਸਦੀ), ਲੜੀ ਨੰਬਰ 13 'ਤੇ ਪ੍ਰਕਾਸ਼ ਕੌਰ (50.880 ਫੀਸਦੀ) ਅਤੇ ਲੜੀ ਨੰਬਰ 15 'ਤੇ ਮੌਜੂਦ ਸੁਖਪਾਲ ਕੌਰ (49.316 ਫੀਸਦੀ) ਨੂੰ ਹਾਲੇ ਤੱਕ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ।

ਯੂਨੀਅਨ ਨੇ ਦੋਸ਼ ਲਾਇਆ ਕਿ ਕੰਪਿਊਟਰ ਸਾਫਟਵੇਅਰ ਦੀ ਗਲਤੀ ਨਾਲ ਇਕ ਉਮੀਦਵਾਰ ਕੁਲਵੰਤ ਸਿੰਘ ਦੀ ਜਨਮ ਮਿਤੀ 5 ਜਨਵਰੀ 1964 ਦੀ ਥਾਂ 1 ਮਈ 1964 ਲਿੱਖੀ ਗਈ ਹੈ, ਜਦੋਂਕਿ ਇਸ ਦੀ ਸਜ਼ਾ ਉਮੀਦਵਾਰ ਨੂੰ ਉਸ ਦੀ ਨਿਯੁਕਤੀ ਨਾ ਕਰਕੇ ਦਿੱਤੀ ਜਾ ਰਹੀ ਹੈ। ਇਸ ਵਰਗ ਨੇ ਨੈਸ਼ਨਲ ਕਮਿਸ਼ਨ ਫਾਰ ਸ਼ੈਡਿਊਲਡ ਕਾਸਟ ਦਿੱਲੀ ਦਾ ਆਸਰਾ ਲਿਆ। ਕਮਿਸ਼ਨ ਨੇ 4 ਮਈ ਨੂੰ ਪੰਜਾਬ ਦੇ ਸਿੱਖਿਆ ਸਕੱਤਰ ਨੂੰ ਇਸ ਬਾਬਤ ਬਾਕਾਇਦਾ ਲਿਖਤੀ ਤੌਰ 'ਤੇ ਮੁੱਖ ਅਧਿਆਪਕਾਂ ਤੇ ਬੌਟਨੀ ਲੈਕਚਰਾਰਾਂ ਦੀਆਂ ਨਿਯੁਕਤੀਆਂ ਕਰਨ ਦੇ ਮੁੱਦੇ ਉਪਰ 15 ਦਿਨਾਂ ਵਿਚ ਜਵਾਬ ਮੰਗਿਆ ਸੀ।

# ਜਗਤਾਰ ਸਿੰਘ ਹਵਾਰਾ ਦੇ ਕਰੀਬੀ ਸਾਥੀ ਬਰੀ

**ਫਤਿਹਗੜ੍ਹ ਸਾਹਿਬ :** ਲੰਘੀ 11 ਜੁਲਾਈ ਦੋ ਵੱਖ ਵੱਖ ਕੇਸਾਂ ਦੇ ਫੈਸਲਿਆਂ ਵਿਚ ਐਡੀਸ਼ਨਲ ਜੱਜ ਫਤਿਹਗੜ੍ਹ ਸਾਹਿਬ ਦੀ ਅਦਾਲਤ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਦੇ ਕਰੀਬੀ ਸਾਥੀਆਂ ਨੂੰ ਬਰੀ ਕਰ ਦਿਤਾ ਹੈ। ਸਰਕਾਰੀ ਪੱਖ ਦੋਹਾਂ ਕੇਸਾਂ ਵਿਚ ਲਗਾਏ ਦੋਸ਼ਾਂ ਨੂੰ ਸਿੱਧ ਨਹੀਂ ਕਰ ਸਕਿਆ। ਇਕ ਕੇਸ ਵਿਚ ਪੁਲਿਸ ਵਲੋਂ ਜਗਤਾਰ ਸਿੰਘ ਹਵਾਰਾ ਦੀ ਸ਼ਮੂਲੀਅਤ ਦਾ ਦਾਅਵਾ ਵੀ ਕੀਤਾ ਗਿਆ ਸੀ, ਪ੍ਰੰਤੂ ਜਗਤਾਰ ਸਿੰਘ ਦਾ ਟਰਾਇਲ ਬੁੜੈਲ ਜੇਲ ਚੰਡੀਗੜ੍ਹ, ਜਿਥੇ ਹਵਾਰਾ ਅੱਜ ਕੱਲ੍ਹ ਬੰਦ ਹੈ, ਵਿਚ ਚਲ ਰਿਹਾ ਹੈ। ਇਨ੍ਹਾਂ ਦੋਹਾਂ ਕੇਸਾਂ ਦੀ ਜਾਂਚ ਪੰਜਾਬ ਪੁਲਿਸ ਦੇ ਇਕ ਵਿਵਾਦਗ੍ਰਸਤ ਸਬ ਇੰਸਪੈਕਟਰ ਗੁਰਮੀਤ ਸਿੰਘ ਪਿੰਕੀ ਨੇ ਕੀਤੀ ਸੀ। ਪਿੰਕੀ ਖ਼ੁਦ ਇਕ ਕਤਲ ਕੇਸ ਵਿਚ ਜੇਲ੍ਹ ਵਿਚ ਬੰਦ ਹੈ।

ਯਾਦ ਰਹੇ ਇਹ ਕੇਸ ਬੱਸੀ ਪਠਾਣਾਂ ਪੁਲਿਸ ਥਾਣੇ ਵਿਚ ਜਗਤਾਰ ਸਿੰਘ ਹਵਾਰਾ ਅਤੇ ਉਸ ਦੇ ਨਜ਼ਦੀਕੀ ਸਾਥੀਆਂ ਇੰਦਰਜੀਤ ਸਿੰਘ ਨਿਵਾਸੀ ਬਰਮਾਲੀਪੁਰ, ਪਾਇਲ, ਜ਼ਿਲ੍ਹਾ ਲੁਧਿਆਣਾ, ਜੋਗਾਦਾਸ, ਸਮੀਰ, ਵਿਰੁਧ ਚੂੰਨੀ ਕਲਾਂ ਵਿਖੇ ਕੰਮ ਕਰਦੇ ਇਕ ਨੀਮ ਹਕੀਮ ਜਸਬੀਰ ਸਿੰਘ ਨਿਵਾਸੀ ਬਾਸੀਆਂ ਬੈਦਵਾਣ ਦੇ 30 ਦਸੰਬਰ 2004 ਨੂੰ ਹੋਏ ਕਤਲ ਕੇਸ ਵਿਚ ਦਰਜ ਕੀਤਾ ਗਿਆ ਸੀ। ਪੁਲਿਸ ਵਲੋਂ ਕਤਲ ਤੋਂ ਬਾਅਦ ਪਹਿਲਾਂ ਇਹ ਕੇਸ ਅਣਪਛਾਤੇ ਵਿਅਕਤੀਆਂ ਵਿਰੁਧ ਦਰਜ ਕੀਤਾ ਗਿਆ, ਬਾਅਦ ਵਿਚ ਇਕ ਝੂਠਾ ਕੇਸ ਕਰਮਜੀਤ ਸਿੰਘ ਅਤੇ ਗੁਰਦੀਪ ਸਿੰਘ ਵਿਰੁਧ ਦਰਜ ਕਰ ਦਿੱਤਾ ਗਿਆ। ਪਰ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਹਦਾਇਤਾਂ ਤੋਂ ਬਾਅਦ ਜਦੋਂ ਉਸ ਸਮੇਂ ਦੇ ਏ.ਆਈ.ਜੀ. ਕ੍ਰਾਇਮ ਨੇ ਇਸ ਮਾਮਲੇ ਦੀ ਜਾਂਚ ਕੀਤੀ ਤਾਂ ਸੁਰਿੰਦਰ ਸਿੰਘ, ਜਸਪਾਲ ਸਿੰਘ ਆਦਿ ਦਾ ਨਾਂ ਵੀ ਇਸ ਕੇਸ ਵਿਚ ਸ਼ਾਮਲ ਕਰ ਦਿਤਾ ਗਿਆ।

ਜਦੋਂ ਜਗਤਾਰ ਸਿੰਘ ਹਵਾਰਾ ਦੀ ਗ੍ਰਿਫ਼ਤਾਰੀ ਹੋਈ ਤਾਂ ਚੰਡੀਗੜ੍ਹ ਪੁਲਿਸ ਨੇ ਦਾਅਵਾ ਕੀਤਾ ਕਿ ਜਗਤਾਰ ਸਿੰਘ ਹਵਾਰਾ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਨੇ ਆਪਣੇ ਸਾਥੀਆਂ ਜੋਗਾਦਾਸ ਉਰਫ ਜੋਗਾ ਅਤੇ ਸੁਮੀਰ ਉਰਫ਼ ਟੋਨੀ ਨਾਲ ਮਿਲ ਕੇ ਜਸਬੀਰ ਸਿੰਘ ਦਾ ਕਤਲ ਕੀਤਾ, ਕਿਉਂਕਿ ਉਹ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਪੁਲਿਸ ਨੂੰ ਸੂਚਨਾ ਦਿੰਦਾ ਸੀ।

ਦੂਜਾ ਕੇਸ ਸਰਹਿੰਦ ਪੁਲਿਸ ਵਲੋਂ 16 ਜੁਲਾਈ, 2005 ਨੂੰ ਇੰਦਰਜੀਤ ਸਿੰਘ ਨਿਵਾਸੀ ਬਰਮਾਲੀਪੁਰ, ਅਮਨਦੀਪ ਸਿੰਘ ਨਿਵਾਸੀ ਪਿੰਡ ਲਾਪਰਾਂ, ਜ਼ਿਲ੍ਹਾ ਲੁਧਿਆਣਾ ਅਤੇ ਰਣਧੀਰ ਸਿੰਘ ਉਰਫ ਧੀਰਾ ਨਿਵਾਸੀ ਪਿੰਡ ਖੰਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਰੁਧ ਆਰਮਜ਼ ਐਕਟ ਅਤੇ ਐਕਸਪਲੋਜ਼ਿਵ ਐਕਟ ਦੀਆਂ ਵੱਖ ਵੱਖ ਧਾਰਾਵਾਂ ਤਹਿਤ ਦਰਜ ਕੀਤਾ ਗਿਆ ਸੀ। ਸਰਕਾਰੀ ਪੱਖ ਦੋਸ਼ਾਂ ਨੂੰ ਸਿੱਧ ਨਾ ਕਰ ਸਕਿਆ, ਇਸ ਲਈ ਇਨ੍ਹਾਂ ਨੂੰ ਅਦਾਲਤ ਨੇ ਬਰੀ ਕਰ ਦਿਤਾ।

## ਹਿੰਦੀ ਭਾਸ਼ਾ ਪੜ੍ਹਾਉਣ 'ਤੇ ਜ਼ਿਆਦਾ ਜੋਰ

**ਨਿਊਯਾਰਕ:** ਓਬਾਮਾ ਸਰਕਾਰ ਅਮਰੀਕੀ ਸਕੂਲਾਂ ਵਿਚ ਹਿੰਦੀ ਪੜਾਏ ਜਾਣ ਲਈ ਜੀ ਖੋਲ ਕੇ ਧਨ ਦੇ ਰਹੀ ਹੈ। ਅਰਥਵਿਵਸਥਾ ਵਿਚ ਰਾਸ਼ਟਰੀ ਸੁਰੱਖਿਆ ਦੇ ਲਿਹਾਜ ਵਿਚ ਇਹ ਭਾਸ਼ਾ ਬਹੁਤ ਮਹੱਤਵਪੂਰਣ ਹੈ। ਪਹਿਲਾਂ ਇਥੇ ਇੰਨਾ ਮਹੱਤਵ ਸਿਰਫ ਚੀਨੀ ਤੇ ਅਰਬੀ ਭਾਸ਼ਾਵਾਂ ਨੂੰ ਹੀ ਦਿੱਤਾ ਜਾਂਦਾ ਸੀ। ਅਮਰੀਕੀ ਫੌਜ ਵਿਚ ਇਸ ਸਮੇਂ ਹਿੰਦੀ ਤੇ ਉਰਦੂ ਭਾਸ਼ਾ ਦੇ ਸੰਦੇਸ਼ਾਂ ਦੇ ਅਨੁਵਾਦ ਲਈ ਤਮਾਮ ਨੌਕਰੀਆਂ ਨਿਕਲ ਰਹੀਆਂ ਹਨ। ਇਸ ਲਈ 75,000 ਡਾਲਰ ਹਰੇਕ ਸਾਲ ਤਕ ਭੁਗਤਾਨ ਕੀਤਾ ਜਾ ਰਿਹਾ ਹੈ।


Truck Wash For Lease

at Pilot Truck Stop, Whiteland, IN

ਟਰੱਕ ਵਾਸ਼ ਲੀਜ਼ ਵਾਸਤੇ ਉਪਲਬਧ ਹੈ

ਵਾਈਟਲੈਂਡ ਇੰਡੀਆਨਾ ਵਿਚ ਪਾਇਲਟ ਟਰੱਕ ਸਟਾਪ ਉਤੇ

ਵਧੀਆ ਆਮਦਨ ਦੇਣ ਵਾਲਾ ਬਿਜਨਸ, ਸਸਤੀ ਡੀਲ

ਸੰਪਰਕ ਕਰੋ:ਸਿੰਘ

917-535-1615,

815-603-5877



B & Sons Travel

➢All Airlines ➢International and Domestic

➢Wholesale Fares Around the World

We Will Beat or Match any Fare !

Office Hours
Mon-Fri:
9am -6pm
Saturday
9am-5pm




CST. REG. # 2092042-40

President : Avtar Singh

Tel:707-703-1451, Cell:707-688-6094

Fax : (707) 427-6573, Email:bsonstravel@yahoo.com

1652 West Texas St. Suite 205, Fairfield, CA 94533

We Also Have Special Vacation Packages

Contact any time from anywhere

# ਪਾਤਸ਼ਾਹਾਂ ਦੇ ਪਾਤਸ਼ਾਹ ਦਾ ਦਰਬਾਰ ਅਤੇ ਸਿੱਖ ਸੰਗਤ

**ਸਥਾਨ:** ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ)

**ਪਿਛੋਕੜ:** ਸਿੱਖ ਰਿਲੀਜੀਅਸ ਸੁਸਾਇਟੀ ਜੋ ਕਿ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਹੈ, ਦੀਆਂ ਪਿਛਲੇ ਸਾਲ ਹੋਈਆਂ ਚੋਣਾਂ ਤੋਂ ਬਾਅਦ ਪ੍ਰਬੰਧ ਪੰਥਕ ਸਲੇਟ ਨਾਂ ਹੇਠ ਚੁਣੇ ਗਏ ਨਵੇਂ ਪ੍ਰਬੰਧਕਾਂ ਦੇ ਹੱਥ ਆਇਆ। ਨਵੇਂ ਪ੍ਰਬੰਧਕਾਂ ਨੇ ਪ੍ਰਬੰਧ ਨੂੰ ਵੱਧ ਪਾਰਦਰਸ਼ੀ ਬਣਾਉਣ ਅਤੇ ਕਾਇਦੇ ਕਾਨੂੰਨ ਅਨੁਸਾਰ ਕਰਨ ਲਈ ਕਈ ਤਰ੍ਹਾਂ ਦੇ ਕਦਮ ਚੁੱਕੇ। ਇਨ੍ਹਾਂ ਵਿਚ ਗ੍ਰੰਥੀਆਂ ਨੂੰ ਬਾਕਾਇਦਾ ਕੰਟਰੈਕਟ ਸਹੀਬੰਦ ਕਰਨ ਲਈ ਕਹਿਣਾ ਵੀ ਸ਼ਾਮਲ ਸੀ। ਨਵੇਂ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਆਈ.ਆਰ.ਐਸ. ਦੀਆਂ ਲੋੜਾਂ ਪੂਰੀਆਂ ਕਰਨ ਲਈ ਅਜਿਹਾ ਜ਼ਰੂਰੀ ਹੈ। ਪਿਛਲੇ 27 ਸਾਲ ਤੋਂ ਗ੍ਰੰਥੀ ਦੀ ਸੇਵਾ ਨਿਭਾ ਰਹੇ ਭਾਈ ਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਹਮਾਇਤੀ ਨਵਾਂ ਕੰਟਰੈਕਟ ਸਹੀਬੰਦ ਕਰਨ ਦੇ ਹੱਕ ਵਿਚ ਨਹੀਂ ਸੀ। ਦੋਹਾਂ ਧਿਰਾਂ ਦੀ ਅੜੀ ਦਾ ਨਤੀਜਾ 5 ਮਈ, 2009 ਨੂੰ ਭਾਈ ਮਹਿੰਦਰ ਸਿੰਘ ਦੀ ਸੇਵਾਮੁਕਤੀ ਵਿਚ ਨਿਕਲਿਆ। ਭਾਈ ਮਹਿੰਦਰ ਸਿੰਘ, ਉਨ੍ਹਾਂ ਦੇ ਹਮਾਇਤੀਆਂ ਅਤੇ ਚੋਣਾਂ ਵਿਚ ਲਾਭ ਲੈਣ ਦੇ ਮਨੋਰਥ ਨਾਲ ਪਿਛਲੇ ਪ੍ਰਬੰਧਕਾਂ ਨੇ ਵੀ ਇਸ ਸੇਵਾਮੁਕਤੀ ਦਾ ਵਿਰੋਧ ਕੀਤਾ। ਗੁਰੂ ਘਰ ਅੰਦਰ ਕਾਲੇ ਬਿੱਲੇ ਲਾ ਕੇ ਮੁਜਾਹਰੇ ਵੀ ਹੋਏ। ਬੋਰਡ ਵੀ ਇਸ ਮਾਮਲੇ ਨੂੰ ਲੈ ਕੇ ਵੰਡਿਆ ਗਿਆ। ਪੰਥਕ ਸਲੇਟ ਦੇ ਦੋ ਬੋਰਡ ਮੈਂਬਰ ਵੀ ਭਾਈ ਮਹਿੰਦਰ ਸਿੰਘ ਦੇ ਹੱਕ ਵਿਚ ਹੋ ਗਏ। ਸਟੇਜ ਸਕੱਤਰ ਨਰਿੰਦਰਪਾਲ ਸਿੰਘ ਮਰਵਾਹਾ ਨੇ ਭਾਈ ਦੇ ਹੱਕ ਵਿਚ ਮੁਹਿੰਮ ਲਗਾਤਾਰ ਜਾਰੀ ਰੱਖੀ। ਜਿਸ ਦਾ ਨਤੀਜਾ ਅਖੀਰ 26 ਜੂਨ ਨੂੰ ਬੋਰਡ ਵਲੋਂ ਬਹੁਸੰਮਤੀ ਫੈਸਲੇ ਵਿਚ ਭਾਈ ਮਰਵਾਹਾ ਨੂੰ ਬਦਲ ਕੇ ਉਨ੍ਹਾਂ ਦੀ ਥਾਂ ਭਾਈ ਸੋਖੀ ਸਿੰਘ ਨੂੰ ਸਟੇਜ ਸੈਕਟਰੀ ਨਿਯੁਕਤ ਕਰਨ ਵਿਚ ਨਿਕਲਿਆ। ਇਸ ਨਵੀਂ ਘਟਨਾ ਨੇ ਦੋਹਾਂ ਧਿਰਾਂ ਵਿਚ ਦੂਰੀਆਂ ਹੋਰ ਵਧਾ ਦਿੱਤੀਆਂ ਅਤੇ ਮਾਮਲਾ ਵਕੀਲਾਂ ਰਾਹੀਂ ਨੋਟਿਸ ਭੇਜੇ ਜਾਣ ਤੱਕ ਚਲਾ ਗਿਆ। ਦੋਹਾਂ ਧਿਰਾਂ ਦੇ ਤੇਵਰ ਤਿਖੇ ਵੇਖ ਕੇ ਕੁਝ ਸਿਆਣੇ ਸੱਜਣਾਂ ਨੇ ਵਿਚ ਵਿਚਾਲਾ ਕਰਨ ਲਈ ਐਤਵਾਰ ਦੇ ਦੀਵਾਨ ਸ਼ੂਰੂ ਹੋਣ ਤੋਂ ਪਹਿਲਾਂ ਦੋਹਾਂ ਧਿਰਾਂ ਦੀ ਮੀਟਿੰਗ ਵੀ ਕਰਵਾਈ। ਇਕ ਮੌਕੇ ਕੁਝ ਹੱਲ ਨਿਕਲਦਾ ਵੀ ਨਜ਼ਰ ਆਇਆ ਪਰ ਆਪੋ ਆਪਣੀਆਂ ਜਿਦਾਂ 'ਤੇ ਅੜੀਆਂ ਧਿਰਾਂ ਨੂੰ ਇਹ ਕਦ ਮਨਜ਼ੂਰ ਹੋ ਸਕਦਾ ਸੀ। ਭਾਈ ਮਰਵਾਹਾ ਸਟੇਜ ਸੰਭਾਲਣ ਲਈ ਦਰਬਾਰ ਹਾਲ ਦੀਆਂ ਪੌੜੀਆਂ ਚੜ੍ਹੇ, ਮਗਰੇ ਹੀ ਦੂਜੀ ਧਿਰ ਵੀ ਪਹੁੰਚ ਗਈ। ਭਾਈ ਮਰਵਾਹਾ ਨੂੰ ਮੁੜ ਸਟੇਜ ਸੈਕਟਰੀ ਵੇਖਣ ਵਾਲੀਆਂ ਧਿਰਾਂ ਪਹਿਲਾਂ ਹੀ ਦਰਬਾਰ ਹਾਲ ਵਿਚ ਪੁਜੀਸ਼ਨਾਂ ਲਈ ਬੈਠੀਆਂ ਸਨ।

**ਸਮਾਂ:** ਸਵੇਰੇ 10 ਵਜੇ ਦੇ ਕਰੀਬ

ਜੁਗੋ ਜੁਗ ਅਟੱਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਜੁੜੀ ਬੈਠੀ ਹੈ। ਰਾਗੀ ਸਿੰਘ ਇਲਾਹੀ ਬਾਣੀ ਦਾ ਕੀਰਤਨ ਕਰਦੇ ਹਨ। ਅਨੰਦ ਸਾਹਿਬ ਦੇ ਪਾਠ ਉਪਰੰਤ ਅਰਦਾਸ ਹੁੰਦੀ ਹੈ। ਗੁਰੂ ਮਹਾਰਾਜ ਦੀ ਤਾਬਿਆ ਬੈਠੇ ਗ੍ਰੰਥੀ ਭਾਈ ਗੁਰਜੰਟ ਸਿੰਘ ਵਾਕ ਲੈਂਦੇ ਹਨ। ਗੁਰੂ ਦੇ ਸਜੇ ਦਰਬਾਰ ਵਿਚ ਗੁਰੂ ਘਰ ਦੇ ਪ੍ਰਬੰਧਕ ਜਾਂ ਸੇਵਕ ਅਖਵਾਉਂਦੇ ਇਕ ਪਿਛੋਂ ਇਕ ਸੱਜਣ ਪ੍ਰਕਾਸ਼ ਸਥਾਨ ਦੇ ਨਾਲ ਹੀ ਬਣੀ ਸਟੇਜ ਕੋਲ ਆ ਬੈਠਦੇ ਹਨ। ਇਨ੍ਹਾਂ ਵਿਚੋਂ ਇਕ ਸਟੇਜ ਸਕੱਤਰੀ ਦਾ ਦਾਅਵੇਦਾਰ ਹੈ। ਇਸ ਦੇ ਐਨ ਅੱਗੇ ਆ ਕੇ ਦੂਸਰਾ ਸੇਵਾਦਾਰ ਬੈਠ ਜਾਂਦਾ ਹੈ। ਸਟੇਜ ਸਕੱਤਰੀ ਦਾ ਦਾਅਵੇਦਾਰ ਉਠ ਕੇ ਮਾਈਕ ਚੁੱਕ ਕੇ ਆਪਣੇ ਕਬਜ਼ੇ ਵਿਚ ਕਰ ਲੈਂਦਾ ਹੈ। ਮਾਈਕ ਟੈਸਟਿੰਗ ਲਈ ਮਾਈਕ ਉਤੇ ਠੂੰਗਾ ਵੀ ਮਾਰਦਾ ਹੈ ਅਤੇ ਇਸ ਉਡੀਕ ਵਿਚ ਹੈ ਕਿ ਕਦੋਂ ਗ੍ਰੰਥੀ ਸਿੰਘ ਹੁਕਮਨਾਮੇ ਪਿਛੋਂ ਫਤਹਿ ਬੁਲਾਵੇ ਤੇ ਉਹ ਬੋਲਣਾ ਸ਼ੂਰੂ ਕਰੇ। ਜਿਉਂ ਹੀ ਗ੍ਰੰਥੀ ਸਿੰਘ ਨੇ ਹੁਕਮਨਾਮੇ ਪਿਛੋਂ ਫਤਹਿ ਗਜਾਈ ਪ੍ਰਬੰਧਕਾਂ ਵਿਚੋਂ ਕਿਸੇ ਦੀ ਹਦਾਇਤ ਆਈ ਕਿ ਭਾਈ ਜੀ ਸਹਿਜ ਪਾਠ ਸ਼ੂਰੂ ਕਰ ਦਿਓ।

ਗ੍ਰੰਥੀ ਸਿੰਘ ਜਪੁਜੀ ਸਾਹਿਬ ਦਾ ਪਾਠ ਅਰੰਭ ਕਰ ਦਿੰਦੇ ਹਨ। ਬਹੁਤੀ ਸੰਗਤ ਸ਼ਾਂਤ ਚਿਤ ਬੈਠੀ ਹੈ ਪਰ ਵਿਚ ਵਿਚ ਕਿਤੇ ਕਿਤੇ ਘੁਸਰ-ਮੁਸਰ ਹੋਣ ਲਗਦੀ ਹੈ। ਗੁਰੂ ਮਹਾਰਾਜ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੇ ਜਪੁਜੀ ਸਾਹਿਬ ਦੇ ਪਾਠ ਤੋਂ ਬਾਅਦ ਵੀ ਬਾਣੀ ਦਾ ਪਾਠ ਜਾਰੀ ਰੱਖਿਆ ਹੈ। ਸੋ ਦਰੁ ਦੇ ਪਾਠ ਤੋਂ ਕਿਸੇ ਨੂੰ ਭੁਲੇਖਾ ਲੱਗਦਾ ਹੈ ਕਿ ਭਾਈ ਜੀ ਨੇ ਰਹਿਰਾਸ ਦਾ ਪਾਠ ਅਰੰਭ ਦਿੱਤਾ ਹੈ। ਇੰਨੇ ਵਿਚ ਇਕ ਬੀਬੀ ਉਠਦੀ ਹੈ ਅਤੇ ਬਾਹਾਂ ਉਲਾਰ ਕੇ ਕਹਿੰਦੀ ਹੈ, 'ਇਸ ਭਾਈ ਨੂੰ ਗੁਰਮਤਿ ਬਾਰੇ ਕੁਝ ਨਹੀਂ ਪਤਾ...ਇਹਨੂੰ ਪਤਾ ਨਹੀਂ ਕਿਹੜਾ ਪਾਠ ਕਦੋਂ ਕਰਨਾ...ਸੰਗਤ ਇਥੇ ਕੀਰਤਨ ਸੁਣਨ ਲਈ ਬੈਠੀ ਹੈ ਤੇ ਇਹ ਭਾਈ ਪਾਠ ਕਰੀ ਜਾ ਰਿਹਾ ਹੈ..., (ਭਾਈ ਵੱਲ ਉਂਗਲ ਕਰਕੇ) ਅਸੀਂ ਨਹੀਂ ਸੁਣਨਾ ਤੇਰਾ ਪਾਠ ਪੂਠ... ਉਠ ਇਥੋਂ, ਪਾਠ ਬੰਦ ਕਰ...।' ਸੰਗਤ ਵਿਚੋਂ ਕੁਝ ਲੋਕ ਇਸ ਵਰਤਾਰੇ ਉਤੇ ਜਿਵੇਂ ਸੁੰਨ ਹੀ ਹੋ ਗਏ ਸਨ। ਗੁਰੂ ਮਹਾਰਾਜ ਦੇ ਹਜ਼ੂਰ ਵਿਚ ਅਜਿਹੀ ਗੁਸਤਾਖੀ। ਕੁਝ ਹੋਰ ਲੋਕ ਖੁਸ਼ ਸਨ ਕਿ ਬੀਬੀ ਨੇ ਉਨ੍ਹਾਂ ਦੇ ਮਨਾਂ ਦੀ ਕਰ ਵਿਖਾਈ ਹੈ। ਬੋਲਦੀ ਬੋਲਦੀ ਬੀਬੀ ਗੁਰੂ ਮਹਾਰਾਜ ਦੇ ਪ੍ਰਕਾਸ਼ ਸਥਾਨ ਵੱਲ ਨੂੰ ਵਧਦੀ ਹੈ ਜਿਵੇਂ ਗ੍ਰੰਥੀ ਸਿੰਘ ਨੂੰ ਬਾਹੋਂ ਫੜ੍ਹ ਕੇ ਹੀ ਉਠਾ ਦੇਵੇਗੀ। ਇਕ ਹੋਰ ਬੀਬੀ ਵੀ ਉਧਰ ਵਧਦੀ ਹੈ। ਇਕ ਗ੍ਰੰਥੀ ਸਿੰਘ ਪਾਠ ਕਰ ਰਹੇ ਗ੍ਰੰਥੀ ਸਿੰਘ ਕੋਲ ਆ ਖੜ੍ਹਾ ਹੁੰਦਾ ਹੈ ਮਤੇ ਬੀਬੀ ਹੱਥੋਪਾਈ ਕਰਨ ਦੀ ਕੋਸ਼ਿਸ਼ ਕਰੇ।

***

ਕੁਝ ਲੋਕ ਹੱਥਾਂ ਵਿਚ ਮੂਵੀ ਕੈਮਰੇ ਫੜ੍ਹੀਂ ਬੈਠੇ ਹਨ ਜਿਵੇਂ ਪਹਿਲਾਂ ਹੀ ਕੋਈ ਤਿਆਰੀ ਕਰਕੇ ਆਏ ਹੋਣ। ਕਿਸੇ ਇਕ ਨੇ ਗੁਰੂ ਘਰ ਅੰਦਰ ਚੱਲਦਾ ਬਿਜਲੀ ਦਾ ਸਵਿੱਚ ਆਫ ਕਰ ਦਿੱਤਾ। ਸ਼ਾਇਦ ਇਸ ਲਈ ਕਿ ਮਾਈਕ ਬੰਦ ਹੋ ਜਾਵੇ, ਸ਼ਾਇਦ ਇਸ ਲਈ ਕਿ ਦਰਬਾਰ ਹਾਲ ਵਿਚ ਲੱਗੇ ਕਲੋਜ਼ ਸਰਕਟ ਕੈਮਰੇ ਕੁਝ ਰਿਕਾਰਡ ਨਾ ਕਰ ਸਕਣ। ਇਕ ਸ਼ਰਧਾਲੂ ਦਾ ਸਵਾਲ ਸੀ ਕਿ ਇਹ ਕੈਮਰੇ ਕਿਸ ਲਈ ਹਨ? ਇਕ ਹੋਰ ਦਾ ਜਵਾਬ ਸੀ ਅਦਾਲਤਾਂ ਵਿਚ ਜਾਣ ਲਈ ਜਾਂ ਫਿਰ ਆਪਣਾ ਜਲੂਸ ਕੱਢਣ ਵਾਸਤੇ ਯੂ ਟਿਊਬ 'ਤੇ ਪਾਉਣ ਲਈ।

***

ਕੁਝ ਲੋਕ ਉਚੀ ਉਚੀ ਇਕ ਦੂਜੇ ਨੂੰ ਆਵਾਜ਼ੇ ਕੱਸ ਰਹੇ ਸਨ। ਚੈਲੇਂਜਬਾਜ਼ੀ ਹੋ ਰਹੀ ਸੀ। ਇਕ ਸੱਜਣ ਸਾਰੀਆਂ ਧਿਰਾਂ ਨੂੰ ਹੱਥ ਜੋੜ ਕੇ ਉਚੀ ਉਚੀ ਸ਼ਾਂਤੀ ਰੱਖਣ ਦੀ ਬੇਨਤੀ ਕਰ ਰਿਹਾ ਸੀ ਪਰ ਉਸ ਦੀ ਕੋਈ ਸੁਣ ਨਹੀਂ ਸੀ ਰਿਹਾ। ਕਹਿੰਦੇ ਹਨ ਬਾਦਸ਼ਾਹ ਬਲਬਨ ਦੇ ਦਰਬਾਰ ਵਿਚ ਪੱਤਾ ਹਿੱਲਣ ਤੱਕ ਦੀ ਆਵਾਜ਼ ਵੀ ਨਹੀਂ ਆਉਂਦੀ ਸੀ। ਕਿਸੇ ਦੁਨੀਆਵੀ ਪਾਤਸ਼ਾਹ ਦੇ ਦਰਬਾਰ ਵਿਚ ਕੋਈ ਜ਼ਰਾ ਜਿੰਨਾ ਵੀ ਨਹੀਂ ਉਭਾਸਰਦਾ ਪਰ ਪਾਤਸ਼ਾਹਾਂ ਦੇ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ ਹੁਣ ਮੱਛੀ ਬਾਜ਼ਾਰ ਤੋਂ ਵੀ ਵੱਧ ਰੌਲਾ ਪੈ ਰਿਹਾ ਸੀ। ਇੰਨੇ ਨੂੰ ਕਿਸੇ ਨੇ ਪੁਲਿਸ ਨੂੰ ਕਾਲ ਕਰ ਦਿੱਤੀ ਤੇ ਪੁਲਿਸ ਦੀਆਂ ਚਾਰ ਗੱਡੀਆਂ ਗੁਰੂ ਘਰ ਦੇ ਅਹਾਤੇ ਵਿਚ ਆ ਢੁੱਕੀਆਂ।

***


ਪੁਲਿਸ ਦਾ ਇਕ ਅਫਸਰ ਕਾਰ ਵਿਚੋਂ ਬਾਹਰ ਨਿਕਲਦਾ ਹੈ ਉਸ ਨੂੰ ਵੇਖ ਗੁਰੂ ਘਰ ਦੇ ਅਹਾਤੇ ਵਿਚ ਜੁੜੇ ਲੋਕਾਂ ਵਿਚੋਂ ਕੁਝ ਅੱਗੇ ਵਧਦੇ ਹਨ। ਇਨ੍ਹਾਂ ਵਿਚੋਂ ਕਈ ਲੋਕ ਬੋਲਣ ਲਗਦੇ ਹਨ ਤਾਂ ਪੁਲਿਸ ਅਫਸਰ ਟੋਕਦਾ ਹੈ ਮੈਨੇਜਮੈਂਟ ਵਿਚੋਂ ਕੌਣ ਹਨ। ਪ੍ਰਬੰਧਕਾਂ ਵਿਚੋਂ ਕੁਝ ਸੱਜਣ ਉਸ ਨਾਲ ਗੱਲ ਕਰਨ ਲੱਗਦੇ ਹਨ। ਇੰਨੇ ਵਿਚ ਕੋਈ ਹੋਰ ਬੋਲਣ ਲਗਦਾ ਹੈ ਤਾਂ ਪੁਲਿਸ ਵਾਲਾ ਝੱਟ ਟੋਕ ਦਿੰਦਾ ਹੈ, 'ਸਟੇਅ ਅਵੇ (ਪਿਛੇ ਰਹੋ)' ਤੇ ਸਭ ਚੁੱਪ ਹੋ ਜਾਂਦੇ ਹਨ।

ਇਕ ਹੋਰ ਪੁਲਿਸ ਵਾਲਾ ਦੂਜੀ ਪੁਲਿਸ ਕਾਰ ਵਿਚੋਂ ਨਿਕਲਦਾ ਹੈ ਤਾਂ ਬੋਰਡ ਮੈਂਬਰਾਂ ਵਿਚੋਂ ਦੂਜੇ ਧੜੇ ਦੇ ਲੋਕ ਉਸ ਨਾਲ ਗੱਲ ਕਰਨ ਲੱਗਦੇ ਹਨ। ਸਭ ਲੋਕ ਉਸ ਨਾਲ ਬੜੇ ਅਦਾਬ ਨਾਲ ਪੇਸ਼ ਹੋ ਰਹੇ ਹਨ। ਇੰਨੇ ਨੂੰ ਹੋਰ ਪੁਲਿਸ ਅਫਸਰ ਵੀ ਕਾਰਾਂ ਵਿਚੋਂ ਨਿਕਲ ਕੇ ਕਦੇ ਲੋਕਾਂ ਨਾਲ ਕਦੇ ਆਪਸ ਵਿਚ ਗੱਲ ਕਰਨ ਲੱਗਦੇ ਹਨ ਅਤੇ ਅਖੀਰ ਵਿਚ ਪ੍ਰਬੰਧਕਾਂ ਤੋਂ ਬਿਨਾ ਸਭ ਨੂੰ ਗੁਰੂ ਘਰ ਦੇ ਅੰਦਰ ਚਲੇ ਜਾਣ ਦਾ ਹੁਕਮ ਸੁਣਾਉਂਦੇ ਹਨ। ਸਭ ਲੋਕ ਚੁੱਪ ਚਾਪ ਅੰਦਰ ਵੱਲ ਤੁਰ ਪੈਂਦੇ ਹਨ। ਕਿਸੇ ਸ਼ਰਧਾਲੂ ਸਿੱਖ ਦੀ ਟਿੱਪਣੀ ਸੁਣਨ ਨੂੰ ਮਿਲਦੀ ਹੈ-ਦੁਨਿਆਵੀ ਸਰਕਾਰ ਦੇ ਕਾਰਿੰਦੇ ਦਾ ਇੰਨਾ ਸਤਿਕਾਰ ਤੇ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਦਰਬਾਰ ਵਿਚ ਕਿਸੇ ਦਾ ਡਰ ਭੈਅ ਹੀ ਨਹੀਂ। ਬਖ਼ਸ਼ ਲਈਂ ਵਾਹਿਗੁਰੂ, ਬਖ਼ਸ਼ ਲਈਂ।

***

ਆਪਣੇ ਆਪ ਨੂੰ ਬਹੁਤ ਹੀ ਸ਼ਰਧਾਲੂ ਅਤੇ ਨਿਰਮਾਣ ਸਿੱਖ ਸਮਝਣ ਵਾਲਾ ਇਕ ਸ਼ਰਧਾਲੂ ਉਚੀ ਹੋਰ ਉਚੀ ਆਵਾਜ਼ ਵਿਚ ਕਹਿ ਰਿਹਾ ਹੈ, 'ਮੇਰੇ ਗੁਰੂ ਘਰ ਵਿਚ ਪੁਲਿਸ, ਮੇਰੇ ਦਿਲ 'ਤੇ ਛੁਰੀਆਂ ਚੱਲ ਰਹੀਆਂ ਹਨ। ਅਕਾਲ ਤਖ਼ਤ 'ਤੇ ਫੌਜ ਚੜ੍ਹੀ ਸੀ ਤਾਂ ਸਾਡੇ ਹਿਰਦੇ ਵਲੂੰਧਰੇ ਗਏ ਸਨ। ਇਹ ਗੁਰੂ ਘਰ ਵੀ ਉਸੇ ਸੱਚੇ ਪਾਤਸ਼ਾਹ ਦਾ ਦਰਬਾਰ ਹੈ। ਪੁਲਿਸ ਨੂੰ ਬੁਲਾ ਕੇ ਇਨ੍ਹਾਂ ਲੋਕਾਂ ਸਾਡੇ ਦਿਲਾਂ 'ਤੇ ਛੁਰੀਆਂ ਚਲਾਈਆਂ ਹਨ।'

ਉਧਰ ਇਕ ਹੋਰ ਬਜ਼ੁਰਗ ਉਸ ਨੂੰ ਚੁਣੌਤੀ ਦਿੰਦਾ ਕਹਿ ਰਿਹਾ ਹੈ, 'ਤੁਸਾਂ ਲੋਕਾਂ ਨੇ ਗੁਰੂ ਦਰਬਾਰ ਦੀ ਮਰਿਆਦਾ ਤੋੜੀ ਹੈ, ਗੁਰੂ ਦੀ ਬੇਅਦਬੀ ਕੀਤੀ ਹੈ, ਗੁਰੂ ਦੀ ਬੇਅਦਬੀ ਰੋਕਣ ਲਈ ਮੈਂ ਜਾਨ ਵੀ ਦੇ ਦਿਆਂਗਾ।'



ਗੁਰਦੁਆਰਾ ਪੈਲਾਟਾਈਨ, ਸ਼ਿਕਾਗੋ

ਇਕ ਹੋਰ ਸਿੱਖ ਦੂਜੇ ਨੂੰ ਕਹਿ ਰਿਹਾ ਸੀ, 'ਸਿੱਖ ਇਕ ਦੂਜੇ ਦੀਆਂ ਦਾਹੜੀਆਂ ਖੋਹਣ, ਪੱਗਾਂ ਲਾਹੁਣ ਇਸ ਨਾਲੋਂ ਤਾਂ ਪੁਲਿਸ ਦਾ ਆਉਣਾ ਹੀ ਚੰਗਾ।'

***

12 ਕੁ ਸਾਲ ਦਾ ਇਕ ਬੱਚਾ ਆਪਣੇ ਪਿਓ ਨੂੰ ਪੁੱਛ ਰਿਹਾ ਹੈ, 'ਪਾਪਾ ਇਹ ਪੁਲਿਸ ਕਿਉਂ ਆਈ ਹੈ?' ਪਿਓ ਥੋੜ੍ਹਾ ਜਿਹਾ ਛਿੱਥਾ ਪੈ ਕੇ ਕਹਿੰਦਾ ਹੈ, 'ਬੇਟਾ ਕੁਝ ਲੋਕ ਆਪਸ ਵਿਚ ਝਗੜ ਪਏ ਸਨ।' ਬੱਚਾ ਫਿਰ ਪੁਛਦਾ ਹੈ, 'ਪਾਪਾ ਤੁਸੀਂ ਤੇ ਕਹਿੰਦੇ ਹੋ ਗੁਰਦੁਆਰੇ ਬੜੀ ਸ਼ਾਂਤੀ ਮਿਲਦੀ ਹੈ, ਫਿਰ ਇਹ ਲੋਕ ਝਗੜਾ ਕਿਉਂ ਕਰਦੇ ਹਨ।'

***

ਪੁਲਿਸ ਦੀਆਂ ਚਾਰ ਕਾਰਾਂ ਵਿਚੋਂ ਤਿੰਨ ਜਾ ਚੁੱਕੀਆਂ ਹਨ ਅਤੇ ਇਕ ਅਜੇ ਵੀ ਗੁਰੂ ਘਰ ਦੇ ਅਹਾਤੇ ਵਿਚ ਖੜ੍ਹੀ ਹੈ। ਲੋਕ ਹੁਣ ਛੋਟੇ ਛੋਟੇ ਗਰੁੱਪ ਬਣਾ ਕੇ ਇਨ੍ਹਾਂ ਘਟਨਾਵਾਂ ਬਾਰੇ ਗੱਲਾਂ ਕਰਨ ਵਿਚ ਰੁਝੇ ਹੋਏ ਹਨ। ਕਿਧਰੇ ਕਿਧਰੇ ਬਹਿਸ ਵੀ ਕਰ ਰਹੇ ਹਨ। ਗੁਰੂ ਘਰ ਦੀ ਲਾਬੀ ਅਤੇ ਲੰਗਰ ਹਾਲ ਵਿਚ ਇਹੋ ਕੁਝ ਚੱਲ ਰਿਹਾ ਹੈ। ਉਪਰ ਦਰਬਾਰ ਹਾਲ ਵਿਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਪਰਪਾਲ ਸਿੰਘ ਬਹੁਤ ਹੀ ਮਧੁਰ ਆਵਾਜ਼ ਵਿਚ ਕੀਰਤਨ ਕਰ ਰਹੇ ਹਨ। ਸੰਗਤ ਦੇ ਕੁਝ ਹਿੱਸੇ ਦਾ ਮਨ ਬੇਹੱਦ ਉਚਾਟ ਹੋ ਚੁੱਕਾ ਹੈ। ਉਨ੍ਹਾਂ ਦਾ ਧਿਆਨ ਮੁੜ ਮੁੜ ਅੱਜ ਵਾਪਰੀਆਂ ਘਟਨਾਵਾਂ ਵੱਲ ਜਾਂਦਾ ਹੈ। ਕੀਰਤਨ ਜਾਰੀ ਹੈ। ਜਿਹੜੀ ਬੀਬੀ ਦਰਬਾਰ ਹਾਲ ਵਿਚ ਤਾਬਿਆ ਵਿਚ ਬੈਠੇ ਗ੍ਰੰਥੀ ਸਿੰਘ ਨੂੰ ਟੋਕ ਕੇ ਕਹਿ ਰਹੀ ਸੀ ਅਸੀਂ ਤੇਰਾ ਪਾਠ ਨਹੀਂ, ਕੀਰਤਨ ਸੁਣਨ ਆਏ ਹਾਂ, ਉਹ ਵੀ ਦਰਬਾਰ ਹਾਲ ਵਿਚ ਕਿਧਰੇ ਨਜ਼ਰ ਨਹੀਂ ਸੀ ਆ ਰਹੀ। ਸ਼ਾਇਦ ਦਰਬਾਰ ਹਾਲ ਤੋਂ ਬਾਹਰ ਕਿਸੇ ਗੁੱਠ ਵਿਚ ਗੱਲੀਂ ਪਈ ਹੋਵੇਗੀ।

***

ਸ਼ਬਦ ਕੀਰਤਨ ਤੋਂ ਬਾਅਦ ਅਰਦਾਸ ਹੋਈ ਹੈ। ਅਰਦਾਸ ਕਰਦਿਆਂ ਭਾਈ ਨੇ ਕਿੰਨੇ ਹੀ ਲੋਕਾਂ ਦਾ ਨਾਂ ਲਿਆ ਹੈ। ਕੋਈ ਇਮੀਗਰੇਸ਼ਨ ਦਾ ਕੇਸ ਪਾਸ ਹੋਣ ਦੀ ਗੱਲ ਕਰ ਰਿਹਾ ਹੈ, ਕੋਈ ਦੇਹ ਅਰੋਗਤਾ ਲਈ ਅਰਦਾਸ ਕਰ ਰਿਹਾ ਹੈ, ਕੋਈ ਨਵੇਂ ਬਿਜਨਸ ਦੀ ਅਰਦਾਸ ਕਰ ਰਿਹਾ ਹੈ, ਕੋਈ ਯਾਤਰਾ ਸਫਲ ਹੋਣ ਦੀ ਅਰਦਾਸ ਕਰ ਰਿਹਾ ਹੈ। ਹੇਠਾਂ ਦਫਤਰ ਵਿਚ ਇਕ ਬੀਬੀ ਦਫਤਰ ਇੰਚਾਰਜ ਨਾਲ ਇਸ ਕਰਕੇ ਲੜ ਰਹੀ ਹੈ ਕਿ ਉਸ ਦੀ ਅਰਦਾਸ ਸ਼ਾਮਲ ਨਹੀਂ ਕੀਤੀ ਗਈ। ਇਕ ਸ਼ਰਧਾਲੂ ਦੇ ਮਨ ਵਿਚ ਖਿਆਲ ਉਠਦਾ ਹੈ ਕਿ ਗੁਰੂ ਹੈ ਜਾਂ ਕੋਈ ਦੁਕਾਨਦਾਰ ਜਿਸ ਨੂੰ ਅਸੀਂ ਮੰਗੀਆਂ ਚੀਜ਼ਾਂ ਬਦਲੇ ਪੈਸੇ ਦਿੰਦੇ ਹਾਂ। ਸੁਣਿਆ ਤਾਂ ਇਹੋ ਹੈ, ਗੁਰੂ ਜਾਣੀਜਾਣ ਹੈ, ਸਭ ਕੁਝ ਉਸੇ ਦੇ ਹੁਕਮ ਵਿਚ ਹੈ।

***

ਵਰ੍ਹੇ ਛਿਮਾਹੀ ਗੁਰੂ ਘਰ ਆਉਂਦੇ ਇਕ ਸ਼ਰਧਾਲੂ ਨੇ ਦੂਜੇ ਨੂੰ ਪੁਛਿਆ ਕਿ ਸਾਰਾ ਝਗੜਾ ਕਿਸ ਗੱਲ ਦਾ ਹੈ, ਆਖਰ ਗੱਲ ਕੀ ਹੋਈ? ਦੂਜੇ ਸ਼ਰਧਾਲੂ ਨੇ ਸਾਰੀ ਗੱਲ ਸਮਝਾਈ ਕਿ ਨਵੇਂ ਪ੍ਰਬੰਧਕਾਂ ਨੇ ਪਿਛਲੇ 27 ਸਾਲ ਤੋਂ ਗ੍ਰੰਥੀ ਚਲੇ ਆ ਰਹੇ ਭਾਈ ਮਹਿੰਦਰ ਸਿੰਘ ਨੂੰ ਸੇਵਮੁਕਤ ਕਰ ਦਿੱਤਾ ਸੀ। ਭਾਈ ਦੇ ਹਮਾਇਤੀ ਜਿਨ੍ਹਾਂ ਵਿਚ ਮੌਜੂਦਾ ਪ੍ਰਬੰਧਕਾਂ ਦੇ ਕੁਝ ਸਾਥੀ ਵੀ ਸ਼ਾਮਲ ਹਨ, ਭਾਈ ਦੀ ਸੇਵਾਮੁਕਤੀ ਦਾ ਵਿਰੋਧ ਕਰਦੇ ਆ ਰਹੇ ਹਨ।'

'ਅੱਛਾ!, ਤਾਂ ਤੇ ਭਾਈ ਮਹਿੰਦਰ ਸਿੰਘ 'ਤੇ ਵੀ ਅਮਰੀਕਾ ਦੇ ਆਰਥਿਕ ਮੰਦਵਾੜੇ ਦਾ ਅਸਰ ਹੋ ਗਿਆ ਹੋਵੇਗਾ। ਉਸ ਲਈ ਤਾਂ ਮੁਸ਼ਕਲ ਹੋ ਗਈ ਹੋਵੇਗੀ।' ਪਹਿਲਾ ਸ਼ਰਧਾਲੂ ਬੋਲਿਆ।

'ਨਹੀਂ, ਇਹੋ ਜਿਹੀ ਕੋਈ ਗੱਲ ਨਹੀਂ ਭਾਈ ਦੀ ਆਮਦਨ ਘਟੀ ਨਹੀਂ, ਉਨ੍ਹਾਂ ਨੂੰ ਤਾਂ ਸਗੋਂ ਪਹਿਲਾਂ ਨਾਲੋਂ ਵੱਧ ਲੋਕ ਘਰ ਕੀਰਤਨ ਕਰਨ ਲਈ ਬੁਲਾਉਂਦੇ ਹਨ। ਉਂਜ ਵੀ ਵਾਹਿਗੁਰੂ ਦੀ ਕਿਰਪਾ ਨਾਲ ਉਹ ਬੜੇ ਸੌਖੇ ਹਨ, ਸੁਣੀਂਦਾ ਉਨ੍ਹਾਂ ਪਾਸ ਮਿਲੀਅਨ ਡਾਲਰ ਦਾ ਘਰ ਹੈ, ਅੱਠ ਦਸ ਮਿਲੀਅਨ ਡਾਲਰ ਦੀ ਜਾਇਦਾਦ ਹੋਵੇਗੀ।'

'ਇੰਨਾ ਤੇ ਸ਼ਾਇਦ ਗੁਰੂ ਘਰ ਕੋਲ ਵੀ ਨਾ ਹੋਵੇ।' ਪਹਿਲਾ ਸ਼ਰਧਾਲੂ ਬੋਲਿਆ।

'ਗੁਰੂ ਹੀ ਜਾਣੇ'।

ਪਹਿਲਾ ਬੋਲਿਆ, 'ਸਾਰੇ ਭਾਈ ਸੰਗਤ ਨੂੰ ਹਮੇਸ਼ਾ ਗੁਰੂ ਦਾ ਹੁਕਮ ਮੰਨਣ ਦੀਆਂ ਨਸੀਹਤਾਂ ਕਰਦੇ ਹਨ, ਮੋਹ ਮਾਇਆ ਤੋਂ ਉਪਰ ਉਠਣ ਦਾ ਉਪਦੇਸ਼ ਦਿੰਦੇ ਹਨ ਫਿਰ ਇਹ ਭਾਈ ਜੀ ਸੰਗਤ ਨੂੰ ਇਹ ਕਿਉਂ ਨਹੀਂ ਕਹਿੰਦੇ ਸਾਧ ਸੰਗਤ ਜੀ ਮੇਰੇ ਕਰਕੇ ਆਪੋ ਵਿਚ ਨਾ ਲੜੋ।'

'ਗੁਰੂ ਹੀ ਜਾਣੇ। ਹਾਂ ਕੁਝ ਲੋਕ ਇਕ ਭਾਈ ਦੇ ਹੱਕ ਵਿਚ ਹਨ ਤੇ ਕੁ ਝ ਹੋਰ ਦੂਜੇ ਦੇ ਹੱਕ ਵਿਚ।'

'ਲੋਕ ਗੁਰੂ ਦੇ ਦਰਬਾਰ ਆਉਂਦੇ ਹਨ ਜਾਂ ਕਿਸੇ ਭਾਈ ਦੇ?'

***-ਪੰਜਾਬ ਟਾਈਮਜ਼ ਬਿਊਰੋ***






# ਪੰਜਾਬੀ ਸਮਾਜ ਮੂਹਰੇ ਪ੍ਰਸ਼ਨਾਂ ਦੀਆਂ ਪੰਡਾਂ ਖੋਲ੍ਹਦਾ ਨਾਵਲ

**-ਡਾ.ਰਾਜਿੰਦਰਪਾਲ ਸਿੰਘ**

ਅਵਤਾਰ ਸਿੰਘ ਬਿਲਿੰਗ ਦੇ ਹਾਲ ਹੀ ਵਿਚ ਛਪੇ ਨਾਵਲ, 'ਪੱਤ ਕੁਮਲਾ ਗਏ' ਨੇ ਪੰਜਾਬੀ ਸਮਾਜ ਮੂਹਰੇ ਇਕ ਤਰ੍ਹਾਂ ਨਾਲ ਸਵਾਲਾਂ ਦੀਆਂ ਪੰਡਾਂ ਖੋਲ੍ਹ ਦਿੱਤੀਆਂ ਹਨ। ਇਹ ਨਾਵਲ ਦਲਿੱਤਾਂ ਦੀ ਇਕ ਪਰਤ ਦੇ ਮੁਕਾਬਲੇ ਮੱਧ ਵਰਗੀ ਕਿਸਾਨਾਂ ਦੀ ਪਤਲੀ ਹੋ ਰਹੀ ਹਾਲਤ 'ਤੇ ਵੀ ਚਾਨਣਾ ਪਾਉਂਦਾ ਹੈ ਅਤੇ ਕਥਿਤ ਦਲਿਤਾਂ ਦੇ ਸਮੂਹਿਕ ਰੂਪ ਵਿਚ ਪਿਸੇ ਹੋਣ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਜੱਟ ਪੰਜਾਬੀ ਸਮਾਜ ਦੀ ਹਾਕਮ ਜਮਾਤ ਹਨ, ਇਸ ਮਿੱਥ 'ਤੋਂ ਵੀ ਇਹ ਨਾਵਲ ਪਰਦਾ ਲਾਹ ਦਿੰਦਾ ਹੈ।

ਪੰਜਾਬੀ ਗਲਪ ਵਿਚ ਅਵਤਾਰ ਸਿੰਘ ਬਿਲਿੰਗ ਇਕ ਸਹਿਜ ਤੋਰ ਤੁਰਨ ਵਾਲਾ ਗਲਪਕਾਰ ਹੈ, ਜਿਸ ਦੇ ਹੁਣ ਤੱਕ ਤਿੰਨ ਨਾਵਲ ਅਤੇ ਤਿੰਨ ਹੀ ਕਹਾਣੀ ਸੰਗ੍ਰਹਿ ਛਪੇ। ਉਸ ਦਾ ਪਹਿਲਾ ਨਾਵਲ 'ਨਿਰੰਜਨ ਮਸ਼ਾਲਚੀ' 1997, ਦੂਜਾ 'ਖੇੜੇ ਸੁੱਖ ਵਿਹੜੇ ਸੁੱਖ' 2002 ਅਤੇ 'ਇਨ੍ਹਾਂ ਰਾਹਾਂ ਉਤੇ' 2007 ਵਿਚ ਛੱਪਿਆ ਹੈ। ਹੱਥਲਾ ਨਾਵਲ 'ਪੱਤ ਕਮਲਾ ਗਏ' ਪਹਿਲੇ ਨਾਵਲਾਂ ਦਾ ਨਾ ਕੇਵਲ ਗਲਪੀ ਕਾਲ ਪੱਖੋਂ ਹੀ ਅਗਲਾ ਪੜਾਅ ਹੈ, ਸਗੋਂ ਗਲਪੀ ਕਲਾ ਪੱਖੋਂ ਵੀ ਅਗਾਂਹ ਦੀ ਗੱਲ ਹੈ। ਨਾਵਲ ਦੀ ਕਹਾਣੀ ਅਸਲ ਵਿਚ ਬਦਲ ਰਹੇ ਪਿੰਡ ਦੀ ਕਹਾਣੀ ਹੈ, ਜਿਸ ਵਿਚ ਪਰੰਪਰਿਕ ਕਿੱਤੇ ਬਦਲ ਰਹੇ ਹਨ। ਜਾਤਾਂ ਦੇ ਰੁਤਬੇ ਤਬਦੀਲ ਹੋ ਰਹੇ ਹਨ। ਪਿੰਡ ਤੋਂ ਸ਼ਹਿਰ ਵਲ ਅਤੇ ਪਿੰਡ ਤੋਂ ਵਿਦੇਸ਼ ਵਲ ਪ੍ਰਵਾਸ ਹੋ ਰਿਹਾ ਹੈ। ਇਸ ਦੇ ਨਾਲ ਹੀ ਦੂਜੇ ਸੂਬਿਆਂ ਤੋਂ ਪੰਜਾਬੀ ਪਿੰਡਾਂ ਵਿਚ ਪ੍ਰਵਾਸ ਹੋ ਰਿਹਾ ਹੈ।

ਪੁਰਾਣਾ ਪੇਂਡੂ ਪੰਜਾਬੀ ਭਾਈਚਾਰਾ ਟੁੱਟ ਵੀ ਰਿਹਾ ਹੈ, ਬਦਲ ਵੀ ਰਿਹਾ ਹੈ ਅਤੇ ਮੁੜ ਨਵੀਂ ਸੰਰਚਨਾ ਵੀ ਅਖ਼ਤਿਆਰ ਕਰ ਰਿਹਾ ਹੈ। ਜਾਤੀ-ਜਮਾਤੀ ਧਾਰਮਿਕ ਹੱਦਬੰਦੀਆਂ ਤੇ ਵਿਚਾਰਧਾਰਾਵਾਂ ਆਪਸ ਵਿਚ ਟਕਰਾਉਂਦੀਆਂ ਵੀ ਹਨ ਅਤੇ ਇਕ-ਦੂਜੀ ਨੂੰ ਪ੍ਰਭਾਵਤ ਵੀ ਕਰ ਰਹੀਆਂ ਹਨ। ਪੰਜਾਬ ਦੇ ਪਿੰਡ ਦਾ ਯਥਾਰਥ ਇਸ ਸਮੇਂ ਸਥਿਰ ਨਹੀਂ ਹੈ। ਇਸ ਸਮੇਂ ਅਤੇ ਸਥਾਨ ਦੋਹਾਂ ਪਸਾਰਾਂ ਵਿਚ ਬਦਲ ਰਿਹਾ ਹੈ। ਇਸ ਤਰਲ ਯਥਾਰਥ ਨੂੰ ਗਲਪ ਵਿਚ ਸਥਿਰ ਕਰਨਾ ਖਾਸਾ ਮੁਸ਼ਕਲ ਕਾਰਜ ਹੈ। ਲੇਖਕ ਸਾਰੇ ਪਸਾਰਾਂ ਨੂੰ ਨਹੀਂ ਪਕੜ ਸਕਦਾ, ਕਿਉਂਕਿ ਸਮੇਂ ਅਤੇ ਸਥਾਨ ਦੋਹਾਂ ਵਿਚ ਨਿਰੰਤਰ ਤਬਦੀਲੀ ਵਾਪਰ ਰਹੀ ਹੈ।

ਲਿਖਤੀ-ਅਲਿਖਤੀ ਇਤਿਹਾਸ ਤੋਂ ਬਾਹਰ ਤਿੰਨ ਪੀੜ੍ਹੀਆਂ ਹਰ ਕਾਲ ਵਿਚ ਜਿਉਂਦੀਆਂ ਹਨ। ਉਹ ਸਮਕਾਲੀ ਵੀ ਹੁੰਦੀਆਂ ਹਨ, ਪਰ ਆਪਣੀ ਮਨੋ-ਕਾਲਕ ਅਵਸਥਾ ਅਨੁਸਾਰ ਵੱਖਰੀਆਂ ਵੀ ਹੁੰਦੀਆਂ ਹਨ।

ਇੰਵ ਹੀ ਭੂਗੋਲਿਕ ਪਾਸਾਰਾ ਜਾਤਾਂ, ਜਮਾਤਾਂ, ਧਰਮਾਂ, ਪੱਤੀਆਂ ਆਦਿ ਵਿਚ ਹੀ ਵੰਡਿਆ ਹੋਇਆ ਨਹੀਂ, ਸਗੋਂ ਇਹ ਵਿਅਕਤੀ ਸੁਭਾਓ ਵਿਚ ਵੀ ਵੰਡਿਆ ਹੋਇਆ ਹੈ। ਇਹ ਭੂਗੋਲਿਕ ਤੌਰ 'ਤੇ ਪੱਤੀਆਂ, ਕਸਬਿਆਂ, ਸ਼ਹਿਰਾਂ ਰਾਹੀਂ ਵਿਦੇਸ਼ ਦੀਆਂ ਸਰਹੱਦਾਂ ਤੋਂ ਬਾਹਰ ਆਪਣੇ ਵਸਨੀਕਾਂ ਰਾਹੀਂ ਫੈਲਿਆ ਹੋਇਆ ਹੈ। ਇੰਵ ਕਿਸੇ ਵੀ ਕਾਲ ਅਤੇ ਸਥਾਨ ਬਿੰਦੂ 'ਤੇ ਟਿਕਿਆ ਜਾਪਦਾ ਪਿੰਡ ਦੋਹਾਂ ਪਸਾਰਾਂ ਵਿਚ ਹੀ ਫੈਲਿਆ ਹੁੰਦਾ ਹੈ। ਅਜਿਹੇ ਤਰਲ ਸੁਭਾਅ ਦੇ ਯਥਾਰਥ ਨੂੰ ਨਾਵਲ ਵਰਗਾ ਵੱਡ-ਅਕਾਰੀ ਸਾਹਿਤ ਰੂਪ ਵੀ ਇਕਹਿਰੇ ਰੂਪ ਵਿਚ ਹੀ ਫੜ ਸਕਦਾ ਹੈ। ਨਾਵਲਕਾਰ ਨੇ ਕਹਾਣੀ ਇੰਵ ਬਿਆਨ ਕੀਤੀ ਹੈ ਕਿ ਇਕ ਪਾਸੇ ਮਹਿੰਦਰ ਸਿੰਘ ਮੋਹਤਬਰ ਦੇ ਬਖਤੌਰ ਸਿਹੁੰ ਅਤੇ ਅਜੈਬ ਸਿੰਘ ਦੇ ਪੁੱਤਰ ਹਨ। ਇਨ੍ਹਾਂ ਵਿਚੋਂ ਅਜੈਬ ਸਿੰਘ ਉਰਫ ਜੈਬਾ ਜੱਟ ਕਿਸਾਨੀ ਦਾ ਪ੍ਰਤੀਨਿਧ ਹੈ।

ਉਸ ਦੇ ਤਿੰਨ ਪੁੱਤਰ ਸੋਹਣ, ਮੇਹਰੂ ਅਤੇ ਬਲਰਾਜ ਉਰਫ ਬਾਲਾ ਹਨ। ਸੋਹਣਾ ਸੋਸਾਇਟੀ ਵਿਚ ਡਰਾਇਵਰੀ ਕਰਦਾ ਹੈ ਅਤੇ ਆਪਣੀ ਪਤਨੀ ਤੇ ਪੁੱਤਰ ਤੋਂ ਅਲੱਗ ਰਹਿੰਦਾ ਹੈ। ਮੇਹਰੂ ਛੜਾ ਹੈ ਤੇ ਬਾਲਾ ਪੜ੍ਹ-ਲਿਖ ਕੇ ਨੌਕਰੀ ਨਾ ਮਿਲਣ ਕਾਰਨ ਨਸ਼ਿਆਂ ਦਾ ਸ਼ਿਕਾਰ ਹੈ।

ਉਸਦੀ ਪਤਨੀ ਰਛਪਾਲ ਅਤੇ ਰੌਣਕੀ ਪੁੱਤਰ ਵੀ ਹੈ। ਅਜਾਇਬ ਸਿੰਘ ਦੀ ਇਕ ਕੁੜੀ ਵਿਆਹ ਤੋਂ ਬਾਅਦ ਪਤੀ ਦੇ ਵਿਦੇਸ਼ ਜਾਣ ਕਾਰਨ ਪੇਕੇ ਬੈਠੀ ਹੋਈ ਹੈ। ਕੁੱਲ ਮਿਲਾ ਕੇ ਇਹ ਪਰਿਵਾਰ ਹੌਲੀ-ਹੌਲੀ ਕਰਜ਼ੇ ਹੇਠ ਆ ਗਿਆ ਹੈ। ਇਸ ਵਿਚ ਤਿੰਨ ਵੱਡੇ ਕਾਰਨ ਹਨ।

ਇਹ ਤਿੰਨ ਕਾਰਨ ਅਜਾਇਬ ਸਿੰਘ ਦੀ ਪਤਨੀ ਗੁਰਮੇਲ ਕੌਰ ਦਾ ਇਕ ਵਾਰ ਬਿਮਾਰ ਹੋ ਜਾਣਾ, ਜਵਾਈ ਨੂੰ ਵਿਦੇਸ਼ ਭੇਜਣ ਖਾਤਰ ਕਰਜ਼ਾ ਚੁੱਕਣਾ ਅਤੇ ਬਾਲੇ ਦਾ ਨਸ਼ੱਈ ਹੋਣਾ ਹੈ। ਦੋਹਾਂ ਜੀਆਂ ਦੀ ਸਖ਼ਤ ਮਿਹਨਤ ਅਤੇ ਨੂੰਹ ਦਾ ਹਲੀਮ ਹੋਣਾ ਵੀ ਕਿਸੇ ਕੰਮ ਨਹੀਂ ਆਉਂਦਾ। ਇਸ ਦੇ ਸਮਾਂਤਰ ਹੀ ਤਥਾਕਥਿਤ ਨੀਵੀਂ ਜਾਤ ਰਵਿਦਾਸੀਆਂ ਦਾ ਰੁਲਦਾ ਸਿੰਘ ਫਰੌਟੀਆ ਹੈ, ਜਿਹੜਾ ਅਜੈਬ ਸਿੰਘ ਦਾ ਆੜੀ ਵੀ ਹੈ, ਪਰ ਉਨ੍ਹਾਂ ਨਾਲੋਂ ਸੀਰੀ ਹਟ ਕੇ ਸ਼ਹਿਰ ਕਮੇਟੀ ਵਿਚ ਚਪੜਾਸੀ ਜਾ ਲੱਗਦਾ ਹੈ।

## ਪੱਤ ਕੁਮਲਾ ਗਏ

ਉਸ ਨੇ ਤਿੰਨੇ ਮੁੰਡੇ ਪੜ੍ਹਾ ਲਏ ਹਨ। ਵੱਡਾ ਰਾਮ ਸਿੰਘ ਬੈਂਕ ਅਫਸਰ, ਵਿਚਕਾਰਲਾ ਰਾਜਿੰਦਰ ਰਾਜਾ ਐਫ.ਸੀ.ਆਈ. ਕਲਰਕ ਅਤੇ ਕਮਿੱਕਰ ਸਿੰਘ ਸਕੂਲ ਬੋਰਡ ਵਿਚ ਕਲਰਕ ਲੱਗਾ ਹੋਇਆ ਹੈ। ਤਿੰਨੇ ਨੌਕਰੀਆਂ ਕਰਦੇ ਹਨ ਅਤੇ ਸ਼ਹਿਰ ਵਿਚ ਰਹਿੰਦੇ ਹਨ। ਰੁਲਦਾ ਸਿੰਘ ਘਰਵਾਲੀ ਦੇ ਮਰਨ 'ਤੇ ਵੀ ਪਿੰਡ ਨਹੀਂ ਛੱਡਦਾ। ਉਹ ਪਿੰਡ ਵਿਚ ਤਾਂ ਟੌਹਰ ਵਿਚ ਰਹਿੰਦਾ ਹੈ ਅਤੇ ਪੁੱਤਾਂ ਦੀਆਂ ਵਡਿਆਈਆਂ ਕਰਦਾ ਹੈ, ਪਰ ਅੰਦਰੋਂ ਉਹ ਪੁੱਤਾਂ ਦੇ ਪੈਸੇ ਨਾਲ ਮੋਹ ਕਰਨ 'ਤੇ ਦੁਖੀ ਵੀ ਰਹਿੰਦਾ ਹੈ।

**ਸਥਿਤੀ ਦੀ ਇਹ ਵਿਡੰਬਨਾ ਹੈ ਕਿ ਭਾਵੇਂ ਰੁਲਦਾ ਸਿੰਘ ਕਦੇ ਅਜੈਬ ਸਿੰਘ ਹੁਰਾਂ ਦੇ ਸੀਰੀ ਹੁੰਦਾ ਸੀ, ਪਰ ਇਸ ਦੇ ਬਾਵਜੂਦ ਹੁਣ ਉਹ ਅਜੈਬ ਸਿੰਘ ਦੀ ਆਰਥਿਕ ਮਦਦ ਵੀ ਕਰਦਾ ਹੈ। ਇਕ ਪਾਸੇ ਤਾਂ ਰਵਿਦਾਸੀਆਂ ਦਾ ਜੱਗਾ ਖੁਦਕੁਸ਼ੀ ਕਰ ਜਾਂਦਾ ਹੈ, ਦੂਜੇ ਪਾਸੇ ਜੱਟਾਂ ਦਾ ਬਾਲਾ ਛੋਟੇ ਜਿਹੇ ਝਗੜੇ ਤੋਂ ਆਪਣੇ ਪਿਓ ਨੂੰ ਮਾਰ ਬੈਠਦਾ ਹੈ ਅਤੇ ਖੁਦ ਕੈਦ ਹੋ ਜਾਂਦਾ ਹੈ। ਇਉਂ ਉਹ ਆਪਣੀ ਜ਼ਮੀਨ ਫਾਇਨਾਂਸ ਕੰਪਨੀ ਨੂੰ ਗੁਆ ਬੈਠਦੇ ਹਨ। ਪੇਂਡੂ ਜੀਵਨ ਵਿਚ ਲਗਭਗ ਸਾਰੀਆਂ ਜਾਤਾਂ ਵਿਚ ਹੀ ਆਰਥਿਕ ਮੰਦਹਾਲੀ ਹੈ।** ਅਸਲ ਵਿਚ ਇਹ ਨਾਵਲ ਪਿੰਡ ਦੀ ਬਦਲ ਰਹੀ ਤਸਵੀਰ ਹੀ ਪੇਸ਼ ਨਹੀਂ ਕਰਦਾ, ਸਗੋਂ ਦੋ ਪਰਿਵਾਰਾਂ ਦੀ ਤੁਲਨਾ ਨਾਲ ਕਈ ਮਹੱਤਵਪੂਰਨ ਪ੍ਰਸ਼ਨ ਖੜੇ ਕਰਦਾ ਹੈ, ਜਿਨ੍ਹਾਂ ਦੀ ਵਿਚਾਰਧਾਰਕ ਧਾਰ ਬਹੁਤ ਤੇਜ਼ ਹੈ ਤੇ ਬੇਅੰਤ ਸੰਭਾਵਨਾਵਾਂ ਹਨ ਅਤੇ ਇਹ ਸਿਆਸੀ ਤੌਰ 'ਤੇ ਭੂਚਾਲ ਲਿਆਉਣ ਦੇ ਸਮਰੱਥ ਹਨ।

ਪਹਿਲਾ ਹੀ ਪ੍ਰਸ਼ਨ ਇਹ ਹੈ ਕਿ ਭਾਵੇਂ ਕਦੇ ਰੁਲਦਾ ਜੈਬੇ ਦਾ ਸੀਰੀ ਸੀ, ਪਰ ਰਿਜ਼ਰਵੇਸ਼ਨ ਸਦਕਾ ਰੁਲਦੇ ਦੇ ਮੁੰਡੇ ਤਾਂ ਸਰਕਾਰੀ ਨੌਕਰੀਆਂ 'ਤੇ ਘੱਟੋ-ਘੱਟ ਦਰਜਾ ਤਿੰਨ ਜਾਂ ਇਸ ਤੋਂ ਉੱਪਰ ਕੰਮ ਕਰਦੇ ਹਨ, ਪਰ ਜੈਬੇ ਦੇ ਪੁੱਤਰਾਂ ਵਿਚੋਂ ਦੋ ਨੂੰ ਨੌਕਰੀ ਮਿਲੀ ਹੀ ਨਹੀਂ ਅਤੇ ਤੀਜਾ ਚੌਥੇ ਦਰਜੇ ਦੀ ਨੌਕਰੀ ਕਰਦਾ ਹੈ ਅਤੇ ਹੁਣ ਜੈਬਾ ਉਲਟਾ ਰੁਲਦੇ ਦਾ ਕਰਜ਼ਾਈ ਹੈ। ਇਹ ਨਾਵਲ ਵਿਚ ਪ੍ਰਸੰਗ ਅਨੁਸਾਰ ਪੰਨਾ 33 'ਤੇ ਇੰਵ ਦਰਜ ਹੈ-

ਗੁਰਮੇਲੋ ਨੂੰ ਰਸ਼ਕ ਸੀ ਕਿ ਉਸ ਦੇ ਹੱਥਾਂ ਵਿਚ ਪਲੇ ਰਾਮਾ, ਰਾਜਾ ਅਤੇ ਗੋਲੂ ਨੌਕਰੀਆਂ ਉੱਤੇ ਲੱਗੇ ਹੋਏ ਸਨ। ਉਹਨਾਂ ਤਿੰਨਾਂ ਨੇ ਬੇਰੁਜ਼ਗਾਰੀ ਦੇਖੀ ਨਹੀਂ ਸੀ। ਉਹਨਾਂ ਦੇ ਨੰਬਰ ਵੀ ਬਹੁਤੇ ਚੰਗੇ ਨਹੀਂ ਸਨ। ਰਾਮੇ ਨੇ ਤਾਂ ਬੀ.ਏ. ਦੀ ਰੀਣ ਕਰ ਦਿੱਤੀ ਸੀ। ਸੱਤਾਂ ਸਾਲਾਂ ਵਿਚ ਚੌਦਵੀਂ ਕੀਤੀ ਸੀ, ਪਰ ਏਧਰ ਬਲਰਾਜ ਸੀ, ਜਿਹੜਾ ਡਲੇ ਵਾਂਗ ਰੁੜ੍ਹਦਾ ਜਮਾਤਾਂ ਪਾਸ ਕਰਦਾ ਗਿਆ ਸੀ। ਦਸਵੀਂ ਵਿਚੋਂ ਫਸਟ ਕਲਾਸ ਫਸਟ, ਹਰੇਕ ਜਮਾਤ ਵਿਚੋਂ ਮੋਹਰੀ, ਪਰ ਹੁਣ ਤੱਕ ਨੌਕਰੀ ਨੂੰ ਕਿਉਂ ਤਰਸ ਰਿਹਾ ਸੀ। ਗੁਰਮੇਲੋ ਬੇਅਰਥ ਸੋਚਦੀ। ਕਲਪਦੀ! ਪਛਤਾਉਂਦੀ!

"ਉਹਨਾਂ ਤਿੰਨਾਂ ਦੀ ਹੋਰ ਗੱਲ ਐ। ਉਹਨਾਂ ਨੂੰ ਗਰੀਬ ਜਾਤੀ ਕਰਕੇ ਨੌਕਰੀ ਮਿਲੀ ਹੈ।" ਬਲਰਾਜ ਨੇ ਬਹੁਤ ਸੋਚ-ਵਿਚਾਰ ਕੇ ਜਵਾਬ ਦਿੱਤਾ।

"ਵੇ ਆਪਣੇ ਕਿਹੜੇ ਝੰਡੇ ਝੂਲਦੇ ਨੇ? ਇਕ ਕੀਲਾ ਆਉਂਦਾ ਤੇਰੇ ਹਿੱਸੇ। ਆਪਾਂ ਕਿਹੜੇ ਅਮੀਰ ਐਂ? ਮਿੱਟੀ 'ਚ ਮਿੱਟੀ ਹੁੰਨੇ ਐਂ!"

ਅਸਲ ਪ੍ਰਸ਼ਨ ਇਹ ਹੈ ਕਿ ਅੱਜ ਇਕੋ ਜਿਹੇ ਆਰਥਿਕ ਪੱਧਰ ਵਾਲੇ ਤਥਾ-ਕਥਿਤ ਨੀਵੀਆਂ ਜਾਤਾਂ ਦੇ ਵਿਅਕਤੀਆਂ ਨੂੰ ਤਾਂ ਘੱਟ ਨੰਬਰ ਹੋਣ ਦੇ ਬਾਵਜੂਦ ਨੌਕਰੀ ਮਿਲ ਜਾਂਦੀ ਹੈ, ਜਦੋਂ ਕਿ ਉਸੇ ਆਰਥਿਕ ਪੱਧਰ 'ਤੇ ਵਿਚਰਦੇ ਉੱਚੀਆਂ ਜਾਤਾਂ ਦੇ ਵਧ ਨੰਬਰਾਂ ਵਾਲੇ ਵੀ ਨੌਕਰੀ ਵਿਚ ਪਿੱਛੇ ਰਹਿ ਜਾਂਦੇ ਹਨ। ਨਾਵਲਕਾਰ ਇਸ ਪ੍ਰਸ਼ਨ ਦਾ ਕਿਸੇ ਪੱਖ ਵਿਚ ਉੱਤਰ ਨਹੀਂ ਦਿੰਦਾ, ਪਰ ਉਹ ਸਮੱਸਿਆ ਨੂੰ ਅਗਰਭੂਮਿਤ ਜ਼ਰੂਰ ਕਰ ਦਿੰਦਾ ਹੈ। ਦੂਜਾ ਪ੍ਰਸ਼ਨ ਇਹ ਹੈ ਕਿ ਤਥਾਕਥਿਤ ਨੀਵੀਆਂ ਜਾਤਾਂ ਵਿਚੋਂ ਇਕ ਸ਼੍ਰੇਣੀ ਲਗਾਤਾਰ ਲਾਭ ਲੈ ਰਹੀ ਹੈ। ਹੁਣ ਉਸ ਦੀ ਲਗਭਗ ਤੀਜੀ ਪੀੜ੍ਹੀ ਚੱਲ ਰਹੀ ਹੈ। ਦੂਜੇ ਪਾਸੇ ਉਸੇ ਨੀਵੀਂ ਜਾਤ ਦੀ ਪਹਿਲੀ ਪੀੜ੍ਹੀ ਨੂੰ ਵੀ ਹੁਣ ਤੱਕ ਕੋਈ ਲਾਭ ਨਹੀਂ ਮਿਲਿਆ। ਇਉਂ ਜਾਤ ਅੰਦਰ ਵੀ ਜਮਾਤ ਦਾ ਮਸਲਾ ਖੜਾ ਹੈ।

ਇਹ ਕਰੀਮੀ ਲੇਅਰ ਦਾ ਮਸਲਾ ਹੈ। ਸਵਰਨ ਜਾਤਾਂ ਨਾਲੋਂ ਇਹ ਖੁਦ ਵਧੇਰੇ ਦਲਿਤ ਜਾਤਾਂ ਦਾ ਮਸਲਾ ਹੈ। ਕੀ ਦਲਿਤ ਜਾਤਾਂ ਦੇ ਕੁਝ ਲੋਕ ਹੀ ਵਾਰ-ਵਾਰ ਲਾਭ ਤਾਂ ਨਹੀਂ ਲੈ ਰਹੇ। ਸਿੱਟੇ ਵਜੋਂ ਉਹ ਆਪਣੇ ਹੀ ਜਾਤ ਭਰਾਵਾਂ ਦਾ ਰਾਹ ਰੋਕ ਰਹੇ ਹਨ, ਸਗੋਂ ਉਨ੍ਹਾਂ ਦੀ ਆਬਾਦੀ, ਵੋਟ ਤਾਕਤ ਅਤੇ ਭਾਵਨਾ ਨੂੰ ਆਪਣੇ ਲਈ ਵਰਤ ਰਹੇ ਹਨ। ਨਾਵਲ ਇਕ ਹੋਰ ਮਸਲਾ ਵੀ ਉਠਾਉਂਦਾ ਹੈ ਕਿ ਹੁਣ ਦਲਿਤ ਜਾਤਾਂ ਦੇ ਅੰਦਰ ਵੀ ਜਾਤੀ ਟਕਰਾਓ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ।

ਰਾਮਾ ਆਪਣੇ ਭਰਾ ਨੂੰ ਸਮਝਾਉਂਦਾ ਹੈ- "ਹੁਣ ਸਰਕਾਰੀ ਸਰਵਿਸ ਦਾ ਖਿਆਲ ਛੱਡ ਦੇ ਭਿੰਦੇ। ਜੱਗੇ ਨੂੰ ਕਿਸੇ ਵਪਾਰ ਵਿਚ ਪਾ ਦੇਵੇਂ ਤਾਂ ਚੰਗਾ ਰਹੂ। ਚਾਹੇ ਕਿਸੇ ਬਜਾਜ ਕੋਲੇ ਬਿਠਾ ਦਿਓ। ਦੋ-ਚਾਰ ਸਾਲਾਂ ਨੂੰ ਕੱਪੜੇ ਦੀ ਆਪਣੀ ਦੁਕਾਨ ਪਾ ਲੂ।" ਗੋਲੂ ਕਮਿੱਕਰ ਨੇ ਵੀ ਸਲਾਹ ਦਿੱਤੀ ਸੀ।

ਭਿੰਦਰ ਨੇ ਰਾਮੇ ਕੋਲ ਰਿਜ਼ਰਵ ਕੋਟੇ ਦੀ ਗੱਲ ਛੇੜੀ ਤਾਂ ਉਹ ਤੜਫ ਗਿਆ ਸੀ, "ਯਾਰ, ਕੋਟਾ ਕਿਹੜਾ ਰਹਿ ਗਿਆ? ਅੱਧ ਤਾਂ 'ਕੱਲੇ ਮਜ਼ਹਬੀ ਸਿੱਖ ਤੇ ਬਾਲਮੀਕੀਏ ਮੁੜੱਛ ਕੇ ਲੈ ਜਾਂਦੇ ਨੇ, ਬਕਾਇਆ ਬਚਿਆ ਬਾਰਾਂ ਫੀਸਦੀ। ਫੇਰ ਆਪਣੀ ਜਾਤ 'ਚੋਂ ਡਿਗਰੀਆਂ ਚੱਕੀ ਬਥੇਰੀ ਸਤੌਲ ਤੁਰੀ ਫਿਰਦੀ ਐ। ਚੁੱਪ ਕਰਕੇ ਤੂੰ ਉਹਨੂੰ ਸਮਝਾ-ਬੁਝਾ ਕੇ ਕਿਸੇ ਮਿੱਲ ਵਿਚ ਲੁਆ ਦੇ।" (ਪੰਨਾ 102)

ਵਾਰ-ਵਾਰ ਰਵਿਦਾਸੀਏ ਬਨਾਮ ਵਾਲਮੀਕੀਆਂ ਦਾ ਮਸਲਾ ਖੜਾ ਹੁੰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਹੀ ਜੱਗਾ ਖੁਦਕੁਸ਼ੀ ਕਰ ਲੈਂਦਾ ਹੈ। ਸ਼ਾਇਦ ਇਹ ਪੰਜਾਬੀ ਗਲਪ ਵਿਚ ਕਿਸੇ ਦਲਿਤ ਦੀ ਪਹਿਲੀ ਖੁਦਕੁਸ਼ੀ ਹੈ।

ਇਕ ਹੋਰ ਪ੍ਰਸ਼ਨਾਂ ਦੀ ਲੜੀ ਵੀ ਉੱਠਦੀ ਹੈ। ਉਨ੍ਹਾਂ ਵਿਚੋਂ ਭਾਵੇਂ ਉਹ ਨਾਵਲ ਵਿਚ ਦੁਜੈਲਾ ਦਰਜਾ ਰੱਖਦੇ ਹਨ, ਪਰ ਜ਼ਿੰਦਗੀ ਵਿਚ ਪਹਿਲਾ ਦਰਜਾ ਰੱਖਦੇ ਹਨ। ਜੱਟ ਕਿਸਾਨੀ ਵਿੱਦਿਅਕ ਪਸਾਰ ਦੇ ਬਾਵਜੂਦ ਅਜੇ ਵੀ ਮੁੰਡਿਆਂ ਨੂੰ ਕੁੜੀਆਂ ਦੇ ਉੱਪਰ ਦੀ ਰੱਖਦੀ ਹੈ। ਉਦਾਹਰਣ ਵਜੋਂ ਖਾਧ-ਖੁਰਾਕ ਵਿਚ ਵੀ ਦਰਾਜਗੀ ਕੀਤੀ ਜਾਂਦੀ ਹੈ।

ਇਕ ਹੋਰ ਪ੍ਰਸ਼ਨ ਕਿਸਾਨ ਦੀ ਘੱਟ ਜ਼ਮੀਨ ਕਾਰਨ ਵਿਆਹ ਨਾ ਹੋਣ ਦਾ ਮਸਲਾ ਹੈ। ਅਜੈਬ ਹੁਰਾਂ ਦਾ ਭਾਈ ਮਾਧੋ ਛੜਾ ਸੀ। ਇੰਵ ਹੀ ਅਗਲੀ ਪੀੜ੍ਹੀ ਵਿਚ ਬਾਲੇ ਹੁਰਾਂ ਦਾ ਇਕ ਭਰਾ ਛੜਾ ਹੈ।

ਇਹ ਮਸਲਾ ਮੁੜ ਜ਼ਮੀਨ ਸਾਂਝੀ ਕਰਨ ਵਾਂਗ ਔਰਤ ਸਾਂਝੀ ਕਰਨ ਵਲ ਵੀ ਵਧਦਾ ਹੈ। ਭਾਵੇਂ ਇਹ ਨਾਵਲ ਵਿਚ ਟਕਰਾਵਾਂ ਪ੍ਰਸ਼ਨ ਤਾਂ ਨਹੀਂ ਬਣਦਾ, ਪਰ ਕਿਤੇ ਨਾ ਕਿਤੇ ਅਜੈਬ ਦੇ ਉਲਟ ਬਖਤੌਰੇ ਦਾ ਗੁਜ਼ਾਰਾ ਚੰਗਾ ਹੋਣ ਪਿੱਛੇ ਇਹ ਕਾਰਨ ਵੀ ਕੰਮ ਕਰਦਾ ਹੈ। ਇਹ ਨੈਤਿਕਤਾ ਜਾਂ ਸਦਾਚਾਰ ਦਾ ਪ੍ਰਸ਼ਨ ਆਰਥਿਕਤਾ ਨਾਲ ਜੁੜਿਆ ਹੋਇਆ ਹੈ, ਪਰ ਇਸ ਦੇ ਬਾਵਜੂਦ ਅਜੇ ਵੀ ਨੈਤਿਕਤਾ ਦਾ ਪੱਲਾ ਨਾਵਲਕਾਰ ਅਨੁਸਾਰ ਭਾਰੂ ਜਾਪਦਾ ਹੈ।

ਇਕ ਹੋਰ ਪ੍ਰਸ਼ਨ ਪੀੜ੍ਹੀ ਪਾੜੇ ਦਾ ਵੀ ਹੈ। ਜਿੱਥੇ ਪਹਿਲੀ ਪੀੜ੍ਹੀ ਸਬਰ-ਸੰਤੋਖੀ ਹੈ, ਉੱਥੇ ਦੂਜੀ ਪੀੜ੍ਹੀ ਹਰ ਕੰਮ ਵਿਚ ਹੱਦੋਂ ਵਧ ਕਾਹਲੀ ਅਤੇ ਉਤੇਜਿਤ ਹੈ। ਇਹ ਮਸਲਾ ਕੇਵਲ ਇਕ ਜਾਤ ਜਾਂ ਜਮਾਤ ਤੱਕ ਸੀਮਤ ਨਹੀਂ ਹੈ, ਪਰ ਇਹ ਬਦਲੀਆਂ ਪ੍ਰਸਥਿਤੀਆਂ ਵਿਚ ਗੁਣਾਂ ਅਵੱਸ਼ ਖਾ ਜਾਂਦਾ ਹੈ। ਇਕ ਹੋਰ ਸਮੱਸਿਆ ਪੰਜਾਬੀਆਂ ਦੇ ਬਾਹਰ ਪ੍ਰਵਾਸ ਕਰਨ ਨਾਲ ਅਤੇ ਬਾਹਰੋਂ ਪੰਜਾਬ ਵਿਚ ਪ੍ਰਵਾਸ ਕਰਨ ਨਾਲ ਸਬੰਧਤ ਹੈ। ਏਜੰਟ ਕਿਵੇਂ ਧੋਖਾ ਕਰਦੇ ਹਨ। ਇਹ ਵੀ ਨਾਵਲੀ ਬਿਰਤਾਂਤ ਦਾ ਭਾਗ ਬਣਦਾ ਹੈ। ਨਸ਼ੇ ਕਿਵੇਂ ਪਿੰਡਾਂ ਨੂੰ ਖੋਖਲਾ ਕਰ ਰਹੇ ਹਨ, ਇਹ ਮਸਲਾ ਵੀ ਮੌਜੂਦ ਹੈ। ਇਹ ਨਾਵਲ ਅਸਲ ਵਿਚ ਉਨ੍ਹਾਂ ਪ੍ਰਸ਼ਨਾਂ ਦੀ ਪੰਡ ਹੈ, ਜਿਹੜੇ ਹਰੇ ਇਨਕਲਾਬ ਦੇ ਪੱਤ ਕੁਮਲਾ ਜਾਣ ਤੋਂ ਬਾਅਦ ਉੱਠੇ ਹਨ।

## ਮਨਪ੍ਰੀਤ ਨੇ ਤਾਏ ਨੂੰ ਚੁੱਪ ਕਰਾਇਆ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੇ ਭਤੀਜੇ ਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਨੇ ਉਦੋਂ ਚੁੱਪ ਕਰਵਾ ਦਿੱਤਾ, ਜਦੋਂ ਉਹ ਟ੍ਰੈਫਿਕ ਦੇ ਪਰਬੰਧਨ ਦਾ ਅਧਿਐਨ ਕਰਨ ਲਈ ਰਾਜ ਤੋਂ ਇਕ ਵਫਦ ਆਸਟ੍ਰੇਲੀਆ ਭੇਜਣ ਦਾ ਸੁਝਾਅ ਪੇਸ਼ ਕਰ ਰਹੇ ਸਨ।

ਕਾਂਗਰਸ ਦੇ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਨੇ ਰਾਜ 'ਚ ਹਾਦਸਿਆਂ ਦੀ ਵਧ ਰਹੀ ਗਿਣਤੀ ਵਲ ਧਿਆਨ ਦਿਵਾਊ ਮਤੇ ਰਾਹੀਂ ਸਭ ਦਾ ਧਿਆਨ ਖਿੱਚਿਆ ਤਾਂ ਸ੍ਰੀ ਬਾਦਲ ਨੇ ਸੁਝਾਅ ਦਿੱਤਾ ਕਿ ਸੱਤਾਧਾਰੀ ਤੇ ਵਿਰੋਧੀ ਧਿਰ ਦੇ ਪ੍ਰਤੀਨਿਧੀਆਂ ਤੇ ਅਧਿਕਾਰੀਆਂ ਦਾ ਇਕ ਵਫਦ ਆਸਟ੍ਰੇਲੀਆ ਦੇ ਟ੍ਰੈਫਿਕ ਪ੍ਰਬੰਧਨ ਦਾ ਜਾਇਜ਼ਾ ਲੈਣ ਲਈ ਉਥੇ ਭੇਜਿਆ ਜਾਵੇ। ਇਸ 'ਤੇ ਸ੍ਰੀ ਬਾਦਲ ਦੇ ਭਤੀਜੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਆਸਟ੍ਰੇਲੀਆ 'ਚ ਟ੍ਰੈਫਿਕ ਦਾ ਪ੍ਰਬੰਧ ਚਲਾਉਣ ਸਬੰਧੀ ਸਾਰੀ ਜਾਣਕਾਰੀ ਤੇ ਅੰਕੜੇ ਇੰਟਰਨੈਟ ਰਾਹੀਂ ਮਿੰਟ 'ਚ ਹਾਸਲ ਕੀਤੇ ਜਾ ਸਕਦੇ ਹਨ ਤੇ ਇਸ 'ਤੇ ਧੇਲਾ ਵੀ ਖਰਚ ਨਹੀਂ ਹੋਏਗਾ।

ਭਤੀਜੇ ਬਾਦਲ ਨੇ ਕਿਹਾ, "ਜੇਕਰ ਕੋਈ ਵੀ ਕਿਸੇ ਵੀ ਦੇਸ਼ ਦੇ ਟ੍ਰੈਫਿਕ ਪ੍ਰਬੰਧਾਂ ਦੀ ਜਾਣਕਾਰੀ ਚਾਹੁੰਦਾ ਹੈ ਤਾਂ ਉਹ ਉਹਨੂੰ ਇਹ ਸਾਰਾ ਕੁਝ ਇਥੋਂ ਹੀ ਮੁਹੱਈਆ ਕਰਾ ਸਕਦੇ ਹਨ।" ਵਿੱਤ ਮੰਤਰੀ ਨੇ ਇਹ ਵੀ ਕਿਹਾ ਕਿ ਅਜਿਹੇ ਵਫਦ ਵਿਦੇਸ਼ਾਂ 'ਚ ਜਾਂਦੇ ਤਾਂ ਹਨ, ਪਰ ਜਾਂ ਤਾਂ ਉਨ੍ਹਾਂ ਵਲੋਂ ਦਿੱਤੇ ਜਾਂਦੇ ਸੁਝਾਅ ਪ੍ਰਵਾਨ ਨਹੀਂ ਕੀਤੇ ਜਾਂਦੇ ਜਾਂ ਫਿਰ ਉਹ ਵਰਤਮਾਨ ਨਿਯਮਾਂ 'ਚ ਤਬਦੀਲੀਆਂ ਕਰਨ ਦੀ ਸਿਫਾਰਸ਼ ਕਰਦੀ ਆਪਣੀ ਰਿਪੋਰਟ ਹੀ ਪੇਸ਼ ਨਹੀਂ ਕਰਦੇ।

ਫਿਰ ਵੀ ਮੁੱਖ ਮੰਤਰੀ ਨੇ ਕਿਹਾ ਕਿ ਰਾਜ 'ਚ ਆਵਾਜਾਈ ਨੂੰ ਲੀਹ 'ਤੇ ਲਿਆਉਣ ਲਈ ਉਹ ਸਬੰਧਤ ਪੁਲਿਸ ਅਧਿਕਾਰੀਆਂ ਦੀ ਜਲਦੀ ਹੀ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਦਾਇਤਾਂ ਦੇਣਗੇ। ਆਵਾਜਾਈ ਮੰਤਰੀ ਮੋਹਨ ਲਾਲ ਨੇ ਕਿਹਾ ਕਿ ਰਾਜ ਸਰਕਾਰ ਇਕ ਅਜਿਹੀ ਨੀਤੀ ਤਿਆਰ ਕਰ ਰਹੀ ਹੈ, ਜਿਸ ਤਹਿਤ ਨਿਜੀ ਵਾਹਨਾਂ ਦੀ ਗਿਣਤੀ ਘਟਾ ਕੇ ਸੜਕਾਂ 'ਤੇ ਜਨਤਕ ਵਾਹਨਾਂ ਦੇ ਪ੍ਰਬੰਧ ਨੂੰ ਮਜ਼ਬੂਤ ਤੇ ਪ੍ਰਚੱਲਤ ਕੀਤਾ ਜਾਏਗਾ।



# ਕੇਂਦਰ ਵਲੋਂ ਦਿੱਤੇ ਦਾਨ ਨਾਲ ਗੁਜ਼ਾਰਾ ਕਰ ਰਹੀ ਹੈ ਅਕਾਲੀ-ਭਾਜਪਾ ਸਰਕਾਰ

**ਚੰਡੀਗੜ੍ਹ :** ਪੰਜਾਬ ਸਰਕਾਰ ਦੇ ਬਜਟ ਪ੍ਰਸਤਾਵਾਂ ਉਤੇ ਦੋ ਦਿਨਾ ਬਹਿਸ ਸ਼ੁਰੂ ਕਰਦਿਆਂ ਕਾਂਗਰਸ ਆਗੂ ਬੀਬੀ ਰਾਜਿੰਦਰ ਕੌਰ ਭੱਠਲ ਨੇ ਲੰਘੀ 9 ਜੁਲਾਈ ਨੂੰ ਵਿਧਾਨ ਸਭਾ ਵਿਚ ਆਪਣੇ ਪੌਣੇ ਘੰਟੇ ਦੇ ਭਾਸ਼ਣ ਵਿਚ ਬਜਟ ਨੂੰ ਖੋਖਲਾ ਅਤੇ 'ਮੁੰਗੇਰੀ ਲਾਲ ਦੇ ਹਸੀਨ ਸੁਪਨਿਆਂ ਵਾਲਾ' ਕਰਾਰ ਦਿਤਾ। ਬੀਬੀ ਭੱਠਲ ਨੇ ਬਿਜਲੀ, ਪਾਣੀ, ਖੇਤੀ ਅਤੇ ਸਕੂਲੀ ਸਿੱਖਿਆ ਲਈ ਰੱਖੀ ਨਿਗੂਣੀ ਧਨ ਰਾਸ਼ੀ ਦੀ ਸਖ਼ਤ ਨੁਕਤਾਚੀਨੀ ਕੀਤੀ। ਬੀਬੀ ਭੱਠਲ ਨੇ ਕਿਹਾ ਕਿ ਜੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਸਰਕਾਰ ਵਿਚ ਸੁਣੀ ਹੀ ਨਹੀਂ ਜਾ ਰਹੀ ਤਾਂ ਉਨ੍ਹਾਂ ਨੂੰ ਅਹੁਦਾ ਛੱਡ ਕੇ ਇਕ ਪਾਸੇ ਹੋ ਜਾਣਾ ਚਾਹੀਦਾ ਹੈ।

ਵਿਰੋਧੀ ਧਿਰ ਦੀ ਨੇਤਾ ਨੇ 4234 ਕਰੋੜ ਦੇ ਵਿੱਤੀ ਘਾਟੇ ਨੂੰ ਅਸਲ ਵਿਚ 9000 ਕਰੋੜ ਦਾ ਘਾਟਾ ਦੱਸਿਆ। ਇਸ ਘਾਟੇ ਨੂੰ ਪੂਰਾ ਕਰਨ ਲਈ ਕਿਸੇ ਵੀ ਉਪਰਾਲੇ ਦੀ ਵਿਆਖਿਆ ਨਹੀਂ ਕੀਤੀ ਗਈ। ਬੀਬੀ ਭੱਠਲ ਨੇ ਕਿਹਾ ਕਿ ਖ਼ਜ਼ਾਨਾ ਮੰਤਰੀ ਹਮੇਸ਼ਾ ਸਬਸਿਡੀਆਂ ਅਤੇ ਮੁਫ਼ਤ ਖ਼ੋਰੀਆਂ ਬੰਦ ਕਰਨ ਦੀ ਗੱਲ ਕਰਦੇ ਹਨ, ਪਰ ਇਸ ਬਜਟ ਵਿਚ ਨਾ ਤਾਂ ਸਬਸਿਡੀਆਂ ਬੰਦ ਕਰਨ, ਨਾ ਨਵੇਂ ਟੈਕਸ ਲਾਉਣ, ਨਾ ਆਮਦਨੀ ਦੇ ਨਵੇਂ ਸਰੋਤ ਲੱਭਣ ਅਤੇ ਨਾ ਹੀ ਸਰਕਾਰੀ ਖ਼ਰਚੇ ਘਟਾਉਣ ਦੀ ਚਰਚਾ ਕੀਤੀ ਗਈ।

ਹਰ ਥਾਂ ਤੋਂ ਕਰਜ਼ਾ ਲੈਣ ਅਤੇ ਕੇਂਦਰ ਤੋਂ ਮਦਦ ਦੀ ਗੱਲ ਕੀਤੀ ਗਈ ਹੈ। ਬਿਜਲੀ-ਪਾਣੀ ਦੀ ਮਾੜੀ ਹਾਲਤ ਬਾਰੇ ਕਾਂਗਰਸੀ ਨੇਤਾ ਨੇ ਕਿਹਾ ਕਿ ਕਿਸਾਨ ਹਰ ਵੇਲੇ ਸਰਕਾਰ ਦੀ ਜਾਨ ਨੂੰ ਰੋਂਦੇ ਹਨ। ਨਾ ਤਾਂ ਬਿਜਲੀ ਦੂਜੇ ਸੂਬਿਆਂ ਤੋਂ ਮਿਲੀ ਹੈ ਅਤੇ ਨਾ ਹੀ ਅਕਾਲੀ-ਭਾਜਪਾ ਸਰਕਾਰ ਨੇ ਕੋਈ ਨਵੇਂ ਪ੍ਰਾਜੈਕਟ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਰੀਆਂ ਵੱਡੀਆਂ ਵਿਕਾਸ ਸਕੀਮਾਂ ਕੇਂਦਰ ਦੇ ਰਹਿਮੋ-ਕਰਮ 'ਤੇ ਪੂਰੀਆਂ ਕਰਨ ਦਾ ਵੇਰਵਾ ਦਿਤਾ ਹੈ। ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਗੁਣਗਾਨ ਕਰਦਿਆਂ ਬੀਬੀ ਭੱਠਲ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਗੁਲਦਸਤੇ ਪ੍ਰਧਾਨ ਮੰਤਰੀ ਨੂੰ ਪੇਸ਼ ਕਰ ਕੇ ਦਾਨ ਦੀ ਰਕਮ ਲੈਣ ਦੇ ਆਦੀ ਹਨ। ਮਸਖ਼ਰੀਆਂ ਅਤੇ ਵਾਰ-ਵਾਰ ਪੰਜਾਬ ਸਰਕਾਰ ਦੀ ਕੰਗਾਲੀ ਦੇ ਭੱਠਲ ਵਲੋਂ ਕੀਤੇ ਜ਼ਿਕਰ ਤੋਂ ਔਖੇ ਹੋ ਕੇ ਮੁੱਖ ਮੰਤਰੀ ਨੇ ਟੋਕਾਟਾਕੀ ਕੀਤੀ ਅਤੇ ਉੱਠ ਕੇ ਕਿਹਾ ਕਿ ਪੰਜਾਬ ਨੂੰ ਇਸ ਦੌਰ ਵਿਚੋਂ ਕੱਢਣ ਲਈ ਉਹ ਊਰਜਾ ਮੰਤਰੀ ਨੂੰ ਮਿਲੇ ਹਨ ਅਤੇ ਖੇਤੀ ਲਈ 250 ਮੈਗਾਵਾਟ ਅਤੇ 78 ਮੈਗਾਵਾਟ ਬਿਜਲੀ ਪ੍ਰਾਪਤ ਕੀਤੀ ਹੈ। ਇਸ ਤੋਂ ਇਲਾਵਾ 6000 ਮੈਗਾਵਾਟ ਸਮਰੱਥਾ ਵਾਲੇ 4 ਥਰਮਲ ਪਲਾਂਟਾਂ ਦੀ ਪ੍ਰਵਾਨਗੀ ਵੀ ਲਈ ਹੈ।

ਜਦੋਂ ਦੁਬਾਰਾ ਬੀਬੀ ਭੱਠਲ ਨੇ ਸੂਬਾ ਸਰਕਾਰ ਉਪਰ ਹਰ ਫਰੰਟ 'ਤੇ ਫੇਲ੍ਹ ਹੋਣ ਦਾ ਦੋਸ਼ ਲਾਇਆ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਫਿਰ ਖੜੇ ਹੋ ਕੇ ਕਿਹਾ ਕਿ ਵੱਖ-ਵੱਖ ਵਿਸ਼ਿਆਂ 'ਤੇ 600 ਕਰੋੜ ਦੀ ਸਬਸਿਡੀ ਤੋਂ ਇਲਾਵਾ 2400 ਕਰੋੜ ਬਜਟ ਵਿਚੋਂ ਦਿੱਤਾ ਜਾਂਦਾ ਹੈ। ਬਾਦਲ ਨੇ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਕੇਂਦਰ ਤੋਂ ਅਪਣਾ ਹੱਕ ਮੰਗਦੀ ਹੈ ਨਾ ਕਿ ਖ਼ੈਰਾਤ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਰਜਿੰਦਰ ਕੌਰ ਭੱਠਲ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ 7 ਜੁਲਾਈ ਨੂੰ ਸਾਲ 2009-10 ਲਈ ਪੇਸ਼ ਕੀਤੇ ਗਏ ਬਜਟ ਨੂੰ ਫਲਾਪ ਤੇ ਮੁੰਗੇਰੀ ਲਾਲ ਦੇ ਸੁਪਨਿਆਂ ਵਾਂਗ ਖੋਖਲਾ ਬਜਟ ਕਰਾਰ ਦਿੱਤਾ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ 'ਚ ਬਜਟ 'ਤੇ ਬਹਿਸ ਵਿਚ ਹਿੱਸਾ ਲੈਂਦੇ ਹੋਏ ਕਿਹਾ ਕਿ ਇਹ ਬਜਟ ਦੀਵਾਲੀਆ ਸਰਕਾਰ ਦੇ ਮਜਬੂਰ ਮੰਤਰੀ ਵਲੋਂ ਪੇਸ਼ ਕੀਤਾ ਗਿਆ ਖੋਖਲਾ ਤੇ ਕਾਗਜ਼ੀ ਬਜਟ ਹੈ।

# ਵਿਦੇਸ਼ੀ ਵਿਦਿਆਰਥੀਆਂ ਨੂੰ ਸੁਰੱਖਿਆ ਦੀ ਸੌ ਫੀਸਦੀ ਗਰੰਟੀ ਨਹੀਂ ਦੇ ਸਕਦੇ-ਆਸਟ੍ਰੇਲੀਆ

**ਚੰਡੀਗੜ੍ਹ:** ਲੰਘੇ ਮੰਗਲਵਾਰ ਆਸਟ੍ਰੇਲੀਆ ਦੇ ਇਕ ਸੀਨੀਅਰ ਅਧਿਕਾਰੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਭਾਰਤੀਆਂ ਸਮੇਤ ਕੌਮਾਂਤਰੀ ਵਿਦਿਆਰਥੀਆਂ ਉਪਰ ਹਾਲ ਹੀ ਵਿਚ ਹੋਏ ਬਹੁਤੇ ਹਮਲੇ ਨਸਲੀ ਨਹੀਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਜਲਦੀ ਹੀ ਕੌਮਾਂਤਰੀ ਵਿਦਿਆਰਥੀਆਂ ਉਪਰ ਹੋਏ ਹਮਲਿਆਂ ਦਾ ਰਿਵਿਊ ਕਰੇਗੀ ਪਰ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਨੂੰ ਸੁਰੱਖਿਆ ਦੀ ਸੌ ਫੀਸਦੀ ਗਰੰਟੀ ਨਹੀਂ ਦੇ ਸਕਦੀ।

ਆਸਟ੍ਰੇਲੀਅਨ ਸਿੱਖਿਆ ਵਿਭਾਗ ਦੇ ਪ੍ਰਥਮ ਸਹਾਇਕ ਸਕੱਤਰ ਸ਼੍ਰੀ ਕੋਲਿਨ ਵਾਲਟਰਸ ਨੇ ਆਪਣੇ ਬਿਆਨ ਵਿਚ ਕਿਹਾ ਕਿ ਸਾਡੀ ਸਰਕਾਰ ਨੇ ਪ੍ਰਵਾਸੀ ਵਿਦਿਆਰਥੀ ਐਕਟ ਦਾ ਫਾਸਟ ਟ੍ਰੈਕ ਰਿਵਿਊ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਇਸ ਸਾਲ ਦੇ ਅੰਤ ਤੱਕ ਮੁਕੰਮਲ ਹੋ ਜਾਵੇਗਾ। ਵਿਦੇਸ਼ੀ ਵਿਦਿਆਰਥੀਆਂ ਉੱਪਰ ਹਾਲ ਹੀ ਵਿਚ ਵਧੇ ਹਮਲਿਆਂ ਦੇ ਸਬੰਧ ਵਿਚ ਆਸਟ੍ਰੇਲੀਆਈ ਮੰਤਰੀ ਆਉਂਦੀ 15, 16 ਸਤੰਬਰ ਨੂੰ ਰਾਜਧਾਨੀ ਕੈਨਬਰਾ ਵਿਖੇ ਇਕ ਮੀਟਿੰਗ ਕਰਨਗੇ, ਜਿਸ ਵਿਚ ਵਿਦੇਸ਼ੀ ਵਿਦਿਆਰਥੀਆਂ ਦੇ ਪ੍ਰਤੀਨਿਧ ਵੀ ਹਿੱਸਾ ਲੈਣਗੇ।

ਸ਼੍ਰੀ ਵਾਲਟਰ ਨੇ ਕਿਹਾ ਕਿ ਆਸਟ੍ਰੇਲੀਆ ਵਿਚ ਚੀਨ ਤੋਂ ਬਾਅਦ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵਧ ਹੈ ਅਤੇ ਇਹ ਇਕ ਦਹਾਕਾ ਪਹਿਲਾਂ ਦੇ 10 ਹਜ਼ਾਰ ਤੋਂ ਵਧ ਕੇ 1 ਲੱਖ ਨੂੰ ਪਹੁੰਚ ਗਈ ਹੈ। ਉਨ੍ਹਾਂ ਹੋਰ ਕਿਹਾ ਕਿ ਅਸੀਂ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ। ਭਾਵੇਂ ਕਿ ਅਜਿਹੇ ਕੋਈ ਸਬੂਤ ਸਾਹਮਣੇ ਨਹੀਂ ਆਏ ਕਿ ਹਾਲ ਹੀ ਵਿਚ ਭਾਰਤੀ ਵਿਦਿਆਰਥੀਆਂ ਉਪਰ ਹਮਲੇ ਨਸਲੀ ਕਿਸਮ ਦੇ ਹਨ। ਉਨ੍ਹਾਂ ਨਾਲ ਲਗਦਿਆਂ ਹੀ ਕਿਹਾ ਕਿ ਭਾਵੇਂ ਅਸੀਂ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ, ਪਰ ਅਸੀਂ ਉਨ੍ਹਾਂ ਦੀ ਸੁਰੱਖਿਆ ਦੀ 100 ਫੀਸਦੀ ਦੀ ਗਰੰਟੀ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਸੰਸਾਰ ਦਾ ਕੋਈ ਵੀ ਮੁਲਕ ਅਜਿਹੀ ਗਰੰਟੀ ਨਹੀਂ ਦੇ ਸਕਦਾ। ਸ਼੍ਰੀ ਵਾਲਟਰ ਨੇ ਕਿਹਾ, "ਮੈਂ ਇਹ ਨਹੀਂ ਕਹਿੰਦਾ ਕਿ ਆਸਟ੍ਰੇਲੀਆ ਵਿਚ ਨਸਲਵਾਦ ਨਹੀਂ ਹੈ। ਅਜਿਹਾ ਲਾਜ਼ਮੀ ਹੋਵੇਗਾ, ਪਰ ਹਾਲ ਹੀ ਵਿਚ ਹੋਏ ਬਹੁਗਿਣਤੀ ਹਮਲਿਆਂ ਦਾ ਆਧਾਰ ਨਸਲਵਾਦ ਨਹੀਂ ਹੈ।" ਉਨ੍ਹਾਂ ਕਿਹਾ ਕਿ ਜਿਥੇ ਵੀ ਅਜਿਹਾ ਵਾਪਰੇਗਾ, ਆਸਟ੍ਰੇਲੀਆ ਸਰਕਾਰ ਉਸ ਖਿਲਾਫ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਉੱਪਰ ਅੱਗੇ ਵਧੇਗੀ।

*Visit us on the web:* ***punjabtimesusa.com***
***To Advertise with us call: 847-359-0746***

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੱਨੂੰ
ਅਟਾਰਨੀ ਐਟ ਲਾਅ
ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

ਤੂਰ ਟਰੈਵਲ
*License CST#2097338-40*



*1. Cathay Pacific*
*2. Asiana Airlines*
*3. China Airlines*
*4. Lufthansa*
*5. Singapore Airlines*
*6. British Airways*

*Serving the community for the past 18 years.*

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।
*ਅਸੀਂ ਦਿੱਲੀ ਏਅਰ-ਪੋਰਟ ਤੋਂ ਪੰਜਾਬ ਲਈ ਬੱਸ ਦੀਆਂ ਟਿਕਟਾਂ ਵੀ ਬੁੱਕ ਕਰਦੇ ਹਾਂ।

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, *Power of Attorney* ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
****Immigration Consultant:*** *Petition, Affidavit of Support, Citizenship and more.*

ਮਿਲੋ:ਲਾਲੀ ਤੂਰ
**Ph:209-832-1220**
**Fax:209-832-1330**
***2208 Babcock Ln Tracy, CA 95377***
***E-mail:lallytoor@yahoo.com***

***Moved from Turlock***

***For Honest and Reliable***
**Real Estate Services**

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



*Specializing in Bank Repo. And short sales.*

**Nand S. Brar**
**Broker Associate**
**DRE Lic No: 01816328**

(916) 501-3974
(916) 344-5453

WestCo Realty
A REAL ESTATE & INVESTMENT GROUP

**Email : nandsbrar@gmail.com, www.westcorealty.com**

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay


**We Specialize in Bankowned, Foreclosure and Short Sale Homes**

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**



**Gurbans Singh Gill**
**Realtor**
**11 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

REALTY WORLD
Millennium

**Gurbans Gill 209-815-1869**

# ਕਾਨੂੰਨਸਾਜ਼ਾਂ ਵਲੋਂ ਆਪਣੇ ਹੀ ਢਿੱਡ ਭਰਨ ਨੂੰ ਪਹਿਲ

2000 ਰੁਪਏ ਦੀ ਬਜਾਏ 3000 ਰੁਪਏ ਮਹੀਨਾ, ਬਿਜਲੀ-ਪਾਣੀ ਭੱਤਾ 1000 ਰੁਪਏ ਮਹੀਨਾ ਅਤੇ ਟੈਲੀਫੋਨ ਭੱਤਾ 10,000 ਰੁਪਏ ਮਹੀਨਾ ਮਿਲੇਗਾ। ਇਸ ਤੋਂ ਇਲਾਵਾ ਵਿਧਾਇਕਾਂ ਦਾ ਰੋਡ ਮਾਈਲੇਜ਼ 6 ਰੁਪਏ ਪ੍ਰਤੀ ਕਿਲੋਮੀਟਰ ਦੀ ਬਜਾਏ 12 ਰੁਪਏ ਪ੍ਰਤੀ ਕਿਲੋਮੀਟਰ, ਰੋਜ਼ਾਨਾ ਭੱਤਾ 500 ਰੁਪਏ ਪ੍ਰਤੀ ਦਿਨ ਦੇ ਬਦਲੇ 1000 ਰੁਪਏ ਪ੍ਰਤੀ ਦਿਨ ਅਤੇ ਮੁਫਤ ਯਾਤਰਾ ਭੱਤੇ ਦੀ ਸੀਮਾ 1,25,000 ਰੁਪਏ ਤੋਂ ਵਧਾ ਕੇ ਦੋ ਲੱਖ ਰੁਪਏ ਕਰ ਦਿੱਤੀ ਹੈ।

ਇਸ ਤੋਂ ਇਲਾਵਾ ਵਿਧਾਇਕਾਂ ਨੂੰ ਲੈਪਟਾਪ ਦਿੱਤੇ ਜਾਣਗੇ ਅਤੇ ਘਰ ਬਣਾਉਣ ਲਈ 10 ਲੱਖ ਰੁਪਏ ਦੀ ਬਜਾਏ 40 ਲੱਖ ਰੁਪਏ ਦਾ ਕਰਜ਼ਾ ਮਿਲੇਗਾ, ਜਦੋਂ ਕਿ ਘਰ ਦੀ ਮੁਰੰਮਤ ਲਈ 1,75,000 ਰੁਪਏ ਮਿਲਣਗੇ। ਵਿਧਾਇਕਾਂ ਦਾ ਕਾਰ ਲਈ ਕਰਜ਼ਾ ਵਧਾ ਕੇ 10 ਲੱਖ ਰੁਪਏ ਕਰ ਦਿੱਤਾ ਗਿਆ ਹੈ ਅਤੇ ਵਿਧਾਇਕਾਂ ਦੀ ਪੈਨਸ਼ਨ 5000 ਰੁਪਏ ਤੋਂ ਵਧਾ ਕੇ 7500 ਰੁਪਏ ਮਹੀਨਾ ਜਮ੍ਹਾਂ ਮਹਿੰਗਾਈ ਭੱਤਾ ਕਰ ਦਿੱਤੀ ਹੈ ਅਤੇ ਹਰ ਵਾਰ ਚੁਣੇ ਜਾਣ ਦੇ ਬਾਅਦ ਪੈਨਸ਼ਨ ਨੂੰ 2500 ਰੁਪਏ ਤੋਂ ਵਧਾ ਕੇ 5000 ਰੁਪਏ ਮਹੀਨਾ ਕਰ ਦਿੱਤਾ ਹੈ। ਇਸ ਦੇ ਨਾਲ ਮੰਤਰੀਆਂ ਨੂੰ ਸਰਕਾਰੀ ਮਕਾਨ ਨਾ ਹੋਣ ਦੀ ਸੂਰਤ ਵਿਚ ਮਕਾਨ ਦਾ ਕਿਰਾਇਆ ਦੇਣ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਵਿਧਾਨ ਸਭਾ 'ਚ 8 ਬਿੱਲਾਂ ਨੂੰ ਵੀ ਪਾਸ ਕੀਤਾ ਗਿਆ, ਜਿਨ੍ਹਾਂ ਵਿਚ ਪੰਜਾਬ ਨਮਿੱਤਣ ਬਿਲ, ਪੂਰਬੀ ਪੰਜਾਬ ਦੇ ਮੰਤਰੀਆਂ ਦੀਆਂ ਤਨਖਾਹਾਂ (ਸੋਧ) ਬਿਲ 2009, ਉਪ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਪੰਜਾਬ (ਸੋਧ) ਬਿਲ 2009, ਭਾਰਤੀ ਅਸ਼ਟਾਮ ਡਿਊਟੀ (ਪੰਜਾਬ ਸੋਧ) ਬਿਲ 2009, ਪੰਜਾਬ ਪੁਲਿਸ (ਸੋਧ) ਬਿੱਲ, ਕੋਰਟ ਫੀਸ (ਪੰਜਾਬ ਸੋਧ) ਬਿੱਲ, ਪੰਜਾਬ ਵਿਸ਼ੇਸ਼ ਆਰਥਿਕ ਖੇਤਰ ਬਿੱਲ, ਪੰਜਾਬ ਸਕੂਲ ਅਧਿਆਪਕ ਮੁੜ ਰੁਜ਼ਗਾਰ ਬਿੱਲ ਅਤੇ ਉਦਯੋਗਿਕ ਝਗੜੇ (ਪੰਜਾਬ ਸੋਧ) ਬਿੱਲਾਂ ਦੇ ਨਾਮ ਸ਼ਾਮਲ ਹਨ। ਸਦਨ 'ਚ ਪ੍ਰਸਤਾਵ ਪੇਸ਼ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸਾਨੂੰ ਕੋਈ ਵੀ ਨਵੇਂ ਟੈਕਸ ਲਾਉਣ ਦੀ ਲੋੜ ਨਹੀਂ, ਬਲਕਿ ਸਾਡੀ ਟੈਕਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਰਾਜ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਮੇਰੀ ਹੈ ਅਤੇ ਮੈਂ ਕਦੇ ਵੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟਿਆ। ਪਿਛਲੇ 10 ਸਾਲਾਂ ਵਿਚੋਂ ਪਹਿਲੀ ਵਾਰ ਸਪੈਸ਼ਲ ਕੰਪੋਨੈਂਟ ਪਲਾਨ ਵਿਚ 69 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਕੇਂਦਰ ਤੋਂ ਸਹਾਇਤਾ ਫੰਡ ਉਦੋਂ ਹੀ ਮਿਲਣਗੇ, ਜੇਕਰ ਸੂਬੇ ਦੀ ਸਾਲਾਨਾ ਯੋਜਨਾ ਵੱਡੀ ਹੋਵੇਗੀ। ਉਨ੍ਹਾਂ ਕਿਹਾ ਕਿ 8625 ਕਰੋੜ ਦੀ ਸਾਲਾਨਾ ਯੋਜਨਾ ਨੂੰ ਸਿਰੇ ਚੜ੍ਹਾਉਣ ਦੀ ਜ਼ਿੰਮੇਵਾਰੀ ਸ਼ੁਰੂ ਹੋ ਗਈ ਹੈ।

ਕਿਸਾਨਾਂ ਨੂੰ ਆੜ੍ਹਤੀਆਂ ਤੋਂ ਬਿਨ੍ਹਾਂ ਸਿੱਧੀ ਅਦਾਇਗੀ ਦੇ ਸਵਾਲ 'ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਆੜ੍ਹਤੀਏ ਸਾਡੇ ਸਮਾਜਿਕ ਤਾਣੇ-ਬਾਣੇ ਦਾ ਇਕ ਅਹਿਮ ਹਿੱਸਾ ਹਨ। ਇਨ੍ਹਾਂ ਨਾਲ ਸਾਡੀ ਪਰਿਵਾਰਕ ਸਾਂਝ ਹੈ ਅਤੇ ਇਹ ਸਾਂਝ ਪੁਸ਼ਤ ਦਰ ਪੁਸ਼ਤ ਚੱਲਦੀ ਆ ਰਹੀ ਹੈ, ਪ੍ਰੰਤੂ ਫਿਰ ਵੀ ਅਸੀਂ ਇਸ ਦਾ ਕੋਈ ਨਾ ਕੋਈ ਹੱਲ ਜ਼ਰੂਰ ਕੱਢਾਂਗੇ।

ਪੰਜਾਬ ਦੇ ਸੱਭਿਆਚਾਰ ਸਬੰਧੀ ਆਜ਼ਾਦ ਵਿਧਾਇਕ ਚਰਨਜੀਤ ਸਿੰਘ ਚੰਨੀ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਾ ਸੱਭਿਆਚਾਰ ਤਾਂ ਗੁਆਚ ਗਿਆ ਹੈ ਅਤੇ ਹੁਣ ਤਾਂ ਕੇਵਲ ਜ਼ੁਬਾਨ ਹੀ ਬਾਕੀ ਰਹਿ ਗਈ ਹੈ। ਜੇਕਰ ਅਸੀਂ ਇਸ ਜ਼ੁਬਾਨ ਨੂੰ ਵੀ ਨਾ ਸੰਭਾਲ ਸਕੇ ਤਾਂ ਕਿਸੇ ਪਾਸੇ ਦੇ ਨਹੀਂ ਰਹਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਭਾਸ਼ਾ ਵਿਭਾਗ 'ਚ ਅਫਸਰ ਭਰਤੀ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਵਿੱਤ ਮੰਤਰੀ ਨੇ ਇਕ ਹੋਰ ਸਵਾਲ ਦੇ ਜਵਾਬ ਵਿਚ ਕਿਹਾ ਕਿ ਕੈਂਸਰ ਦੀ ਬਿਮਾਰੀ ਦੇ ਫੈਲਾਅ ਲਈ ਜਿੱਥੇ ਪਾਣੀ ਜ਼ਿੰਮੇਵਾਰ ਹੈ, ਉਥੇ ਕਾਫੀ ਹੱਦ ਤੱਕ ਸਾਡੇ ਬਦਲੇ ਹੋਏ ਲਾਈਫ ਸਟਾਈਲ ਤੇ ਖੁਰਾਕ 'ਚ ਤਬਦੀਲੀ ਵੀ ਜ਼ਿੰਮੇਵਾਰ ਹੈ।

ਕੈਂਸਰ ਦੀ ਨਾ-ਮੁਰਾਦ ਬਿਮਾਰੀ ਨੇ ਸਾਡੇ ਸੋਹਣੇ ਪੰਜਾਬ ਨੂੰ ਨਜ਼ਰ ਲਾ ਕੇ ਰੱਖ ਦਿੱਤੀ ਹੈ ਅਤੇ ਇਸ ਸਮੇਂ ਬੀਕਾਨੇਰ ਦੇ ਕੈਂਸਰ ਹਸਪਤਾਲ ਵਿਚ 95 ਫੀਸਦੀ ਮਰੀਜ਼ ਪੰਜਾਬ ਵਿਚੋਂ ਦਾਖਲ ਹਨ। ਵਿੱਤ ਮੰਤਰੀ ਦੇ ਭਾਸ਼ਣ ਤੋਂ ਬਾਅਦ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਸਰਬਸੰਮਤੀ ਨਾਲ ਬਜਟ ਪਾਸ ਕਰਨ ਦਾ ਮਤਾ ਪਾਸ ਕਰ ਦਿੱਤਾ। ਇਸ ਦੇ ਬਿੱਲਾਂ ਨੂੰ ਪ੍ਰਵਾਨਗੀ ਦੇਣ ਮਗਰੋਂ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਵਿਧਾਨ ਸਭਾ ਦੀ ਕਾਰਵਾਈ ਅਣਮਿਥੇ ਸਮੇਂ ਤੱਕ ਮੁਲਤਵੀ ਕਰ ਦਿੱਤੀ।

ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਜੇ ਪੰਜਾਬ ਨੇ ਖੁਸ਼ਹਾਲੀ ਤੇ ਤਰੱਕੀ ਦੀ ਪੌੜੀ 'ਤੇ ਚੜ੍ਹਨਾ ਹੈ ਤਾਂ ਸਾਨੂੰ ਪਿਛਲੇ ਸਮਿਆਂ ਦੇ ਅਤਿਵਾਦ ਵੇਲੇ ਤੋਂ ਚੱਲਿਆ ਆ ਰਿਹਾ ਕਰਜ਼ਾ ਮੁਆਫ਼ ਕਰਵਾਉਣਾ ਪਵੇਗਾ। ਕਰਜ਼ਿਆਂ 'ਤੇ ਲਕੀਰ ਮਾਰੇ ਬਿਨ੍ਹਾਂ ਪੰਜਾਬ ਤਰੱਕੀ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਕਰਜ਼ੇ ਦੀ ਮਾਰ ਹੇਠ ਡੁੱਬਿਆ ਪਿਆ ਹੈ ਤੇ ਤਰੱਕੀ ਇਸ ਨੂੰ ਉਤਾਰੇ ਬਿਨ੍ਹਾਂ ਸੰਭਵ ਨਹੀਂ ਹੈ। ਕਿਸੇ ਸਮੇਂ ਪੰਜਾਬ ਦੋ ਕਰੋੜ ਰੁਪਏ ਦਾ ਕਰਜ਼ਾਈ ਸੀ। 1980-81 ਵਿਚ ਪੰਜਾਬ ਦੇ ਸਿਰ 880 ਕਰੋੜ ਰੁਪਏ ਦਾ ਕਰਜ਼ਾ ਸੀ। 10 ਸਾਲਾਂ ਵਿਚ ਇਹ ਕਰਜ਼ਾ ਦੁੱਗਣਾ ਹੁੰਦਾ ਚਲਿਆ ਗਿਆ। 1983-84 ਤੋਂ 1995 ਤੱਕ ਪੰਜਾਬ ਦਾ ਕਰਜ਼ਾ 9 ਸਾਲਾਂ ਵਿਚ 10 ਗੁਣਾ ਵਧ ਗਿਆ ਤੇ ਡਬਲ ਹੋ ਗਿਆ। ਕੇਂਦਰ ਨੇ ਕੁਝ ਕਿਸ਼ਤਾਂ 'ਚ 5000 ਕਰੋੜ ਰੁਪਏ ਮੁਆਫ਼ ਕਰ ਦਿੱਤਾ ਉਹਦੇ ਨਾਲ ਵੀ ਕੋਈ ਜ਼ਿਆਦਾ ਫਰਕ ਨਹੀਂ ਪਿਆ। ਮਾਫ ਕੀਤਾ ਗਿਆ ਕਰਜ਼ਾ ਉਹ ਖਰਚ ਸੀ, ਜੋ ਸੁਰੱਖਿਆ ਬਲਾਂ ਉਤੇ ਅੱਤਵਾਦ ਸਮੇਂ ਖਰਚ ਹੋਇਆ ਸੀ। ਇਸ ਸਮੇਂ ਸਾਡੀ ਕੋਸ਼ਿਸ਼ ਹੈ ਕਿ ਇਸ ਕਰਜ਼ੇ ਤੋਂ ਰਾਹਤ ਮਿਲੇ।

## ਤੇਰਾ ਸਿੰਘ ਚੰਨ ਨਹੀਂ ਰਹੇ

**ਚੰਡੀਗੜ੍ਹ :** ਪੰਜਾਬ ਅਮਨ ਲਹਿਰ ਦੇ ਬਾਨੀ ਅਤੇ ਇਪਟਾ ਨੂੰ ਪੰਜਾਬ ਵਿਚ ਲਿਆਉਣ ਵਾਲੇ ਉਘੇ ਸਾਹਿਤਕਾਰ ਸ. ਤੇਰਾ ਸਿੰਘ ਚੰਨ ਲੰਬੀ ਬਿਮਾਰੀ ਤੋਂ ਬਾਅਦ ਲੰਘੀ 9 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਚਲੇ ਜਾਣ ਨਾਲ ਸਾਹਿਤ ਪ੍ਰੇਮੀਆਂ ਵਿਚ ਸੋਗ ਦੀ ਲਹਿਰ ਦੌੜ ਗਈ। ਸ. ਚੰਨ ਦਾ ਘਾਟਾ ਸਾਹਿਤ ਦੇ ਖੇਤਰ ਵਿਚ ਨਾ ਪੂਰਿਆ ਜਾਣ ਵਾਲਾ ਘਾਟਾ ਕਿਹਾ ਜਾ ਸਕਦਾ ਹੈ। ਕਰੀਬ 88 ਸਾਲਾ ਸ. ਚੰਨ ਕਾਫੀ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ ਅਤੇ ਆਖਰ ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦਾ ਅੰਤਿਮ ਸਸਕਾਰ 10 ਜੁਲਾਈ ਨੂੰ ਸਵੇਰੇ 11 ਵਜੇ ਮੁਹਾਲੀ ਦੇ ਫੇਜ਼ 6 ਵਿਖੇ ਸਥਿਤ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ। ਸ. ਤੇਰਾ ਸਿੰਘ ਚੰਨ ਦਾ ਜਨਮ 6 ਫਰਵਰੀ 1921 ਨੂੰ ਸ. ਮੇਲਾ ਸਿੰਘ ਦੇ ਘਰ ਮਾਤਾ ਜੀਵੀ ਜੀ ਦੀ ਕੁੱਖੋਂ ਪਿੰਡ ਬਿਲਾਵਲ ਜ਼ਿਲ੍ਹਾ ਕੈਮਲਪੁਰ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਚੂਹੜਕਾਨਾ ਸੱਚਾ ਸੌਦਾ ਗੁਰਦੁਆਰੇ ਵਿਚ ਮੁੱਢਲੀ ਪੜ੍ਹਾਈ ਕਰਨ ਉਪਰੰਤ ਭੂਆ ਦੇ ਔਲਾਦ ਨਾ ਹੋਣ ਕਾਰਨ ਅੰਮ੍ਰਿਤਸਰ ਭੂਆ ਕੋਲ ਚਲੇ ਗਏ ਅਤੇ ਦਸਵੀਂ ਦੀ ਪੜ੍ਹਾਈ ਗੁਰੂ ਰਾਮਦਾਸ ਸਕੂਲ ਅੰਮ੍ਰਿਤਸਰ ਤੋਂ ਕੀਤੀ।



ਉਨ੍ਹਾਂ ਦਾ ਵਿਆਹ ਬੀਬੀ ਬਸੰਤ ਕੌਰ ਨਾਲ ਹੋਇਆ। ਇਸ ਉਪਰੰਤ ਉਹ ਪਿੰਡ ਨੀਲਾ ਵਿਚ ਕੁਝ ਸਮਾਂ ਅਧਿਆਪਕ ਰਹੇ।

## ਪਿਉ ਮੋਟਾ ਤਾਂ ਪੁੱਤ ਮੋਟਾ, ਮਾਂ ਮੋਟੀ ਤਾਂ ਧੀ ਵੀ ਮੋਟੀ

**ਲੰਡਨ:** ਜਿਹੋ ਜਿਹਾ ਪਿਉ ਉਹੋ ਜਿਹਾ ਪੁੱਤਰ ਅਤੇ ਜਿਹੋ ਜਿਹੀ ਮਾਂ ਉਹ ਜਿਹੀ ਧੀ। ਇਹ ਕਹਾਵਤ ਹੋਰ ਕਿਧਰੇ ਭਾਵੇਂ ਪੂਰੀ ਤਰ੍ਹਾਂ ਲਾਗੂ ਨਾ ਹੋਵੇ, ਪਰ ਇਹ ਮੋਟਾਪੇ ਦੀ ਬਿਮਾਰੀ ਵਿਚ ਬਹੁਤੀ ਵਾਰ ਲਾਗੂ ਹੋ ਜਾਂਦੀ ਹੈ। ਖੋਜੀਆਂ ਦਾ ਇਹੀ ਕਹਿਣਾ ਹੈ। ਇਸ ਸਬੰਧੀ ਖੋਜ ਪਲਾਈਮਾਊਥ ਪੈਨਿਨਸੁਲਾ ਮੈਡੀਕਲ ਸਕੂਲ ਦੇ ਖੋਜੀਆਂ ਵਲੋਂ ਕੀਤੀ ਗਈ ਹੈ। ਇਸ ਸਬੰਧੀ ਮੋਟਾਪੇ ਬਾਰੇ ਕੌਮਾਂਤਰੀ ਮੈਗਜ਼ੀਨ ਵਿਚ ਰਿਪੋਰਟ ਛਪੀ ਹੈ।

ਖੋਜੀਆਂ ਦਾ ਮੰਨਣਾ ਹੈ ਕਿ ਇਸ ਪਿੱਛੇ ਜੈਨੇਟਿਕ ਕਾਰਨ ਨਹੀਂ ਹੋਣਗੇ, ਪਰ ਇਸ ਪਿੱਛੇ ਵਿਵਹਾਰ ਵਿਧੀ ਕੰਮ ਕਰਦੀ ਹੈ। ਆਮ ਕਰਕੇ ਧੀਆਂ ਉਹੀ ਜੀਵਨ ਸ਼ੈਲੀ ਅਪਨਾਉਂਦੀਆਂ ਹਨ, ਜਿਹੋ ਜਿਹੀ ਉਨ੍ਹਾਂ ਦੀਆਂ ਮਾਵਾਂ ਅਪਨਾਉਂਦੀਆਂ ਹਨ। ਇਸੇ ਤਰ੍ਹਾਂ ਪੁੱਤਰ ਆਮ ਕਰਕੇ ਪਿਤਾ ਦੀ ਨਕਲ ਕਰਦੇ ਹਨ ਅਤੇ ਉਸੇ ਤਰ੍ਹਾਂ ਦਾ ਰਹਿਣ-ਸਹਿਣ ਅਖ਼ਤਿਆਰ ਕਰਦੇ ਹਨ। ਅਧਿਐਨ ਕਰਨ ਵਾਲਿਆਂ ਨੇ 226 ਪਰਿਵਾਰਾਂ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ਅਨੁਸਾਰ ਮੋਟੀ ਮਾਂ ਦੀ ਧੀ ਦੇ ਮੋਟਾ ਹੋਣ ਦੇ ਦਸ ਗੁਣਾਂ ਵਧੇਰੇ ਮੌਕੇ ਹਨ ਅਤੇ ਪਿਤਾ-ਪੁੱਤਰ ਕੇਸ ਵਿਚ ਇਹ-ਅਨੁਪਾਤ ਛੇ ਗੁਣਾ ਹੈ।

## ਸਮਾਗਮ ਬਣਿਆ ਸੰਗੀਤਕ ਮਹਿਫਲ

**ਯੂਨੀਅਨ ਸਿਟੀ (ਐਸ ਅਸ਼ੋਕ ਭੌਰਾ):** ਪਿਛਲੇ ਦਿਨੀਂ ਸਥਾਨਕ ਰਾਜਾ ਸਵੀਟਸ ਵਿਖੇ ਹੋਇਆ ਇਕ ਸਮਾਗਮ ਸੀ ਤਾਂ ਇਕ ਬੱਚੀ ਦੀ ਪ੍ਰੀਖਿਆ ਦੀ ਅੱਵਲ ਪੁਜੀਸ਼ਨ ਦੇ ਜਸ਼ਨ ਵਿਚ, ਪਰ ਇਹ ਪੂਰੀ ਤਰ੍ਹਾਂ ਨਾਲ ਗੀਤ ਸੰਗੀਤ ਦਾ ਇਕ ਮੁਕੰਮਲ ਮੇਲਾ ਬਣ ਗਿਆ। ਬਿਜਨਸਮੈਨ ਸਤਨਾਮ ਸਿੰਘ ਚੁੰਬਰ ਅਤੇ ਬਲਬੀਰ ਕੌਰ ਚੁੰਬਰ ਦੀ ਬੇਟੀ ਪ੍ਰਿਆ ਕੌਰ ਚੁੰਬਰ ਦੇ ਗਰੈਜੂਏਸ਼ਨ ਪਹਿਲੇ ਨੰਬਰ 'ਤੇ ਰਹਿ ਕੇ ਕਰਨ ਦੇ ਜਸ਼ਨ ਵਿਚ ਬੁਲਾਈ ਗਈ ਪਾਰਟੀ ਵਿਚ ਗੀਤ ਸੰਗੀਤ ਦੀ ਮੋਹਲੇਧਾਰ ਬਾਰਸ਼ ਹੋਈ।

ਗਾਇਕ ਏ ਐਸ ਹੁੰਦਲ ਤੇ ਭਾਰਤ ਤੋਂ ਆਏ ਸੰਗੀਤਕਾਰ/ਗਾਇਕ ਵੀਨਾ ਸਾਗਰ ਨੇ ਲੰਮਾ ਸਮਾਂ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਢੋਲੀ ਰਾਜੂ ਦੀ ਤਾਲ 'ਤੇ ਬਹੁਗਿਣਤੀ ਪੰਜਾਬੀ ਭਾਈਚਾਰਾ ਪੱਬ ਚੁੱਕਣ ਲਈ ਮਜਬੂਰ ਹੋ ਗਿਆ। ਇਸ ਮੌਕੇ ਪ੍ਰਿਆ ਤੇ ਚੁੰਬਰ ਪਰਿਵਾਰ ਨੂੰ ਵਧਾਈਆਂ ਦੇਣ ਵਾਲਿਆਂ ਵਿਚ ਅਮਰੀਕ ਲਾਖਾ, ਪਰਮਜੀਤ, ਗੁਰਮੇਲ, ਜੀਤੀ, ਹਰਬੰਸ ਮਹੇ, ਵਿਨੋਦ ਕੁਮਾਰ ਚੁੰਬਰ, ਜੀਤ ਰਾਮ, ਅਵਤਾਰ ਤਾਰੀ, ਸੁੱਚਾ ਰਾਮ ਭਾਰਟਾ, ਡਾ.ਤਿਲਕ ਰਾਜ ਚੁੰਬਰ ਅਤੇ ਸਤਨਾਮ ਹੋਰਾਂ ਦੇ ਹੋਰ ਨੇੜਲੇ ਸਾਕ ਸੰਬੰਧੀ ਹਾਜ਼ਰ ਸਨ। ਤਕਰੀਬਨ ਅੱਧੀ ਰਾਤ ਤੱਕ ਚੱਲੇ ਇਸ ਸਮਾਗਮ ਵਿਚ ਕੇਕ ਦੀ ਰਸਮ ਉਪਰੰਤ ਸ਼ਾਮਲ ਗੋਰੇ ਗੋਰੀਆਂ ਦੇ ਪਰਿਵਾਰਾਂ ਨੇ ਵੀ ਨਚਣ ਦਾ ਆਨੰਦ ਲਿਆ।


Indian Restaurant
For Sale
In Milwaukee, WI
ਭਾਰਤੀ ਰੈਸਟੋਰੈਂਟ ਵਿਕਾਊ ਹੈ
10 years in business high profit.
Excellent Location ਵਧੀਆ ਲੋਕੇਸ਼ਨ
Low Rent ਘੱਟ ਰੈਂਟ
Long Lease ਲੰਮੀ ਲੀਜ਼
99 Seats 99 ਸੀਟਾਂ
Full Bar License
For More Info. Call
Vicky Vasudeva: 414-688-4197
Sony: 414-526-2026

ਮਾਨਤਾ ਪ੍ਰਾਪਤ
ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
Toll Free No. (866) 933-3038
*ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਤੁਹਾਡੇ ਵਾਸਤੇ ਸਸਤੀਆਂ ਤੇ ਬੇਜੋੜ ਸੇਵਾਵਾਂ ਲੈ ਕੇ ਹਾਜ਼ਰ ਹੈ। *ਵਾਜਬ ਰੇਟਾਂ 'ਤੇ ਸਿਖਲਾਈ। *ਸਰਟੀਫਾਈਡ ਪੰਜਾਬੀ/ਇੰਗਲਿਸ਼ ਟਰੇਨਰ। *ਲਾਇਸੈਂਸ ਲੈਣ ਤੋਂ ਬਾਅਦ ਕੰਮ ਲੱਭਣ 'ਚ ਮਦਦ। *ਕੰਪਨੀ ਵਲੋਂ ਟਰੇਨਿੰਗ ਪੂਰੀ ਹੋਣ 'ਤੇ ਸਰਟੀਫਿਕੇਟ। *ਰਿਹਾਇਸ਼ ਫਰੀ। *ਦਸ ਸਪੀਡ ਅਤੇ ਤੇਰਾਂ ਸਪੀਡ ਨਿਊ ਮਾਡਲ ਟਰੱਕਾਂ ਨਾਲ ਟਰੇਨਿੰਗ। *ਨੈਸ਼ਨਲ ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।

ਆਪਣਾ ਨਾਮ ਰਜਿਸਟਰ ਕਰਾਉਣ ਲਈ ਅੱਜ ਹੀ ਸੰਪਰਕ ਕਰੋ।
Call: Kashmir Singh
916-564-3455
4585 Pell Dr. Secramento CA, 95838

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

# ਘਰ ਗਿਰਵੀ ਜਾਂ ਗਹਿਣੇ

## ਪੈਸਾ-ਟਕਾ

ਪ੍ਰਿੰਸੀਪਲ ਰਾਜ ਸਿੰਘ

ਲੈਂਡਰ ਜਾਂ ਸ਼ਾਹੂਕਾਰ ਨੇ ਤੁਹਾਡਾ ਘਰ ਗਿਰਵੀ ਜਾਂ ਗਹਿਣੇ ਰੱਖਣ ਲਈ ਇਕੱਲੇ ਫਾਈਕੋ ਸਕੋਰਾਂ 'ਤੇ ਹੀ ਭਰੋਸਾ ਨਹੀਂ ਕਰਨਾ ਹੁੰਦਾ। ਉਹ ਹੋਰ ਵੀ ਬਹੁਤ ਗੱਲਾਂ ਦਾ ਧਿਆਨ ਰੱਖੇਗਾ।

ਹੁਣ ਮੰਨ ਲਉ ਤੁਸੀਂ ਘਰ ਖਰੀਦਿਆ ਹੈ ਅਸਲ ਵਿਚ ਤਿੰਨ ਲੱਖ ਡਾਲਰ ਦਾ ਤੇ ਸ਼ਾਹੂਕਾਰ ਨੂੰ ਬੁੱਧੂ ਬਣਾਉਣ ਲਈ ਕਿਸੇ ਜਾਣਕਾਰ ਨਾਲ ਮਿਲ ਕੇ ਘਰ ਦੀ ਖਰੀਦਦਾਰੀ ਕਰਨ ਦੀ ਆਫਰ 4 ਲੱਖ ਦੀ ਦੇ ਕੇ ਇਸ ਘਰ ਨੂੰ ਖਰੀਦਣ ਦਾ ਇਕਰਾਰਨਾਮਾ ਵੀ ਚਾਰ ਲੱਖ ਦਾ ਬਣਾ ਲੈਂਦੇ ਹੋ, ਤਾਂ ਸ਼ਾਹੂਕਾਰ ਪਾਸੋਂ ਚਾਰ ਲੱਖ ਕਰਜ਼ੇ ਦਾ ਲੋਨ ਪਾਸ ਕਰਵਾ ਕੇ ਘਰ ਨੂੰ ਗਿਰਵੀ ਜਾਂ ਗਹਿਣੇ ਕਰਦੇ ਹੋ ਤਾਂ ਸ਼ਾਹੂਕਾਰ ਨੇ ਤਾਂ ਤੁਹਾਡੇ 'ਤੇ ਰੱਤੀ ਭਰ ਵੀ ਭਰੋਸਾ ਨਹੀਂ ਕਰਨਾ ਤੇ ਉਸ ਨੇ ਉਸ ਘਰ ਦੀ ਅਪ੍ਰੇਜ਼ਲ ਕਰਵਾ ਕੇ ਕੀਮਤ ਦਾ ਪਤਾ ਕਰ ਲੈਣਾ ਹੈ। ਇਸ ਤਰ੍ਹਾਂ ਉਹ ਹੋਰ ਵੀ ਬਹੁਤ ਸਾਰੀਆਂ ਤਸੱਲੀਆਂ ਕਰਦਾ ਹੈ ਕਿ ਉਸ ਦੀ ਮੂਲ ਰਕਮ ਕਿਧਰੇ ਡੁੱਬ ਨਾ ਜਾਵੇ। ਉਹ ਇਨ੍ਹਾਂ ਸਕੋਰਾਂ ਦੇ ਨਾਲ ਨਾਲ ਤੁਸੀਂ ਜੋ ਸਲਾਨਾ ਕਮਾਈ ਕਰ ਰਹੇ ਹੋ ਉਸ ਦੀ ਵੀ ਪੜਤਾਲ ਕਰਨ ਲਈ ਪੇਪਰ ਮੰਗ ਲੈਂਦਾ ਹੈ। ਤੁਸੀਂ ਕਿੰਨੇ ਸਾਲਾਂ ਤੋਂ ਨੌਕਰੀ ਕਰ ਰਹੇ ਹੋ ਜਾਂ ਤੁਹਾਡੀ ਲਗਾਤਾਰ ਕਮਾਈ ਕਦੋਂ ਤੋਂ ਕਿੰਨੀ ਹੈ। ਇਸ ਦੇ ਨਾਲ ਨਾਲ ਉਸ ਨੇ ਇਹ ਵੀ ਦੇਖ ਲੈਣਾ ਹੁੰਦਾ ਹੈ ਕਿ ਤੁਹਾਡੀ ਨੌਕਰੀ ਵਿਚ ਖੜੋਤ ਜਾਂ ਬ੍ਰੇਕ ਤਾਂ ਨਹੀਂ ਆਈ ਤੇ ਨੌਕਰੀ ਵਿਚ ਬ੍ਰੇਕ ਪੈਣ ਦੇ ਕੀ ਕੀ ਕਾਰਨ ਸਨ। ਉਹ ਇਸ ਗੱਲ ਦੀ ਵੀ ਪੜਤਾਲ ਕਰੇਗਾ ਕਿ ਤੁਸੀਂ ਮੌਜੂਦਾ ਕੀ ਕਰ ਰਹੇ ਹੋ ਜਾਂ ਫਿਰ ਕਿੱਥੇ ਕਿਸ ਪ੍ਰਕਾਰ ਦੀ ਨੌਕਰੀ ਵਿਚ ਕਿਹੜੇ ਅਹੁਦੇ 'ਤੇ ਹੋ।

ਭੈੜੇ ਤੇ ਮਾੜੇ ਸਕੋਰਾਂ ਕਰਕੇ ਤੁਸੀਂ ਦੇਖ ਚੁੱਕੇ ਹੋ ਕਿ ਆਟੋ ਮੋਬਾਈਲ ਫਾਈਨੈਂਸਿੰਗ ਉਤੇ ਭਾਵੇਂ ਬਹੁਤ ਭੈੜਾ ਅਸਰ ਪੈਂਦਾ ਹੈ, ਪਰ ਘਰ ਦੀ ਖਰੀਦਦਾਰੀ ਕਰਨ ਸਮੇਂ ਇਸ ਦੇ ਮੁਕਾਬਲਤਨ ਬਹੁਤ ਹੀ ਘੱਟ। ਇਸ ਦਾ ਕਾਰਨ ਇਹ ਹੈ ਕਿ ਸ਼ਾਹੂਕਾਰ ਨੂੰ ਜਾਂ ਘਰ ਗਹਿਣੇ ਰੱਖਣ ਵਾਲਿਆਂ ਨੂੰ ਭਲੀ-ਭਾਂਤ ਪਤਾ ਹੁੰਦਾ ਹੈ ਕਿ ਜਿਵੇਂ ਜਿਵੇਂ ਕਾਰ, ਟਰੱਕ ਜਾਂ ਹੋਰ ਕੋਈ ਵ੍ਹੀਕਲ ਪੁਰਾਣੇ ਹੋਈ ਜਾਣੇ ਹਨ ਤਾਂ ਇਨ੍ਹਾਂ ਦੀਆਂ ਕੀਮਤਾਂ ਕਾਫੀ ਘੱਟ ਜਾਂਦੀਆਂ ਹਨ।

ਇਸ ਦੇ ਉਲਟ ਸ਼ਾਹੂਕਾਰਾਂ ਅਤੇ ਲੈਂਡਰ ਸੰਸਥਾਵਾਂ ਨੂੰ ਇਹ ਪੱਕੀ ਆਸ ਹੁੰਦੀ ਹੈ ਕਿ ਘਰਾਂ ਦੀਆਂ ਕੀਮਤਾਂ ਭਾਵੇਂ ਕੁਝ ਸਮੇਂ ਲਈ ਘਟ ਜਾਣ, ਪਰ ਅੰਤ 30 ਸਾਲਾਂ ਵਿਚ ਇਨ੍ਹਾਂ ਨੇ ਕੌੜੀ ਵੇਲ ਵਾਂਗ ਵਧ ਹੀ ਜਾਣਾ ਹੁੰਦਾ ਹੈ। ਇਸ ਲਈ ਵਿਆਜੂ ਰਕਮ ਜੋ ਤੁਸੀਂ ਘਰ ਲੈਣ ਲਈ ਹਾਸਲ ਕਰਦੇ ਹੋ, ਉਸ ਉਪਰ ਵਿਆਜ ਦੀ ਦਰ ਵ੍ਹੀਕਲ ਦਾ ਲੋਨ ਲੈਣ ਦੀ ਦਰ ਨਾਲੋਂ ਹਮੇਸ਼ਾ ਘੱਟ ਹੀ ਰਹਿੰਦੀ ਹੈ।

ਫਿਰ ਵੀ ਜੇ ਤੁਸੀਂ 2 ਲੱਖ ਡਾਲਰ ਦਾ ਘਰ ਮਾੜੇ ਜਾਂ ਘੱਟ ਸਕੋਰਾਂ ਕਰਕੇ ਖਰੀਦਦੇ ਹੋ ਤੇ ਇਸ ਘਰ 'ਤੇ ਲਏ ਹੋਏ ਕਰਜ਼ੇ ਦੀ ਰਕਮ 30 ਸਾਲਾਂ ਵਿਚ ਵਿਆਜ ਸਮੇਤ ਮੋੜਦੇ ਹੋ ਤਾਂ ਵੀ ਤੁਹਾਨੂੰ ਇਨ੍ਹਾਂ ਭੈੜੇ ਸਕੋਰਾਂ ਕਰਕੇ ਇਕ ਲੱਖ ਡਾਲਰ ਤੋਂ ਦੋ ਲੱਖ ਸੱਠ ਹਜ਼ਾਰ ਡਾਲਰ ਤੱਕ ਦੇ ਵਾਧੂ ਵਿਆਜ ਦੀ ਰਕਮ ਦੀ ਚੱਟੀ ਭਰਨੀ ਪੈਣੀ ਹੈ। ਪੂਰੇ ਵੇਰਵੇ ਹੇਠਾਂ ਦਿੱਤੇ ਜਾਂਦੇ ਹਨ:

ਘਰ ਦੋ ਲੱਖ ਡਾਲਰ ਪੇ ਆਫ 30 ਸਾਲ

ਕਰੈਡਿਟ>ਵਿਆਜ ਦਾ ਰੇਟ>ਕਿਸ਼ਤ> ਚੱਟੀ

ਠੀਕ>7%>$1310.60>ਕੋਈ ਨਹੀਂ

ਦਰਮਿਆਨਾ>9%>$1609.24>$100310.48

ਭੈੜਾ>12%>$2057.22>$261583.26

ਭੈੜੀ ਸਿਹਤ ਕਰਕੇ ਤੁਹਾਨੂੰ ਸੈਂਕੜੇ ਡਾਲਰ ਹਰ ਮਹੀਨੇ ਡਾਕਟਰਾਂ ਦੀਆਂ ਫੀਸਾਂ 'ਤੇ ਜਾਂ ਫਿਰ ਦੁਆਈਆਂ 'ਤੇ ਵਾਧੂ ਤੇ ਵਿਅਰਥ ਦੇ ਭਰਨੇ ਪੈਣੇ ਹਨ। ਠੀਕ ਇਸੇ ਤਰ੍ਹਾਂ ਜੇ ਤੁਹਾਡੀ ਪੈਸੇ ਧੇਲੇ ਸੰਬੰਧੀ ਸਿਹਤ ਠੀਕ ਨਹੀਂ ਤੇ ਤੁਸੀਂ ਮਾਇਕ ਤੌਰ 'ਤੇ ਬਿਮਾਰ ਹੋ ਤਾਂ ਵੀ ਤੁਹਾਨੂੰ ਹਰੇਕ ਮਹੀਨੇ ਸੈਂਕੜੇ ਡਾਲਰਾਂ ਦੀ ਰਕਮ ਵਾਧੂ ਵਿਚ ਹਰਜਾਨੇ ਦੇ ਇਵਜ਼ ਵਿਚ ਭਰਨੀ ਪੈਣੀ ਹੈ। ਸੋ ਸਮਝਦਾਰੀ ਵਰਤਦੇ ਹੋਏ ਅਮਰੀਕਾ ਵਿਚ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਤੇ ਮਾਇਕ ਜਾਂ ਵਿੱਤੀ ਸਿਹਤ ਨੂੰ ਵੀ ਵਧੀਆ ਸਕੋਰ ਰੱਖ ਕੇ ਹਮੇਸ਼ਾ ਵਧੀਆ ਤੇ ਉੱਚ ਦਰਜੇ ਦੀ ਰੱਖੋ।

ਮੈਂ ਪਹਿਲਾਂ ਸੰਖੇਪ ਵਿਚ ਦੱਸ ਚੁੱਕਾ ਹਾਂ ਕਿ ਤੁਹਾਡੀ ਫਾਈਨੈਂਸ਼ੀਅਲ ਸਿਹਤ ਨੂੰ ਕਿਹੜੇ ਕਿਹੜੇ ਫੈਕਟਰ ਜਾਂ ਤੱਤ ਪ੍ਰਭਾਵਤ ਕਰਦੇ ਹਨ। ਹੁਣ ਇਥੇ ਵਿਸਥਾਰ ਸਹਿਤ ਇਨ੍ਹਾਂ ਪੰਜ ਫੈਕਟਰਾਂ ਦੀ ਚੀਰ ਫਾੜ ਕਰਦਾ ਹੋਇਆ ਤੇ ਤੁਹਾਨੂੰ ਗਿਆਨ ਦਿੰਦਾ ਹੋਇਆ ਹੋਰ ਅੱਗੇ ਵਧਾਂਗਾ।

### ਪੰਜ ਕਾਰਕ ਤੇ ਸਕੋਰ

ਕਰੈਡਿਟ ਸਕੋਰਾਂ ਦੀਆਂ ਗਿਣਤੀਆਂ ਮਿਣਤੀਆਂ ਕਰਕੇ ਇਨ੍ਹਾਂ ਨੂੰ ਕੈਲਕੁਲੇਟ ਕਰਕੇ ਇਕ ਸੰਖਿਆ ਤੀਕ ਪਹੁੰਚਣ ਲਈ, ਜੋ ਬਿਊਰਜ਼ ਫੈਕਟਰਾਂ ਜਾਂ ਕਾਰਕਾਂ ਜਾਂ ਤੱਤਾਂ ਨੂੰ ਘੋਖਦੇ ਹਨ, ਇਨ੍ਹਾਂ ਨੂੰ ਬਕਾਇਦਾ ਪੰਜ ਸ਼੍ਰੇਣੀਆਂ ਵਿਚ ਵੰਡ ਕੇ ਦਰਜਾਬੰਦੀ ਤੇ ਵਿਉਂਤਬੰਦੀ ਕੀਤੀ ਹੋਈ ਹੈ। ਇਨ੍ਹਾਂ ਪੰਜ ਫੈਕਟਰਾਂ ਦਾ ਵਾਸਤਾ ਹਮੇਸ਼ਾ ਤੁਹਾਡੇ ਸਕੋਰਾਂ ਨਾਲ ਇਕ ਸੇਧ ਵਿਚ ਰਹਿੰਦਾ ਹੈ। ਇਹ ਤੱਤ ਤੁਹਾਡੇ ਸਕੋਰਾਂ ਨੂੰ ਪ੍ਰਭਾਵਤ ਵੀ ਇਸ ਤਰ੍ਹਾਂ ਕਰਦੇ ਹਨ ਜਿਵੇਂ ਲੱਕੜੀ ਨੂੰ ਘੁਣ, ਕੀੜੀ ਜਾਂ ਸਿਉਂਕ।

ਪਹਿਲਾ ਫੈਕਟਰ 35%, ਦੂਜਾ ਫੈਕਟਰ 30%, ਤੀਜਾ ਫੈਕਟਰ 15%, ਚੌਥਾ ਫੈਕਟਰ 10% ਤੇ ਪੰਜਵਾਂ ਫੈਕਟਰ ਵੀ 10% ਤੁਹਾਡੇ ਸਕੋਰਾਂ ਨੂੰ ਪ੍ਰਭਾਵਤ ਕਰਦਾ ਹੋਇਆ 100% ਜੋੜ ਪੰਜਾਂ ਫੈਕਟਰਾਂ ਦਾ ਬਣ ਜਾਵੇਗਾ।

**ਪੇਮੈਂਟ ਹਿਸਟਰੀ 35%:** ਤੁਹਾਡੇ ਸਾਰੇ ਅਕਾਊਂਟਾਂ ਦੇ ਇਤਿਹਾਸ ਤੇ ਪਿਛੋਕੜ ਦਾ ਇਸ ਫੈਕਟਰ ਤਹਿਤ ਨਿਰੀਖਣ ਤੇ ਵਿਸ਼ਲੇਸ਼ਣ ਹੋਣਾ ਹੁੰਦਾ ਹੈ। ਇਨ੍ਹਾਂ ਅਕਾਊਂਟਾਂ ਵਿਚ ਸ਼ਾਮਲ ਹਨ ਤੁਹਾਡੇ ਕਰੈਡਿਟ ਕਾਰਡ, ਪ੍ਰਚੂਨ ਅਕਾਊਂਟ ਜਾਂ ਜਿਹੜੇ ਤੁਸੀਂ ਡੀਪਾਰਟਮੈਂਟਲ ਸਟੋਰਾਂ ਤੋਂ ਕਰੈਡਿਟ ਕਾਰਡ ਲੈ ਰੱਖੇ ਹਨ, ਕਿਸ਼ਤਾਂ ਵਾਲੇ ਲੋਨ, ਫਾਈਨੈਂਸ ਕੰਪਨੀਆਂ ਦੇ ਅਕਾਊਂਟ ਆਦਿ।

ਇਸ ਦੇ ਨਾਲ ਨਾਲ ਤੁਹਾਡੇ ਵਿਰੁਧ ਗਏ ਫੈਸਲੇ, ਬੈਂਕਰਪਸੀਆਂ, ਮੁਕੱਦਮੇ, ਲੀਅਨਜ਼ ਤੇ ਸਾਰੀਆਂ ਉਗਰਾਹੀਆਂ ਵੀ ਆ ਜਾਂਦੀਆਂ ਹਨ। ਇਨ੍ਹਾਂ ਵਿਚ ਕਈ ਆਈਟਮਾਂ ਤਾਂ ਬਹੁਤ ਹੀ ਨਾਜ਼ੁਕ, ਚਿੰਤਾਜਨਕ ਤੇ ਖਤਰਨਾਕ ਹੁੰਦੀਆਂ ਹਨ। ਪਰ ਤੁਹਾਡੀ ਜਾਣਕਾਰੀ ਲਈ ਨਵੀਆਂ ਆਈਟਮਾਂ ਨੂੰ ਪੁਰਾਣੀਆਂ ਆਈਟਮਾਂ ਨਾਲੋਂ ਵਧੇਰੇ ਚਿੰਤਾਜਨਕ ਤੇ ਖਤਰਨਾਕ ਮੰਨਿਆ ਜਾਂਦਾ ਹੈ।

ਲੇਟ ਜਾਂ ਬਿਲਕੁਲ ਨਾ ਅਦਾ ਕੀਤੀਆਂ ਗਈਆਂ ਕਿਸ਼ਤਾਂ ਦਾ ਪੁੱਠਾ ਅਸਰ ਤਿੰਨ ਫੈਕਟਰਾਂ ਕਰਕੇ ਜਾਣਿਆ ਜਾਂਦਾ ਹੈ। ਪਹਿਲਾ ਫੈਕਟਰ ਜਾਂ ਤੱਤ ਹੈ ਨਵੀਨਤਾ ਜਾਂ ਪੁਰਾਤਨਤਾ ਜਾਂ ਰੀਸੈਂਸੀ ਇਸ ਫੈਕਟਰ ਵਿਚ ਦੇਖਿਆ ਜਾਂਦਾ ਹੈ, ਤੁਸੀਂ ਪੁਰਾਣੇ ਸਮੇਂ ਵਿਚ ਅਦਾਇਗੀਆਂ ਕਰਨ ਦੀਆਂ ਕਿੰਨੀਆਂ ਤੇ ਕਿਉਂ ਦੇਰੀਆਂ ਕੀਤੀਆਂ ਸਨ। ਇਕ ਮਹੀਨਾ ਹੁਣੇ ਹੁਣੇ ਤਾਜ਼ੀ ਦੇਰ ਨਾਲ ਦਿੱਤੀ ਗਈ ਕਿਸ਼ਤ ਨੇ ਪੰਜ ਸਾਲ ਪਹਿਲਾਂ 90 ਦਿਨ ਦੇਰੀ ਨਾਲ ਦਿੱਤੀ ਗਈ ਕਿਸ਼ਤ ਨਾਲੋਂ ਕਿਤੇ ਵਧ ਭੈੜਾ ਅਸਰ ਤੁਹਾਡੇ ਫਾਈਕੋ ਸਕੋਰਾਂ 'ਤੇ ਪਾਉਣਾ ਹੈ।

ਦੂਜਾ ਫੈਕਟਰ ਹੈ ਸਵੀਅਰਟੀ ਜਾਂ ਕਠੋਰਤਾ। ਇਸ ਫੈਕਟਰ ਵਿਚ ਵਿਚਾਰਨ ਵਾਲੀ ਗੱਲ ਹੋਣੀ ਹੈ ਕਿ ਤੁਹਾਡੀਆਂ ਪਛੜ ਕੇ ਜਾਂ ਦੇਰੀ ਨਾਲ ਅਦਾ ਕੀਤੀਆਂ ਗਈਆਂ ਕਿਸ਼ਤਾਂ ਦਾ ਮੁੱਖ ਪੱਧਰ ਕੀ ਸੀ। ਸੰਖੇਪ ਵਿਚ ਬਿਊਰੋਜ਼ ਨੇ ਦੇਖਣਾ ਹੁੰਦਾ ਹੈ ਕਿ ਤੁਸੀਂ ਕਿਸ਼ਤ 30 ਦਿਨ, 60 ਦਿਨ ਜਾਂ ਫਿਰ 90 ਦਿਨ ਅਤੇ ਜਾਂ ਫਿਰ ਇਸ ਤੋਂ ਵੀ ਹੋਰ ਸਮੇਂ ਲਈ ਲੇਟ ਕੀਤੀ ਸੀ।

ਤੁਹਾਡੇ ਫਾਈਕੋ ਸਕੋਰਾਂ ਉਪਰ ਸਭ ਤੋਂ ਵਧ ਭੈੜਾ ਅਸਰ ਇਸ ਕਰਕੇ ਵੀ ਪੈ ਜਾਣਾ ਹੁੰਦਾ ਹੈ ਕਿ ਵਰਤਮਾਨ ਸਮੇਂ ਵਿਚ ਵੀ ਤੁਹਾਡੇ ਲੋਨ ਦੀਆਂ ਜਾਂ ਫਿਰ ਹੋਰ ਦੇਣਦਾਰੀਆਂ ਤੇ ਉਗਰਾਹੀਆਂ ਦੀਆਂ ਕਿੰਨੀਆਂ ਕਿਸ਼ਤਾਂ ਅਤੇ ਕਿੰਨੀ ਕਿੰਨੀ ਰਕਮ ਦੀਆਂ ਅਜੇ ਪੈਂਡਿੰਗ ਪਈਆਂ ਹਨ।

ਤੀਸਰਾ ਫੈਕਟਰ ਹੈ ਪ੍ਰੀਵੇਲੈਂਸ ਜਾਂ ਪੂਰਵ ਨਾਂਹ ਨੁਕਰਾਂ ਤੇ ਅੜਚਣ। ਇਸ ਫੈਕਟਰ ਵਿਚ ਉਨ੍ਹਾਂ ਨੇ ਇਸ ਗੱਲ ਦੀ ਘੋਖ ਤੇ ਪੜਤਾਲ ਕਰਨੀ ਹੁੰਦੀ ਹੈ ਕਿ ਪਿਛੋਕੜ ਵਿਚ ਤੁਹਾਨੂੰ ਲੋਨ ਲੈਣ ਲਈ ਕਿੰਨੀਆਂ ਅੜਚਨਾ ਆ ਚੁੱਕੀਆਂ ਹਨ। ਇਸ ਤੋਂ ਵੀ ਅੱਗੇ ਜੇ ਤੁਹਾਡੇ ਪਾਸ ਪੰਜ ਅਕਾਊਂਟ ਹਨ ਤੇ ਤੁਸੀਂ ਤਿੰਨ ਅਕਾਊਂਟਾਂ ਦੀਆਂ ਪੇਮੈਂਟਾਂ ਲੇਟ ਦਿੱਤੀਆਂ ਹਨ ਤੇ ਇਸ ਦੇ ਉਲਟ ਜੇ ਤੁਹਾਡੇ ਪਾਸ 10 ਕਰੈਡਿਟ ਕਾਰਡਾਂ ਦੇ ਅਕਾਊਂਟ ਸਨ ਤੇ ਤੁਸੀਂ ਚਾਰ ਪੇਮੈਂਟਾਂ ਦੀ ਅਦਾਇਗੀ ਲੇਟ ਦਿੱਤੀ ਸੀ ਤਾਂ ਪਹਿਲਾਂ ਵਾਲੇ 3 ਅਕਾਊਂਟਾਂ ਦੀ ਅਦਾਇਗੀ ਦੇਰ ਨਾਲ ਕਰਨ ਕਰਕੇ ਤੁਹਾਡੇ ਫਾਈਕੋ ਸਕੋਰਾਂ ਦਾ ਜ਼ਿਆਦਾ ਨੁਕਸਾਨ ਹੋ ਜਾਣਾ ਹੈ। ਸੋ, ਮੋਟਾ ਫੰਡਾ ਇਹ ਹੈ ਕਿ ਤੁਹਾਡੇ ਵਲੋਂ ਸਮੇਂ ਸਿਰ ਕੀਤੀਆਂ ਹੋਈਆਂ ਅਦਾਇਗੀਆਂ ਕਰਕੇ ਤੁਹਾਡੇ ਫਾਈਕੋ ਸਕੋਰਾਂ ਨੇ ਹਮੇਸ਼ਾ ਆਪਣੀ ਚੜ੍ਹਤ ਬਣਾ ਕੇ ਇਸ ਨੂੰ ਬਰਕਰਾਰ ਰੱਖਣਾ ਹੈ।

**ਮੋੜੀ ਰਕਮ 30%:** 30% ਤੁਹਾਡੇ ਸਕੋਰਾਂ ਉੱਪਰ ਇਸ ਗੱਲ ਦਾ ਅਸਰ ਪੈਣਾ ਹੁੰਦਾ ਹੈ ਕਿ ਤੁਸੀਂ ਆਪਣੇ ਕਰੈਡਿਟ ਕਾਰਡਾਂ ਵਾਲੀ ਰਕਮ ਦਾ ਕਿੰਨਾ ਵਧ ਜਾਂ ਕਿੰਨਾ ਘੱਟ ਹਿੱਸਾ ਵਰਤਦੇ ਹੋ। ਤੁਸੀਂ ਕਰੈਡਿਟ ਕਾਰਡਾਂ ਵਾਲੀ ਰਕਮ ਭਾਵੇਂ ਸਮੇਂ ਸਿਰ ਦੇਈ ਜਾਂਦੇ ਹੋ, ਫਿਰ ਵੀ 30% ਤੁਹਾਡੇ ਸਕੋਰਾਂ ਉਪਰ ਇਸ ਗੱਲ ਦਾ ਵੀ ਅਸਰ ਪੈ ਜਾਣਾ ਹੈ ਕਿ ਤੁਹਾਡੀ ਮੌਜੂਦਾ ਸਟੇਟਮੈਂਟ ਵਿਚ ਟੋਟਲ ਕਰੈਡਿਟ ਕਾਰਡਾਂ ਦਾ ਕਿੰਨਾ ਬਕਾਇਆ ਅਜੇ ਬਾਕੀ ਹੈ। ਭਾਵੇਂ ਤੁਹਾਡੇ ਪਾਸ ਬਿਲਕੁਲ ਘੱਟ ਹੱਦ ਵਾਲੇ ਕਰੈਡਿਟ ਕਾਰਡ ਹਨ ਤੇ ਤੁਸੀਂ ਇਨ੍ਹਾਂ ਉਪਰ ਸੀਮਤ ਹੱਦ ਵਿਚ ਹੀ ਰਹਿ ਕੇ ਖਰਚ ਕਰਦੇ ਹੋ ਤੇ ਕੋਈ ਅਦਾਇਗੀ ਲੇਟ ਨਹੀਂ ਕਰਦੇ। ਇਸ ਤੋਂ ਸਾਫ ਸਿੱਧ ਹੋ ਜਾਵੇਗਾ ਕਿ ਤੁਹਾਡੀ ਵਿੱਤੀ ਸਿਹਤ ਠੀਕ ਹੈ ਤੇ ਤੁਸੀਂ ਆਪਣੇ ਕਰੈਡਿਟ ਕਾਰਡਾਂ ਨੂੰ ਬਾਖੂਬੀ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਬਹੁਤ ਹੀ ਵਧੀਆ ਤੇ ਸਿਆਣਪ ਭਰੇ ਤਰੀਕੇ ਨਾਲ ਵਰਤ ਰਹੇ ਹੋ।

ਤੁਹਾਡੇ ਕਰੈਡਿਟ ਸਕੋਰਾਂ ਉਪਰ ਇਸ ਗੱਲ ਦਾ ਵੀ ਅਸਰ ਪੈਣਾ ਹੈ ਕਿ ਤੁਸੀਂ ਕਿੰਨੇ ਅਕਾਊਂਟ ਖੋਲ੍ਹ ਰੱਖੇ ਹਨ ਤੇ ਇਨ੍ਹਾਂ ਵਿਚ ਖਰਚ ਕਰਨ ਦੀ ਬਕਾਇਆ ਰਕਮ ਅਜੇ ਕਿੰਨੀ ਮੌਜੂਦ ਹੈ।

ਮੰਨ ਲਉ ਤੁਸੀਂ ਅਕਾਊਂਟ ਤਾਂ ਜ਼ਿਆਦਾ ਖੋਲ੍ਹ ਰੱਖੇ ਹਨ। ਇਸ ਦੇ ਨਾਲ ਨਾਲ ਇਨ੍ਹਾਂ ਅਕਾਊਂਟਾਂ ਵਿਚ ਖਰਚਣਯੋਗ ਰਕਮਾਂ ਕਾਫੀ ਘੱਟ ਬਚੀਆਂ ਹੋਈਆਂ ਹਨ, ਤਾਂ ਇਹ ਜ਼ਿਆਦਾ ਚਿੰਤਾ ਵਾਲੀ ਗੱਲ ਹੋਣ ਕਰਕੇ ਤੁਹਾਡੇ ਸਕੋਰਾਂ ਨੇ ਥੱਲੇ ਡਿੱਗ ਪੈਣਾ ਹੈ।

*(ਬਾਕੀ ਅਗਲੇ ਅੰਕ 'ਚ)*

**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**

**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250


**ਡਾਇਮੰਡ ਹੇਅਰ ਕਟਿੰਗ ਸਲੂਨ**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**For men, women & Children**

Make-up
Hair cut
Perm
Hair styler



Color
Facial, Threading
Bridal Make-up
Body Art (Henna)

**TONY**
**26655 Mission Blvd. Hayward, CA 94544**

***Wednesday thru Monday 10 am to 7pm, Sunday 11 am to 6.00 pm Tuesday closed***


**Ph: 510-582-2472 Cell: (510) 825-0820**

**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



**RAJ SINGH**
**M.A., M.Ed Retd. Principal**
**Realtor & Financial Adviser**
**Lic#01776459 & OG22467**

**ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।**

**Refinance, Home Loan, SBA Loan**
**(All at Best Rates)**

**RAJ SINGH**

**Notary Free**

**Cell:510-452-7370**

***30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।***

MISSIONPEAK BROKERS, INC. PEAK OF EXCELLENCE

**46560 Fremont Blvd.**
**Suite #111 Fremont,**
**CA 94538**
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 18 ਜੁਲਾਈ, 2009


*ਵਿੱਤੀ ਫਿਕਰਾਂ ਸਮੇਂ ਵਿਅਕਤੀਗਤ ਆਜ਼ਾਦੀ ਮਾਅਨੇ ਨਹੀਂ ਰੱਖਦੀ-ਚੈਸਟਰ ਬੋਵਲਸ*

## ਸੰਪਾਦਕੀ

## ਜੀ-8 ਸੰਮੇਲਨ ਦੇ ਫੈਸਲੇ

ਹਾਲ ਹੀ ਵਿਚ ਇਟਲੀ ਦੇ ਸ਼ਹਿਰ ਲਾਕੁਇਲਾ ਵਿਚ ਹੋਈ ਜੀ-8 ਅਤੇ ਜੀ-5 ਮੁਲਕਾਂ ਦੀ ਮੀਟਿੰਗ ਵਿਚ ਸੰਸਾਰ ਆਰਥਿਕਤਾ, ਅਤਿਵਾਦ ਅਤੇ ਵਾਤਾਵਰਨ ਵਿਚ ਆ ਰਹੀਆਂ ਤਬਦੀਲੀਆਂ ਸਬੰਧੀ ਕੁਝ ਮਹੱਤਵਪੂਰਨ ਫੈਸਲੇ ਲਏ ਗਏ ਹਨ। ਜੀ-8 ਮੁਲਕਾਂ ਦੀ ਸਿਖਰ ਮੀਟਿੰਗ ਵਿਚ ਵਾਅਦਾ ਕੀਤਾ ਗਿਆ ਹੈ ਕਿ ਗਰੀਬ ਦੇਸ਼ਾਂ ਵਿਚ ਖੇਤੀ ਉਤਪਾਦਨ ਵਧਾਉਣ ਲਈ ਆਉਂਦੇ ਤਿੰਨ ਸਾਲਾਂ ਦੌਰਾਨ 20 ਅਰਬ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਇਨ੍ਹਾਂ ਦੇਸ਼ਾਂ ਦੇ ਆਗੂਆਂ ਅਨੁਸਾਰ ਇਸ ਨਿਵੇਸ਼ ਦਾ ਮਕਸਦ ਭੁੱਖਮਰੀ ਦਾ ਟਾਕਰਾ ਕਰਨਾ ਹੈ। ਇਸ ਤੋਂ ਇਲਾਵਾ ਜੀ-8 ਅਤੇ ਜੀ-5 ਦੀਆਂ ਮੀਟਿੰਗਾਂ ਦੌਰਾਨ ਦੋਹਾਂ ਜਥੇਬੰਦੀਆਂ ਨੂੰ ਇਕ ਕਰਕੇ ਜੀ-14 ਦੇ ਰੂਪ ਵਿਚ ਇਕੋ ਸਾਂਝੀ ਜਥੇਬੰਦੀ ਬਣਾਉਣ ਦੀ ਵੀ ਵਕਾਲਤ ਕੀਤੀ ਗਈ ਹੈ। ਜੀ-8 ਅਤੇ ਜੀ-5 ਮੁਲਕਾਂ ਦੇ ਆਗੂਆਂ ਦਾ ਆਖਣਾ ਹੈ ਕਿ ਜੀ-14 ਦੇ ਘੇਰੇ ਵਿਚ ਵਿਸ਼ਵ ਦੀ 80 ਫੀਸਦੀ ਜਨਸੰਖਿਆ ਆ ਜਾਵੇਗੀ। ਇਸ ਕਰਕੇ ਸਮੁੱਚੇ ਕੌਮਾਂਤਰੀ ਮਸਲੇ ਆਸਾਨੀ ਨਾਲ ਹੱਲ ਕੀਤੇ ਜਾ ਸਕਣਗੇ। ਵਿਸ਼ਵ ਦੇ ਇਨ੍ਹਾਂ ਆਗੂਆਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਅਮੀਰ ਦੇਸ਼ ਗਰੀਬ ਦੇਸ਼ਾਂ ਦੀ ਖੇਤੀ ਵਿਚ ਵੱਡਾ ਨਿਵੇਸ਼ ਕਰਨ ਲਈ ਤਿਆਰ ਹਨ। ਇਸ ਤੋਂ ਇਲਾਵਾ ਹੰਗਾਮੀ ਹਾਲਤਾਂ ਵਿਚ ਗਰੀਬ ਦੇਸ਼ਾਂ ਨੂੰ ਅਨਾਜ ਮੁਹੱਈਆ ਕਰਵਾਉਣ ਦੇ ਵਾਅਦੇ ਵੀ ਕੀਤੇ ਗਏ ਹਨ। ਗਰੀਬ ਦੇਸ਼ਾਂ ਵਿਚ ਕੀਤੇ ਜਾਣ ਵਾਲੇ 20 ਅਰਬ ਡਾਲਰ ਦੇ ਨਿਵੇਸ਼ ਵਿਚੋਂ ਸੰਯੁਕਤ ਰਾਸ਼ਟਰ ਦੁਆਰਾ 3.5 ਅਰਬ ਡਾਲਰ ਨਿਵੇਸ਼ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਜਾਪਾਨ ਅਤੇ ਯੂਰਪੀਅਨ ਯੂਨੀਅਨ ਨੇ ਵੀ 3 ਅਰਬ ਡਾਲਰ ਦਾ ਹਿੱਸਾ ਪਾਉਣ ਦਾ ਵਾਅਦਾ ਕੀਤਾ ਹੈ। ਮੀਟਿੰਗ ਵਿਚ ਮੌਜੂਦ ਆਗੂਆਂ ਨੇ ਅਨਾਜ ਦੇ ਨਿਰਯਾਤ ਉਪਰ ਪਾਬੰਦੀਆਂ ਲਾਉਣ ਦੀ ਵੀ ਨਿਖੇਧੀ ਕੀਤੀ ਅਤੇ ਪੀੜਤ ਖੇਤਰਾਂ ਵਿਚ ਰਾਹਤ ਪਹੁੰਚਾਉਣ ਵੇਲੇ ਪਾਈਆਂ ਜਾਣ ਵਾਲੀਆਂ ਕਿਸੇ ਵੀ ਕਿਸਮ ਦੀਆਂ ਬੰਦਸ਼ਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕੀਤੀ ਹੈ।

ਇਸ ਦੌਰਾਨ ਇਟਲੀ ਦੇ ਰਾਸ਼ਟਰਪਤੀ ਸਿਲਵੀਓ ਬਾਰਲੁਸਕੋਨੀ ਨੇ ਜੀ-8 ਅਤੇ ਜੀ-5 ਜਥੇਬੰਦੀਆਂ ਮਿਲਾ ਕੇ ਜੀ-14 ਨਾਂ ਦਿੱਤੇ ਜਾਣ ਦੀ ਵੀ ਵਕਾਲਤ ਕੀਤੀ। ਬਰਾਜ਼ੀਲ ਦੇ ਰਾਸ਼ਟਰਪਤੀ ਐਲ.ਡੀ-ਸਿਲਵਾ ਨੇ ਵਿਸ਼ਵ ਪੱਧਰੀ ਮਸਲਿਆਂ ਨੂੰ ਮੁਖਾਤਬ ਹੋਣ ਦੀ ਮੰਗ ਕੀਤੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜੀ-8 ਦੀਆਂ ਹੋਣ ਵਾਲੀਆਂ ਮੀਟਿੰਗਾਂ ਸਮੇਂ ਹੁਣ ਹਮੇਸ਼ਾ ਜੀ-5 ਮੁਲਕਾਂ ਨੂੰ ਸੱਦਿਆ ਜਾਂਦਾ ਹੈ। ਜੀ-5 ਮੁਲਕਾਂ ਵਿਚ ਭਾਰਤ, ਚੀਨ, ਬ੍ਰਾਜ਼ੀਲ, ਦੱਖਣੀ ਅਫਰੀਕਾ ਅਤੇ ਮੈਕਸੀਕੋ ਸ਼ਾਮਲ ਹਨ। ਇਥੇ ਹੋਈਆਂ ਮੀਟਿੰਗਾਂ ਦੌਰਾਨ ਆਰਥਿਕ ਮੰਦੇ ਵਿਚ ਗਰੀਬ ਦੇਸ਼ਾਂ ਨੂੰ ਪਈ ਵਧਵੀਂ ਮਾਰ, ਸਨਅਤੀ ਸੁਰੱਖਿਆਵਾਦ, ਵਿਸ਼ਵ ਪੱਧਰੀ ਵਿੱਤੀ ਸੰਗਠਨਾਂ ਵਿਚ ਸੁਧਾਰ ਲਿਆਉਣ, ਵਿਸ਼ਵ ਵਪਾਰ ਸੰਸਥਾ, ਸੰਯੁਕਤ ਰਾਸ਼ਟਰੀ ਸਲਾਮਤੀ ਕੌਂਸਲ, ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਕੰਮਕਾਰ ਵਿਚ ਸੁਧਾਰ ਲਿਆਉਣ ਵਰਗੇ ਮਸਲੇ ਵੀ ਵਿਚਾਰੇ ਗਏ। ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਵੀ ਅਜਿਹੇ ਮੁੱਦਿਆਂ ਦੇ ਆਲੇ-ਦੁਆਲੇ ਹੀ ਵਿਚਾਰ ਚਰਚਾ ਕੀਤੀ। ਇਸ ਦੌਰਾਨ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਵਿਚ ਬੱਚਤ ਅਤੇ ਨਿਵੇਸ਼ ਦਰ ਕਾਫੀ ਉਪਰ ਉੱਠੀ ਹੈ, ਇਸੇ ਕਰਕੇ ਮੰਦੇ ਦੀ ਬਹੁਤੀ ਮਾਰ ਨਹੀਂ ਪਈ।

ਇਨ੍ਹਾਂ ਮੀਟਿੰਗਾਂ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ, ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਨਾਲ ਦੁਵੱਲੀਆਂ ਮੀਟਿੰਗਾਂ ਕੀਤੀਆਂ ਅਤੇ ਸੰਸਾਰ ਆਰਥਿਕਤਾ ਸਮੇਤ ਪ੍ਰਮੁੱਖ ਮਸਲਿਆਂ ਉਪਰ ਚਰਚਾ ਕੀਤੀ। ਭਾਰਤ ਅਨੁਸਾਰ ਮੀਟਿੰਗਾਂ ਦੌਰਾਨ ਸਭ ਤੋਂ ਪ੍ਰਮੁੱਖ ਮਸਲਾ ਜਲਵਾਯੂ ਦੀ ਤਬਦੀਲੀ ਦਾ ਰਿਹਾ। ਯਾਦ ਰਹੇ ਪੱਛੜੇ ਮੁਲਕ ਪਹਿਲਾਂ ਹੀ ਵਿਕਸਤ ਮੁਲਕਾਂ ਉਪਰ ਇਹ ਦੋਸ਼ ਲਾ ਰਹੇ ਹਨ ਕਿ ਸੰਸਾਰ ਵਾਤਾਵਰਨ ਨੂੰ ਵਿਗਾੜਨ ਵਿਚ ਵਿਕਸਤ ਦੇਸ਼ਾਂ ਨੇ ਹੀ ਪ੍ਰਮੁੱਖ ਭੂਮਿਕਾ ਨਿਭਾਈ ਹੈ, ਇਸ ਲਈ ਉਨ੍ਹਾਂ ਨੂੰ ਇਸ ਦੀ ਦਰੁਸਤੀ ਲਈ ਫੰਡਿੰਗ ਵਾਸਤੇ ਵੀ ਅੱਗੇ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਲੰਘੀ 9 ਜੁਲਾਈ ਨੂੰ ਜੀ-8 ਅਤੇ ਜੀ-5 ਮੁਲਕਾਂ ਨੇ ਇਕ ਸਾਂਝਾ ਐਲਾਨਨਾਮਾ ਪ੍ਰਵਾਨ ਕੀਤਾ, ਜਿਸ ਵਿਚ ਮੌਸਮੀ ਤਬਦੀਲੀਆਂ ਬਾਰੇ ਜੀ-5 ਦੇਸ਼ਾਂ ਦੇ ਪੱਖ ਨੂੰ ਮਾਨਤਾ ਦਿੱਤੀ ਗਈ। ਇਨ੍ਹਾਂ ਮੁਲਕਾਂ ਦੇ ਆਗੂਆਂ ਦਾ ਆਖਣਾ ਹੈ ਕਿ ਜਲਵਾਯੂ ਤਬਦੀਲੀ ਗੱਲਬਾਤ ਦਾ ਕੇਂਦਰੀ ਧੁਰਾ ਹੈ ਅਤੇ ਇਸ ਸਬੰਧੀ ਸਮਝੌਤਾ ਦਸਤਾਵੇਜ਼ ਤਕਰੀਬਨ ਤਿਆਰ ਹਨ, ਜੋ ਪ੍ਰਮੁੱਖ ਆਰਥਿਕ ਫੋਰਮ ਵਲੋਂ ਰਿਲੀਜ਼ ਕੀਤੇ ਜਾਣਗੇ।

ਜੀ-8 ਅਤੇ ਜੀ-5 ਦੀਆਂ ਮੀਟਿੰਗਾਂ ਦੌਰਾਨ ਵਾਤਾਵਰਨ 'ਚ ਤਬਦੀਲੀ ਦੇ ਮੁੱਦੇ ਉਤੇ ਗਰੀਨ ਟੈਕਨਾਲੋਜੀ ਪ੍ਰਾਜੈਕਟਾਂ ਦੇ ਸਾਂਝੇ ਵਿਕਾਸ ਦੀ ਗੱਲ ਵੀ ਤੁਰੀ। ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਗੋਰਡਨ ਬ੍ਰਾਊਨ ਨਾਲ ਇਸ ਕਿਸਮ ਦੇ ਪ੍ਰਾਜੈਕਟਾਂ ਸਬੰਧੀ ਵਿਚਾਰ ਚਰਚਾ ਵੱਖਰੇ ਤੌਰ 'ਤੇ ਵੀ ਕੀਤੀ। ਇੰਜ ਇਟਲੀ ਦੇ ਇਸ ਸ਼ਹਿਰ ਲਾਕੁਇਲਾ ਵਿਚ ਹੋਈਆਂ ਇਨ੍ਹਾਂ ਰਾਜਸੀ ਮੀਟਿੰਗਾਂ ਦੇ ਮੁੱਖ ਏਜੰਡੇ ਕੌਮਾਂਤਰੀ ਅਤਿਵਾਦ, ਵਾਤਾਵਰਣਿਕ ਤਬਦੀਲੀਆਂ ਅਤੇ ਆਰਥਿਕ ਮੰਦਾ ਹੀ ਰਹੇ। ਜਿਵੇਂ ਕਿ ਭਾਰਤੀ ਆਗੂਆਂ ਨੇ ਕਿਹਾ, ਸਾਰੀ ਗੱਲਬਾਤ ਦਾ ਧੁਰਾ ਜਲਵਾਯੂ ਵਿਚ ਤੇਜ਼ੀ ਨਾਲ ਵਾਪਰ ਰਹੀਆਂ ਤਬਦੀਲੀਆਂ ਦਾ ਉਭਰਿਆ।

ਉਂਜ ਇਹ ਭਾਵੇਂ ਜਲਵਾਯੂ ਵਿਚ ਆ ਰਹੀਆਂ ਤਬਦੀਲੀਆਂ ਹੋਣ ਜਾਂ ਆਰਥਿਕ ਮੰਦਾ ਅਤੇ ਜਾਂ ਅਤਿਵਾਦ, ਇਸ ਸਬੰਧੀ ਗਰੀਬ, ਵਿਕਾਸਸ਼ੀਲ ਅਤੇ ਵਿਕਸਤ ਮੁਲਕਾਂ ਵਿਚਕਾਰ ਆਪਸੀ ਰਾਜਨੀਤਿਕ ਮਤਭੇਦ ਹਾਲੇ ਵੀ ਜਾਰੀ ਹਨ। ਅਸਲ ਵਿਚ ਗਰੀਬ ਅਤੇ ਵਿਕਾਸਸ਼ੀਲ ਮੁਲਕ ਜ਼ੋਰ ਦੇ ਰਹੇ ਹਨ ਕਿ ਦੁਨੀਆਂ ਦੇ ਵਾਤਾਵਰਨ ਨੂੰ ਵਧੇਰੇ ਪ੍ਰਦੂਸ਼ਿਤ ਵਿਕਸਤ ਮੁਲਕਾਂ ਦਾ ਖ਼ਪਤਵਾਦੀ ਰਹਿਣ-ਸਹਿਣ ਹੀ ਕਰ ਰਿਹਾ ਹੈ, ਜਦਕਿ ਵਿਕਸਤ ਮੁਲਕਾਂ ਦਾ ਆਖਣਾ ਹੈ ਕਿ ਪਛੜੇ ਮੁਲਕਾਂ ਦੀ ਬਹੁਤ ਜ਼ਿਆਦਾ ਆਬਾਦੀ ਵਾਤਾਵਰਣਿਕ ਅਤੇ ਕੁਦਰਤੀ ਸੋਮਿਆਂ ਉਪਰ ਵਧਵਾਂ ਭਾਰ ਬਣ ਰਹੀ ਹੈ। ਵਾਤਾਵਰਣਿਕ ਤਬਦੀਲੀਆਂ ਨੂੰ ਲੈ ਕੇ ਦੋਵੇਂ ਧਿਰਾਂ ਇਕ ਦੂਜੇ ਨਾਲ ਉਲਝੀਆਂ ਹੋਈਆਂ ਹਨ। ਹਕੀਕਤ ਇਹ ਹੈ ਕਿ ਇਕ ਪਾਸੇ ਤਾਂ ਵਿਕਸਤ ਮੁਲਕਾਂ ਦਾ ਖ਼ਪਤਵਾਦੀ ਜੀਵਨ ਢੰਗ ਜਲਵਾਯੂ ਸਬੰਧੀ ਤਬਦੀਲੀਆਂ ਦਾ ਕਾਰਕ ਹੈ, ਦੂਜੇ ਪਾਸੇ ਪਛੜੇ ਮੁਲਕਾਂ ਦੀ ਵਧ ਰਹੀ ਬੇ-ਰੋਕ ਆਬਾਦੀ ਵੀ ਇਸ ਦਾ ਵੱਡਾ ਕਾਰਨ ਹੈ। ਇਸ ਲਈ ਦੋਨਾਂ ਧਿਰਾਂ ਨੂੰ ਸਬੰਧਤ ਮਸਲਿਆਂ 'ਤੇ ਇਕ ਦੂਜੇ ਨਾਲ ਸਹਿਯੋਗ ਕਰਨ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚਲੋ ਜਲਾਲਾਬਾਦ!

*ਵਰਕਰ ਭੂਤਰੇ ਕੁੱਟਦੇ ਅਫਸਰਾਂ ਨੂੰ,*
*ਪਿਆ ਤੱਕਦਾ ਦੇਸ਼ ਵਿਦੇਸ਼ ਰਹਿੰਦਾ।*
*ਦਿਨ ਸੁੱਖ ਦੇ ਚਾਰ ਦਿਨ ਲੰਘਦੇ ਨਾ,*
*ਪਿਆ ਕੋਈ ਨਾ ਕੋਈ ਕਲੇਸ਼ ਰਹਿੰਦਾ।*
*ਗੱਦੀ ਸੌਂਪਣੀ ਆਪਣੇ ਪੁੱਤ ਨੂੰ ਹੀ,*
*ਹਾਕਮ ਸੂਬੇ ਦਾ ਬੁੱਢ-ਵਰੇਸ ਕਹਿੰਦਾ।*
*ਬਿਜਲੀ ਆਵੇ ਨਾ ਆਵੇ ਪੰਜਾਬ ਅੰਦਰ,*
*ਚੋਣ-ਦੰਗਲ ਕੋਈ ਆਇਆ ਹਮੇਸ਼ ਰਹਿੰਦਾ!*

# ਪੰਜਾਬੀ ਪ੍ਰਵਾਸ ਦੇ ਕੁਝ ਨਵੇਂ ਰੁਝਾਨ

ਬਲਵਿੰਦਰ ਸਿੰਘ ਚਹਿਲ

ਅੱਜ ਕੱਲ੍ਹ ਪੰਜਾਬੀਆਂ ਨੇ ਵਿਦੇਸ਼ ਜਾਣ ਲਈ ਵਿਦਿਆਰਥੀ ਵੀਜ਼ਾ ਰੂਟ ਰਾਹੀਂ ਨਵਾਂ ਰਾਹ ਲੱਭ ਲਿਆ ਹੈ, ਜਿਸਨੂੰ ਮੈਂ ਆਪਣੀ ਪੁਸਤਕ 'ਆਖਿਰ ਪ੍ਰਵਾਸ ਕਿਉਂ?'' ਵਿਚ ਵਿਗੜਿਆ ਵਿਆਹ ਕਹਿ ਕੇ ਬਿਆਨਿਆ ਹੈ।

ਇਸ ਨਵੀਂ ਸਕੀਮ ਤਹਿਤ ਮਾਪੇ ਆਪਣੇ ਮੁੰਡੇ ਜਾਂ ਕੁੜੀ ਦਾ ਵਿਆਹ ਉਸ ਕੁੜੀ ਜਾਂ ਮੁੰਡੇ ਨਾਲ ਕਰਦੇ ਹਨ ਜਿਸ ਕੋਲ ਵਿਦੇਸ਼ੀ ਕਾਲਜ ਜਾਂ ਯੂਨੀਵਰਸਿਟੀ 'ਚ ਦਾਖਲਾ ਲੈਣ ਦੀ ਯੋਗਤਾ ਹੋਵੇ। ਇਸ ਯੋਗਤਾ ਦੀ ਪਰਖ ਲਈ ਉਨ੍ਹਾਂ ਦੇਸ਼ਾਂ ਨੇ ਅੰਗਰੇਜ਼ੀ ਦੀ ਜਾਣਕਾਰੀ ਦੇ ਟੈਸਟ ਰੱਖੇ ਹੋਏ ਹਨ ਜਿਵੇਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਆਇਲਟਸ ਦੇ ਆਧਾਰਤ ਦਾਖਲਾ ਦਿੰਦੇ ਹਨ। ਜਿਨ੍ਹਾਂ ਬੱਚਿਆਂ ਕੋਲ ਆਇਲਟਸ ਪਾਸ ਕਰਨ ਦੀ ਸ਼ਕਤੀ ਹੁੰਦੀ ਹੈ ਪਰ ਬਾਹਰਲੇ ਮੁਲਕ ਦੀ ਫੀਸ ਅਤੇ ਖਰਚਾ ਚੁੱਕਣ ਦੀ ਸਮਰੱਥਾ ਨਹੀਂ ਹੁੰਦੀ, ਉਹ ਦੂਜੀ ਧਿਰ ਅਜਿਹੀ ਲੱਭ ਲੈਂਦੇ ਹਨ ਜਿਸ ਕੋਲ ਆਇਲਟਸ ਪਾਸ ਨਹੀਂ ਹੁੰਦਾ ਪਰ ਖਰਚ ਖੇਚਲ ਕਰ ਸਕਦਾ ਹੈ। ਇਕ ਦੂਜੇ ਲਈ ਵਿਸਾਖੀਆਂ ਦਾ ਕੰਮ ਹੋ ਜਾਂਦਾ ਹੈ। ਮੁੰਡੇ ਜਾਂ ਕੁੜੀ ਵਿਚੋਂ ਇਕ ਜਣਾ ਪੜ੍ਹਾਈ ਆਧਾਰਤ ਦਾਖਲਾ ਲੈਂਦਾ ਹੈ ਅਤੇ ਦੂਜਾ ਪਤੀ ਜਾਂ ਪਤਨੀ ਦੇ ਰੂਪ ਵਿਚ ਕੰਮ ਕਰਨ ਦਾ ਪਰਮਿਟ (ਵਰਕ ਪਰਮਿਟ) ਹਾਸਲ ਕਰਦਾ ਹੈ। ਇਕੋ ਤੀਰ ਨਾਲ ਕਿੰਨੇ ਸ਼ਿਕਾਰ ਫੁੰਡੇ ਜਾਂਦੇ ਹਨ। ਮੁੰਡਾ, ਕੁੜੀ ਵਿਆਹੇ ਵੀ ਗਏ, ਆਪਣਾ ਖਰਚਾ ਵੀ ਆਪ ਤੋਰਨਗੇ ਅਤੇ ਬਾਹਰਲੇ ਮੁਲਕ ਜਾਣ ਦੀ ਤਮੰਨਾ ਵੀ ਪੂਰੀ ਹੋ ਗਈ। ਅਜਿਹੇ ਵਿਆਹ ਆਉਣ ਵਾਲੇ ਸਮੇਂ ਵਿਚ ਇਕ ਖਾਸ ਕਿਸਮ ਦਾ ਸਭਿਆਚਾਰਕ ਸੰਕਟ ਵੀ ਪੈਦਾ ਕਰ ਸਕਦੇ ਹਨ। ਮਸਲਨ ਕਿਸੇ ਕਾਰਨ ਤਲਾਕ ਹੋ ਜਾਵੇ, ਕੋਈ ਬੱਚਾ ਪੈਦਾ ਹੋ ਜਾਵੇ ਜਾਂ ਫਿਰ ਸਥਾਈ ਪ੍ਰਵਾਸ ਨਾ ਮਿਲ ਸਕੇ।

ਖੈਰ ਵਿਦਿਆਰਥੀ ਵੀਜ਼ੇ ਰਾਹੀਂ ਭੇਜੇ ਜਾ ਰਹੇ ਬੱਚਿਆਂ ਨੂੰ ਖੱਜਲ-ਖੁਆਰੀ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਮਾਪਿਆਂ ਨੂੰ ਪਤਾ ਹੋਵੇ ਕਿ ਬੱਚੇ ਦੀ ਵਿਦੇਸ਼ੀ ਪੜ੍ਹਾਈ ਦਾ ਉਨ੍ਹਾਂ ਲਈ ਕੀ ਮਨੋਰਥ ਹੈ? ਜੇ ਤਾਂ ਸਿਰਫ ਡਿਗਰੀ ਹਾਸਲ ਕਰਨ ਤੱਕ ਹੀ ਹੈ ਤਾਂ ਠੀਕ ਹੈ। ਡਿਗਰੀ ਉਪਰੰਤ ਬੱਚਾ ਭਾਵੇਂ ਬਾਹਰ ਸੈਟ ਹੋਵੇ ਭਾਵੇਂ ਭਾਰਤ 'ਚ ਕੁਝ ਹਾਸਲ ਕਰੇ, ਪਰ ਜੇ ਕਿਧਰੇ ਮਨ 'ਚ ਪੱਕੇ ਪ੍ਰਵਾਸ (ਪੀ.ਆਰ.) ਦੀ ਸਕੀਮ ਹੈ ਤਾਂ ਦਾਖਲੇ ਸਮੇਂ ਪੂਰੀ ਪੜਤਾਲ ਕਰਨੀ ਚਾਹੀਦੀ ਹੈ। ਬੱਚੇ ਦੀ ਲਿਆਕਤ, ਮਿਹਨਤ, ਪੜ੍ਹਾਈ ਦਾ ਸਮਾਂ, ਲੋੜੀਂਦਾ ਸਰਮਾਇਆ ਅਤੇ ਸਬੰਧਤ ਮੁਲਕ ਵਿਚ ਉਸ ਵਿਸ਼ੇਸ਼ ਪੜ੍ਹਾਈ ਦੀ ਕਿੰਨੀ ਕੁ ਲੋੜ ਹੈ। ਭਾਵ ਬੱਚਾ ਜਿਸ ਡਿਗਰੀ ਜਾਂ ਡਿਪਲੋਮੇ ਵਿਚ ਭੇਜਿਆ ਜਾ ਰਿਹਾ ਹੈ, ਉਸ ਦੀ ਪੂਰਤੀ ਉਪਰੰਤ ਪੀ.ਆਰ. (ਸਥਾਈ ਪ੍ਰਵਾਸ) ਮਿਲ ਸਕੇਗੀ ਜਾਂ ਨਹੀਂ। ਇਥੇ ਪੂਰਾ ਮਹਾਜਨੀ ਫਾਰਮੂਲਾ ਲਾਉਣਾ ਚਾਹੀਦਾ ਹੈ, ਜਿਥੇ ਲਾਭ ਵੱਟ 'ਤੇ ਪਿਆ ਹੋਵੇ ਤੇ ਨੁਕਸਾਨ ਦੀ ਗੁੰਜਾਇਸ਼ ਨਾ-ਮਾਤਰ ਹੀ ਹੋਵੇ।

ਅਜਿਹੇ ਲੋਕ ਪਹਿਲਾਂ ਵੀ ਕਾਮਯਾਬ ਹੋਏ ਹਨ ਅਤੇ ਅੱਗੋਂ ਵੀ ਹੋਣਗੇ। ਪਿਛਲੇ ਪੰਜ-ਚਾਰ ਸਾਲਾਂ ਤੋਂ ਇਹ ਰਿਵਾਜ ਚਲਿਆ ਹੈ ਕਿ ਫਟਾਫਟ ਜਿਹਤਾ ਕੋਰਸ ਮਿਲਦੈ, ਜਿੱਥੇ ਮਿਲਦੈ, ਫੀਸ ਭਰੋ, ਜਹਾਜ਼ ਦੀ ਟਿਕਟ ਬੁੱਕ ਕਰਾਓ ਅਤੇ ਜੁਆਨ ਨੂੰ ਭੇਜ ਦਿਓ। ਬਾਅਦ ਵਿਚ ਬੰਦੇ ਲੱਭ ਕੇ ਟੈਲੀਫੋਨ ਲੈ ਕੇ ਦੱਸਣਾ ਕਿ ਮਦਦ ਕਰਿਓ। ਇਹ ਪੇਂਡੂ ਫਾਰਮੂਲਾ ਹੈ ਜਿਸ ਵਿਚ ਪ੍ਰੇਸ਼ਾਨੀਆਂ ਦੀ ਆਸ ਜ਼ਿਆਦਾ ਹੈ।

ਇਹ ਸਭ ਹੋ ਜਾਣ ਪਿੱਛੋਂ ਇਹ ਗੱਲ ਕਰਨੀ ਬਣਦੀ ਹੈ ਕਿ ਜੋ ਵੀ ਵਿਦਿਆਰਥੀ, ਉਹ ਜਿਥੋਂ ਦਾ ਮਰਜ਼ੀ ਹੋਵੇ, ਜਿਵੇਂ ਮਰਜ਼ੀ ਪੈਸੇ ਇਕੱਠੇ ਕਰ ਕੇ ਆਇਆ ਹੋਵੇ, ਭਾਵੇਂ ਕਿਸੇ ਚੰਗੇ ਜਾਂ ਸਰਦੇ-ਪੁੱਜਦੇ ਘਰ ਦਾ ਹੋਵੇ, ਜਿਸ ਮਰਜ਼ੀ ਸੰਸਥਾ ਵਿਚ ਪੜ੍ਹਨ ਪਹੁੰਚਿਆ ਹੋਵੇ, ਜੋ ਮਰਜ਼ੀ ਕੋਰਸ ਕਰਨ ਆਇਆ ਹੋਵੇ, ਪਰ ਉਸ ਦੇ ਪਹੁੰਚਣ ਪਿੱਛੋਂ ਪੈਦਾ ਹੋਣ ਵਾਲੇ ਹਾਲਾਤ ਅਤੇ ਮੁਸ਼ਕਲਾਂ ਲਈ ਕੁਝ ਤਾਂ ਕੀਤਾ ਜਾਣਾ ਚਾਹੀਦਾ ਹੈ। ਜਦ ਕੋਈ ਬੱਚਾ ਇਕ ਵਾਰੀ ਵਿਦੇਸ਼ੀ ਧਰਤੀ 'ਤੇ ਪਹੁੰਚ ਹੀ ਗਿਆ ਤਾਂ ਉਸਨੂੰ ਇਹ ਕਹਿ ਕੇ ਪ੍ਰੇਸ਼ਾਨ ਕਰਨਾ ਚੰਗਾ ਨਹੀਂ ਕਿ ਤੂੰ ਗਲਤ ਕੋਰਸ ਕਿਉਂ ਚੁਣਿਆ ਜਾਂ ਤੂੰ ਇਸ ਕਾਲਜ 'ਚ ਦਾਖਲਾ ਕਿਉਂ ਲਿਆ? ਸਗੋਂ ਉਸ ਦੀ ਮਦਦ ਕਰਨੀ ਚਾਹੀਦੀ ਹੈ ਕਿ ਉਹ ਜਿਵੇਂ-ਕਿਵੇਂ ਜਦੋ-ਜਹਿਦ ਕਰਨ ਦੇ ਕਾਬਲ ਹੋ ਸਕੇ। ਸਭ ਜਾਣਦੇ ਹਨ ਕਿ ਅੱਜ-ਕੱਲ੍ਹ ਵਿਦੇਸ਼ੀ ਪੜ੍ਹਾਈ ਲਈ ਨਿਊਜ਼ੀਲੈਂਡ ਅਤੇ ਆਸਟਰੇਲੀਆ ਜ਼ਿਆਦਾ ਖਿੱਚ ਦਾ ਕੇਂਦਰ ਬਣੇ ਹੋਏ ਹਨ। ਵਿਦਿਆਰਥੀ ਦੇ ਮਾਪਿਆਂ ਨੇ ਹਾਲੀਂ ਟਿਕਟ ਕਿਸੇ ਏਜੰਟ ਤੋਂ ਬੁੱਕ ਹੀ ਕਰਵਾਈ ਹੁੰਦੀ ਹੈ ਕਿ ਜੁਆਕ ਪੰਜਾਬ ਨੂੰ ਉਥੇ ਹੀ ਭੁੱਲਣਾ ਸ਼ੁਰੂ ਕਰ ਦਿੰਦੇ ਹਨ। ਦਿਨ ਗਿਣ-ਗਿਣ ਕੇ ਲੰਘਾਉਂਦਿਆਂ ਮਸੀਂ ਖੰਭਾਂ ਵਾਲੀ ਮੋਟਰ (ਹਵਾਈ ਜਹਾਜ਼) ਵਿਚ ਬੈਠਦੇ ਹਨ। ਜਹਾਜ਼ ਤੋਂ ਉਤਰਦਿਆਂ ਹੀ ਧਰਤੀ ਤੋਂ ਫੁੱਟ ਉੱਚਾ ਤੁਰਦੇ ਹਨ। ਉਹ ਸੋਚ ਲੈਂਦੇ ਹਨ ਕਿ ਅਸੀਂ ਪਹੁੰਚ ਗਏ, ਬਸ ਸਾਲ-ਛਿਮਾਹੀ ਦੀ ਗੱਲ ਐ, ਸੈਟ ਹੋ ਕੇ ਮਾਪੇ ਵੀ ਬੁਲਾ ਲਵਾਂਗੇ।

ਚਲੋ ਜਿਸ ਦਾ ਕੋਈ ਰਿਸ਼ਤੇਦਾਰ, ਮਿੱਤਰ-ਪਿਆਰਾ, ਸਨੇਹੀ ਜਾਂ ਆਂਢੀ-ਗੁਆਂਢੀ ਹੁੰਦਾ, ਉਹ ਤਾਂ ਬੱਚੇ ਨੂੰ ਜਹਾਜ਼ੋਂ ਉਤਰਦਿਆਂ ਆਪਣੇ ਘਰ ਲੈ ਜਾਂਦਾ ਹੈ। ਅੱਗੋਂ ਯਥਾਯੋਗ ਅਗਵਾਈ ਵੀ ਦਿੰਦਾ ਹੈ। ਕਈ ਥਾਈਂ ਲਿਜਾਣ ਵਾਲਾ ਅਜਿਹਾ ਹੁੰਦਾ ਹੈ ਕਿ ਉਸ ਕੋਲ ਖੁਦ ਪੂਰੀ ਜਾਣਕਾਰੀ ਨਹੀਂ ਹੁੰਦੀ। ਅਸਲ ਵਿਚ ਹਰ ਵਾਰੀ ਕੋਈ 5-7 ਦਿਨ ਰੱਖ ਕੇ ਕੋਈ ਦਸ ਦਿਨ ਰੱਖ ਕੇ ਬੱਚੇ ਨੂੰ ਜਾਂ ਤਾਂ ਕਿਸੇ ਪੀ.ਜੀ. (ਪੇਇੰਗ ਗੈਸਟ) 'ਚ ਛੱਡ ਆਉਂਦਾ ਹੈ ਜਾਂ ਕਿਸੇ ਹੋਸਟਲ ਵਿਚ। ਕਈ ਬੱਚੇ ਵਿਚਾਰੇ ਪਹੁੰਚਦੇ ਹੀ ਸਿੱਧੇ ਕਿਸੇ ਹੋਸਟਲ ਜਾਂ ਪੀ.ਜੀ. ਵਿਚ ਹਨ। ਪੀ.ਜੀ. ਜਾਂ ਹੋਸਟਲ ਪੈਸੇ ਲੈ ਕੇ ਰੋਟੀ ਟੁੱਕ ਅਤੇ ਰਿਹਾਇਸ਼ ਤਾਂ ਦਿੰਦੇ ਹਨ, ਪਰ ਮਾਰਗ ਦਰਸ਼ਨ ਨਹੀਂ ਕਰਦੇ।

ਜਿਉਂ ਹੀ ਵਿਦਿਆਰਥੀ ਲੋਕ ਮਾੜਾ ਜਿਹਾ ਪੈਰਾਂ ਸਿਰ ਹੋਣ ਲੱਗਦੇ ਹਨ, ਉਹ ਸਭ ਭੁਲ-ਭੁਲਾ ਕੇ ਬਿਨ ਖੰਭਾਂ ਦੇ ਉੱਡਣ ਲੱਗਦੇ ਹਨ। ਉਹ ਪੱਕੇ ਬਾਸ਼ਿੰਦਿਆਂ ਦੀ ਰੀਸ ਕਰਦੇ ਹਨ। ਭੁੱਲ ਹੀ ਜਾਂਦੇ ਹਨ ਕਿ ਉਨ੍ਹਾਂ ਦਾ ਪ੍ਰਵਾਸ ਹਾਲੀ ਪੂਰਨ ਅਸਥਾਈ, ਵਿਦਿਆਰਥੀ ਮੂਲ ਦਾ ਹੈ, ਜਿਹੜਾ ਹਾਲੀ ਪੱਕਾ ਹੋਣਾ ਹੈ। ਦੂਜਾ ਉਨ੍ਹਾਂ ਵਿਚੋਂ ਬਹੁਤੇ ਚੰਗੇ ਘਰਾਂ 'ਚੋਂ ਆਏ ਹੁੰਦੇ ਹਨ ਅਤੇ ਬਾਹਰ ਰਹਿੰਦਿਆਂ ਆਪਣੀ ਟੌਹਰ ਭੁੱਲਣਾ ਨਹੀਂ ਚਾਹੁੰਦੇ। ਉਨ੍ਹਾਂ ਦੀਆਂ ਲਾਡਲੀਆਂ ਆਦਤਾਂ ਵੀ ਸਮੱਸਿਆਵਾਂ ਬਣਦੀਆਂ ਹਨ।

ਜਦੋਂ ਕਿਸੇ ਨੂੰ ਪੁੱਛੀਦਾ ਹੈ ਕਿ ਤੁਹਾਡਾ ਵਿਦੇਸ਼ੀ ਪੜ੍ਹਾਈ ਕਰਨ ਦਾ ਕੀ ਮਕਸਦ ਹੈ? ਅੱਗੋਂ ਇਕੋ ਜਵਾਬ ਮਿਲਦਾ ਹੈ ਕਿ ਸਥਾਈ ਪ੍ਰਵਾਸ ਲਈ ਪਹੁੰਚੇ ਹਾਂ। ਅਗਲਾ ਸਵਾਲ ਕਰੀਦਾ ਹੈ ਕਿ ਜੋ ਕੋਰਸ ਕਰ ਰਹੇ ਹੋ, ਉਸ ਦੇ ਪੂਰਾ ਹੋਣ ਉਪਰੰਤ ਸਬੰਧਿਤ ਨੌਕਰੀ ਅਤੇ ਪੀ.ਆਰ. ਮਿਲ ਸਕੇਗੀ? ਢਿੱਲੇ ਜਿਹੇ ਹੋ ਕੇ ਕਹਿਣਗੇ ਕਿ ਕਹਿ ਨਹੀਂ ਸਕਦੇ। ਤੁਸੀਂ ਇਹ ਕੋਰਸ ਚੁਣਿਆ ਹੀ ਕਿਉਂ ਦਾ ਜਵਾਬ ਮਿਲਦਾ ਹੈ ਕਿ ਏਜੰਟ ਕਹਿੰਦਾ ਸੀ, ਸਿਰਫ ਇਹੋ ਕੋਰਸ ਮਿਲ ਸਕਦਾ ਹੈ ਅਤੇ ਬਹੁਤ ਵਧੀਆ ਹੈ। ਮਨ ਬਹੁਤ ਦੁਖੀ ਹੁੰਦਾ ਹੈ ਭਲਿਓ ਲੋਕੋ ਤੁਸੀਂ ਨਾ ਕੋਰਸ ਦੀ ਚੋਣ ਖੁਦ ਕੀਤੀ, ਨਾ ਕਾਲਜ ਦੀ, ਨਾ ਦੇਸ਼ ਦੀ ਅਤੇ ਭਾਲਦੇ ਹੋ ਕਿ ਜਲਦੀ ਪੱਕੇ ਹੋ ਜਾਈਏ।'

ਕੁਝ ਸਮੇਂ ਬਾਅਦ ਜਦ ਤਸਵੀਰ ਸਾਫ ਹੋਣ ਲਗਦੀ ਹੈ ਤਾਂ ਪਛਤਾਵਾਂ ਕਰਦੇ ਫਿਰਦੇ ਹਨ। ਕੋਈ ਏਜੰਟ ਨੂੰ ਗਾਲ੍ਹਾਂ ਕੱਢ ਰਿਹਾ ਹੁੰਦਾ ਹੈ, ਕੋਈ ਕਿਸੇ ਮਿੱਤਰ ਜਾਂ ਸਬੰਧੀ ਨੂੰ ਕੋਸਦਾ ਫਿਰਦਾ ਹੈ। ਕਿਸੇ ਨੂੰ ਕੋਰਸ ਪੂਰਾ ਹੋਣ 'ਤੇ ਵਰਕ ਪਰਮਿਟ ਨਹੀਂ ਮਿਲ ਰਿਹਾ। ਕਿਸੇ ਨੂੰ ਡੰਗ ਟਪਾਉਣ ਲਈ ਹੋਰ ਕੋਰਸ ਵਿਚ ਦਾਖਲੇ ਦੀ ਮੁਸ਼ਕਿਲ ਆ ਰਹੀ ਹੈ ਅਤੇ ਕਿਸੇ ਨੂੰ ਪ੍ਰਵਾਸ ਲਈ ਲੋੜੀਂਦੀ ਸਬੰਧਿਤ ਨੌਕਰੀ ਨਹੀਂ ਮਿਲ ਰਹੀ। ਅਸਲ ਵਿਚ ਬਾਹਰਲੀਆਂ ਸਰਕਾਰਾਂ ਨੇ ਸ਼ੁਰੂ ਸ਼ੁਰੂ ਵਿਚ ਸਬੰਧਤ ਨੌਕਰੀਆਂ ਮੁਹੱਈਆ ਵੀ ਕਰਵਾਈਆਂ ਅਤੇ ਸਥਾਈ ਪ੍ਰਵਾਸ ਵੀ ਦਿੱਤਾ। ਜਿਉਂ-ਜਿਉਂ ਵਿਦਿਆਰਥੀਆਂ ਦਾ ਹੜ੍ਹ ਆਉਣਾ ਸ਼ੁਰੂ ਹੋ ਗਿਆ, ਸਭ ਕੁਝ ਔਖਾ ਹੋ ਗਿਆ। ਮੁਕਾਬਲਾ ਅੱਜ ਕਲ੍ਹ ਅਤਿ ਕਠਿਨ ਹੈ। ਆਉਣ ਤੋਂ ਪਹਿਲਾਂ ਬਹੁਤ ਕੁਝ ਸੋਚ ਵਿਚਾਰ ਕੇ ਕਦਮ ਪੁੱਟਣ ਦੀ ਲੋੜ ਹੈ।

ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਜੋ ਕੀਤਾ, ਉਹ ਬੀਤ ਗਿਆ। ਜਿੱਥੇ ਕਿਧਰੇ ਵੀ ਕਿਸੇ ਤੋਂ ਗਲਤ ਹੋਇਆ ਹੋਵੇਗਾ ਉਹ ਭੁਗਤਣਗੇ ਹੀ, ਪਰ ਕੀ ਬਾਹਰਲੇ ਦੇਸ਼ਾਂ ਵਿਚ ਵਸ ਰਹੇ ਪੰਜਾਬੀ ਭਾਈਚਾਰੇ ਨੂੰ ਵੀ ਕੁਝ ਕੁ ਸਮਾਜਿਕ ਅਤੇ ਨੈਤਿਕ ਜ਼ਿੰਮੇਵਾਰੀ ਨਹੀਂ ਨਿਭਾਉਣੀ ਚਾਹੀਦੀ। ਅਜਿਹੀ ਸੰਸਥਾ ਜੋ ਜਹਾਜ਼ ਤੋਂ ਉਤਰਨ ਵਾਲੇ ਹਰ ਵਿਦਿਆਰਥੀ ਨੂੰ ਘੱਟੋ-ਘੱਟ ਹਫਤੇ ਦੀ ਮੁਫਤ ਰਿਹਾਇਸ਼ ਅਤੇ ਖਾਣ-ਪੀਣ ਦੇ ਸਕੇ। ਉਥੇ ਹੀ ਕੋਈ ਵਿਅਕਤੀ ਵਿਸ਼ੇਸ਼ ਤੌਰ 'ਤੇ ਆ ਕੇ ਘੰਟੇ ਕੁ ਲਈ ਵੱਖ-ਵੱਖ ਕਿਸਮ ਦੀ ਲੋੜੀਂਦੀ ਅਤੇ ਮੁਢਲੀ ਜਾਣਕਾਰੀ ਦੇ ਦੇਵੇ। ਕੋਈ ਦੱਸਣ ਵਾਲਾ ਹੋਵੇ ਕਿ ਕਾਲਜ ਜਾਂ ਯੂਨੀਵਰਸਿਟੀ ਕਿੱਥੇ ਹੈ, ਉਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ, ਰੇਲਵੇ ਅਤੇ ਬੱਸ-ਪਾਸ ਕਿਵੇਂ ਅਤੇ ਕਿੱਥੋਂ ਬਣਦੇ ਹਨ।

ਬੱਸਾਂ ਅਤੇ ਗੱਡੀਆਂ ਦੇ ਟਾਈਮ ਟੇਬਲ ਦਿੱਤੇ ਜਾ ਸਕਦੇ ਹਨ। ਕੋਈ ਹੋਰ ਸੱਜਣ ਟੈਲੀਫੋਨ ਅਤੇ ਮੋਬਾਈਲ ਦੀ ਵਰਤੋਂ ਬਾਰੇ ਦੱਸ ਸਕਦਾ ਹੈ। ਟਰੈਫਿਕ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਬੈਂਕ ਅਤੇ ਹੋਰ ਸਬੰਧਤ ਅਦਾਰਿਆਂ ਬਾਰੇ ਸਮਝਾਇਆ ਜਾਵੇ। ਖਾਣ-ਪੀਣ ਦੀਆਂ ਵਸਤਾਂ ਕਿੱਥੋਂ ਸਸਤੀਆਂ ਅਤੇ ਪੌਸ਼ਟਿਕ ਮਿਲਦੀਆਂ ਹਨ। ਪੰਜਾਬੀ ਖਾਣ-ਪੀਣ ਕਿੱਥੋਂ ਮਿਲਦਾ ਹੈ ਅਤੇ ਉਥੇ ਕਿਵੇਂ ਪਹੁੰਚਿਆ ਜਾ ਸਕਦਾ ਹੈ। ਕੋਈ ਸਾਥੀ ਇਹ ਵੀ ਦੱਸ ਸਕਦਾ ਹੈ ਕਿ ਪੀ.ਜੀ. ਰਹਿਣਾ ਕਿੰਨਾ ਚੰਗਾ ਹੈ ਜਾਂ ਨਹੀਂ।

ਵਿਦਿਆਰਥੀਆਂ ਨੂੰ ਸਾਂਝੇ ਮਕਾਨ ਵੀ ਕਿਰਾਏ 'ਤੇ ਲੈ ਕੇ ਦਿੱਤੇ ਜਾ ਸਕਦੇ ਹਨ। ਸਭ ਤੋਂ ਜ਼ਰੂਰੀ ਹੈ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਕਿਸ-ਕਿਸ ਕੋਲ ਠੀਕ ਅਤੇ ਚੰਗੇ ਕੋਰਸ ਹਨ ਅਤੇ ਉਹ ਕਿੰਨੀ ਕੁ ਮਿਹਨਤ ਕਰਨ। ਜਿਨ੍ਹਾਂ ਕੋਲ ਚੰਗੇ ਭਾਵ ਰੁਜ਼ਗਾਰ-ਮੁਖੀ ਕੋਰਸ ਨਹੀਂ, ਉਨ੍ਹਾਂ ਨੂੰ ਕੋਰਸ ਤਬਦੀਲ ਕਰਨ ਦੀ ਸਲਾਹ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਇਹ ਦੱਸਣਾ ਵੀ ਬਹੁਤ ਜ਼ਰੂਰੀ ਹੈ ਕਿ ਸਿਰਫ ਪਹੁੰਚਣ ਨਾਲ ਹੀ ਉਹ ਪੱਕੇ ਪ੍ਰਵਾਸੀ ਨਹੀਂ ਬਣੇ।

ਪੱਕਾ ਪ੍ਰਵਾਸ ਪ੍ਰਾਪਤ ਕਰਨ ਲਈ ਜੱਦੋ-ਜਹਿਦ ਜ਼ਰੂਰੀ ਹੈ। ਪੂਰਨ ਸੰਜੀਦਗੀ ਨਾਲ ਧਰਤੀ 'ਤੇ ਪੈਰ ਧਰ ਕੇ ਮਿਹਨਤ ਹੀ ਰੰਗ ਲਿਆ ਸਕਦੀ ਹੈ। ਇੰਜ ਲੋੜ ਹੈ ਪੰਜਾਬ ਤੋਂ ਇਥੇ ਪਹੁੰਚੇ ਬੱਚਿਆਂ ਨੂੰ ਸੜਕਾਂ 'ਤੇ ਜਾਣ ਤੋਂ ਪਹਿਲਾਂ ਤੁਰਨਾ ਸਿਖਾਇਆ ਜਾਵੇ। ਇਸ ਸਬੰਧ ਵਿਚ ਸਾਡੇ ਧਾਰਮਿਕ ਅਸਥਾਨ ਗੁਰਦੁਆਰਾ ਸਾਹਿਬ ਜਾਂ ਮੰਦਰ ਪਹਿਲ ਆਧਾਰ 'ਤੇ ਕਾਰਜਸ਼ੀਲ ਹੋ ਸਕਦੇ ਹਨ। ਹਰੇਕ ਗੁਰਦੁਆਰੇ ਜਾਂ ਮੰਦਰ ਵਿਚ ਇਕ ਦੋ ਕਮਰੇ ਵਿਦਿਆਰਥੀਆਂ ਲਈ ਰਾਖਵੇਂ ਰੱਖੇ ਜਾ ਸਕਦੇ ਹਨ ਜਾਂ ਬਣਵਾਏ ਵੀ ਜਾ ਸਕਦੇ ਹਨ। ਲੰਗਰ ਗੁਰੂ ਸਮਰੱਥ ਖੁਦ ਦੇਵੇਗਾ।



# ਬੁਰੇ ਸਮੇਂ ਵਿਚ ਇਹ ਸੰਤੁਲਤ ਬਜਟ

ਜੇਕਰ ਆਰਥਿਕ ਲਿਹਾਜ ਵਿਚ ਇਹ ਇਕ ਆਮ ਵਰਗਾ ਸਾਲ ਹੁੰਦਾ, ਜੇਕਰ ਸਕਲ ਘਰੇਲੂ ਉਤਪਾਦ (ਜੀ.ਡੀ.ਪੀ.)

**ਪ੍ਰੇਮਸ਼ੰਕਰ ਝਾ**

ਦੀ ਵਿਕਾਸ ਦਰ ਅੱਠ ਫੀਸਦੀ ਰਹੀ ਹੁੰਦੀ ਅਤੇ ਸਰਕਾਰ ਨੂੰ ਵੱਖ-ਵੱਖ ਕਰਾਂ, ਟੈਕਸਾਂ ਵਿਚ 25 ਫੀਸਦੀ ਆਮਦਨ ਹੋਈ ਹੁੰਦੀ, ਤਾਂ ਸਾਲ 2009-10 ਦੇ ਬਜਟ ਨੂੰ ਸਤਰਕਤਾ ਵਰਤਦਿਆਂ ਸਵਾਗਤਯੋਗ ਕਰਾਰ ਦਿੱਤਾ ਜਾ ਸਕਦਾ ਸੀ। ਸਾਲ 2005 ਤੋਂ ਮਗਰੋਂ ਹਰੇਕ ਸਾਲ ਯੂ.ਪੀ.ਏ. ਸਰਕਾਰ ਨੇ ਟੈਕਸ ਪ੍ਰਣਾਲੀ ਨੂੰ ਸਥਾਪਤ ਕਰਨ ਅਤੇ ਭੁਗਤਾਨ ਪ੍ਰਕ੍ਰਿਆ ਨੂੰ ਆਸਾਨ ਬਣਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ। ਸਮਾਜਿਕ ਖੇਤਰ 'ਤੇ ਕੀਤੇ ਗਏ ਵਿਆਪਕ ਖਰਚਿਆਂ ਦੀ ਪੂਰਤੀ ਲਈ ਉਹ ਟੈਕਸ 'ਤੇ ਨਿਰਭਰ ਰਹੀ ਹੈ।

ਪਰ ਦੁਰਭਾਗ ਨਾਲ ਇਹ ਸਾਲ ਆਰਥਿਕ ਨਜ਼ਰੀਏ ਤੋਂ ਬਰਾਬਰ ਬਿਲਕੁਲ ਨਹੀਂ ਹੈ। ਕੇਂਦਰੀ ਅੰਕੜਾ ਸੰਗਠਨ (ਸੀ.ਐਸ.ਓ.) ਦੇ ਅਨੁਮਾਨ ਮੁਤਾਬਕ ਸਾਲ 2007-08 ਦੀ ਨੌਂ ਫੀਸਦੀ ਦੀ ਵਿਕਾਸ ਦਰ ਇਸ ਸਾਲ 6.7 ਫੀਸਦੀ ਹੀ ਰਹੇਗੀ। ਇਹ ਸਮਝਦੇ ਹੋਏ ਕਿ ਵਿਕਾਸ ਦਰ ਸਾਲ 2009-10 ਵਿਚ ਹੌਲੀ ਹੌਲੀ ਸੱਤ ਫੀਸਦੀ ਤਕ ਪਹੁੰਚ ਜਾਏਗੀ ਅਤੇ ਉਦਯੋਗ ਜਗਤ ਦੇ ਕੁਝ ਖੇਤਰਾਂ ਵਿਚ ਜਾਨ ਪਰਤ ਆਈ ਹੈ, ਸਰਕਾਰ ਨੇ ਮੰਨ ਲਿਆ ਹੈ ਕਿ ਬੁਰਾ ਦੌਰ ਖਤਮ ਹੋ ਚੁੱਕਾ ਹੈ ਅਤੇ ਉਹ ਇਕ ਵਾਰ ਫਿਰ ਤੋਂ 'ਬਰਾਬਰ ਵਾਲਾ ਕੰਮਕਾਜ' ਵਲ ਵਾਪਸ ਆ ਸਕਦੀ ਹੈ।

ਪਰ ਦੇਖਿਆ ਜਾਏ ਤਾਂ ਸੱਚਾਈ ਕੁਝ ਹੋਰ ਹੀ ਹੈ। ਸਭ ਤੋਂ ਪਹਿਲਾਂ ਵਿਕਾਸ ਦਰ 'ਤੇ ਨਜ਼ਰ ਮਾਰਦੇ ਹਾਂ। 6.7 ਫੀਸਦੀ ਦੀ ਵਿਕਾਸ ਦਰ ਆਪਣੇ ਆਪ ਵਿਚ ਹੀ ਬੇਹਦ ਭੁਲੇਖਾ ਪਾਉਣ ਵਾਲੀ ਹੈ। ਇਸ ਵਿਚੋਂ 1.9 ਫੀਸਦੀ ਤਾਂ ਸਮਾਜਿਕ, ਭਾਈਚਾਰਕ ਅਤੇ ਵਿਅਕਤੀਗਤ ਸੇਵਾਵਾਂ ਵਿਚ ਆਏ 13.5 ਫੀਸਦੀ ਉਛਾਲ ਦੀ ਦੇਣ ਹੈ। ਸਰਕਾਰ ਨੇ ਕੁਝ ਸਾਲ ਪਹਿਲਾਂ ਹੀ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕੀਤਾ ਹੈ। ਇਸ ਵਿਚਾਲੇ ਇਹ ਦਰ ਵੀ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ਾਂ ਦੇ ਅਨੁਰੂਪ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਭੱਤਿਆਂ, ਪੈਨਸ਼ਨ ਅਤੇ ਏਰੀਅਰ ਭੁਗਤਾਨ ਤੋਂ ਬਾਅਦ ਸਾਹਮਣੇ ਆਈ ਹੈ। ਗੌਰਤਲਬ ਹੈ ਕਿ ਸੰਯੁਕਤ ਰਾਸ਼ਟਰ ਨੇ ਸਾਲ 1948 ਵਿਚ ਨੈਸ਼ਨਲ ਅਕਾਊਂਟ ਪ੍ਰਣਾਲੀ ਦੀ ਸਥਾਪਨਾ ਕੀਤੀ ਸੀ। ਇਸ ਦੇ ਤਹਿਤ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਭੱਤਿਆਂ ਵਿਚ ਹੋਏ ਵਾਧੇ ਨੂੰ ਰਾਸ਼ਟਰੀ ਆਮਦਨ ਵਿਚ ਵਾਧੇ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਜੇਕਰ ਅਸੀਂ ਪਿਛਲੇ ਸਾਲਾਂ ਅਤੇ 2008-09 ਦਾ ਤੁਲਨਾਤਮਕ ਅਧਿਐਨ ਕਰਦੇ ਹੋਏ ਇਸ ਨੂੰ ਘਟਾ ਦੇਈਏ ਤਾਂ ਵਿਕਾਸ ਦਰ ਨੌਂ ਫੀਸਦੀ ਤੋਂ ਫਿਸਲ ਕੇ 4.8 ਫੀਸਦੀ 'ਤੇ ਆ ਜਾਂਦੀ ਹੈ।

ਇਸ ਵਿਚਾਲੇ ਇਸ ਸਾਲ ਦਾ ਹਾਲ ਤਾਂ ਹੋਰ ਵੀ ਬੁਰਾ ਹੈ। ਸਾਲ ਦੀ ਦੂਜੀ ਛਮਾਹੀ ਵਿਚ ਹੀ ਵਿਕਾਸ ਦਰ 5.8 ਫੀਸਦੀ 'ਤੇ ਆ ਗਈ ਸੀ। ਇਥੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹੀ ਉਹ ਦੌਰ ਹੈ, ਜਿਸ ਦੌਰਾਨ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਭੱਤਿਆਂ ਅਤੇ ਬਕਾਏ ਦਾ ਪੂਰਾ ਭੁਗਤਾਨ ਕੀਤਾ ਗਿਆ, ਜਿਸ ਨਾਲ ਸੇਵਾ ਖੇਤਰ ਦੀ ਜੀ.ਡੀ.ਪੀ. ਵਿਚ ਉਛਾਲ ਆਇਆ। ਇਸ ਲਿਹਾਜ ਨਾਲ ਦੇਖੀਏ ਤਾਂ ਅਕਤੂਬਰ 2008 ਵਿਚ ਅਸਲ ਵਿਕਾਸ ਦਰ 5.8 ਨਹੀਂ ਰਹੀ, ਬਲਿਕ ਇਸ ਵਿਚ ਦੋ ਫੀਸਦੀ ਤੋਂ ਜ਼ਿਆਦਾ ਦੀ ਗਿਰਾਵਟ ਆਈ। ਇਸ ਅਰਸੇ ਵਿਚ ਕਿਸਾਨ ਖੇਤਰ ਵਿਚ 1.6 ਅਤੇ ਉਦਯੋਗਿਤ ਜਗਤ ਵਿਚ 2.4 ਦੀ ਵਿਕਾਸ ਦਰ ਦੇਖਣ ਵਿਚ ਆਈ ਹੈ, ਜੋ ਬਿਲਕੁਲ ਹੈਰਾਨ ਨਹੀਂ ਕਰਦੀ। ਚਾਲੂ ਵਿੱਤੀ ਸਾਲ ਦੇ ਸ਼ੁਰੂਆਤੀ ਦੋ ਮਹੀਨਿਆਂ ਵਿਚ ਉਦਯੋਗਿਕ ਵਿਕਾਸ ਦਰ ਜ਼ੀਰੋ ਦੇ ਲਗਭਗ ਰਹੀ ਹੈ ਅਤੇ ਕਿਸਾਨੀ ਖੇਤਰ ਵਿਚ ਵੀ ਗਿਰਾਵਟ ਦੇਖੀ ਗਈ ਹੈ। ਇਥੋਂ ਤੱਕ ਕਿ ਵਿਸ਼ਵ ਬੈਂਕ ਦੁਆਰਾ ਅਨੁਮਾਨਤ ਚਾਰ ਫੀਸਦੀ ਵਿਕਾਸ ਦਰ ਉਮੀਦਾਂ ਤੋਂ ਵੀ ਬਹੁਤ ਜ਼ਿਆਦਾ ਨਜ਼ਰ ਆ ਰਹੀ ਹੈ। ਭਵਿੱਖ ਵਿਚ ਜੋ ਹਾਲਾਤ ਨਜ਼ਰ ਆ ਰਹੇ ਹਨ, ਉਸ ਦੇ ਸੰਦਰਭ ਵਿਚ ਇਸ ਨੂੰ ਹਾਸਲ ਕਰਨਾ ਵੀ ਆਸਾਨ ਨਹੀਂ ਹੋਵੇਗਾ। ਪਿਛਲੇ ਸਾਲ ਉਤਪਾਦਨ ਦੇ ਖੇਤਰ ਵਿਚ ਆਈ ਤੇਜ਼ ਗਿਰਾਵਟ ਨਾਲ ਕੇਂਦਰ ਸਰਕਾਰ ਦੀ ਰਾਜਸੀ ਵਾਧੇ ਦੀ ਦਰ 'ਤੇ ਸਿੱਧੇ ਤੌਰ 'ਤੇ ਪ੍ਰਭਾਵ ਪਿਆ। ਇਸ ਵਿਚਾਲੇ ਪਿਛਲੇ ਚਾਰ ਸਾਲਾਂ ਵਿਚ 20 ਫੀਸਦੀ ਦੀ ਸਾਲਾਨਾ ਵਾਧੇ ਦੀ ਤੁਲਨਾ ਵਿਚ ਸਾਲ 2008-09 ਵਿਚ ਮਹਿਜ਼ 3.7 ਫੀਸਦੀ ਦਾ ਛੋਟਾ ਵਾਧਾ ਹੀ ਦੇਖਣ ਵਿਚ ਆਇਆ ਹੈ। ਇਸ ਵਿਚਾਲੇ ਸਰਕਾਰ ਨੇ ਆਪਣੇ ਰਾਹਤ ਪੈਕੇਜ ਲਈ ਬੈਂਕਾਂ ਤੋਂ ਭਾਰੀ ਭਰਕਮ ਰਕਮ ਉਧਾਰ ਲਈ। ਨਤੀਜੇ ਵਲੋਂ ਸਰਕਾਰ ਨੂੰ 3,26,515 ਕਰੋੜ ਰੁਪਏ ਦੇ ਬਾਂਡ ਜਾਰੀ ਕਰਨੇ ਪਏ, ਜਦਕਿ ਬਜਟੀ ਪ੍ਰਾਵਧਾਨ 1,33,287 ਕਰੋੜ ਰੁਪਏ ਦਾ ਹੀ ਸੀ।

ਸਰਕਾਰੀ ਕਰਮਚਾਰੀਆਂ ਅਤੇ ਕਿਸਾਨਾਂ ਲਈ ਪੈਸੇ ਦੇ ਪ੍ਰਵਾਹ ਨਾਲ ਮੰਗ ਵਿਚ ਵਾਧਾ ਹੋਇਆ ਹੈ, ਪਰ ਇਸ ਦੇ ਨਾਲ ਹੀ ਰੁਪਈਆ ਮਾਰਕਿਟ ਵਿਚ ਸਰਕਾਰੀ ਬਾਂਡਜ਼ ਦਾ ਵੀ ਹੜ੍ਹ ਜਿਹਾ ਆ ਗਿਆ, ਜਿਸ ਕਾਰਨ ਜ਼ਿਆਦਾ ਵਿਆਜ ਦਰਾਂ 'ਤੇ ਨਿਜੀ ਉਧਾਰ ਵਧ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕਾਰੋਬਾਰੀ ਬੈਂਕਾਂ ਦੁਆਰਾ ਦਿੱਤੇ ਗਏ ਕਰਜ਼ਿਆਂ ਵਿਚ ਦਸ ਫੀਸਦੀ ਤਕ ਦੀ ਗਿਰਾਵਟ ਆ ਗਈ। ਸਾਲ 2007-08 ਵਿਚ ਇਸ ਵਿਚ ਵਾਧੇ ਦੀ ਦਰ ਜਿਥੇ ਜੀ.ਡੀ.ਪੀ. ਦੀ 25 ਫੀਸਦੀ ਸੀ, ਜੋ 2008-09 ਵਿਚ ਘੱਟ ਕੇ 15 ਫੀਸਦੀ ਰਹਿ ਗਈ। ਇਸ ਵਿਚ ਵੀ ਵੱਡੀ ਗੱਲ ਇਹ ਹੈ ਕਿ ਨਵੰਬਰ ਦੇ ਬਾਅਦ ਤੋਂ ਕਰਜ਼ ਦੀ ਮਾਤਰਾ ਵਿਚ ਬਿਲਕੁਲ ਵੀ ਵਾਧਾ ਨਹੀਂ ਹੋਇਆ।

ਇਹੋ ਜਿਹੇ ਹਾਲਾਤ ਵਿਚ ਪ੍ਰਣਬ ਮੁਖਰਜੀ ਨੇ ਇਕ ਬੇਹੱਦ ਸੰਤੁਲਿਤ ਬਜਟ ਪੇਸ਼ ਕੀਤਾ ਹੈ। ਅਰਥਵਿਵਸਥਾ ਨੂੰ ਗਤੀਸ਼ੀਲ ਕਰਨ ਦੇ ਨਾਂ 'ਤੇ ਉਨ੍ਹਾਂ ਨੇ ਇਸ ਤਰ੍ਹਾਂ ਦਾ ਲੋਕ ਲੁਭਾਉਣਾ ਬਜਟ ਪੇਸ਼ ਕੀਤਾ ਹੈ, ਜਿਹੜਾ ਇਸ ਤੋਂ ਪਹਿਲਾਂ ਇਸ ਦੇਸ਼ ਨੇ ਕਦੇ ਨਹੀਂ ਦੇਖਿਆ। ਸਮਾਜਿਕ ਖੇਤਰ ਦੇ ਹਰੇਕ ਯੂਨਿਟ ਵਿਚ ਖਾਸਾ ਵਾਧਾ ਕੀਤਾ ਗਿਆ ਹੈ, ਜੋ 40 ਤੋਂ 44 ਫੀਸਦੀ ਤੱਕ ਹੈ। ਬਹੁਤ ਜ਼ਿਆਦਾ ਆਸ਼ਾਵਾਦੀ ਨਜ਼ਰੀਏ ਨਾਲ ਵੀ ਦੇਖੀਏ, ਤਦ ਵੀ ਵਿਕਾਸ ਦਰ ਵਿਚ ਨੌਂ ਫੀਸਦੀ ਤੋਂ ਜ਼ਿਆਦਾ ਵਾਧਾ ਨਜ਼ਰ ਨਹੀਂ ਆਉਂਦਾ। ਰਾਜਕੋਸ਼ ਦੇ ਮੋਰਚੇ 'ਤੇ ਵੀ ਸਰਕਾਰ ਦਾ ਇਰਾਦਾ ਬਹੁਤ ਨੇਕ ਨਹੀਂ ਹੈ ਅਤੇ ਜ਼ਿਆਦਾ ਬਾਂਡ ਜਾਰੀ ਕਰਕੇ ਸਰਕਾਰ ਰਾਜਕੋਸ਼ੀ ਘਾਟੇ ਨੂੰ 0.8 ਫੀਸਦੀ ਹੋਰ ਵਧਾਉਣ ਜਾ ਰਹੀ ਹੈ। ਇਸ ਤਰ੍ਹਾਂ ਉਸਦਾ ਕੁੱਲ ਉਧਾਰ 3,26,515 ਕਰੋੜ ਰੁਪਏ ਤੋਂ ਵਧ ਕੇ 4,00,996 ਕਰੋੜ ਰੁਪਏ ਤੱਕ ਪਹੁੰਚਉਣ ਦੀ ਸੰਭਾਵਨਾ ਹੈ।

ਜੇਕਰ ਕਿਸੇ ਨੇ ਇਹ ਪਤਾ ਕਰਨਾ ਹੈ ਕਿ ਇਸ ਸਾਲ ਵਿਆਜ ਦਰਾਂ ਵਿਚ ਹੋਰ ਗਿਰਾਵਟ ਨਹੀਂ ਹੋਵੇਗੀ ਅਤੇ ਨਿਵੇਸ਼ ਵੀ ਜੜਤਾ ਦਾ ਸ਼ਿਕਾਰ ਰਹੇਗਾ ਤਾਂ ਉਸ ਲਈ ਇਹ ਬਜਟ ਸਹੀ ਹੈ। ਇਸ ਵਿਚ ਇਹ ਉਮੀਦ ਜਤਾਈ ਗਈ ਹੈ ਕਿ ਸਮਾਜਿਕ ਖੇਤਰ ਵਿਚ ਕੀਤੇ ਗਏ ਖਰਚ ਨਾਲ ਉਪਭੋਗਤਾ ਮੰਗ ਵਿਚ ਵਾਧਾ ਹੋਵੇਗਾ, ਪਰ ਸੱਚ ਤਾਂ ਇਹ ਹੈ ਕਿ ਕਿਸਾਨ ਉਤਪਾਦਨ ਵਿਚ ਕਮੀ ਹੋਣ ਨਾਲ ਕਮੋਡਿਟੀ ਵਿਚ ਸਟੋਰ ਕਰਨ ਦੀ ਪ੍ਰਵਿਰਤੀ ਵਧਾਉਣ ਨਾਲ ਆਉਣ ਵਾਲੇ ਮਹੀਨਿਆਂ ਵਿਚ ਮੁਦਰਾ ਸਫੀਤੀ ਵਿਚ ਵੀ ਵਾਧਾ ਹੋਵੇਗਾ। ਇਸ ਤਰ੍ਹਾਂ ਮੁਖਰਜੀ ਨੇ ਸਥਿਰਤਾ ਨਾਲ ਮੁਦਰਾ ਸਫੀਤੀ ਦਾ ਨੁਸਖਾ ਵੀ ਪੇਸ਼ ਕੀਤਾ ਹੈ। ਇਸ ਲਈ ਇਸ ਗੱਲ ਵਿਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਬਜਟ ਭਾਸ਼ਣ ਦੀ ਸਮਾਪਤੀ ਦੇ ਕੁਝ ਮਿੰਟਾਂ ਬਾਅਦ ਹੀ ਸ਼ੇਅਰ ਬਾਜਾਰ 730 ਅੰਕ ਥੱਲੇ ਆ ਗਿਆ। ਬਜਟ ਵਿਚ ਥੋੜੀ ਜਿਹੀ ਉਮੀਦ ਵੀ ਹੈ, ਪਰ ਇਹ ਰਾਜਨੀਤਕ ਹੀ ਹੈ, ਆਰਥਿਕ ਨਹੀਂ। ਪੂਰੇ 42 ਸਾਲਾਂ ਬਾਅਦ ਸਰਕਾਰ ਨੇ ਰਾਜਨੀਤਕ ਪਾਰਟੀਆਂ ਨੂੰ ਕੰਪਨੀਆਂ ਦੁਆਰਾ ਦਿੱਤੇ ਜਾਣ ਵਾਲੇ ਚੰਦੇ 'ਤੇ ਕਰ ਛੂਟ ਨੂੰ ਬਹਾਲ ਕਰ ਦਿੱਤਾ ਹੈ। ਇੰਦਰਾ ਗਾਂਧੀ ਨੇ ਇਸ ਤਰ੍ਹਾਂ ਦੇ ਚੰਦੇ 'ਤੇ ਪਹਿਲਾਂ ਟੈਕਸ ਲਾ ਕੇ ਅਤੇ ਫਿਰ ਉਸ ਨੂੰ ਪ੍ਰਤੀਬੰਧਤ ਕਰਕੇ ਭਾਰਤੀ ਰਾਜਨੀਤਕ ਵਿਵਸਥਾ ਨੂੰ ਜਿੰਨਾ ਨੁਕਸਾਨ ਪਹੁੰਚਾਇਆ, ਉਨਾ ਹੋਰ ਕਿਸੇ ਸਰਕਾਰ ਨੇ ਨਹੀਂ ਪਹੁੰਚਾਇਆ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਪਹਿਲਾਂ ਤਾਂ ਰਾਜਨੀਤਕ ਵਿਵਸਥਾ ਵਿਚ ਅਪਰਾਧਕ ਵਿੱਤ ਅਤੇ ਫਿਰ ਅਪਰਾਧੀਆਂ ਲਈ ਦਰਵਾਜ਼ੇ ਖੋਲ੍ਹ ਦਿੱਤੇ। ਟੈਕਸ ਛੂਟ ਨੂੰ ਬਹਾਲ ਕਰਨ ਨਾਲ ਹਾਲਾਂਕਿ ਉਸ ਨੁਕਸਾਨ ਦੀ ਪੂਰਤੀ ਨਹੀਂ ਹੋ ਸਕੇਗੀ, ਜੋ ਇਨ੍ਹਾਂ ਚਾਰ ਦਹਾਕਿਆਂ ਵਿਚ ਹੋ ਚੁੱਕਾ ਹੈ, ਪਰ ਇਸ ਨਾਲ ਉਨ੍ਹਾਂ ਲੋਕਾਂ ਦੇ ਰਾਜਨੀਤੀ ਵਿਚ ਆਉਣ ਦੀ ਸੰਭਾਵਨਾ ਵਧ ਜਾਵੇਗੀ, ਜੋ ਹੁਣ ਤੱਕ ਆਪਣੀਆਂ ਚੋਣਾਂ ਲਈ ਧਨ ਦੀ ਇਮਾਨਦਾਰ ਵਿਵਸਥਾ ਨਾ ਹੋਣ ਕਾਰਨ ਇਸ ਤੋਂ ਦੂਰ ਰਹਿੰਦੇ ਆਏ ਹਨ।

# ਲਾਲਗੜ੍ਹ ਖੇਤਰ 'ਸੇਜ਼' ਲਈ ਖਾਲੀ ਕਰਵਾਉਣਾ ਚਾਹੁੰਦੇ ਨੇ ਖੱਬੇ

ਪੱਛਮੀ ਮੇਦਨੀਪੁਰ ਜ਼ਿਲ੍ਹੇ ਦੇ ਲਾਲਗੜ੍ਹ ਵਿਚ ਅਰਧਸੈਨਿਕ ਬਲਾਂ ਨੂੰ ਭੇਜਣਾ ਗਲਤ ਸੀ। ਲਾਲਗੜ੍ਹ ਅੰਦੋਲਨ ਦੇ ਮੂਲ ਵਿਚ ਪੁਲਿਸ ਜ਼ੁਲਮ ਤੋਂ ਇਲਾਵਾ ਅੰਤਾਂ ਦਾ ਦਰਦ ਅਤੇ ਗਰੀਬੀ ਹੈ। ਮੁਸ਼ਕਲਾਂ ਦੇ ਹੱਲ ਲਈ ਵਿਕਾਸ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਸੀ। ਤ੍ਰਾਸਦੀ ਦੇਖੋ ਕਿ ਨਿਸ਼ਾਨਾ ਬਣਾਇਆ ਗਿਆ, ਮਾਓਵਾਦੀਆਂ ਨੂੰ। ਇਕ ਤੱਥ ਇਹ ਵੀ ਹੈ ਕਿ ਇਸ ਨਿਸ਼ਾਨੇ ਦੀ ਆੜ ਹੇਠ ਸੁਰੱਖਿਆ ਬਲ ਦਮਨ ਦਾ ਸਹਾਰਾ ਲੈ ਰਹੇ ਹਨ। ਬੰਗਾਲ ਅਤੇ ਕੇਂਦਰ ਦੀ ਹਥਿਆਰਬੰਦ ਪੁਲਿਸ ਪਲਟਨ ਨੇ ਪਿਛਲੇ ਮਹੀਨੇ ਦੇ ਦੂਜੇ ਅੱਧ ਦੌਰਾਨ ਲਾਲਗੜ੍ਹ

**ਮਹਾਸ਼ਵੇਤਾ ਦੇਵੀ**

ਵਿਚ ਪੁਲਿਸ ਦੀ ਉਸੇ ਜ਼ਿਆਦਤੀ ਦਾ ਦੁਹਰਾ ਕੀਤਾ, ਜਿਸ ਦੇ ਵਿਰੋਧ ਵਿਚ ਲਾਲਗੜ੍ਹ ਅੰਦੋਲਨ ਅੱਠ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ।

ਨਵੰਬਰ 2008 ਵਿਚ ਲਾਲਗੜ੍ਹ ਝਾਰਗ੍ਰਾਮ-ਸ਼ਾਲਬਨੀ ਦੀ ਪੰਜ ਹਜ਼ਾਰ ਏਕੜ ਖੇਤਰ ਦੀ ਜ਼ਮੀਨ 'ਤੇ ਪ੍ਰਸਤਾਵਤ ਵਿਸ਼ੇਸ਼ ਆਰਥਿਕ ਖੇਤਰ (ਸੇਜ) ਦੇ ਸ਼ਿਲਾਨਿਆਸ ਲਈ ਤਤਕਾਲੀਨ ਲੋਹਾ ਮੰਤਰੀ ਅਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਜਦੋਂ ਗਏ ਸਨ, ਤਾਂ ਉਨ੍ਹਾਂ ਦੇ ਕਾਫਲੇ ਦੇ ਨੇੜੇ ਮਾਓਵਾਦੀਆਂ ਨੇ ਹਮਲਾ ਕੀਤਾ ਸੀ। ਉਸ ਤੋਂ ਬਿਲਕੁਲ ਬਾਅਦ ਲਾਲਗੜ੍ਹ ਦੇ ਪੂਰੇ ਅੰਚਲ ਵਿਚ ਮਾਓਵਾਦੀਆਂ ਦੀ ਤਲਾਸ਼ੀ ਦਾ ਦੌਰ ਸ਼ੁਰੂ ਹੋਇਆ। ਤਲਾਸ਼ੀ ਦੇ ਨਾਂ 'ਤੇ ਰਾਤ ਵੇਲੇ ਬੰਗਾਲ ਪੁਲਿਸ ਨੇ ਆਦਿਵਾਸੀ ਔਰਤਾਂ 'ਤੇ ਕਹਿਰ ਵਰਸਾਇਆ। ਔਰਤਾਂ 'ਤੇ ਹੋਏ ਅਤਿਆਚਾਰ ਦੇ ਵਿਰੋਧ ਵਿਚ ਹੀ ਲਾਲਗੜ੍ਹ ਦੇ ਆਦਿਵਾਸੀਆਂ ਨੇ ਅੰਦੋਲਨ ਛੇੜਿਆ ਸੀ। ਪੁਲਿਸ ਜ਼ੁਰਮ ਤੋਂ ਬਚਣ ਲਈ ਇਲਾਕੇ ਵਿਚ ਪੁਲਿਸ ਦਾ ਦਾਖ਼ਲਾ ਰੋਕਣ ਦੇ ਢੰਗ ਲਾਲਗੜ੍ਹ ਦੇ ਅੰਦੋਲਨਕਾਰੀਆਂ ਨੇ ਆਪਨਾਏ। ਉਨ੍ਹਾਂ ਨੇ ਲਾਲਗੜ੍ਹ ਅਤੇ ਨੇੜੇ ਤੇੜੇ ਦੇ ਸਾਰੇ ਰਸਤੇ ਕੱਟ ਦਿੱਤੇ। ਸੜਕਾਂ 'ਤੇ ਦਰਖਤਾਂ ਦੇ ਦਰਖਤ ਖੜੇ ਕਰ ਦਿੱਤੇ। ਇਸ ਅੰਦੋਲਨ ਨੂੰ ਚਲਾਉਣ ਲਈ ਇਕ ਕਮੇਟੀ ਬਣਾਈ ਗਈ। ਉਸ ਦਾ ਨਾਮ ਰੱਖਿਆ ਗਿਆ- 'ਪੁਲਿਸ ਅਤਿਆਚਾਰ ਵਿਰੋਧੀ ਜਨਸਾਧਾਰਨ ਕਮੇਟੀ।' ਕਮੇਟੀ ਨੇ ਮੰਗ ਕੀਤੀ ਕਿ ਆਦਿਵਾਸੀ ਔਰਤਾਂ ਨਾਲ ਹੋਈ ਜ਼ਿਆਦਤੀ ਲਈ ਪੁਲਿਸ ਮਾਫੀ ਮੰਗੇ ਅਤੇ ਰਾਤ ਨੂੰ ਔਰਤਾਂ ਦੀ ਤਲਾਸ਼ੀ ਨਾ ਲਈ ਜਾਵੇ। ਮਾਓਵਾਦੀ ਹੋਣ ਦੇ ਸੰਦੇਸ਼ ਵਿਚ ਗ੍ਰਿਫ਼ਤਾਰ ਨਿਰਦੋਸ਼ ਲੋਕਾਂ ਨੂੰ ਛੱਡਿਆ ਜਾਵੇ ਅਤੇ ਅੰਚਲ ਵਿਚ ਘੱਟੋ-ਘੱਟ ਨਾਗਰਿਕ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਜਾਵੇ।

ਪ੍ਰਸ਼ਾਸਨ ਨੇ ਇਹ ਮੰਗ ਨਾ ਮੰਨੀ ਤਾਂ ਅਣਖੀ ਆਦਿਵਾਸੀ ਤੀਰ-ਕਮਾਨ ਵਰਗੇ ਆਪਣੇ ਪਾਰੰਪਰਿਕ ਹਥਿਆਰ ਲੈ ਕੇ ਪਿੰਡਾਂ ਦੀਆਂ ਸਰਹੱਦਾਂ 'ਤੇ ਪਹਿਰੇਦਾਰੀ ਕਰਨ ਲੱਗੇ, ਤਾਂ ਕਿ ਖੇਤਰ ਵਿਚ ਪੁਲਿਸ ਪ੍ਰਵੇਸ਼ ਨਾ ਕਰ ਸਕੇ। ਇਸ ਅੰਦੋਲਨ ਨੂੰ ਗੁਆਂਢੀ ਜ਼ਿਲਿਆਂ ਦੇ ਆਦਿਵਾਸੀਆਂ ਦਾ ਸਮਰਥਨ ਵੀ ਮਿਲ ਗਿਆ। ਇਸ ਤਰ੍ਹਾਂ ਪੱਛਮੀ ਮੇਦਨੀਪੁਰ ਦੇ ਲਾਲਗੜ੍ਹ ਦਾ ਅੰਦੋਲਨ ਬਾਂਕੁੜਾ ਅਤੇ ਪੁਰੂਲਿਆ ਦੇ ਆਦਿਵਾਸੀ ਬਹੁ ਗਿਣਤੀ ਇਲਾਕਿਆਂ ਵਿਚ ਵੀ ਫੈਲ ਗਿਆ। ਆਦਿਵਾਸੀਆਂ ਦੇ ਇਸ ਅੰਦੋਲਨ ਦਾ ਮਾਓਵਾਦੀਆਂ ਨੇ ਸਮਰਥਨ ਕੀਤਾ। ਅੰਦੋਲਨ ਕਾਰਨ ਇਨ੍ਹਾਂ ਤਿੰਨ ਜ਼ਿਲਿਆਂ ਦੇ 18 ਪੁਲਿਸ ਖੇਤਰਾਂ ਵਿਚ ਪੁਲਿਸ ਨਾਕਾਮ ਜਿਹੀ ਹੋ ਗਈ। ਪਰ ਤਿੰਨਾਂ ਜ਼ਿਲਿਆਂ ਵਿਚ ਅੰਦੋਲਨ ਦੇ ਫੈਸਲੇ ਦੀ ਵਜ੍ਹਾ ਸਿਰਫ ਪੁਲਿਸੀ ਤਸ਼ੱਦਦ ਨਹੀਂ ਸੀ।

ਉਸ ਦਾ ਸਭ ਤੋਂ ਵੱਡਾ ਕਾਰਨ ਅਲੱਗ ਥਲੱਗ ਕਰਨਾ ਅਤੇ ਪਛੜਿਆਪਨ ਸੀ। ਸਰਕਾਰੀ ਅਲੱਗ ਥਲੱਗਤਾ ਦੇ ਖਿਲਾਫ ਲੋਕਾਂ ਦਾ ਉਹ ਇਕੱਠਾ ਹੋਇਆ ਗੁੱਸਾ ਸੀ, ਜਿਹੜਾ ਅੰਦੋਲਨ ਦੇ ਰੂਪ ਵਿਚ ਪ੍ਰਗਟ ਹੋਇਆ। ਪੱਛਮੀ ਬੰਗਾਲ ਦੇ ਤਿੰਨਾਂ ਜ਼ਿਲਿਆਂ ਦੇ ਆਦਿਵਾਸੀ ਘੱਟੋ ਘੱਟ ਨਾਗਰਿਕ ਸੁਵਿਧਾਵਾਂ ਤੋਂ ਵਾਂਝੇ ਰਹੇ ਹਨ। ਪੱਛਮੀ ਮੇਦਨੀਪੁਰ ਦੇ ਲੋਧਾ ਸ਼ਬਰ ਅਤੇ ਪੁਰੂਲਿਆ ਦੇ ਖੇੜਿਆ ਸ਼ਬਰ ਆਦਿਵਾਸੀਆਂ ਨੂੰ 32 ਸਾਲਾਂ ਦੇ ਖੱਬਿਆਂ ਦੇ ਰਾਜ ਵਿਚ ਨਾ ਪਾਣੀ ਦੀ ਸੁਵਿਧਾ ਮਿਲੀ, ਨਾ ਸੜਕ, ਨਾ ਹਸਪਤਾਲ। ਇਹ ਸੁਵਿਧਾਵਾਂ ਮੰਗਣ 'ਤੇ ਉਨਾਂ ਨੂੰ ਪੁਲਿਸ ਦੀ ਮਾਰ ਮਿਲਦੀ ਹੈ। ਸਰਕਾਰ ਅੱਜ ਵੀ ਸ਼ਬਰ ਆਦਿਵਾਸੀਆਂ ਨੂੰ ਜਨਮਜਾਤ ਅਪਰਾਧੀ ਮੰਨਦੀ ਹੈ। ਕਿਤੇ ਵੀ ਅਪਰਾਧ ਹੋਵੇ, ਫੜੇ ਆਦਿਵਾਸੀ ਜਾਂਦੇ ਹਨ। ਖੱਬੇ ਮੋਰਚੇ ਦੇ ਸ਼ੁਰੂਆਤੀ ਸ਼ਾਸਨਕਾਲ ਵਿਚ 37 ਲੋਧਾ ਸ਼ਬਰ ਮਾਰ ਦਿੱਤੇ ਗਏ ਸਨ। ਖੱਬਿਆਂ ਦੇ ਰਾਜ ਵਿਚ ਚੁਣੀ ਗਈ ਕੋਟਾਲ ਨਾਂ ਦੀ ਲੋਧਾ ਕੁੜੀ ਨੂੰ ਇਸ ਲਈ ਉੱਚ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ, ਕਿਉਂਕਿ ਉਹ ਨੀਵੀਂ ਜਾਤੀ ਤੋਂ ਆਈ ਸੀ। ਅਖੀਰ ਨੂੰ ਉਸਨੂੰ ਆਤਮਹੱਤਿਆ ਲਈ ਮਜ਼ਬੂਰ ਕੀਤਾ ਗਿਆ।

ਖੱਬੇ ਮੋਰਚੇ ਨੇ ਆਦਿਵਾਸੀਆਂ ਦਾ ਜੀਵਨ ਨਰਕ ਕਰ ਦਿੱਤਾ। ਜੰਗਲ ਦਾ ਉਨ੍ਹਾਂ ਤੋਂ ਸੁਭਾਵਕ ਅਧਿਕਾਰ ਖੋਹ ਲਿਆ ਗਿਆ। ਜਿਸ ਜੰਗਲ ਵਿਚ ਆਦਿਵਾਸੀ ਫਲ, ਸ਼ਹਿਦ, ਲਕੜ, ਪੱਤੇ ਆਦਿ ਦੀ ਬਿਜਾਈ ਕਰਕੇ ਜ਼ਿੰਦਗੀ ਬਸਰ ਕਰਦੇ ਸਨ, ਉਥੇ ਉਨ੍ਹਾਂ ਦੇ ਜਾਣ 'ਤੇ ਪਾਬੰਦੀ ਲਾ ਦਿੱਤੀ ਗਈ। ਸਾਲਾਂ ਦੀ ਆਪਨਾਈ ਜੀਵਨ ਸ਼ੈਲੀ ਖ਼ਤਮ ਹੋਣ ਲੱਗੀ। ਜਿਊਣ ਦਾ ਕੋਈ ਦੂਜਾ ਹੱਲ ਵੀ ਨਹੀਂ ਰਿਹਾ। ਇਸ ਵਿਚਾਲੇ ਭੁੱਖ ਨਾਲ ਦਮ ਤੋੜਨ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਦੂਜਾ ਰਸਤਾ ਨਹੀਂ ਸੀ। ਲਾਲਗੜ੍ਹ ਦੇ ਨੇੜੇ ਆਮਲਾਸ਼ੋਲ ਵਿਚ ਪੰਜ ਸ਼ਬਰ ਆਦਿਵਾਸੀ 2004 ਵਿਚ ਭੁੱਖ ਨਾਲ ਹੀ ਮਰੇ ਸਨ। ਇਸ ਦੇ ਬਾਵਜੂਦ ਬੰਗਾਲ ਦੇ ਆਦਿਵਾਸੀਆਂ ਨੂੰ ਬੀ.ਪੀ.ਐਲ. ਕਾਰਡ ਨਹੀਂ ਮਿਲਦਾ। ਉਨਾਂ ਨੂੰ ਸੌ ਦਿਨ ਦੀ ਰੋਜ਼ਗਾਰ ਗਾਰੰਟੀ ਯੋਜਨਾ ਦਾ ਲਾਭ ਨਹੀਂ ਮਿਲਦਾ। ਇਹ ਸਾਰੀਆਂ ਯੋਜਨਾਵਾਂ ਸਥਾਨਕ ਮਾਕਪਾ ਨੇਤਾ ਦੀ ਦੇਖ ਰੇਖ ਵਿਚ ਕਾਰਜਸ਼ੀਲ ਹੁੰਦੀਆਂ ਹਨ। ਕੇਂਦਰੀ ਰੋਜ਼ਗਾਰ ਆਵਾਸ ਯੋਜਨਾਵਾਂ ਤੋਂ ਆਏ ਪੈਸੇ ਨਾਲ ਮਾਕਪਾ ਦੇ ਲੋਕ ਆਪਣੇ ਆਲੀਸ਼ਾਨ ਮਕਾਨ ਬਣਾਉਂਦੇ ਹਨ, ਮਾਕਪਾ ਦੇ ਦਫ਼ਤਰ ਬਣਾਉਂਦੇ ਹਨ। ਲਾਲਗੜ੍ਹ ਵਿਚ 1500 ਰੁਪਏ ਮਹੀਨਾ ਲੈਣ ਵਾਲੇ ਇਕ ਖੱਬਿਆਂ ਦੇ ਲੀਡਰ ਨੇ ਚਾਲੀ ਲੱਖ ਰੁਪਏ ਦੀ ਲਾਗਤ ਵਾਲੀ ਹਵੇਲੀ ਖੜੀ ਕਰ ਲਈ। ਆਦਿਵਾਸੀਆਂ ਨੂੰ




ਮਿੱਟੀ ਦਾ ਘਰ ਵੀ ਨਸੀਬ ਨਹੀਂ ਅਤੇ ਮਾਕਪਾ ਨੇਤਾ ਦੀ ਆਲੀਸ਼ਾਨ ਕੋਠੀ। ਇਸ ਲਈ ਲੋਕਾਂ ਨੇ ਆਪਣਾ ਗੁੱਸਾ ਉਸ ਹਵੇਲੀ 'ਤੇ ਕੱਢਿਆ। ਮੈਂ ਮੰਨਦੀ ਹਾਂ ਕਿ ਪੱਛਮੀ ਮੇਦਨੀਪੁਰ-ਬਾਂਕੁੜਾ, ਪੁਰੂਲਿਆ ਦੇ 105 ਵਰਗ ਕਿਲੋਮੀਟਰ ਦੇ ਜੰਗਲ ਖੇਤਰ ਵਿਚ ਰਹਿਣ ਵਾਲੇ ਸੰਥਾਲ, ਲੋਧਾ, ਖੇੜੀਆ, ਲੋਥਾ ਸ਼ਬਰ, ਮੁੰਡਾ, ਮੁਰਮੂ, ਮਹਤੋ ਬੇਹਦ ਗੁੱਸੇ ਵਿਚ ਹਨ। ਮੈਂ ਇਹ ਵੀ ਮੰਨਦੀ ਹਾਂ ਕਿ ਉਨ੍ਹਾਂ ਦਾ ਗੁੱਸਾ ਜ਼ਾਇਜ਼ ਹੈ। ਵਿਕਾਸ ਦੇ ਨਾਂ 'ਤੇ ਆਜ਼ਾਦੀ ਤੋਂ 62 ਸਾਲਾਂ ਬਾਅਦ ਵੀ ਕੁਝ ਵੀ ਹਾਸਲ ਨਾ ਹੋਣ ਕਾਰਨ ਉਹ ਗੁੱਸੇ ਵਿਚ ਹਨ। ਮੈਂ ਪੁੱਛਦੀ ਹਾਂ ਕਿ ਕਾਂਟਾਪਹਾੜੀ-ਬਾਂਸਪਹਾੜੀ ਵਿਚ ਅੱਜ ਤੱਕ ਬਿਜਲੀ ਕਿਉਂ ਨਹੀਂ ਪਹੁੰਚੀ? ਚਾਰ ਦਹਾਕਿਆਂ ਤੋਂ ਆਦਿਵਾਸੀਆਂ ਵਿਚਾਲੇ ਕੰਮ ਕਰਦੇ ਰਹਿਣ ਕਾਰਨ ਆਦਿਵਾਸੀਆਂ ਨਾਲ ਜੁੜੀ ਕੋਈ ਵੀ ਖ਼ਬਰ ਮੈਨੂੰ ਜਲਦੀ ਮਿਲ ਜਾਂਦੀ ਹੈ। ਲਾਲਗੜ੍ਹ ਵਿਚ ਪੁਲਿਸ ਆਪ੍ਰੇਸ਼ਨ ਦੌਰਾਨ ਸੁਰੱਖਿਆ ਬਲਾਂ ਨੇ, ਜੋ ਅੱਤਿਆਚਾਰ ਕੀਤੇ ਹਨ, ਉਨ੍ਹਾਂ ਖਿਲਾਫ ਜਨ-ਅੰਦੋਲਨ ਨੂੰ ਤੇਜ਼ ਕਰਨ ਦੀ ਜ਼ਰੂਰਤ ਹੈ। ਮੈਨੂੰ ਲੱਗਦਾ ਹੈ ਕਿ ਜਿਨੇ ਵੀ ਤਰ੍ਹਾਂ ਦੇ ਅਤਿਵਾਦੀ ਹਨ, ਉਸ ਵਿਚ ਸਭ ਤੋਂ ਵੱਡਾ ਅਤਿਵਾਦ ਰਾਜਸੀ ਅਤਿਵਾਦ ਹੁੰਦਾ ਹੈ। ਲਾਲਗੜ੍ਹ ਦੇ ਨਿਵਾਸੀਆਂ ਨੂੰ ਦਹਿਸ਼ਤਜ਼ਦਾ ਕਰਨ ਲਈ ਹੈਲੀਕਾਪਟਰ ਘੁਮਾਇਆ ਜਾ ਰਿਹਾ ਹੈ।

ਬੇਲਪਹਾੜੀ, ਚਾਕਾਡੋਬਾ, ਪਿੜਾਕਾਟਾ ਵਿਚ ਖੱਬਿਆਂ ਦਾ ਕੇਡਰ ਕੀ ਆਪਣੇ ਅਤਿਵਾਦੀ ਦਮ 'ਤੇ ਸਥਾਪਤ ਹੋਣਾ ਚਾਹੁੰਦਾ ਹੈ? ਲਾਲਗੜ੍ਹ ਤੋਂ ਕੁਝ ਦੂਰ ਕੇਸ਼ਪੁਰ ਅਤੇ ਗੜਬੇਤਾ ਵਿਚ ਮਾਕਪਾ ਕੇਡਰਾਂ ਨੇ ਅਤਿਵਾਦੀ ਰਾਜ ਕਾਇਮ ਕਰ ਰੱਖਿਆ ਹੈ। ਲਾਲਗੜ੍ਹ-ਝਾਰਗ੍ਰਾਮ ਸ਼ਾਲਬਨੀ ਵਿਚ ਪੁਲਿਸ ਆਪ੍ਰੇਸ਼ਨ ਚਲਾ ਕੇ ਕੀ ਸਰਕਾਰ ਇਲਾਕੇ ਨੂੰ ਸੇਜ ਲਈ ਖਾਲੀ ਕਰਾਉਣਾ ਚਾਹੁੰਦੀ ਹੈ? ਕੀ ਇਹੀ ਖੱਬਾ ਦਲ ਹੈ?

# ਸਿੱਖ ਵਿਰਸੇ ਦੇ ਗੀਤਾਂ ਦੀ ਵਾਰਤਾ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸੰਚਾਰ ਸਹੂਲਤਾਂ ਦੇ ਬੇ-ਓੜਕੇ ਵਾਧੇ ਅਤੇ ਆਵਾਜਾਈ ਦੇ ਤੇਜ ਤੋਂ ਤੇਜ ਰਫਤਾਰ ਸਾਧਨਾਂ ਦੀ ਬਹੁਲਤਾ ਕਾਰਨ, ਸੰਸਾਰ ਦਿਨ-ਬ-ਦਿਨ ਸੁੰਗੜਦਾ ਜਾ ਰਿਹਾ ਹੈ। ਭਿੰਨ ਭਿੰਨ ਰੰਗਾਂ, ਨਸਲਾਂ ਅਤੇ ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਦੇ ਲੋਕਾਂ ਦਾ ਜਦੋਂ ਇਕ ਦੂਸਰੇ ਨਾਲ ਮੇਲ-ਮਿਲਾਪ ਸਹਿਚਾਰ ਵਧਦਾ ਹੈ, ਤਾਂ ਆਪਸ ਵਿਚੀਂ ਸਭਿਆਚਾਰਾਂ ਦਾ ਭੇੜ ਵੀ ਹੁੰਦਾ ਹੈ। ਭੇੜ ਦੇ ਇਸ ਕੁਦਰਤੀ ਵਰਤਾਰੇ ਦੌਰਾਨ ਜਿਸ ਚੀਜ਼ ਦੀ ਸਭ ਤੋਂ ਵਧ ਟੁੱਟ ਭੱਜ ਹੁੰਦੀ ਹੈ, ਉਹ ਵਿਰਸੇ ਦੀ ਹੀ




ਹੁੰਦੀ ਹੈ। ਬਦਲੇ ਹਾਲਾਤ ਮੁਜ਼ਬ ਆਪਣੇ ਆਪ ਨੂੰ ਢਾਲ ਲੈਣਾ ਕੋਈ ਗੁਨਾਹ ਨਹੀਂ ਹੁੰਦਾ, ਪ੍ਰੰਤੂ ਕੁਝ ਖਾਸ ਬੁਨਿਆਦੀ ਨੁਕਤਿਆਂ ਨੂੰ ਤਿਆਗਣਾ, ਆਪਣੀ ਵਿਰਾਸਤ ਨਾਲ ਧ੍ਰੋਹ ਕਮਾਉਣ ਬਰਾਬਰ ਹੀ ਮੰਨਿਆ ਜਾਂਦਾ ਹੈ। ਗੰਗਾ ਜਾ ਕੇ 'ਗੰਗਾ ਰਾਮ' ਤੇ ਜਮਨਾ ਜਾ ਕੇ 'ਜਮਨਾ ਦਾਸ' ਬਣਨ ਵਾਲੇ ਵੀ ਬਥੇਰੇ ਹੁੰਦੇ ਹਨ, ਲੇਕਿਨ ਆਪਣੀ ਪਿਤਾ-ਪੁਰਖੀ ਵਿਰਾਸਤ ਨਾਲ ਗੂੜ੍ਹਾ ਮੋਹ ਰੱਖਣ ਵਾਲੇ ਪ੍ਰੀਤਵਾਨ ਇਸ ਗੱਲੋਂ ਤ੍ਰਹਿੰਦੇ ਰਹਿੰਦੇ ਹਨ ਕਿ ਕੋਈ ਉਨ੍ਹਾਂ ਨੂੰ ਇਹ ਉਲ੍ਹਾਂਭਾ ਨਾ ਦੇ ਦੇਵੇ-

ਘਰ ਘਰ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥

ਆਪਣੇ ਪੰਜਾਬੀ ਭਾਈਚਾਰੇ ਵਿਚ ਵਿਰਸੇ ਦੇ ਹੇਰਵੇ ਦਾ ਬਹੁਤਾ 'ਸੇਕ' ਆਮ ਤੌਰ 'ਤੇ ਪ੍ਰਵਾਸੀਆਂ ਨੂੰ ਜ਼ਿਆਦਾ ਪੋਹਦਾ ਹੈ। ਇਸੇ ਵਿਗੋਚੇ ਦੇ ਮਾਰੇ ਹੋਏ ਉਹ ਜੰਮਣ-ਭੁਇੰ ਵਲ ਨਜ਼ਰ ਮਾਰਦੇ ਹਨ, ਤਾਂ ਉਥੇ ਵੀ 'ਸੰਸਾਰੀਕਰਨ' ਦੇ ਜਰਾਸੀਮਾਂ ਦਾ ਹਮਲਾ ਹੋਇਆ ਦੇਖਦੇ ਹਨ। ਇਸ ਦੁਵੱਲੀ-ਪੀੜਾ ਦੇ ਝੰਬੇ ਹੋਏ, ਕੁਝ ਲਿਖਣ ਦੀ ਸਮਰੱਥਾ ਰੱਖਣ ਵਾਲੇ ਹੱਥ ਕਲਮ ਫੜ੍ਹ ਕੇ ਵਿਰਾਸਤ ਦੀ ਸੇਵਾ ਵਿਚ ਜੁੱਟ ਪੈਂਦੇ ਹਨ। ਕੁਝ ਇਹੋ ਜਿਹੇ ਅਹਿਸਾਸਾਂ ਨੂੰ ਗੀਤਾਂ ਦੇ ਰੂਪ ਵਿਚ ਗੁੰਦ ਕੇ, ਸਾਹਿਤਕ ਮਿੱਤਰ ਡਾਕਟਰ ਗੁਰਮੀਤ ਸਿੰਘ ਬਰਸਾਲ ਨੇ 'ਵਿਰਸੇ ਦੇ ਗੀਤ' ਨਾਮੀ ਪੁਸਤਕ ਰਚੀ ਹੈ। ਇਸ ਤੋਂ ਪਹਿਲਾਂ ਕਿ ਇਸ ਛੋਟੇ ਅਕਾਰ ਦੀ ਪੁਸਤਕ ਵਿਚਲੀ ਸਮੱਗਰੀ ਦਾ ਮੁਲੰਕਣ ਕਰੀਏ, ਆਪਾਂ ਸੰਖੇਪ ਰੂਪ 'ਚ ਡਾ. ਬਰਸਾਲ ਦੇ ਨਿੱਜ ਬਾਰੇ ਜਾਣ ਲਈਏ।

ਕੈਲੇਫੋਰਨੀਆ ਸਟੇਟ ਦੇ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸੈਨ ਹੋਜ਼ੇ ਸ਼ਹਿਰ ਵਿਚ, ਆਪਣੇ ਮਾਤਾ-ਪਿਤਾ ਅਤੇ ਬਾਲ ਪਰਿਵਾਰ ਨਾਲ ਰਹਿੰਦੇ ਡਾ. ਬਰਸਾਲ ਦਾ ਪਿਛੋਕੜ ਜ਼ਿਲਾ ਲੁਧਿਆਣਾ ਨਾਲ ਸਬੰਧਤ ਹੈ। ਜਿੱਥੇ ਦੀ ਪ੍ਰਸਿੱਧ ਖੇਤੀਬਾੜੀ ਯੂਨੀਵਰਸਿਟੀ ਦੇ ਵੈਟਨਰੀ ਕਾਲਜ ਵਿਚ ਵਿੱਦਿਆ ਪ੍ਰਾਪਤ ਕਰਕੇ ਨੌਜਵਾਨ ਗੁਰਮੀਤ ਸਿੰਘ, ਡਾਕਟਰ ਬਣਿਆ। ਪੁਸ਼ਤੈਨੀ ਰੂਪ ਵਿਚ ਮਿਲੀਆਂ ਹੋਈਆਂ ਸਿੱਖੀ ਰੰਗਣ ਵਾਲੀਆਂ ਕਦਰਾਂ-ਕੀਮਤਾਂ ਦੇ ਸੁਭਾਗ ਉਦੋਂ ਹੋਰ ਚਮਕ ਪਏ, ਜਦੋਂ ਕਾਲਜ ਪੜ੍ਹਦਿਆਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪਰਿਵਾਰਕ ਦਾਇਰੇ ਵਿਚ ਸ਼ਾਮਲ ਹੋ ਗਏ। ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ ਦੇ ਗੌਰਵਮਈ ਵਿਰਸੇ ਨਾਲ ਜੋੜਨ ਵਾਲੇ ਇਕੋ ਇਕ ਨਿਸ਼ਾਨੇ ਨੂੰ ਮਿੱਥ ਕੇ ਤੁਰੀ ਹੋਈ, ਸਿੱਖ ਪੰਥ ਦੀ ਨਾਮਵਰ ਸੰਸਥਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਬੁੱਧੀਜੀਵੀ ਪ੍ਰਬੰਧਕਾਂ ਨੇ ਡਾ. ਬਰਸਾਲ ਨੂੰ ਹੋਰ ਤਰਾਸ਼ਿਆ ਸੰਵਾਰਿਆ।

ਇਸੇ ਹੀ ਉਚ ਵਿਦਿਅਕ ਮਾਹੌਲ ਵਿਚ ਉਨ੍ਹਾਂ ਸਿੱਖ ਫਲਸਫੇ ਦਾ ਨਿੱਠ ਕੇ ਅਧਿਐਨ ਕੀਤਾ। ਫਿਰ ਆਪਣੇ ਸਮਾਜ ਵਿਚ ਵਿਚਰਦਿਆਂ ਜ਼ਮੀਨੀ-ਹਕੀਕਤਾਂ ਦਾ ਗਹਿਰ ਗੰਭੀਰ ਮੁਤਾਲਿਆ ਕੀਤਾ। ਸਿੱਖ ਪੰਥ ਵਿਚ ਆਏ ਸਮਾਜਿਕ, ਧਾਰਮਿਕ ਨਿਘਾਰ ਨਾਲ ਡਾ. ਬਰਸਾਲ ਦੀ ਆਤਮਾ ਵੀ ਵਿਆਕੁਲ ਹੋਈ। ਇਸ ਅੰਤਰ-ਪੀੜ 'ਚੋਂ ਪੈਦਾ ਹੋਈ ਡਾਕਟਰ ਸਾਹਿਬ ਦੀ ਪਹਿਲੀ ਪੁਸਤਕ 'ਵਿਰਸੇ ਦੀ ਪਹਿਚਾਣ', ਜਿਸ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਇਸ ਪੁਸਤਕ ਦਾ ਹੁਣ ਪੰਜਵਾਂ ਐਡੀਸ਼ਨ ਛਪਣ ਵਾਲਾ ਹੈ। ਇਕ ਬੁੱਧੀਵਾਨ ਦਾ ਕਥਨ ਹੈ ਕਿ ਜੇ ਤੁਸੀਂ ਆਪਣੇ ਅਤੀਤ ਵਲ ਪਿਸਤੌਲ ਦੀ ਗੋਲੀ ਚਲਾਉਗੇ ਤਾਂ ਭਵਿੱਖ ਤੁਹਾਨੂੰ ਤੋਪਾਂ ਨਾਲ ਤਬਾਹ ਕਰ ਸੁੱਟੇਗਾ। ਲੱਗਦਾ ਹੈ ਜਿਸ ਅਮਰੀਕਨ ਸਟਾਈਲ ਜ਼ਿੰਦਗੀ ਵਿਚ ਆਪਦਾ ਸਿਰ ਖੁਰਕਣ ਦਾ ਵਿਹਲ ਵੀ ਨਹੀਂ ਮਿਲਦਾ, ਉਸੇ ਨੱਠ-ਭੱਜ ਦਾ ਇਕ ਅੰਗ ਹੁੰਦਿਆਂ, ਡਾ. ਬਰਸਾਲ ਨੂੰ ਉਕਤ ਕਥਨ ਕੁਰੇਦਦਾ ਹੀ ਰਹਿੰਦਾ ਹੋਵੇਗਾ। ਸ਼ਾਇਦ ਇਸੇ ਕਾਰਨ ਉਨ੍ਹਾਂ ਆਪਣੀ ਕਿਰਤ ਵਿਰਤ ਕਰਦਿਆਂ, ਦੂਸਰੀ ਪੁਸਤਕ 'ਵਿਰਸੇ ਦੇ ਗੀਤ' ਕੌਮ ਦੀ ਝੋਲੀ ਪਾਈ ਹੈ। ਇਸ ਪੁਸਤਕ ਦੇ ਪ੍ਰਕਾਸ਼ਕ ਸਟੱਡੀ ਸਰਕਲ ਲੁਧਿਆਣਾ ਵਾਲੇ ਵੀਰ ਹੀ ਹਨ। ਇਸ ਸ਼ਾਨਾਮੱਤੀ ਸੰਸਥਾ ਦੇ ਪ੍ਰਕਾਸ਼ਨਾ ਡਾਇਰੈਕਟੋਰੇਟ ਦੇ ਮੁਖੀ ਡਾ. ਵਰਿੰਦਰਪਾਲ ਸਿੰਘ ਨੇ ਪੁਸਤਕ ਦੇ ਅਰੰਭ ਵਿਚ ਇਸ ਦਾ ਪ੍ਰਕਾਸ਼ਨ-ਮਨੋਰਥ ਬਿਆਨ ਕਰਦਿਆਂ ਲਿਖਿਆ ਹੈ-

"...ਇਹ ਸੁੰਦਰ ਰਚਨਾ ਪ੍ਰਕਾਸ਼ਿਤ ਕਰਨ ਦੀ ਸੇਵਾ ਨਿਭਾਉਂਦਿਆਂ ਮੈਨੂੰ ਅਤਿਅੰਤ ਪ੍ਰਸੰਨਤਾ ਅਤੇ ਵਿਸ਼ਵਾਸ ਹੈ ਕਿ ਇਸ ਕਿਤਾਬ ਦੀਆਂ ਰਚਨਾਵਾਂ ਨੌਜਵਾਨਾਂ ਨੂੰ ਗੁਰਮਤਿ ਦੇ ਚਾਨਣ ਵਿਚ ਜਿਉਣ ਦਾ ਸੁਨੇਹਾ ਦੇਣ ਵਿਚ ਸਹਾਈ ਹੋਣਗੀਆਂ... ਜਿਤਨੇ ਵਿਸ਼ੇ ਉਨ੍ਹਾਂ ਨੇ ਆਪਣੀ ਇਸ ਰਚਨਾ ਵਿਚ ਛੂਹੇ ਹਨ, ਉਨ੍ਹਾਂ ਨੂੰ ਨੌਜਵਾਨ ਪਸੰਦ ਹੀ ਨਹੀਂ ਕਰਨਗੇ, ਸਗੋਂ 'ਵਿਰਸੇ ਦੀ ਪਹਿਚਾਣ' ਦੀ ਤਰ੍ਹਾਂ ਸਕੂਲਾਂ/ਕਾਲਜਾਂ ਦੇ ਯੁਵਕ-ਮੇਲਿਆਂ ਦਾ ਸ਼ਿੰਗਾਰ ਬਣਾਉਣਗੇ।" ਹਥਲੇ ਲੇਖ ਦੇ ਲਿਖਾਰੀ ਤੋਂ ਇਲਾਵਾ ਇਸ ਪੁਸਤਕ ਦਾ ਮੁੱਖਬੰਦ, ਕੈਨੇਡਾ ਤੋਂ ਛਪਦੇ ਮਾਸਿਕ ਮੈਗਜ਼ੀਨ 'ਸਿੱਖ ਵਿਰਸਾ' ਦੇ ਮੁੱਖ ਸੰਪਾਦਕ ਸ. ਹਰਚਰਨ ਸਿੰਘ ਨੇ ਲਿਖਿਆ ਹੈ। ਜਿਸ ਵਿਚ ਉਨ੍ਹਾਂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਮਚੀ ਹੋਈ ਆਪਾ-ਧਾਪੀ ਅਤੇ ਸਵਾਰਥੀਪੁਣੇ ਦੇ 'ਇਲਾਜ' ਲਈ ਡਾ. ਬਰਸਾਲ ਦੀਆਂ ਕਿਰਤਾਂ ਨੂੰ 'ਆਸ ਦੀ ਕਿਰਨ' ਕਹਿ ਕੇ ਵਡਿਆਇਆ ਹੈ। ਇਸ ਕਿਤਾਬ ਵਿਚਲੇ ਗੀਤਾਂ ਦੀ ਗੱਲ ਕਰਦਿਆਂ 'ਕੁਝ ਕਿਤਾਬ ਬਾਰੇ' ਸਿਰਲੇਖ ਅਧੀਨ ਡਾ. ਬਰਸਾਲ ਨੇ ਖੁਦ ਦੱਸਿਆ ਹੈ ਕਿ ਸਵਾਲ ਗੀਤਾਂ, ਕਹਾਣੀਆਂ, ਲੇਖਾਂ ਜਾਂ ਕਵਿਤਾਵਾਂ ਦਾ ਨਹੀਂ, ਸਗੋਂ ਵਿਚਾਰਾਂ ਦੇ ਸੰਚਾਰ ਦਾ ਹੈ। ਅੱਜ ਦੇ ਸਮੇਂ ਵਿਦਿਆਰਥੀ ਗੀਤਾਂ ਨੂੰ ਛੇਤੀ ਕਬੂਲਦੇ ਹਨ। ਇਸ ਲਈ ਵਿਰਸੇ ਦੇ ਅਮੋਲਕ ਵਿਚਾਰਾਂ ਨੂੰ ਗੀਤਾਂ ਰਾਹੀਂ ਸਾਂਝੇ ਕਰਨ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

ਉਚ ਕੋਟੀ ਦੇ ਕਵੀਆਂ, ਸੁਪ੍ਰਸਿੱਧ ਲੇਖਕਾਂ, ਚਿੰਤਕਾਂ ਅਤੇ ਸਥਾਨਕ ਪੱਤਰਕਾਰਾਂ ਦੀ ਭਰੀ ਮਹਿਫਲ ਵਿਚ ਲੋਕ-ਅਰਪਣ ਕੀਤੀ ਗਈ। ਇਸ ਪੁਸਤਕ ਰੂਪੀ ਕਾਵਿ-ਚੰਗੇਰ ਦੇ ਫੁੱਲ ਰੂਪੀ ਗੀਤਾਂ ਬਾਰੇ ਕੁਝ ਸ਼ਬਦ! ਜਿਵੇਂ ਭਾਰਤੀ ਸੰਸਕ੍ਰਿਤੀ ਅਨੁਸਾਰ ਦਿਨ ਅਤੇ ਰਾਤ ਦੇ ਕੁੱਲ ਸਮੇਂ ਨੂੰ ਸਤਾਈ ਨਛੱਤਰਾਂ ਦੇ ਵਰਤਾਰੇ ਨਾਲ ਆਂਕਿਆ ਜਾਂਦਾ ਹੈ, ਤਿਵੇਂ ਹੀ ਬਰਸਾਲ ਨੇ ਪੂਰੀ ਕਿਤਾਬ ਵਿਚ ਸਤਾਈ ਵਿਸ਼ਿਆਂ 'ਤੇ ਗੀਤ ਲਿਖੇ ਹੋਏ ਹਨ। ਬੇਸ਼ੱਕ ਇਹ ਗੀਤ ਪੜ੍ਹਦਿਆਂ ਕਿਤੇ ਕਿਤੇ ਛੰਦਾ-ਬੰਦੀ ਜਾਂ ਕਾਵਿਕ ਨਾਪ-ਤੋਲ ਦੀ ਢਿਲਿਆਈ ਅੱਖਰਦੀ ਹੈ, ਪਰ ਗੀਤਾਂ ਵਿਚਲਾ ਵਿਚਾਰਧਾਰਕ ਵੇਗ, ਇਸ ਕਾਵਿ-ਦੋਸ਼ ਨੂੰ ਅਣਗੌਲਿਆ ਕਰੀ ਜਾਂਦਾ ਹੈ। ਵਹਿੰਦੇ ਦਰਿਆ ਦੀ ਰਵਾਨੀ ਵਾਂਗ, ਖਿਆਲਾਂ-ਦੀ ਪੁਖ਼ਤਗੀ ਪਾਠਕਾਂ ਨੂੰ ਆਪਣੇ ਨਾਲ ਨਾਲ ਵਹਾਉਂਦੀ ਚਲੀ ਜਾਂਦੀ ਹੈ।

ਇਨ੍ਹਾਂ ਸਮਿਆਂ ਵਿਚ ਵਸਦੇ ਰਸਦੇ ਪਰਿਵਾਰਾਂ ਦੀ ਬੁਰੀ ਤਰ੍ਹਾਂ ਤੋੜ-ਭੰਨ ਕਰਕੇ ਪਤੀ-ਪਤਨੀ ਦੇ ਰਿਸ਼ਤੇ ਉਪਰ ਵਦਾਣ ਵਾਂਗ ਵੱਜਣ ਵਾਲੇ ਕੁਲਹਿਣੇ ਤਲਾਕ ਬਾਰੇ ਗੀਤ ਵਿਚ ਵਜ਼ਨਦਾਰ ਖਿਆਲ ਲੜੀ ਗੁੰਦੀ ਹੋਈ ਹੈ। 'ਹੁੰਦਾ ਕੀ ਤਲਾਕ ਜੀ' ਵਾਲੇ ਗੀਤ ਦੇ ਬੋਲ ਤੱਕੋ ਜ਼ਰਾ-

ਗੁਰਮਤਿ ਸਾਨੂੰ ਤਾਂ ਕਿਤੇ ਨਹੀਂ ਦੱਸਦੀ,
ਹੁੰਦਾ ਕੀ ਤਲਾਕ ਜੀ।
ਕਿਸੇ ਸਮੇਂ ਪਤੀ-ਪਤਨੀ ਦੇ ਵਿਚ ਵੀ,
ਵਿਚਾਰ ਖਾਂਦੇ ਮੇਲ ਨਾ।
ਲੋਕਾਂ ਪਿੱਛੇ ਲੱਗ ਕੇ ਨਹੀਂ ਘਰ ਪੱਟਦੀ,
ਭਾਵੇਂ ਹੋਵੇ ਝੇਲ ਨਾ।
ਹੱਕ ਛੱਡ ਕੇ ਜੇ ਫਰਜ਼ਾਂ ਨੂੰ ਸਮਝੋ
ਰਹਿੰਦਾ ਇਤਫਾਕ ਜੀ!...
ਘਰ ਵਿਚ ਹੁੰਦੀ ਨਿੱਕੀ ਨਿੱਕੀ ਗੱਲ ਨੂੰ,
ਲੋਕਾਂ ਨੂੰ ਜੋ ਦੱਸਦੇ।
ਸਾਹਮਣੇ ਜਤਾਉਂਦੇ ਲੋਕ ਹਮਦਰਦੀ,
ਪਿੱਠ-ਪਿੱਛੇ ਹੱਸਦੇ।
ਵੱਸਣ ਨਾ ਦੇਣ ਕਈ ਘਰ ਕਿਸੇ ਦਾ,
ਨੀਚ ਤੇ ਚਲਾਕ ਜੀ।
ਜ਼ਿਦ ਆਪਣੀ ਦੇ ਪਿੱਛੇ ਰੋਲ ਬੈਠਦੇ,
ਘਰ ਦੇ ਜਵਾਕ ਜੀ...।

ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੱਲਾ ਫੜ੍ਹ ਕੇ ਥੋੜ੍ਹੇ ਚਿਰ ਮਗਰੋਂ ਕੋਰਟਾਂ ਕਚਹਿਰੀਆਂ ਵਿਚ ਧੱਕੇ ਖਾਣ ਉੱਤੇ ਕਟਾਖਸ਼ ਇੰਜ ਕੀਤਾ ਗਿਆ ਹੈ-

ਸਹੁੰ ਖਾ ਕੇ ਝੂਠੀ ਗੁਰੂ ਗ੍ਰੰਥ ਸਾਹਿਬ ਦੀ,
ਪੂਜਦੇ ਵਕੀਲਾਂ ਨੂੰ।
ਗੁਰੂ ਦੀ ਕਚਹਿਰੀ ਵਾਲਾ ਛੱਡ ਫੈਸਲਾ,
ਭਾਲਦੇ ਦਲੀਲਾਂ ਨੂੰ।
ਗੁਰੂ ਨਾਲੋਂ ਜੱਜ ਦੇ ਉਤਾਹਾਂ ਰੱਖਦੇ ਫੈਸਲੇ,
ਨਾਪਾਕ ਜੀ...।

'ਦਾਜ ਲੈ ਕੇ ਜਿਹੜੇ ਪੁੱਤ ਨੇ ਵਿਆਹੁੰਦੇ' ਸਿਰਲੇਖ ਵਾਲੇ ਗੀਤ ਵਿਚ ਦਾਜ ਦੇ ਲੋਭੀਆਂ ਨੂੰ ਇੰਜ ਲੱਖ-ਲੱਖ ਲਾਹਣਤਾਂ ਪਾਈਆਂ ਗਈਆਂ ਨੇ-

ਮੁੰਡੇ ਵਾਲੇ ਕਹਿੰਦੇ
ਸਾਡੇ ਘਰੇ ਕੋਈ ਤੋਟ ਨਾ।
ਪਰ ਕੁੜੀ ਵਾਲਿਆਂ ਨੂੰ
ਦੇਣੀ ਕੋਈ ਛੋਟ ਨਾ।
ਉਹ ਤਾਂ ਲੋਕਾਂ ਵਿਚ ਨੱਕ ਨੇ ਰਖਾਉਂਦੇ
ਉਨ੍ਹਾਂ ਸਿਰ ਲੱਖ ਲਾਹਣਤਾਂ!
ਦਾਜ ਲੈ ਕੇ ਜਿਹੜੇ....।
ਕਦੇ ਰੋਕਾ, ਠਾਕਾ ਕਦੇ, ਕਦੇ ਚੁੰਨੀ ਮੰਗਣਾ
ਰਸਮਾਂ ਬਹਾਨੇ ਸਦਾ ਮੰਗਦੇ ਨਾ ਸੰਗਣਾ...।

ਮਾਂ-ਪਿਉ ਦੇ ਆਦਰ ਸਤਿਕਾਰ ਨੂੰ ਸਰਵੋਤਮ ਧਰਮ ਕਰਮ ਦੱਸਦਿਆਂ 'ਹੁੰਦਾ ਮਾਪਿਆਂ ਦੇ ਵਿਚ ਉਹ ਹਜ਼ੂਰ ਵੱਸਦਾ' ਵਾਲੀ ਕਵਿਤਾ ਵਿਚ ਡਾ. ਬਰਸਾਲ ਨੇ ਕੁਝ ਸਤਰਾਂ ਇੰਜ ਲਿਖੀਆਂ ਨੇ-

ਜਿਸ ਘਰ ਵਿਚ ਮਾਪਿਆਂ ਦੇ
ਰਹਿਣ ਖੁਸ਼ ਚਿਹਰੇ
ਹੋ ਕੇ ਰੱਬੋਂ ਮਨਜ਼ੂਰ,
ਖੁਸ਼ੀ ਆਉਂਦੀ ਉਸੇ ਵਿਹੜੇ
ਜਾਪੇ ਉਸ ਜਗ੍ਹਾ ਰੱਬ ਦਾ ਹੀ
ਨੂਰ ਵੱਸਦਾ...।

ਮੌਜੂਦਾ ਦੌਰ ਵਿਚ ਇਸ਼ਕ-ਮੁਸ਼ਕ ਅਤੇ ਨੰਗੇਜਵਾਦ ਦਾ ਸ਼ਿਕਾਰ ਬਣੀ ਹੋਈ ਨੌਜਵਾਨ ਪੀੜ੍ਹੀ ਨੂੰ 'ਅਸਲ ਸਭਿਆਚਾਰ' ਦੇ ਰੂ-ਬ-ਰੂ ਕਰਦਿਆਂ ਕਵੀ ਕਹਿੰਦਾ ਹੈ-

ਇਥੇ ਛੋਟੀ ਹੁੰਦੀ ਧੀ ਵਰਗੀ
ਤੇ ਵੱਡੀ ਹੁੰਦੀ ਮਾਂ ਵਰਗੀ।
ਥਾਂ ਮਿਲਦੀ ਭਾਬੀ ਸਾਲੀ ਨੂੰ
ਸਦਾ ਭੈਣਾਂ ਵਾਲੀ ਥਾਂ ਵਰਗੀ
ਇਹ ਰਿਸ਼ਤੇ ਨੇ ਵਿਸ਼ਵਾਸਾਂ ਦੇ
ਨਾ ਨੀਤੀ ਕੋਈ 'ਸਰਕਾਰੂ' ਹੈ।
ਅਸੀਂ ਵਿਕਸਤ ਹੋਏ ਪ੍ਰਾਣੀ ਹਾਂ
ਸਾਡਾ ਸਭਿਆਚਾਰ ਉਸਾਰੂ ਹੈ!

ਸਿੱਖ ਫਲਸਫੇ ਨੂੰ ਪਿੱਠ ਦੇ ਕੇ ਮਨਮਤੀਏ ਬਣੇ ਹੋਏ ਮਾਡਰਨ ਸਿੱਖ ਵਲੋਂ 'ਗੁਰੂ ਜੀ ਸਾਨੂੰ ਮਾਫ ਕਰੀਂ' ਵਾਲੇ ਗੀਤ ਵਿਚ ਵਿਅੰਗਨੁਮਾ ਸਤਰਾਂ ਹਨ-

ਉਚ ਨੀਚ ਨਾਲੋਂ ਸਾਡਾ ਰਿਸ਼ਤਾ ਸੀ ਤੋੜਿਆ।
ਹਰ ਨਾਂ ਦੇ ਨਾਲ ਹੈ ਸੀ
'ਸਿੰਘ-ਕੌਰ' ਜੋੜਿਆ।
ਜਾਤੀ ਹਉਮੈ ਮਾਰੇ ਗੋਤ ਵੀ ਲਗਾਈਏ
ਗੁਰੂ ਜੀ ਸਾਨੂੰ ਮਾਫ ਕਰੀਂ...।

ਪੰਜਾਬੀਆਂ ਦੇ ਮਨ ਭਾਉਂਦੇ ਛੰਦ 'ਜਾਗੋ' ਵਿਚ ਨਵੇਂ ਹੀ ਢੰਗ ਨਾਲ ਸੁੱਤੇ ਸਿੱਖਾਂ ਨੂੰ ਜਗਾਉਣ ਦਾ ਉਪਰਾਲਾ ਕੀਤਾ ਗਿਆ ਹੈ-

ਤੂੰ ਸੁੱਤਾਂ ਏਂ ਲੰਬੀਆਂ ਤਾਣੀ
ਚੋਰਾਂ ਦੀ ਤੈਨੂੰ ਚੰਬੜੀ ਢਾਣੀ।
ਰਾਜ ਧਰਮ ਦਿਆਂ ਠੇਕੇਦਾਰਾਂ
ਪਾ ਲਈ ਏ ਗਲਵਕੜੀ ਜਾਣੀ।
ਇਕ ਦੂਜੇ ਦੇ ਪੂਰਕ ਬਣ ਕੇ
ਲੁੱਟ ਕਰਨ ਦੀ ਨੀਤੀ ਠਾਣੀ
ਡੇਰੇਦਾਰਾਂ, ਸਾਧਾਂ, ਸੰਤਾਂ
ਚੰਗੀ ਧੁੰਮ ਮਚਾਈਆ ਬਈ
ਹੁਣ ਜਾਗੋ ਆਈਆ।
ਜਾਗ ਸਿੰਘਾ ਬਈ...!

ਇਸੇ ਤਰ੍ਹਾਂ 'ਵਿਰਸਾ ਸੰਭਾਲ ਸਿੱਖਾ'-ਸਿੱਖ ਵਿਰਸੇ ਦੀ ਦੱਸਾਂ ਕਿਹੜੀ ਕਿਹੜੀ ਮੈਂ ਕਹਾਣੀ ਵਾਲੇ ਗੀਤਾਂ ਵਿਚ ਸਿੱਖ ਵਿਰਸੇ ਨੂੰ ਸਾਦੀ ਬੋਲੀ ਵਿਚ ਬਿਆਨਿਆ ਗਿਆ ਹੈ। 'ਅੱਜ ਆਖਾਂ ਮੱਖਣ ਸ਼ਾਹ ਨੂੰ' ਵਿਚ ਗੁਰੂ-ਡੰਮ ਅਤੇ ਸ਼ਖ਼ਸੀ ਪੂਜਾ 'ਤੇ ਕਰਾਰੀ ਚੋਟ ਮਾਰੀ ਗਈ ਹੈ। 'ਮੇਰੀਏ ਨੀਂ ਮਾਏ' ਇਕ ਧੀ-ਧਿਆਣੀ ਦਾ ਦਿਲ ਟੁੰਬਵਾਂ ਬਿਆਨ ਹੈ। 'ਚੁੰਨੀ' ਵਾਲੇ ਗੀਤ ਵਿਚ ਨੰਗੇ ਸਿਰ ਨੂੰ 'ਕੁਸੁਗਨੀ' ਦੱਸਣ ਵਾਲਾ ਵਿਰਸਾ ਦਰਸਾਇਆ ਗਿਆ ਹੈ। 'ਸਿੱਖਿਆ ਬਨਾਮ ਸਿਹਰਾ' ਵਿਚ ਨਵ-ਵਿਆਹੇ ਜੋੜੇ ਨੂੰ ਬੜੇ ਹੀ ਸੰਵੇਦਨਸ਼ੀਲ ਸ਼ਬਦਾਂ ਰਾਹੀਂ ਗ੍ਰਹਿਸਤੀ ਜੀਵਨ ਦੇ ਫਰਜ਼ਾਂ ਤੇ ਕਰਤਵਾਂ ਦੀ ਸਿੱਖਿਆ ਦਿੱਤੀ ਗਈ ਹੈ। ਗੱਲ ਕੀ, ਜੀਵਨ ਦੇ ਹਰ ਪੱਖ ਨਾਲ ਸਬੰਧਤ ਨੁਕਤੇ, ਪੁਰਾਤਨ ਵਿਰਸੇ ਦੀ ਰੋਸ਼ਨੀ 'ਚ ਨਵਿਆਏ ਗਏ ਹਨ।

ਪੂਰੀ ਦੀ ਪੂਰੀ ਕਿਤਾਬ ਨਾਲ ਕਦੇ ਪਾਠਕ ਸਹਿਮਤ ਨਹੀਂ ਹੁੰਦੇ। ਪਰ ਮੈਂ ਵਿਰਸੇ ਦੇ ਗੀਤਾਂ ਦੀ ਹਰ ਸਤਰ ਨਾਲ ਸਹਿਮਤੀ ਰੱਖਦਾ ਹਾਂ।

ਵੈਸੇ ਤਾਂ ਇਹ ਕਿਤਾਬ ਆਮ ਬੁੱਕ-ਸਟਾਲਾਂ 'ਤੇ ਉਪਲਬਧ ਹੈ। ਪਰ ਫੇਰ ਵੀ ਜੇ ਕਿਸੇ ਸੱਜਣ ਨੂੰ ਕੋਈ ਦਿੱਕਤ ਆਵੇ ਤਾਂ ਡਾ. ਗੁਰਮੀਤ ਸਿੰਘ ਬਰਸਾਲ ਨੂੰ ਹੱਲਾ ਸ਼ੇਰੀ ਦੇਣ ਦੇ ਨਾਲ-ਨਾਲ ਪੁਸਤਕ ਬਾਰੇ ਵੀ ਪੁੱਛਿਆ ਜਾ ਸਕਦਾ ਹੈ।

ਉਨ੍ਹਾਂ ਦਾ ਫੋਨ ਨੰਬਰ 408-209-7072 ਹੈ। ਉਮੀਦ ਕਰਦਾ ਹਾਂ ਕਿ ਪਹਿਲੀ ਪੁਸਤਕ ਵਾਂਗ 'ਵਿਰਸੇ ਦੇ ਗੀਤ' ਦੀਆਂ ਵੀ ਕਈ ਐਡੀਸ਼ਨਾਂ ਛਪਣਗੀਆਂ। ਆਮੀਨ!!

***

# ਅਮ੍ਰਿਤਾ ਦੇ ਬਾਲਾਂ ਦੇ ਪੋਤੜੇ ਦੁੱਗਲ ਦੇ ਵਿਹੜੇ ਜਾ ਡਿੱਗੇ

ਪਿਛਲੇ ਦਿਨਾਂ ਤੋਂ ਤਾਂ ਕਮਾਲ ਹੀ ਹੋ ਰਿਹਾ ਹੈ। ਇਕ ਸਮਰੱਥ ਕਵੀ ਦਾ ਪੁੱਤ ਕਿਹਤੀਆਂ ਲੀਹਾਂ 'ਤੇ ਚੱਲਣ ਲੱਗ ਪਿਆ ਕਿ ਉਸ ਨੇ ਆਪਣੀ ਅਗਲੀ ਪੀੜ੍ਹੀ ਨੂੰ ਵੀ ਆਪਣੇ ਵਰਗਾ ਹੀ ਬਣਾ ਲਿਆ ਹੈ। ਜੀ ਹਾਂ! ਸਾਡੇ ਸਮੇਂ ਦਾ ਵੱਡਾ ਫਿਲਮੀ ਕਲਾਕਾਰ ਅਮਿਤਾਭ ਬੱਚਨ ਆਪਣੇ ਮੁੰਡੇ ਅਤੇ ਨੂੰਹ ਨੂੰ ਲੈ ਕੇ ਰਾਤ ਦੇ ਹਨੇਰੇ 'ਚ ਵੀਹ ਵੀਹ ਕਿਲੋਮੀਟਰ ਦੀ ਪੈਦਲ ਯਾਤਰਾ ਕਰ ਕੇ ਮੰਦਰ ਪਹੁੰਚਦਾ ਹੈ। ਤਰ੍ਹਾਂ ਤਰ੍ਹਾਂ ਦੀਆਂ ਮੰਨਤਾਂ ਮੰਗਦਾ ਹੈ। ਦੁਨੀਆਂ ਅਜਿਹੇ ਕੰਮਾਂ 'ਚ ਲੱਗੀ ਹੋਈ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਪਰ ਜਦੋਂ ਅਗਾਂਹਵਧੂ ਵਿਚਾਰਾਂ ਵਾਲੇ ਪਰਿਵਾਰ 'ਚ ਪੈਦਾ ਹੋਇਆ ਵੱਡਾ ਸ਼ਖ਼ਸ ਅਜਿਹੀਆਂ ਹਰਕਤਾਂ ਕਰਦਾ ਹੈ ਤਾਂ ਹੈਰਾਨੀ ਪੈਦਾ ਹੁੰਦੀ ਹੈ। ਇਕ ਵੱਡਾ ਸ਼ਖ਼ਸ ਹੀ ਨਹੀਂ ਸਗੋਂ ਇਕ ਸਾਬਕਾ ਵਿਸ਼ਵ ਸੁੰਦਰੀ ਵੀ ਅਤੇ ਉਸ ਦਾ ਪ੍ਰਤਿਭਾਵਾਨ ਪਤੀ ਵੀ ਸਾਥ ਦਿੰਦਾ ਹੈ।

ਮੀਡੀਆ ਅੱਧੀ ਰਾਤ ਨੂੰ ਜਾਗ ਕੇ ਇਸ ਨਿੱਜੀ ਧਾਰਮਿਕ ਅਨੁਸ਼ਠਾਨ ਨੂੰ ਇਕ ਰਾਸ਼ਟਰੀ ਘਟਨਾ ਬਣਾ ਦਿੰਦਾ ਹੈ।

ਇਹ ਸਾਡੇ ਬਿੱਗ ਬੀ ਜੋ ਕਰ ਰਹੇ ਹਨ ਕੀ ਉਹ ਸਹੀ ਹੈ? ਇਸ ਪਿੱਛੇ ਕੀ ਕਾਰਨ ਹੈ? ਕਦੇ ਮੰਦਰ 'ਚ ਦਸ ਕਰੋੜ ਦੇ ਹੀਰੇ ਚੜ੍ਹਾਉਂਦੇ ਹਨ, ਕਦੇ ਕਠਿਨ ਯਾਤਰਾ ਕਰਦੇ ਹਨ। ਸਾਰਾ ਹਿੰਦੋਸਤਾਨ ਉਨ੍ਹਾਂ ਦੇ ਨਾਲ ਹੈ ਕਿਉਂਕਿ ਉਹ ਵੀ ਟੋਟਕਿਆਂ ਦੇ ਸਹਾਰੇ ਬੈਠੇ ਹਨ। ਬਿੱਗ ਬੀ ਦੇ ਪ੍ਰਸ਼ੰਸਕ ਵੀ ਅੰਧ-ਵਿਸ਼ਵਾਸੀ ਬਣਦੇ ਜਾ ਰਹੇ ਹਨ। ਇਹ ਸਾਰਾ ਕੁਝ ਨਿੱਜੀ ਨਾ ਰਹਿ ਕੇ ਪ੍ਰਚਾਰ ਦੇ ਸਹਾਰੇ ਇਕ ਢੌਂਗ ਦਾ ਰੂਪ ਧਾਰਨ ਕਰ ਲਿਆ ਹੈ।

***

ਕਿਰਪਾਲ ਕਜ਼ਾਕ ਦੀ ਡਰਾਮੇਬਾਜ਼ੀ, ਝੂਠ ਅਤੇ ਰਹਿਮ-ਪਾਤਰੀ ਜ਼ਮਾਨੇ 'ਚ ਮਸ਼ਹੂਰ ਹੈ। ਇਹ ਗੱਲ ਕਾਫੀ ਪੁਰਾਣੀ ਹੈ, ਉਦੋਂ ਅਮਰੀਕ ਗਿੱਲ ਨੈਸ਼ਨਲ ਸਕੂਲ ਆਫ ਡਰਾਮਾ ਦਿੱਲੀ ਦਾ ਵਿਦਿਆਰਥੀ ਸੀ। ਕਿਰਪਾਲ ਕਜ਼ਾਕ ਅਤੇ ਕੰਵਰ ਸੁਖਦੇਵ ਉਸ ਨੂੰ ਦਿੱਲੀ ਮਿਲ ਗਏ। ਸਾਰੇ ਇਕੱਠੇ ਹੋ ਕੇ ਨਵਤੇਜ ਪੁਆਧੀ ਵਲ ਚੱਲ ਪਏ ਕਿ ਦਾਰੂ ਪੀਆਂਗੇ। ਅੱਗੇ ਪੁਆਧੀ ਘਰ ਨਾ, ਫਿਰ ਸਭ ਨੇ ਮਤਾ ਪਕਾਇਆ ਕਿ ਚਲੋ ਅੰਮ੍ਰਿਤਾ ਪ੍ਰੀਤਮ ਨੂੰ ਮਿਲ ਆਉਨੇ ਆਂ।

ਅੰਮ੍ਰਿਤਾ ਕੋਲ ਕਜ਼ਾਕ ਆਪਣਾ ਰੰਡ-ਰੋਣਾ ਲੈ ਕੇ ਬਹਿ ਗਿਆ। ਅਖੇ ਦੀਦੀ ਮੈਂ ਬਹੁਤ ਦੁਖੀ ਹਾਂ, ਮੈਂ ਬਹੁਤ ਗਰੀਬ ਹਾਂ... ਮੈਂ...ਮੈਂ...ਮੈਂ...! ਕਜ਼ਾਕ ਨੂੰ ਭਾਕ ਸੀ ਕਿ ਅੰਮ੍ਰਿਤਾ ਪੈਸੇ-ਪੂਸੇ ਦੇ ਦੇਵੇਗੀ, ਪਰ ਜਦ ਉਹ ਸਾਰੇ ਅੰਮ੍ਰਿਤਾ ਦੇ ਘਰੋਂ ਤੁਰਨ ਲੱਗੇ ਤਾਂ ਅੰਮ੍ਰਿਤਾ ਆਪਣੇ ਪੋਤੇ-ਪੋਤੀਆਂ ਦੇ ਪੁਰਾਣੇ ਝੱਗੇ-ਪੋਤੜਿਆਂ ਦਾ ਝੋਲਾ ਭਰ ਲਿਆਈ ਅਤੇ ਕਜ਼ਾਕ ਨੂੰ ਫੜਾ ਦਿੱਤਾ ਕਿ ਤੇਰੇ ਬੱਚਿਆਂ ਦੇ ਕੰਮ ਆ ਜਾਣਗੇ।

ਅੰਮ੍ਰਿਤਾ ਸਾਹਮਣੇ ਤਾਂ ਕਜ਼ਾਕ ਨੇ ਖੁਸ਼ੀ ਖੁਸ਼ੀ ਉਹ ਝੋਲਾ ਫੜ ਲਿਆ ਪਰ ਸੜਕ 'ਤੇ ਆ ਕੇ ਉਹ ਇਕਦਮ ਅੱਗ-ਬਗੂਲਾ ਹੋ ਗਿਆ। ਉਹ ਸੜਕ 'ਤੇ ਖੜਾ ਨਾਲੇ ਅੰਮ੍ਰਿਤਾ ਨੂੰ ਗਾਲ੍ਹਾਂ ਕੱਢੀ ਜਾਵੇ ਨਾਲੇ ਝੋਲੇ ਨੂੰ ਗੋਪੀਏ ਵਾਂਗ ਘੁਮਾਈ ਜਾਵੇ ਤੇ ਆਖੀ ਜਾਵੇ, "ਇਹ ਲੀਰਾਂ ਮੈਂ ਕੀ ਕਰਨੀਆਂ...ਪੈਸੇ ਦਿੰਦੀ...ਘੱਟੋ ਘੱਟ ਦਾਰੂ ਤਾਂ ਪੀ ਲੈਂਦੇ।"

ਇਹ ਕਹਿ ਕੇ ਉਸ ਨੇ ਝੋਲਾ ਗੋਪੀਏ ਵਾਂਗ ਉਡਾ ਦਿੱਤਾ। ਝੋਲਾ ਰਾਕਟ ਵਾਂਗ ਉਤਾਂਹ ਨੂੰ ਉੱਡਿਆ ਤੇ ਸਿੱਧਾ ਕਰਤਾਰ ਸਿੰਘ ਦੁੱਗਲ ਦੇ ਵਿਹੜੇ 'ਚ ਜਾ ਡਿੱਗਿਆ। ਕੰਵਰ ਸੁਖਦੇਵ ਤੇ ਅਮਰੀਕ ਹੱਸ ਹੱਸ ਕੇ ਪਾਗਲ ਹੋ ਗਏ। ਜਦ ਉਨ੍ਹਾਂ ਨਵਤੇਜ ਪੁਆਧੀ ਨੂੰ ਆ ਕੇ ਗੱਲ ਦੱਸੀ ਤਾਂ ਪੁਆਧੀ ਕਹਿੰਦਾ, "ਬਈ ਇਕ ਗੱਲ ਆ ਕਿ ਦੁੱਗਲ ਸਾਬ੍ਹ ਨੂੰ ਸਾਰੀ ਉਮਰ ਨੀ ਪਤਾ ਲੱਗਣਾ ਬਈ ਇਹ ਪੋਤੜੇ ਕੀਹਦੇ ਨੇ...ਤੇ ਜੇ ਪਤਾ ਲੱਗ ਗਿਆ ਤਾਂ ਉਹ ਸੋਚੂ ਬਈ ਅੰਮ੍ਰਿਤਾ ਨੇ ਮੇਰੇ 'ਤੇ ਟੂਣਾ ਕਰਵਾਇਐ।"

ਸੱਚਮੁੱਚ ਅੱਜ ਤੱਕ ਦੁੱਗਲ ਨੂੰ ਨਹੀਂ ਪਤਾ ਕਿ ਉਹ ਪੋਤੜੇ ਕਿਸ ਦੇ ਸਨ ਅਤੇ ਉਸ ਦੇ ਵਿਹੜੇ ਕਿਵੇਂ ਆ ਡਿੱਗੇ?

## ਕਰਤਾਰਪੁਰ ਸਾਹਿਬ ਲਾਂਘੇ ਲਈ ਮੁਹਿੰਮ ਜੋਰ ਫੜ੍ਹਨ ਲੱਗੀ

**ਲਾਹੌਰ:** ਕਰਤਾਰਪੁਰ ਸਾਹਿਬ ਅਤੇ ਡੇਰਾ ਬਾਬਾ ਨਾਨਕ ਵਿਚਾਲੇ ਲਾਂਘਾ ਬਣਾਉਣ ਲਈ ਸਿਆਸੀ ਅਤੇ ਗੈਰ ਸਿਆਸੀ ਧਿਰਾਂ ਵਲੋਂ ਦਬਾਓ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਲਾਂਘੇ ਲਈ ਮੁਹਿੰਮ ਚਲਾ ਰਹੇ ਪੰਜਾਬ ਦੇ ਇਕ ਸਾਬਕਾ ਮੰਤਰੀ ਸ. ਕੁਲਦੀਪ ਸਿੰਘ ਵਡਾਲਾ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਹਾੜੇ ਆਉਂਦੀ 22 ਸਤੰਬਰ ਨੂੰ ਕਰਤਾਰਪੁਰ ਸਾਹਿਬ ਪਹੁੰਚਣਗੇ। ਹਾਲ ਹੀ ਵਿਚ ਉਨ੍ਹਾਂ ਇਸ ਲਾਂਘੇ ਲਈ 100ਵੀਂ ਅਰਦਾਸ ਕੀਤੀ ਸੀ। ਉਧਰ ਅਮਰੀਕਾ ਦੀ ਗੈਰ-ਸਰਕਾਰੀ ਸੰਸਥਾ 'ਤੇਰੀ ਸਿੱਖੀ' ਵਲੋਂ ਆਉਂਦੀ 7 ਨਵੰਬਰ ਨੂੰ 'ਸਦਭਾਵਨਾ ਦਾ ਪੁਲ' ਨਾਂ ਹੇਠ ਇਕ ਸਮਾਗਮ ਕੀਤਾ ਜਾ ਰਿਹਾ ਹੈ ਜਿਸ ਵਿਚ ਵਿਸ਼ਵ ਭਰ ਤੋਂ ਸਿੱਖ ਅਤੇ ਗੈਰ ਸਿੱਖ ਸ਼ਰਧਾਲੂ ਇਕੱਤਰ ਹੋਣਗੇ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਉਹ ਥਾਂ ਹੈ ਜਿਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਅਖੀਰਲੇ 18 ਸਾਲ ਗੁਜ਼ਾਰੇ ਸਨ ਅਤੇ ਇਸੇ ਹੀ ਥਾਂ ਉਹ ਜੋਤੀ ਜੋਤ ਸਮਾਏ ਸਨ।

ਭਾਰਤ ਦੇ ਖੇਡ ਮੰਤਰੀ ਡਾ. ਐਮ.ਐਸ. ਗਿੱਲ ਨੇ ਵੀ ਇਸ ਲਾਂਘੇ ਦੀ ਵਕਾਲਤ ਕਰਦਿਆਂ ਇਸ ਵਾਸਤੇ ਭਾਰਤ ਸਰਕਾਰ ਉਪਰ ਜੋਰ ਪਾਇਆ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਜੂਨ ਮਹੀਨੇ ਜਦੋਂ ਉਦੋਂ ਦੇ ਵਿਦੇਸ਼ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਡੇਰਾ ਬਾਬਾ ਨਾਨਕ ਆਏ ਸਨ ਤਾਂ ਉਨ੍ਹਾਂ ਆਖਿਆ ਸੀ ਕਿ ਸਰਕਾਰ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਸਾਹਿਬ ਵਿਚਾਲੇ ਬਿਨਾ ਵੀਜ਼ਾ ਯਾਤਰਾ ਸੰਭਵ ਬਣਾਉਣ ਲਈ ਵੱਖ ਵੱਖ ਤਰੀਕਿਆਂ ਉਤੇ ਵਿਚਾਰ ਕਰ ਰਹੀ ਹੈ। ਬਾਅਦ ਵਿਚ ਮੁੰਬਈ ਹਮਲਿਆਂ ਦੀ ਰੌਸ਼ਨੀ ਵਿਚ ਦੋਹਾਂ ਦੇਸ਼ਾਂ ਵਿਚਾਲੇ ਸਬੰਧ ਕਾਫੀ ਤੁਰਸ਼ ਹੋ ਗਏ ਸਨ ਅਤੇ ਇਹ ਗੱਲ ਅੱਗੇ ਨਾ ਤੁਰ ਸਕੀ।

ਇਹ ਵੀ ਦਿਲਚਸਪ ਗੱਲ ਹੈ ਕਿ ਇਕ ਸਾਬਕਾ ਅਮਰੀਕੀ ਅੰਬੈਸਡਰ ਜੌਹਨ ਮੈਕਡੌਨਲਡ ਜੋ ਕਿ ਇਕ ਗੈਰ-ਸਰਕਾਰੀ ਮਾਨਵੀ ਸੰਸਥਾ ਦੇ ਮੁਖੀ ਹਨ, ਨੇ ਵੀ ਕਰਤਾਰਪੁਰ ਸਾਹਿਬ ਅਤੇ ਡੇਰਾ ਬਾਬਾ ਨਾਨਕ ਵਿਚਾਲੇ ਖੁੱਲ੍ਹੇ ਲਾਂਘੇ ਦੀ ਵਕਾਲਤ ਕੀਤੀ ਹੈ। ਸ੍ਰੀ ਮੈਕਡੌਨਲਡ ਪਿਛਲੇ ਸਾਲ ਕਰਤਾਰਪੁਰ ਸਾਹਿਬ ਪਹੁੰਚੇ ਸਨ ਤਾਂ ਉਨ੍ਹਾਂ ਡੇਰਾ ਬਾਬਾ ਨਾਨਕ ਅਤੇ ਕਰਤਾਪੁਰ ਸਾਹਿਬ ਵਿਚਾਲੇ ਕੰਡਿਆਲੀ ਤਾਰ ਵੇਖ ਕੇ ਹੈਰਾਨੀ ਜਾਹਰ ਕੀਤੀ ਸੀ ਅਤੇ ਆਖਿਆ ਸੀ ਕਿ ਇਸ ਖਿੱਤੇ ਨੂੰ ਅਮਨ ਖਿੱਤਾ ਐਲਾਨਿਆ ਜਾਣਾ ਚਾਹੀਦਾ ਹੈ।

# ਪਟਿਆਲਾ ਹੈਲਥ ਫਾਊਂਡੇਸ਼ਨ ਵਲੋਂ ਸੇਵਾ ਮੋਬਾਈਲ ਐਂਬੂਲੈਂਸ ਸ਼ੁਰੂ


**ਪਟਿਆਲਾ:** ਪਟਿਆਲਾ ਹੈਲਥ ਫਾਊਂਡੇਸ਼ਨ ਨੇ ਲੋੜਵੰਦਾਂ ਨੂੰ ਐਮਰਜੈਂਸੀ ਸਿਹਤ ਸੇਵਾਵਾਂ ਮੁਹੱਈਆ ਕਰਨ ਦਾ ਆਪਣਾ ਦੂਜਾ ਪੜਾਅ ਅਰੰਭ ਦਿੱਤਾ ਹੈ। ਇਸ ਤਹਿਤ ਸੋਮਵਾਰ ਨੂੰ ਅਮਰੀਕਾ ਦੀ ਇਸ ਗੈਰ ਮੁਨਾਫਾ ਸੰਸਥਾ ਵਲੋਂ ਤਿੰਨ ਸੇਵਾ ਮੋਬਾਈਲ ਐਂਬੂਲੈਂਸ ਗੱਡੀਆਂ ਰਵਾਨਾ ਕੀਤੀਆਂ ਗਈਆਂ ਜੋ ਕਿ ਜ਼ਖ਼ਮੀ ਹੋਏ ਲੋਕਾਂ ਨੂੰ ਫੌਰੀ ਹਸਪਤਾਲ ਪਹੁੰਚਾਉਣ ਦੇ ਕੰਮ ਆਉਣਗੀਆਂ।

ਸੇਵਾ ਮੋਬਾਈਲ ਪ੍ਰੋਗਰਾਮ ਭਾਰਤੀ ਸਿਹਤ ਸੰਭਾਲ ਸਿਸਟਮ ਵਿਚ ਇਕ ਬਹੁਤ ਵੱਡੀ ਪਹਿਲਕਦਮੀ ਹੈ ਅਤੇ ਇਸ ਜ਼ਰੀਏ ਜ਼ਖ਼ਮੀਆਂ ਨੂੰ ਹਸਪਤਾਲ ਤੱਕ ਪਹੁੰਚਾਣ ਤੱਕ ਦਾ ਸਮਾਂ ਘਟਾ ਕੇ ਅੱਧਾ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਜ਼ਖ਼ਮੀਆਂ ਲਈ ਇਹ ਕੀਮਤੀ ਮਿੰਟ ਜ਼ਿੰਦਗੀ ਤੇ ਮੌਤ ਵਿਚਾਲੇ ਫਾਸਲਾ ਬਣ ਜਾਂਦਾ ਹੈ। ਭਾਰਤ ਦੇ ਬਹੁਤੇ ਸ਼ਹਿਰਾਂ ਵਿਚ ਟਰੈਫਿਕ ਕਈ ਗੁਣਾਂ ਵਧ ਗਿਆ ਹੈ। ਹਾਦਸੇ ਹੋਣ ਨਾਲ ਜਿਥੇ ਮੌਤਾਂ ਦੀ ਗਿਣਤੀ ਵਧਦੀ ਹੈ ਉਥੇ ਟਰੈਫਿਕ ਕਰਕੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਣ ਦਾ ਸਮਾਂ ਵੀ ਲੰਮਾ ਹੋ ਜਾਂਦਾ ਹੈ। 2004 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਹਰ 1.9 ਮਿੰਟ ਪਿਛੋਂ ਹਾਦਸੇ ਨਾਲ ਜ਼ਖ਼ਮੀ ਹੋਣ ਨਾਲ ਮੌਤ ਹੁੰਦੀ ਹੈ। ਟਰੈਫਿਕ ਵਧਣ ਨਾਲ ਹਾਦਸੇ ਵਿਚ ਜ਼ਖ਼ਮੀ ਹੋਇਆਂ ਦੀ ਗਿਣਤੀ ਵੀ ਵਧੇਗੀ ਜੋ ਕਿ 2020 ਤੱਕ ਮੌਤਾਂ ਦਾ ਤੀਜਾ ਵੱਡਾ ਕਾਰਨ ਬਣ ਜਾਏਗੀ। ਇਕੱਲੇ ਪੰਜਾਬ ਵਿਚ 1983 ਤੋਂ 1992 ਦਰਮਿਆਨ ਹਾਦਸੇ ਵਿਚ ਜ਼ਖ਼ਮੀ ਹੋਣ ਵਾਲਿਆਂ ਦੀ ਮੌਤ ਦਰ 10 ਫੀਸਦ ਵਧੀ ਹੈ।

ਸੇਵਾ ਮੋਬਾਈਲ ਐਂਬੂਲੈਂਸ ਵਿਚ ਜ਼ਖ਼ਮੀ ਦੀ ਮਦਦ ਲਈ ਪੂਰਾ ਸਾਜ਼ੋ ਸਾਮਾਨ ਹੋਵੇਗਾ ਤਾਂ ਜੋ ਜ਼ਖ਼ਮੀਆਂ ਨੂੰ ਹਾਦਸੇ ਦੇ ਮੌਕੇ 'ਤੇ ਹੀ ਐਮਰਜੈਂਸੀ ਇਲਾਜ ਮੁਹੱਈਆ ਹੋ ਸਕੇ। ਇਸ ਐਂਬੂਲੈਂਸ ਤੋਂ ਬਿਨਾ ਦੋ ਸੇਵਾ ਮੋਬਾਈਲ ਮੋਟਰਸਾਈਕਲ ਵੀ ਨਾਲੋ ਨਾਲ ਚੱਲਣਗੇ ਜੋ ਕਿ ਸੰਘਣੇ ਟਰੈਫਿਕ ਜਾਂ ਤੰਗ ਸੜਕਾਂ ਹੋਣ ਦੀ ਸੂਰਤ ਵਿਚ ਵਿਚੋਂ ਦੀ ਨਿਕਲ ਕੇ ਜ਼ਖ਼ਮੀ ਨੂੰ ਲੋੜੀਂਦੀ ਸਹਾਇਤਾ ਦੇਣਗੇ। ਇਸ ਮੁਢਲੀ ਸਹਾਇਤਾ ਨਾਲ ਐਂਬੂਲੈਂਸ ਦੇ ਪਹੁੰਚਣ ਤੱਕ ਮਰੀਜ ਨੂੰ ਬਚਾਇਆ ਜਾ ਸਕੇਗਾ। ਗਰੀਬ ਲੋਕਾਂ ਲਈ ਇਹ ਸੇਵਾ ਮੁਫਤ ਹੋਵੇਗੀ ਅਤੇ ਇਸ ਲਈ ਪੈਸਾ ਪਟਿਆਲਾ ਹੈਲਥ ਫਾਊਂਡੇਸ਼ਨ ਵਲੋਂ ਦਿੱਤਾ ਜਾਵੇਗਾ। ਇਸ ਸੰਸਥਾ ਵਲੋਂ ਇਸ ਸਮੇਂ ਇਲਾਕੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨਾਲ ਸੰਪਰਕ ਕਾਇਮ ਕੀਤਾ ਜਾ ਰਿਹਾ ਹੈ ਤਾਂ ਜੋ ਮਰੀਜਾਂ ਨੂੰ ਇਲਾਜ ਲਈ ਉਥੇ ਪਹੁੰਚਾਇਆ ਜਾ ਸਕੇ। ਜੋ ਲੋਕ ਆਪਣਾ ਡਾਕਟਰੀ ਖਰਚਾ ਦੇ ਸਕਦੇ ਹਨ ਉਹ ਆਪਣੀ ਸੇਵਾ ਸੰਭਾਲ ਲਈ ਖਰਚਾ ਖੁਦ ਅਦਾ ਕਰਨਗੇ। ਸੇਵਾ ਮੋਬਾਈਲ ਲਈ ਪੈਸਾ ਹਾਲ ਹੀ ਵਿਚ ਅਮਰੀਕਾ ਦੀਆਂ ਛੇ ਸਟੇਟਾਂ ਓਹਾਈਓ, ਕੈਲੀਫੋਰਨੀਆ, ਨਾਰਥ ਕੈਰੋਲਾਈਨਾ, ਨਿਊ ਯਾਰਕ ਅਤੇ ਵਰਜੀਨੀਆ ਵਿਚ ਭਾਰਤੀ ਮੂਲ ਦੇ ਅਮੈਰਿਕਨਾਂ ਵਲੋਂ ਕੀਤੇ ਗਏ ਫੰਡ ਰੇਜ਼ਰਾਂ ਰਾਹੀਂ ਇਕੱਠਾ ਕੀਤਾ ਗਿਆ ਹੈ। ਪਟਿਆਲਾ ਹੈਲਥ ਫਾਊਂਡੇਸ਼ਨ ਬਾਰੇ ਹੋਰ ਜਾਣਕਾਰੀ ਫੋਨ 304-723-4151 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਗਿਆਨੀ ਪ੍ਰੀਤਮ ਸਿੰਘ ਸੁਰਗਵਾਸ

**ਯੂਨੀਅਨ ਸਿਟੀ, ਕੈਲੀਫੋਰਨੀਆ:** ਪੰਜਾਬੀ ਸਾਹਿਤ ਜਗਤ ਵਿਚ ਆਪਣੀ ਧਾਰਮਿਕ ਕਵਿਤਾ ਕਰਕੇ ਜਾਣੇ ਜਾਂਦੇ



ਗਿਆਨੀ ਪ੍ਰੀਤਮ ਸਿੰਘ ਪਿਛਲੇ ਦਿਨੀਂ ਅਚਾਨਕ ਚਲਾਣਾ ਕਰ ਗਏ। ਹੇਵਰਡ ਵਿਚ ਉਨ੍ਹਾਂ ਦੇ ਸਸਕਾਰ ਮੌਕੇ ਸਿੱਖ ਭਾਈਚਾਰੇ ਦੇ ਪਤਵੰਤੇ ਸੱਜਣ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

ਗਿਆਨੀ ਜੀ 90 ਵਰ੍ਹਿਆਂ ਦੇ ਸਨ ਉਹ ਆਪਣੇ ਪਿਛੇ ਦੋ ਲੜਕੀਆਂ ਅਤੇ ਚਾਰ ਲੜਕੇ ਛੱਡ ਗਏ ਹਨ। ਉਹ 2000 ਵਿਚ ਅਮਰੀਕਾ ਆਪਣੇ ਬੱਚਿਆਂ ਪਾਸ ਆਏ ਸਨ। ਉਨ੍ਹਾਂ ਦੀ ਇਕ ਪੁਸਤਕ 'ਨਾਨਕ ਨਾਮ ਮਿਲੈ ਤਾਂ ਜੀਵਾਂ' ਛਪ ਚੁੱਕੀ ਹੈ। ਉਨ੍ਹਾਂ ਦੀਆਂ ਕੁਝ ਅਣਛਪੀਆਂ ਰਚਨਾਵਾਂ ਵੀ ਮੌਜੂਦ ਹਨ।

# ਵਿਆਨਾ ਕਾਂਡ ਤੋਂ ਬਾਅਦ ਪੰਜਾਬ ਘਟਨਾਵਾਂ 'ਚ ਮਾਰੇ ਗਏ ਲੋਕਾਂ ਦੇ ਵਾਰਸਾਂ ਦੀ ਮਦਦ

**ਫਰੀਮਾਂਟ:** ਇੰਟਰਨੈਸ਼ਨਲ ਮਿਨੋਰਟੀ ਕੌਂਸਲ ਬੇ-ਏਰੀਆ, ਕੈਲੀਫੋਰਨੀਆ ਵਲੋਂ ਵਿਆਨਾ ਵਿਚ ਸੰਤ ਰਾਮਾਨੰਦ ਜੀ ਦੇ ਕਤਲ ਤੋਂ ਬਾਅਦ ਪੰਜਾਬ ਵਿਚ ਹੋਏ ਪ੍ਰਤੀਕਰਮ ਦੌਰਾਨ ਮਾਰੇ ਗਏ ਚਾਰ ਗਰੀਬ ਵਿਅਕਤੀਆਂ ਦੇ ਪਰਿਵਾਰਾਂ ਦੀ ਸਹਾਇਤਾ ਕੀਤੀ ਗਈ ਹੈ। ਕੌਂਸਲ ਦੀ ਤਰਫੋਂ ਫਾਊਂਡਰ ਮੈਂਬਰ ਸ੍ਰੀ ਹਰਬੰਸ ਸਿੰਘ ਮਹੇ, ਵਿਨੋਦ ਕੁਮਾਰ ਚੁੰਬਰ, ਬਲਦੇਵ ਸੁੰਮਨ, ਧਰਮਪਾਲ ਝੰਮਟ, ਰੂਪ ਲਾਲ ਚੌਹਾਨ, ਸੰਤੋਖ ਸਰੋਆ, ਰਾਮ ਲੁਭਾਇਆ, ਅਸ਼ੋਕ ਭੌਰਾ ਅਤੇ ਰਾਜਿੰਦਰ ਸਿੰਘ ਵਲੋਂ ਇਹ ਸਹਾਇਤਾ ਕੀਤੀ ਗਈ।




ਸ੍ਰੀ ਵਿਨੋਦ ਚੁੰਬਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਘਟਨਾ ਵਿਚ ਸ੍ਰੀ ਰਾਜਿੰਦਰ ਕੁਮਾਰ ਪੁੱਤਰ ਅਨੰਤ ਰਾਮ ਵਾਸੀ ਰਾਮਗੜ੍ਹ ਫਿਲੌਰ ਆਪਣੇ ਪਿਛੇ ਦੋ ਛੋਟੇ ਛੋਟੇ ਬੱਚੇ ਛੱਡ ਗਿਆ ਹੈ। ਤੇਲੂ ਰਾਮ ਪੁੱਤਰ ਸ਼ੇਰੂ ਰਾਮ ਵਾਸੀ ਲਾਂਭੜਾਂ ਜਲੰਧਰ, ਬਲਕਾਰ ਸਿੰਘ (22 ਸਾਲ) ਪੁੱਤਰ ਗੁਰਦਾਸ ਰਾਮ ਵਾਸੀ ਦੁਵਾਖੜੀ, ਦਸੂਹਾ, ਵਿਜੈ ਕੁਮਾਰ (15 ਸਾਲ) ਪੁੱਤਰ ਜਸਪਾਲ ਵਾਸੀ ਢਿਲਵਾਂ ਜਲੰਧਰ ਵਿਆਨਾ ਕਾਂਡ ਦੀ ਰੌਸ਼ਨੀ ਵਿਚ ਹੋਏ ਪ੍ਰਤੀਕਰਮ ਦੌਰਾਨ ਆਪਣੀਆਂ ਜਾਨਾਂ ਰਵਿਦਾਸੀਆ ਕੌਮ ਦੇ ਲੇਖੇ ਲਾ ਗਏ। ਵਿਜੈ ਕੁਮਾਰ ਤਿੰਨ ਭੈਣਾਂ ਦਾ ਇਕੋ ਇਕ ਭਰਾ ਸੀ। ਸ੍ਰੀ ਚੁੰਬਰ ਨੇ ਆਖਿਆ ਕਿ ਇਹ ਲੋਕ ਆਪਣੀ ਕੌਮ ਲਈ ਲੜਦੇ ਮਰੇ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਕਰਨਾ ਸਾਰੀ ਕੌਮ ਦਾ ਫਰਜ਼ ਬਣਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਵਿਆਨਾ, ਆਸਟਰੀਆ ਵਿਚ ਗੁਰਦੁਆਰਾ ਗੁਰੂ ਰਵਿਦਾਸ ਸਭਾ ਵਿਚ ਕੁਝ ਸਿੱਖ ਨੌਜਵਾਨਾਂ ਵਲੋਂ ਕੀਤੇ ਗਏ ਹਮਲੇ ਵਿਚ ਡੇਰਾ ਸੱਚ ਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣਦਾਸ ਜ਼ਖ਼ਮੀ ਹੋ ਗਏ ਸਨ ਜਦੋਂਕਿ ਇਸ ਘਟਨਾ ਵਿਚ ਜ਼ਖ਼ਮੀ ਹੋਏ ਸੰਤ ਰਾਮਾਨੰਦ ਚੜ੍ਹਾਈ ਕਰ ਗਏ ਸਨ। ਹੋਰ ਜਾਣਕਾਰੀ ਵਿਨੋਦ ਕੁਮਾਰ ਚੁੰਬਰ ਪਾਸੋਂ ਫੋਨ 510-219-5672 'ਤੇ ਲਈ ਜਾ ਸਕਦੀ ਹੈ।

# ਨਵੰਬਰ 84 ਦੇ ਸਿੱਖ ਕਤਲੇਆਮ ਦੇ ਮੁਖ ਗਵਾਹ ਗਿਆਨੀ ਸੁਰਿੰਦਰ ਸਿੰਘ ਨਹੀਂ ਰਹੇ

**ਫਰੀਮਾਂਟ:** ਜਗਦੀਸ਼ ਟਾਈਟਲਰ ਦੇ ਖਿਲਾਫ 1984 ਕਤਲੇਆਮ ਦੇ ਚਸ਼ਮਦੀਦ ਗਵਾਹ ਗਿਆਨੀ ਸੁਰਿੰਦਰ ਸਿੰਘ (ਹੈਡ ਗ੍ਰੰਥੀ ਗੁਰਦੁਆਰਾ ਮਜਨੂੰ ਕਾ ਟਿੱਲਾ) 13 ਜੁਲਾਈ ਨੂੰ ਸਵੇਰੇ 11 ਵਜੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ (ਏਮਜ਼) ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ।



ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰਮਹੁੰਮਦ) ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਜਦੋਂ ਤੋਂ ਗਿਆਨੀ ਜੀ ਦਾ ਦਿੱਲੀ ਏਅਰਪੋਰਟ ਦੇ ਅਧਿਕਾਰੀਆਂ ਨੇ ਪਾਸਪੋਰਟ ਜ਼ਬਤ ਕਰਕੇ ਉਨ੍ਹਾਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਰੱਖ ਕੇ ਜ਼ਲੀਲ ਅਤੇ ਪ੍ਰੇਸ਼ਾਨ ਕੀਤਾ ਸੀ ਉਦੋਂ ਤੋਂ ਹੀ ਉਨ੍ਹਾਂ ਨੂੰ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਦੀ ਇਸ ਸਥਿਤੀ ਬਾਰੇ ਹਸਪਤਾਲ ਵਿਚ ਇਲਾਜ਼ ਚੱਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਅਦਾਲਤ ਵਲੋਂ ਵੀ ਉਨ੍ਹਾਂ ਦੇ ਬਿਆਨ ਧਾਰਾ 164 ਤਹਿਤ ਦਰਜ ਨਹੀਂ ਕਰਵਾਏ ਗਏ, 25 ਸਾਲ ਬੀਤਣ ਬਾਅਦ ਵੀ ਜਿਹੜੇ ਚਸਮਦੀਦ ਗਵਾਹ ਸਨ ਉਨ੍ਹਾਂ ਦੀ ਗਵਾਹੀ ਨੂੰ ਨਕਾਰਿਆ ਗਿਆ।

ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਗਿਆਨੀ ਸੁਰਿੰਦਰ ਸਿੰਘ ਦੇ ਚਲਾਣੇ ਨਾਲ ਸਿੱਖ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਫਿਰ ਵੀ 'ਸਿੱਖਸ ਫਾਰ ਜਸਟਿਸ', ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ 84 ਕਤਲੇਆਮ ਦੇ ਪੀੜਤ ਪਰਿਵਾਰਾਂ ਵਲੋਂ ਇਨਸਾਫ ਲਈ ਜੱਦੋ-ਜਹਿਦ ਨੂੰ ਮੱਠਾ ਨਹੀਂ ਪੈਣ ਦਿੱਤਾ ਜਾਵੇਗਾ।

'ਸਿੱਖਸ ਫਾਰ ਜਸਟਿਸ' ਦੇ ਕੋਆਰਡੀਨੇਟਰਾਂ ਸੁਖਵਿੰਦਰ ਸਿੰਘ ਸਿੱਧੂ, ਗੁਰਜੀਤ ਸਿੰਘ ਝਾਮਪੁਰ, ਅਵਤਾਰ ਸਿੰਘ ਪੰਨੂੰ, ਦਿਲਬਰ ਸਿੰਘ, ਬਰਜਿੰਦਰ ਸਿੰਘ ਬਰਾੜ ਅਤੇ ਡਾ. ਬਖਸ਼ੀਸ਼ ਸਿੰਘ ਸੰਧੂ ਨੇ ਗਿਆਨੀ ਸੁਰਿੰਦਰ ਸਿੰਘ ਦੇ ਅਕਾਲ ਚਲਾਣੇ ਨੂੰ ਮੰਦਭਾਗਾ ਕਹਿੰਦਿਆਂ ਮੰਗ ਕੀਤੀ ਕਿ ਕਥਿਤ ਦੋਸ਼ੀ ਜਗਦੀਸ਼ ਟਾਈਟਲਰ ਦੇ ਖਿਲਾਫ ਗਿਆਨੀ ਜੀ ਦੇ ਬਿਆਨਾਂ 'ਤੇ ਦੁਬਾਰਾ ਨਜ਼ਰਸਾਨੀ ਕਰਦੇ ਹੋਏ ਕੇਸ ਦਰਜ ਕੀਤੇ ਜਾਣੇ ਚਾਹੀਦੇ ਹਨ ਤਾਂ ਇਨਸਾਫ ਦੀ ਉਡੀਕ ਵਿਚ ਬੈਠੇ ਪੀੜਤ ਪਰਿਵਾਰਾਂ ਨੂੰ ਕੋਈ ਆਸ ਦੀ ਕਿਰਨ ਨਜ਼ਰ ਆ ਸਕੇ।

## ਧਾਰਮਿਕ ਪ੍ਰੋਗਰਾਮ 19 ਨੂੰ

**ਨਿਊਵਾਰਕ, ਕੈਲੀਫੋਰਨੀਆ:** ਗੁਰੂ ਰਵਿਦਾਸ ਸਭਾ ਬੇ-ਏਰੀਆ ਵਲੋਂ ਮਹੀਨਾਵਾਰ ਧਾਰਮਿਕ ਪ੍ਰੋਗਰਾਮ 19 ਜੁਲਾਈ ਨੂੰ ਨਿਊਵਾਰਕ ਪਵੇਲੀਅਨ, ਨਿਊਵਾਰਕ, ਕੈਲੀਫੋਰਨੀਆ ਵਿਖੇ ਕਰਵਾਇਆ ਜਾਵੇਗਾ। ਪ੍ਰਸਿਧ ਕੀਰਤਨੀ ਜਥੇ ਗੁਰਬਾਣੀ ਕੀਰਤਨ ਕਰਨਗੇ। ਹੋਰ ਜਾਣਕਾਰੀ ਸਭਾ ਦੇ ਪ੍ਰਧਾਨ ਸ੍ਰੀ ਚੰਦਰ ਮੋਹਨ ਫੋਨ 510-396-7370 ਤੋਂ ਲਈ ਜਾ ਸਕਦੀ ਹੈ।



# ਪੀ.ਸੀ.ਐਸ. ਸੈਕਰਾਮੈਂਟੋ ਦੀਆਂ ਤੀਆਂ 16 ਅਗਸਤ ਨੂੰ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਤੀਆਂ ਦਾ ਮੇਲਾ ਇਸ ਸਾਲ ਐਤਵਾਰ 16 ਅਗਸਤ ਨੂੰ ਐਸ.ਈ.ਐਸ. ਹਾਲ, ਐਲਕ ਗਰੂਵ (10427



ਈਸਟ ਸਟਾਕਟਨ ਬੁਲੇਵਾਰਡ) ਵਿਚ ਦੁਪਹਿਰ ਇਕ ਵਜੇ ਤੋਂ ਕਰਵਾਇਆ ਜਾਏਗਾ।

ਇਸ ਸਬੰਧ ਵਿਚ ਸੰਸਥਾ ਦੇ ਮਹਿਲਾ ਵਿੰਗ ਦੀ ਇਕ ਮੀਟਿੰਗ ਮਨਦੀਪ ਫਰਵਾਲਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਸੰਸਥਾ ਦਾ ਇਹ ਦਸਵਾਂ ਤੀਆਂ ਦਾ ਮੇਲਾ ਹੈ। ਮੇਲੇ ਦੀ ਕੋਈ ਟਿਕਟ ਨਹੀਂ ਰੱਖੀ ਗਈ। ਮੇਲੇ ਵਿਚ ਹਰ ਸਾਲ ਦੀ ਤਰ੍ਹਾਂ ਸਟੇਜ ਪ੍ਰੋਗਰਾਮ, ਸਕਿੱਟ, ਗੀਤ-ਸੰਗੀਤ ਤੋਂ ਇਲਾਵਾ ਗਿੱਧੇ ਅਤੇ ਬੋਲੀਆਂ ਦਾ ਖੁੱਲ੍ਹਾ ਪਿੜ ਬੱਝੇਗਾ। ਹੋਰ ਮਨੋਰੰਜਨ ਲਈ ਡੀ.ਜੇ. ਵੀ ਹੋਵੇਗਾ। ਇਸ ਮੇਲੇ 'ਤੇ ਪੰਜਾਬੀ ਸਟੋਰਾਂ ਵਲੋਂ ਇਨਾਮ ਵੀ ਕੱਢੇ ਜਾਣਗੇ, ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਲੱਗਣਗੇ ਅਤੇ ਰੌਣਕ ਮੇਲਾ ਵਧਾਉਣ ਲਈ ਹੋਰ ਵੀ ਬਹੁਤ ਕੁਝ ਹੋਵੇਗਾ।

ਜ਼ਿਕਰਯੋਗ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਪਿਛਲੇ ਵੀਹ ਸਾਲ ਤੋਂ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰ ਲਈ ਸਰਗਰਮ ਹੈ। ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਐਤਕੀਂ ਮੇਲੇ ਵਿਚ ਡੇਢ ਸੌ ਤੋਂ ਵੱਧ ਕਲਾਕਾਰ ਹਿੱਸਾ ਲੈ ਰਹੇ ਹਨ। ਤਿਆਰੀ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਬਲਦੇਵ ਕੌਰ, ਕਮਲ ਢਿੱਲੋਂ, ਪ੍ਰੀਤ ਸਹੋਤਾ, ਰਛਪਾਲ ਕੌਰ, ਬਲਬੀਰ ਕੌਰ, ਸੋਨੀਆ ਢਿੱਲੋਂ, ਅਮਨ ਰੰਗੀ, ਪਰਮਜੀਤ ਕੌਰ, ਪਰਦੀਪ ਪੂਨੀ, ਰੁਪਿੰਦਰ ਕੌਰ, ਪਰਮਿੰਦਰ ਬੋਪਾਰਾਏ, ਹਰਬੰਸ ਕੌਰ, ਭਵਨਦੀਪ ਕੌਰ, ਰਾਜਦੀਪ, ਪਰਮਿੰਦਰ ਕੌਰ, ਲਾਡੀ ਥਾਂਦੀ, ਹਰਿੰਦਰ ਕੌਰ, ਸੁਰਿੰਦਰ ਕੌਰ, ਰੁਪਿੰਦਰ ਕੌਰ, ਜਸਵੀਰ ਕੌਰ, ਸੰਨਦੀਪ ਕੌਰ, ਕੁਲਵਿੰਦਰ ਕੌਰ, ਕਮਲੇਸ਼ ਕੁਮਾਰੀ, ਜਸਲੀਨ ਕੌਰ ਅਤੇ ਰਾਜਇੰਦਰ ਪੂਨੀ ਸ਼ਾਮਲ ਸਨ। ਹੋਰ ਜਾਣਕਾਰੀ ਲਈ ਫੋਨ 916-682-7321 ਜਾਂ 916-730-7191 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਾਕਿਸਤਾਨੀ ਮਦਰੱਸੇ 'ਚ ਧਮਾਕਾ, 16 ਮੌਤਾਂ

**ਇਸਲਾਮਾਬਾਦ:** ਪਾਕਿਸਤਾਨ ਦੇ ਪੰਜਾਬ ਸੂਬੇ ਦੇ ਇਕ ਛੋਟੇ ਜਿਹੇ ਪਿੰਡ ਅੰਦਰ ਸਥਿਤ ਇਕ ਮਦਰੱਸੇ 'ਚ ਹੋਏ ਧਮਾਕੇ ਦੌਰਾਨ 7 ਬੱਚਿਆਂ ਸਮੇਤ 16 ਵਿਅਕਤੀਆਂ ਦੀ ਮੌਤ ਹੋ ਗਈ ਅਤੇ 120 ਦੇ ਕਰੀਬ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਧਮਾਕੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮਦਰੱਸੇ ਦੀ ਵਰਤੋਂ ਮੁੱਢ ਤੋਂ ਹੀ ਬੰਬ ਬਣਾਉਣ ਲਈ ਕੀਤੀ ਜਾਂਦੀ ਹੈ। ਦੱਖਣੀ ਪੰਜਾਬ ਦੇ ਮੀਆਂ ਛੰਨੋ ਦੇ ਨਜ਼ਦੀਕੀ ਪਿੰਡ 'ਚ ਇਹ ਧਮਾਕਾ ਕਰੀਬ 10 ਵਜੇ ਹੋਇਆ। ਸਥਾਨਕ ਲੋਕਾਂ ਅਨੁਸਾਰ ਮਦਰੱਸੇ 'ਚ ਪੜ੍ਹਾਉਂਦੇ ਰਿਆਜ਼ ਅਲੀ ਦੀ ਰਿਹਾਇਸ਼ 'ਚ ਇਹ ਧਮਾਕਾ ਹੋਇਆ। ਅਧਿਕਾਰੀਆਂ ਨੇ ਦੱਸਿਆ ਹੈ ਕਿ ਇਸ ਮਦਰੱਸੇ ਦਾ ਅਧਿਆਪਕ ਅਲੀ ਪਾਬੰਦੀਸ਼ੁਦਾ ਧਾਰਮਿਕ ਸਮੂਹ ਦਾ ਮੈਂਬਰ ਹੈ। ਧਮਾਕੇ ਕਾਰਨ ਦਰਜਨਾਂ ਘਰ ਵੀ ਤਬਾਹ ਹੋ ਗਏ। ਅਧਿਕਾਰੀਆਂ ਨੇ ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਵੀ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਹੈ ਕਿ ਤਬਾਹ ਹੋਏ ਮਕਾਨਾਂ ਦੇ ਮਲਬੇ ਹੇਠੋਂ ਲਾਸ਼ਾਂ ਮਿਲ ਸਕਦੀਆਂ ਹਨ। ਧਮਾਕੇ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਾ ਹੋਣ ਦੀ ਗੱਲ ਕਹਿੰਦਿਆਂ ਅਧਿਕਾਰੀਆਂ ਨੇ ਕਿਹਾ ਕਿ ਮਲਬੇ ਵਿਚੋਂ ਗੋਲੇ, ਬੰਬ, ਗਰਨੇਡ, ਰਾਕਟ ਤੇ ਆਤਮਘਾਤੀ ਜੈਕਟਾਂ ਮਿਲੀਆਂ ਹਨ।

ਸਥਾਨਕ ਹਸਪਤਾਲ ਦੇ ਡਾਕਟਰਾਂ ਦਾ ਕਹਿਣਾ ਹੈ ਕਿ ਇਸ ਧਮਾਕੇ 'ਚ ਜੋ 120 ਵਿਅਕਤੀ ਜ਼ਖ਼ਮੀ ਹੋਏ ਹਨ, ਉਨ੍ਹਾਂ ਵਿਚੋਂ 40 ਦੀ ਹਾਲਤ ਗੰਭੀਰ ਹੋਣ ਕਰਕੇ ਉਨ੍ਹਾਂ ਨੂੰ ਹਸਪਤਾਲ 'ਚ ਦਾਖ਼ਲ ਕਰ ਲਿਆ ਗਿਆ ਹੈ, ਜਦੋਂ ਕਿ ਬਾਕੀਆਂ ਨੂੰ ਮੁਢਲੇ ਇਲਾਜ ਤੋਂ ਬਾਅਦ ਘਰਾਂ ਨੂੰ ਭੇਜ ਦਿੱਤਾ ਗਿਆ ਹੈ।



*ਭਾਈ ਸੁਰਿੰਦਰ ਸਿੰਘ ਭੁਲਾਣਾ (ਹੁਸ਼ਿਆਰਪੁਰ) ਨੂੰ ਸਿਰੋਪਾਓ ਭੇਟ ਕਰਦੇ ਹੋਏ ਗੁਰਦੁਆਰਾ ਫਰੀਮਾਂਟ ਦੇ ਹੈਡ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ*
*(ਤਸਵੀਰ:ਤਰਲੋਚਨ ਸਿੰਘ ਦੁਪਾਲਪੁਰ)*


*Visit us on the web:*
***punjabtimesusa.com***
***To Advertise with us call:***
***847-359-0746***





*To Raashi Prabhakar*




Entry Free

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

PUNJABI CULTURAL SOCIETY SACRAMENTO (U.S.A.)

ਪੇਸ਼ ਕਰਦੀ ਹੈ

ਤੀਆਂ

TEEYAN



On Sunday, the 16th AUGUST 2009 At 2.00 P. M.

AT S.E.S. Hall

10427 E. STOCKTON BLVD. ELK GROVE, CA 95624

Featuring : Songs, Gidha, Dances, Skits, D.J. and Much More

ALL LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Parmjeet Sandhu, Balbir Pooni, Surinder Chahal, Gujan Aulkh, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Kuldeep Banwait & Mandeep Pharwala

New Attraction:
Miss Teeyan Contest
Age 14-20
Call To Participate

FOR PARTICIPATION & STALLS PLEASE CALL :

Mandeep Pharwala @ 916-682-7321, Rashpal Parhar @ 730-7191, Baldev Kaur @ 420-5720, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

ਐਂਟਰੀ ਬਿਲਕੁਲ ਮੁਫਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

**Bob Lynn Edwards, Jr.**

Free Initial Consultation

Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

www.BobEdwards.com

Ph:510-770-0500

3869 Peralta Boulevard, Fremont CA 94536-3712



**M.K. Nijjar DDS**

**Ruchi Nijjar DDS**

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

WWW.DRNIJJAR.COM

*(Across From Washigton Hospital & Bart)*
*1895 Mowry Ave. Ste 104 Fremont*





**Attention Business Owners!!**

Are You Worried About Your Business When You`re Not There?

**Are Worries Keeping You Awake?**

*Watch Your Business AnyTime Any Place.*

*Promotion For July*
*Free Cash Register Interface With Purchase Of Our DVR System*

**NO PAYMENTS**
**For 3 Months**

Financing & Lease Options For 12, 24, 36 Months Available.

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

ਵਾਜਬ ਕੀਮਤ, ਸਹੀ ਕੰਮ

**DVR UNLIMITED**

*Call:1-800-780-0032* www.dvrunlimited.com






*New York NY July 25, 2009*
*Call:Tony-347-723-2533 OR*
*Jay:917-681-4211*
*Fairfax VA July 31, 2009*
*Call:Jay-703-980-6203 Or*
*Nisha-571-212-1855*
*Philadelphia PA August 01, 2009*
*Call:Jay-703-980-6203*
*Open August 08, 2009*
*Open August 09, 2009*
*Spokane WA Call Nagra 509-994-7844*
*And Seattle WA August 16, 2009*
*(1:00pm to 7:00pm-Kabaddi Mela )*
*Call:Channa Alamgeer-206-478-7744*
*Bakersfield CA August 22, 2009*
*Los Vages NV August 23, 2009*

*Show In USA In August 2009*
*Call- Satti:916-410-9741*

# ਸੁਭਾਅ ਦਾ ਬਹੁਤ ਜ਼ਿਆਦਾ ਮਜ਼ਾਕੀਆ ਸੀ ਕਾਮਰੇਡ ਹਰਭਜਨ ਸੋਹੀ

-ਅਮਰਜੀਤ ਪਰਾਗ

ਕੁਝ ਦਿਨ ਪਹਿਲਾਂ ਪੰਜਾਬ ਵਿਚ ਨਕਸਲੀ ਲਹਿਰ ਦੇ ਮੋਢੀ ਕਾਮਰੇਡ ਹਰਭਜਨ ਸਿੰਘ ਸੋਹੀ ਦੀ ਮੌਤ ਦੀ ਖ਼ਬਰ ਪੜੀ। ਲਗਭਗ 42 ਸਾਲ ਪਹਿਲਾਂ ਉਸ ਨਾਲ ਗੁਜ਼ਾਰੇ ਛੇ ਕੁ ਹਫਤਿਆਂ ਦੀਆਂ ਯਾਦਾਂ ਅੱਖਾਂ ਅੱਗੇ ਫਿਲਮ ਵਾਂਗ ਘੁੰਮਣ ਲੱਗੀਆਂ। 1966-67 ਵਿਚ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਅੰਗਰੇਜ਼ੀ ਦੀ ਐਮ.ਏ. ਕਰ ਰਿਹਾ ਸੀ। ਦਰਸ਼ਨ ਸਿੰਘ ਬਾਗੀ ਪੰਜਾਬ ਸਟੂਡੈਂਟ ਯੂਨੀਅਨ ਦਾ ਪ੍ਰਧਾਨ ਸੀ। ਮੈਂ ਉਸ ਨੂੰ 1962-63 ਤੋਂ ਹੀ ਜਾਣਦਾ ਸੀ, ਜਦੋਂ ਉਹ ਅਮਰਗੜ੍ਹ ਰਹਿੰਦਾ ਹੁੰਦਾ ਸੀ। ਉਸ ਸਮੇਂ ਉਸ ਦੀ ਕਹਾਣੀਆਂ ਦੀ ਕਿਤਾਬ 'ਸਿਆੜਾਂ ਦੀ ਮਹਿਕ' ਛਪੀ ਸੀ। ਮੇਰਾ ਅਮਰਗੜ੍ਹ ਨਾਲ ਲੱਗਦੇ ਹਰਿੰਦਰ ਮਹਿਬੂਬ ਅਤੇ ਗੁਰਤਰਨ ਸਿੰਘ ਦੇ ਪਿੰਡ ਝੂੰਦਾਂ ਆਉਣਾ ਜਾਣਾ ਰਹਿੰਦਾ ਸੀ। ਮਹਿਬੂਬ ਨੇ ਉਸ ਸਮੇਂ ਮਾਉ-ਜੇ-ਤੁੰਗ ਦੀਆਂ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਕੀਤਾ ਸੀ।

ਸੋ ਯੂਨੀਵਰਸਿਟੀ ਪਹੁੰਚਣ ਸਾਰ ਦਰਸ਼ਨ ਬਾਗੀ ਦੇ ਸਰਕਲ ਨਾਲ ਜੁੜ ਜਾਣਾ ਸੁਭਾਵਕ ਹੀ ਸੀ। ਮੈਂ ਵੀ ਉਨ੍ਹਾਂ ਨਾਲ ਪੀ.ਐਸ.ਯੂ. ਵਿਚ ਸਰਗਰਮ ਹੋ ਗਿਆ ਸਾਂ। ਵਿਦਿਆਰਥੀਆਂ ਦੀ ਹੜਤਾਲ ਉਸ ਸਮੇਂ ਦੀ ਮੁੱਖ ਸਰਗਰਮੀ ਸੀ। ਕਾਮਰੇਡ ਮੇਘ ਰਾਜ ਮੇਰਾ ਜਮਾਤੀ ਸੀ। ਹਰਭਜਨ ਨਾਲ ਉਸ ਦੀ ਇਲਾਕੇ ਅਤੇ ਖਿਆਲਾਂ ਦੀ ਨੇੜਤਾ ਸੀ। ਮੇਘ ਰਾਜ ਕਰਕੇ ਹੀ ਅਸਲ ਵਿਚ ਮੇਰੀ ਹਰਭਜਨ ਨਾਲ ਨੇੜਤਾ ਹੋਈ। ਮੇਘ ਨੇ ਹੋਸਟਲ ਵਿਚ ਕਮਰਾ ਨਹੀਂ ਸੀ ਲਿਆ। ਦੋ ਦਿਨਾਂ ਵਿਚ ਹੀ ਹਰਭਜਨ ਹੋਸਟਲ ਪੰਜ ਵਿਚ ਮੇਰੇ ਕੋਲ ਆ ਗਿਆ, ਅਸੀਂ ਮੰਜਾ ਖੜਾ ਕਰਕੇ ਫਰਸ਼ 'ਤੇ ਆਸਣ ਲਾ ਕੇ ਦੋਹਾਂ ਜੋਗਾ ਬਿਸਤਰ ਵਿਛਾ ਲਿਆ।

ਉਨ੍ਹੀਂ ਦਿਨੀਂ ਹੀ ਚੰਡੀਗੜ੍ਹ ਸੀ.ਪੀ.ਐਮ. ਵਲੋਂ ਸਕੂਲ ਲਗਾਇਆ ਗਿਆ। ਇਸ ਵਿਚ ਸਾਰੇ ਪੰਜਾਬ ਤੋਂ 70 ਕੁ ਵਿਦਿਆਰਥੀ ਅਤੇ ਨੌਜਵਾਨ ਸ਼ਾਮਲ ਹੋਏ। ਇਨ੍ਹਾਂ ਵਿਚ ਹਰਭਜਨ ਸੋਹੀ, ਸੁਰਿੰਦਰ ਚਾਹਲ, ਹਾਕਮ ਸਿੰਘ ਸਮਾਓ, ਜੋਗਾ ਸਿੰਘ, ਗੁਰਦਿਆਲ ਬੱਲ, ਸ਼ਮਸ਼ੇਰ ਸ਼ੇਰੀ, ਪਿਆਰੇ ਮੋਹਨ, ਨਵਤੇਜ ਭਾਰਤੀ, ਹਰਭਜਨ ਹਲਵਾਰਵੀ ਅਤੇ ਮੇਘ ਰਾਜ ਸ਼ਾਮਲ ਸਨ। ਸੋਹੀ ਦਾ ਸੀ.ਪੀ.ਐਮ. ਨਾਲੋਂ ਮੋਹ ਭੰਗ ਹੋ ਰਿਹਾ ਸੀ। ਨਕਸਲਵਾੜੀ ਦੀਆਂ ਘਟਨਾਵਾਂ ਪਿਛੋਂ ਹੋਰ ਇਲਾਕਿਆਂ ਵਾਂਗ ਪੰਜਾਬ ਵਿਚ ਵੀ ਕੋਆਰਡੀਨੇਸ਼ਨ ਕਮੇਟੀ ਗਠਿਤ ਕਰਨ ਦੇ ਯਤਨ ਆਰੰਭ ਹੋ ਗਏ ਸਨ। ਦਰਅਸਲ ਇਕ ਤਰ੍ਹਾਂ ਨਾਲ ਦੋ ਸਕੂਲ ਇਕੱਠੇ ਚੱਲ ਰਹੇ ਸਨ। ਸੋਹੀ ਕਾਮਰੇਡ ਸੁਰਜੀਤ ਦੀਆਂ ਚਾਲਾਂ ਤੇ ਸਾਜ਼ਿਸ਼ਾਂ ਬਾਰੇ ਬੋਲਦਾ ਸੀ ਕਿ ਕਾਮਰੇਡ ਗੁਰਚਰਨ ਰੰਧਾਵੇ ਅਤੇ ਕਾਮਰੇਡ ਜਗਜੀਤ ਲਾਇਲਪੁਰੀ ਨੂੰ ਸੁਰਜੀਤ ਨੇ ਖੁੱਡੇ ਲਾਇਆ ਹੋਇਆ ਹੈ। ਉਪਰੋਂ ਕਾਮਰੇਡ ਚੀ ਗਵੇਰਾ ਦਾ ਹੋਕਾ ਨੌਜਵਾਨਾਂ ਦੇ ਲਹੂ ਵਿਚ ਖੌਲ਼ ਰਿਹਾ ਸੀ, "ਜੇਕਰ ਦੋ ਤਿੰਨ ਵੀਅਤਨਾਮ ਸਿਰਜ ਲਈਏ ਤਾਂ ਸਾਮਰਾਜ ਦਾ ਖਾਤਮਾ ਕਿੰਨਾ ਨੇੜੇ ਹੈ।"

ਮਾਉ ਦੀ ਲਾਲ ਕਿਤਾਬਾ ਦਾ ਤਾਂ ਸਮਝੋ ਗੱਲ-ਗੱਲ 'ਤੇ ਰੱਟਾ ਲਗਾਇਆ ਜਾ ਰਿਹਾ ਸੀ। ਪਰੰਪਰਿਕ ਖੱਬੀ ਲੀਡਰਸ਼ਿਪ ਨਿਕੰਮੀ, ਨਿਕਾਰੀ ਅਤੇ ਰਾਹ ਦਾ ਰੋੜਾ ਜਾਪਦੀ ਸੀ। ਮਾਉ-ਜੇ-ਤੁੰਗ ਨੂੰ ਸੰਸਾਰ ਕਮਿਊਨਿਸਟ ਲਹਿਰ ਦਾ ਆਗੂ ਮੰਨਿਆ ਜਾ ਰਿਹਾ ਸੀ। ਵੀਅਤਨਾਮ ਦਾ ਘੋਲ ਸੰਸਾਰ ਵਿਚ ਕ੍ਰਾਂਤੀ ਦੀ ਉਮੀਦ ਜਗਾ ਰਿਹਾ ਸੀ, "ਤੇਰਾ ਨਾਮ, ਮੇਰਾ ਨਾਮ ਵੀਅਤਨਾਮ" ਸੋਹੀ ਲਗਾਤਾਰ ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਕਰ ਰਿਹਾ ਸੀ। ਇਕ ਮੁਜ਼ਾਹਰੇ ਲਈ ਨਾਹਰੇ ਤੇ ਬੈਨਰ ਲਿੱਖਣ ਲੱਗੇ ਤਾਂ ਸੋਹੀ ਨੇ ਲਿਖਵਾਇਆ, "ਅਸ਼ਕੇ ਉਏ ਹੋ ਚੀ ਮਿਨ੍ਹ, ਤਾਇਆ ਅਮਰੀਕਾ ਨੂੰ ਖੂਬ ਭਜਾਇਆ।" ਹਰਭਜਨ ਤਿੱਖੀ ਬੁੱਧੀ ਵਾਲਾ ਤਾਂ ਸੀ ਹੀ ਨਾਲ ਹੀ ਉਹ ਬਹੁਤ ਮਜ਼ਾਕੀਆ ਵੀ ਸੀ। ਮੈਂ ਵੀ ਇਸੇ ਜ਼ੁਬਾਨ ਰੋਗ ਦਾ ਮਰੀਜ਼ ਸੀ। ਇਸ ਸਾਂਝੇ ਰੋਗ ਕਰਕੇ ਅਸੀਂ ਦਿਨ ਰਾਤ ਇਕੱਠੇ ਹੀ ਰਹਿੰਦੇ। ਦੋਸਤ ਆਉਂਦੇ ਰਹਿੰਦੇ, ਕਈ ਸਾਡੇ ਸ਼ਬਦ ਬਾਣਾ ਤੋਂ ਪੀੜਤ ਹੋ ਕੇ ਵੀ ਜਾਂਦੇ। ਪਰ ਸੰਗਤ ਦੇ ਨਿੱਘ ਦੀ ਖਿੱਚ, ਵਿਚਾਰਾਂ ਦੀ ਸਾਂਝ ਅਤੇ ਇਨਕਲਾਬੀ ਉਮੀਦ ਦੇ ਹੁਲਾਰੇ ਕਰਕੇ ਕਿਸੇ ਨਾਲ ਵੀ ਫਿੱਕ ਨਾ ਪੈਂਦਾ। ਇਕ ਦਿਨ ਮੇਰਾ ਜਮਾਤੀ ਬਲਵੰਤ ਸਿੰਘ ਜੈਪੁਰ ਸਾਡੇ ਕਿਸੇ ਮਜ਼ਾਕ ਦੀ ਮਾਰ ਹੇਠ ਆ ਗਿਆ। ਐਡਮ ਬਲਾਕ ਤੋਂ ਪੰਜ ਨੰਬਰ ਹੋਸਟਲ ਤੀਕ ਦੇ ਚਾਰ ਕੁ ਮਿੰਟਾਂ ਦੇ ਫਾਸਲੇ ਵਿਚ ਹੀ ਉਹ ਇਨਾ ਛਿਥਾ ਪੈ ਗਿਆ ਕਿ ਸਾਨੂੰ ਲੱਤਾਂ ਮੁੱਕੇ ਮਾਰਨ ਲੱਗ ਪਿਆ। ਪਰ ਇਸ ਸਮੇਂ ਉਹ ਹੋਰ ਵਧੇਰੇ ਤਿੱਖੇ ਮਜ਼ਾਕ ਦੇ ਤੰਦੂਆ ਜਾਲ ਵਿਚ ਫਸਦਾ ਗਿਆ। ਉਸ ਸ਼ਾਮ ਉਸ ਨੇ ਸਾਡੇ ਨਾਲ ਰਲ ਕੇ ਰੋਟੀ ਨਹੀਂ ਖਾਧੀ।



ਕਾਮਰੇਡ ਹਰਭਜਨ ਸੋਹੀ

ਸਵੇਰੇ ਕਲਾਸ ਜਾਣ ਤੀਕ ਸ਼ਾਂਤ ਹੋ ਕੇ ਆ ਗਿਆ। ਮੈਂ ਸੋਹੀ ਨੂੰ ਕਿਹਾ ਕਿ ਤੁਸੀਂ ਮੇਰੀਆਂ ਕਿਤਾਬਾਂ ਫੜ ਲਉ, ਮੋਦਨ ਦੇ ਘਸੁੰਨਾਂ ਨਾਲ ਫਟ ਨਾ ਜਾਣ। ਹਾਕਮ ਅਤੇ ਦਰਸ਼ਨ ਬਾਗੀ ਨੂੰ ਸੋਹੀ ਸੁਰਜੀਤ ਦੇ ਵਫ਼ਾਦਾਰ ਸਮਝਦਾ ਸੀ। ਹਾਕਮ ਨੂੰ ਸੰਤਨ ਕਾ ਕੂਕਰ ਕਹਿੰਦਾ ਸੀ। ਬਾਗੀ ਨੂੰ ਰਾਜਮਾਂਹ ਖਾਣਾ ਬਹੁਤ ਪਸੰਦ ਸੀ, ਉਸ ਦਾ ਨਾਮ ਰਾਜਮਾਂਹ ਖਾਣਾ ਬੋਕ ਰੱਖਿਆ ਹੋਇਆ ਸੀ। ਖੈਰ, ਅਜਿਹੇ ਨਾਮ ਰੱਖਣਾਂ ਕਾਲਜਾਂ, ਯੂਨੀਵਰਸਿਟੀਆਂ ਵਿਚ ਹਮੇਸ਼ਾ ਹੀ ਫੈਸ਼ਨ ਰਿਹਾ ਹੈ। ਪਟਿਆਲੇ ਵਾਲੇ ਮੈਨੂੰ 'ਪਲਾਲੀ' ਅਤੇ ਹਰਭਜਨ ਨੂੰ 'ਤਾਰਤੂਫ' ਤੇ ਮਹਿਬੂਬ ਨੂੰ 'ਬੱਗਾ' ਕਹਿੰਦੇ ਸਨ। ਹਰਭਜਨ ਜਦੋਂ ਦੂਜੀ ਵਾਰ ਮੇਰੇ ਕੋਲ ਆ ਕੇ ਠਹਿਰਿਆ ਤਾਂ ਉਸ ਸਮੇਂ ਕੇਵਲ ਦੋ-ਤਿੰਨ ਕੁ ਦਿਨ ਠਹਿਰਨ ਦਾ ਹੀ ਪ੍ਰੋਗਰਾਮ ਸੀ। ਪਰ ਲਗਾਤਾਰ ਗੱਲਾਂ, ਵਿਚਾਰਾਂ, ਸਰਗਰਮੀਆਂ ਅਤੇ ਹਾਸੇ, ਮਜ਼ਾਕ ਦਾ ਅਜਿਹਾ ਹੁਲਾਰਾ ਜਿਹਾ ਆਇਆ ਹੋਇਆ ਸੀ ਕਿ ਦੋ ਹਫਤੇ ਪਤਾ ਨਹੀਂ ਕਦੋਂ ਲੰਘ ਗਏ। ਇਸ ਸਮੇਂ ਸੋਹੀ ਨੂੰ ਕਮਲਾ ਨਹਿਰੂ ਕਾਲਜ, ਮਾਨਸਾ ਤੋਂ ਰਿਮਾਂਈਡਰ ਆਇਆ ਕਿ ਉਹ ਤੁਰੰਤ ਆ ਕੇ ਬਤੌਰ ਲੈਕਚਰਾਰ ਅੰਗਰੇਜ਼ੀ ਜੁਆਇਨ ਕਰੇ, ਨਹੀਂ ਤਾਂ ਕਿਸੇ ਦੂਜੇ ਕੈਂਡੀਡੇਟ ਨੂੰ ਰੱਖ ਲਿਆ ਜਾਵੇਗਾ।

ਸੋਹੀ ਨੂੰ ਦੂਜੇ ਦਿਨ ਹੀ ਮਾਨਸਾ ਭੇਜਣ ਦਾ ਫੈਸਲਾ ਹੋਇਆ। ਸ਼ਾਮੀਂ 22 ਸੈਕਟਰ ਭਲਵਾਨੀ ਗੇੜਾ ਮਾਰਨ ਗਏ ਤਾਂ ਫਿਲਮ 'ਸਾਇਨਪੋਸਟ ਟੂ ਮਰਡਰ' ਦਾ ਪੋਸਟਰ ਲੱਗਾ ਹੋਇਆ ਸੀ। ਸੋਹੀ ਕਹਿਣ ਲਗਾ ਇਹ ਫਿਲਮ ਦੇਖ ਕੇ ਪਰਸੋਂ ਨੂੰ ਚੱਲਿਆ ਜਾਵਾਂਗਾ। ਇਹ ਫਿਲਮ ਵੇਖਣ ਗਏ ਤਾਂ ਦੋ ਦਿਨਾਂ ਪਿੱਛੋਂ ਮਸ਼ਹੂਰ ਫਿਲਮ 'ਫੀਦਰਾ' ਦੇ ਟਰੇਲਰ ਤੇ ਪੋਸਟਰ ਵੇਖ ਕੇ ਹਰਭਜਨ ਕਹਿੰਦਾ 'ਫੀਦਰਾ' ਤਾਂ ਛੱਡੀ ਨਹੀਂ ਜਾ ਸਕਦੀ। 'ਫੀਦਰਾ' ਦੀ ਕਹਾਣੀ ਮਾਂ-ਪੁੱਤਰ ਵਿਚਕਾਰ ਜਿਣਸੀ ਖਿਚ ਨੂੰ ਪੇਸ਼ ਕਰਦੀ ਹੈ। ਜਿਵੇਂ ਲੂਣਾ ਤੇ ਪੂਰਨ ਦੀ ਕਹਾਣੀ ਹੈ।

ਸੋ 'ਫੀਦਰਾ' ਵੇਖੀ ਗਈ ਅੱਗੋਂ ਸ਼ਨੀਵਾਰ ਤੇ ਐਤਵਾਰ ਸੀ। ਸੋਮਵਾਰ ਸਵੇਰੇ ਸਿੱਧਾ ਮਾਨਸਾ ਜਾਣਾ ਤਹਿ ਹੋਇਆ। ਸੋਹੀ ਨੇ ਤੁਰਦੇ-ਤੁਰਦੇ ਦੁਪਹਿਰਾ ਹੀ ਕਰ ਲਿਆ। ਰਸਤੇ ਵਿਚ ਪਟਿਆਲੇ ਦੇ ਦੋਸਤਾਂ ਨੂੰ ਮਿਲਣ ਦੀ ਤਾਂਘ ਨੇ ਉਛਾਲਾ ਖਾਧਾ। ਸੋਹੀ ਖੁਦ ਭਾਵੇਂ ਭੂਤਵਾੜੇ ਦੇ ਕੋਰ ਸਰਕਲ ਵਿਚ ਤਾਂ ਨਹੀਂ ਸੀ, ਪਰ ਲਾਲੀ, ਪਾਲੀ, ਗੁਰਭਗਤ, ਮਹਿਬੂਬ, ਨਵਤੇਜ ਭਾਰਤੀ ਹੋਰਾਂ ਨਾਲ ਉਸ ਦਾ ਮੇਲਜੋਲ ਜ਼ਰੂਰ ਸੀ।

ਅੰਤ ਜਦੋਂ ਤੀਕ ਸੋਹੀ ਪ੍ਰੋਫੈਸਰੀ ਦੀ ਨੌਕਰੀ 'ਤੇ ਹਾਜ਼ਰ ਹੋਣ ਗਿਆ ਤਾਂ ਕਾਲਜ ਵਾਲੇ ਕਿਸੇ ਹੋਰ ਕੈਂਡੀਡੇਟ ਨੂੰ ਉਸ ਥਾਂ 'ਤੇ ਲਾ ਚੁੱਕੇ ਸਨ। ਦਰਅਸਲ ਸੋਹੀ ਦੇ ਮਨ ਵਿਚ ਨੌਕਰੀ ਲਈ ਉਤਸ਼ਾਹ ਹੀ ਨਹੀਂ ਸੀ। ਉਸ ਸਮੇਂ ਹੋਣਹਾਰ ਨੌਜਵਾਨ ਮਾਇਆ-ਮੋਹ ਤੇ ਫੈਸ਼ਨਪ੍ਰਸਤੀ ਤੋਂ ਉੱਕਾ ਬੇਨਿਆਜ਼ ਸਨ। ਉਹਨਾਂ ਦਾ ਸਭ ਤੋਂ ਵੱਡਾ ਸ਼ੌਕ ਕਿਤਾਬਾਂ ਪੜ੍ਹਨ ਤੇ ਲਗਾਤਾਰ ਵਾਦ-ਵਿਵਾਦ 'ਤੇ ਵਿਚਾਰਾਂ ਕਰਨਾ ਸੀ।

ਪੁਲਿਸ ਅਫਸਰ ਦੇ ਪੁੱਤਰ ਅਤੇ ਅੰਗਰੇਜ਼ੀ ਦਾ ਪ੍ਰੋਫੈਸਰ ਹੋਣ ਵਜੋਂ ਲੋੜੀਂਦੇ ਸੁੱਖ ਸਾਧਨ ਹਰਭਜਨ ਦੀ ਪਹੁੰਚ ਵਿਚ ਸਨ। ਉਹ ਕਿਸੇ ਤੰਗ ਦਸਤੀ ਜਾਂ ਤਿਰਸਕਾਰ ਦੇ ਦੁੱਖ ਕਰਕੇ ਕ੍ਰਾਂਤੀਕਾਰੀ ਰਾਹ ਦੇ ਬਿਖੜੇ ਪੈਂਡੇ 'ਤੇ ਨਹੀਂ ਸੀ ਤੁਰਿਆ। ਸਮੇਂ ਦੇ ਪ੍ਰਬੁੱਧ ਵਿਦਵਾਨਾਂ ਦੀ ਨੇੜਤਾ ਵਿਚ ਵਿਚਰਨ ਕਰਕੇ ਅਤੇ ਖੁਦ ਸਿੱਖਿਆ ਪ੍ਰਾਪਤ ਤੀਖਣ ਬੁੱਧੀ ਵਾਲਾ ਹੋਣ ਕਰਕੇ ਉਹ ਕਿਸੇ ਦਾ ਪਿਛਲੱਗ ਬਣ ਕੇ ਵੀ ਇਸ ਪਾਸੇ ਨਹੀਂ ਸੀ ਆਇਆ। ਇਸ ਲਈ ਉਸ ਦੇ ਸੁਭਾਅ ਵਿਚ ਕੁੜੱਤਣ ਤੇ ਕਰੂਰਤਾ ਨਹੀਂ ਸੀ। ਵਿਅਕਤੀਗਤ ਕਤਲਾਂ ਦੇ ਰਾਹ ਤੋਂ ਆਪਣੇ ਧੜੇ ਨੂੰ ਵਰਜ ਕੇ ਰੱਖਣਾ ਵੀ ਇਸੇ ਗੱਲ ਦਾ ਪ੍ਰਮਾਣ ਜਾਪਦਾ ਹੈ। ਉਸ ਨੂੰ ਤਾਂ ਕ੍ਰਾਂਤੀ ਦਾ ਰੁਮਾਂਸ ਖਿੱਚਾਂ ਪਾ ਰਿਹਾ ਸੀ। ਇਸੇ ਰੁਮਾਂਸ ਤੋਂ ਪ੍ਰੇਰਿਤ ਹਰਭਜਨ ਨੇ ਸੁੱਖ ਸਾਧਨਾਂ ਨੂੰ ਨਾਂਹ ਕਹੀ, ਸਮੇਂ ਦੇ ਸਮਾਜਿਕ ਵਰਤਾਰੇ ਨੂੰ ਰੱਦ ਕੀਤਾ, ਦੇਸ਼ ਵਿਚ ਜਲਾਵਤਨੀ ਭੋਗੀ। ਉਸ ਲਈ ਕ੍ਰਾਂਤੀਕਾਰੀ ਸਰਗਰਮੀਆਂ ਜ਼ਿੰਦਗੀ ਦੇ ਅਰਥਾਂ ਦੀ ਤਲਾਸ਼ ਸਨ। ਉਸ ਨੇ ਸਾਰੀ ਊਰਜਾ ਇਸੇ ਤਲਾਸ਼ ਨੂੰ ਅਰਪਣ ਕਰ ਦਿੱਤੀ।

ਪ੍ਰੋਫੈਸਰੀ ਜਾਂ ਕੋਈ ਵੀ ਹੋਰ ਨੌਕਰੀ ਕੰਮ-ਧੰਦਾ ਉਸ ਨੂੰ ਬੰਧਨ ਜਾਪਦੇ ਸਨ। ਜਿਸ ਤੋਂ ਉਹ ਬਹਾਨੇ ਬਣਾ ਕੇ ਟਲਣਾ ਚਾਹੁੰਦਾ ਸੀ। ਹੋ ਸਕਦਾ ਸੀ ਕਿ ਨਕਸਲਵਾਦੀ ਸਰਗਰਮੀਆਂ ਪੂਰੀ ਤਰ੍ਹਾਂ ਆਰੰਭ ਹੋਣ ਤੀਕ ਉਹ ਕੁਝ ਹੋਰ ਨੌਕਰੀ ਕਰ ਵੀ ਲੈਂਦਾ। ਪਰ ਜਿਸ ਕਿਸਮ ਦੇ ਆਵੇਸ਼ ਵਿਚ ਸੋਹੀ ਉਸ ਸਮੇਂ ਵਿਚਰ ਰਿਹਾ ਸੀ, ਨੌਕਰੀ ਵਿਚ ਟਿਕਣਾ ਉਸ ਲਈ ਸੰਭਵ ਹੀ ਨਹੀਂ ਸੀ। ਹਰਭਜਨ ਚਾਹੁੰਦਾ ਸੀ ਕਿ ਮੈਂ ਵੀ ਉਸ ਨਾਲ ਇਸ ਰਾਹ ਉਪਰ ਚੱਲਾਂ। ਪਰ ਮੇਰੇ ਉਪਰ ਬਚਪਨ ਤੋਂ ਹੀ ਅਦਵੈਤਵਾਦੀ ਪ੍ਰਭਾਵਾਂ ਦੀ ਗੂੜ੍ਹੀ ਰੰਗਤ ਚੜ੍ਹੀ ਹੋਣ ਕਰਕੇ ਹਿੰਸਕ ਲਹਿਰਾਂ ਨੇ ਮੈਨੂੰ ਕਦੇ ਸਮੋਹਿਤ ਨਹੀਂ ਕੀਤਾ। ਮੇਰੇ ਵਲੋਂ ਹਾਂ-ਪੱਖੀ ਹੁੰਗਾਰਾ ਨਾ ਮਿਲਣ 'ਤੇ ਉਸ ਨੇ ਦੂਜੀ ਵਾਰ ਮੈਨੂੰ ਨਹੀਂ ਕਿਹਾ ਅਤੇ ਮੇਰੇ ਨਾਲੋਂ ਸਦੀਵੀ ਦੂਰੀ ਸਿਰਜ ਲਈ ਸੀ। ਪਿਛਲੇ 42 ਸਾਲਾਂ ਤੋਂ ਉਸ ਨਾਲ ਕਿਸੇ ਪ੍ਰਕਾਰ ਦਾ ਸੰਪਰਕ ਨਹੀਂ ਹੋ ਸਕਿਆ। ਇਸੇ ਲਈ ਇਕ ਨਕਸਲੀ ਆਗੂ ਵਜੋਂ ਉਸ ਦੀ ਭੂਮਿਕਾ ਦਾ ਲੇਖਾ ਜੋਖਾ ਕਰਨਾ ਮੇਰੇ ਲਈ ਸੰਭਵ ਨਹੀਂ। ਫਿਰ ਵੀ ਉਹ ਮੇਰਾ ਇਕ ਅਜਿਹਾ ਮਿੱਤਰ ਸੀ, ਜਿਸ ਨੂੰ ਸਮੇਂ ਤੇ ਸਥਾਨ ਦੀ ਦੂਰੀ ਕਰਕੇ ਭੁਲਾਇਆ ਨਹੀਂ ਜਾ ਸਕਦਾ। ਉਸ ਦੇ ਤੁਰ ਜਾਣ ਦੀ ਖ਼ਬਰ ਸੁਣ ਕੇ ਬਹੁਤ ਕੁਝ ਮਨ ਤੇ ਬੀਤਿਆ ਹੈ, ਇਸੇ ਕਰਕੇ ਹੀ ਇਹ ਚਾਰ ਕੁ ਅੱਖਰ ਰਸੀਦ ਕੀਤੇ ਹਨ। ਮੇਰੇ ਲਈ ਹਰਭਜਨ ਉਨ੍ਹਾਂ ਜਾਗਦੀਆਂ ਰੂਹਾਂ ਦਾ ਪ੍ਰਤੀਨਿਧ ਸੀ, ਜਿਨ੍ਹਾਂ ਨੂੰ ਸੀਨੇ ਖਾਧੀ ਸੱਟ ਨੇ ਆਰਾਮ ਨਾਲ ਨਹੀਂ ਬੈਠਣ ਦਿੱਤਾ। ਨਿਰੰਤਰ ਤੁਰਦੇ ਜਾਣਾ, ਉਹਨਾਂ ਦੀ ਮਜ਼ਬੂਰੀ ਵੀ ਹੁੰਦੀ ਹੈ, ਹੋਣੀ ਵੀ ਤੇ ਪ੍ਰਾਪਤੀ ਵੀ।

*ਜਨੂੰ ਮੇਂ ਜਿਤਨੀ ਭੀ ਗੁਜ਼ਰੀ ਬਾਕਾਰ ਗੁਜ਼ਰੀ ਹੈ*
*ਗਰਚੇ ਦਿਲ ਪੇ ਖਰਾਬੀ ਹਜ਼ਾਰ ਗੁਜ਼ਰੀ ਹੈ*

**(ਫੈਜ਼)**

# ਕੁਝ ਐਨ.ਆਰ.ਆਈ. ਮੱਛੀਆਂ ਸਾਰੇ ਤਾਲਾਬ ਨੂੰ ਗੰਦਾ ਕਰ ਰਹੀਆਂ

ਪਤਾ ਨਹੀਂ ਮੇਰੇ ਕੋਲ ਹੀ ਅਜਿਹੇ ਦੁਖੜੇ ਲੈ ਕੇ ਔਰਤਾਂ ਆਉਂਦੀਆਂ ਹਨ ਜਾਂ ਹੋਰਨਾਂ ਕੋਲ ਵੀ ਬਹੁੜਦੀਆਂ ਹਨ? ਕੁਝ ਦੀ ਤਾਂ ਮੈਂ ਮਦਦ ਕਰ ਚੁੱਕੀ ਹਾਂ ਅਤੇ ਬਹੁਤ ਸਾਰੇ ਕੇਸਾਂ ਦੀ ਮਦਦ ਮੇਰੇ ਪਾਠਕ ਭੈਣਾਂ-ਵੀਰ ਵੀ ਕਰ ਚੁੱਕੇ ਹਨ। ਪਰ ਇਨ੍ਹਾਂ ਦੋ ਕੇਸਾਂ ਵਿਚ ਮੈਂ ਲਾਚਾਰ ਹੋ ਗਈ ਹਾਂ ਅਤੇ ਜਨਤਾ ਦੀ ਅਦਾਲਤ ਵਿਚ ਲੈ ਕੇ ਆਈ ਹਾਂ, ਤਾਂ ਜੋ ਕੋਈ ਜਣਾ ਫੈਸਲਾ ਕਰ ਕੇ ਦੱਸੇ ਕਿ ਇਨ੍ਹਾਂ ਬਾਰੇ ਕੀ ਕਰਨਾ ਚਾਹੀਦਾ ਹੈ?



ਹਰਸ਼ਿੰਦਰ ਕੌਰ

ਤਿੰਨ ਦਿਨ ਪਹਿਲਾਂ ਹਸਪਤਾਲ ਦੇ ਆਊਟਡੋਰ ਵਿਚ ਮੇਰੇ ਕੋਲ ਹਰਿਆਣੇ ਵਿਚੋਂ ਨਵਾਰਸੀ (ਪਿੱਪਲੀ) ਤੋਂ ਇਕ ਛੇ ਸਾਲ ਦੀ ਬੱਚੀ ਨੂੰ ਦਿਖਾਉਣ ਲੈ ਕੇ ਆਏ ਜਿਸ ਨੂੰ 'ਡਾਊਨ ਸਿੰਡਰੋਮ' ਸੀ। ਉਹ ਬੱਚੀ ਮੰਦਬੁਧੀ ਸੀ ਅਤੇ ਆਪਣਾ ਆਪ ਸਾਂਭ ਸਕਣ ਦੇ ਕਾਬਲ ਵੀ ਨਹੀਂ ਸੀ। ਉਸਨੇ ਡੇਢ ਸਾਲ ਪਹਿਲਾਂ ਹੀ ਤੁਰਨਾ ਸਿੱਖਿਆ ਸੀ। ਮੈਂ ਜਦੋਂ ਉਸ ਦੇ ਜਮਾਂਦਰੂ ਨੁਕਸ ਬਾਰੇ ਉਸ ਦੇ ਨਾਲ ਆਈਆਂ ਦੋਨੋਂ ਔਰਤਾਂ ਨੂੰ ਸਮਝਾਇਆ ਤਾਂ ਉਹ ਔਰਤਾਂ ਮੱਥੇ ਉਤੇ ਹੱਥ ਰੱਖ ਕੇ ਭੁੰਜੇ ਹੀ ਬਹਿ ਗਈਆਂ।

ਮੈਂ ਇਹ ਸੋਚ ਕੇ ਕਿ ਇਹ ਮਾਂ ਹੋਵੇਗੀ, ਉਨ੍ਹਾਂ ਵਿਚੋਂ ਜਵਾਨ ਔਰਤ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੋਈ ਨਾ ਹੋਰ ਬੱਚਾ ਕਰ ਲਿਓ, ਪਰ ਮਾਪਿਆਂ ਦੇ ਟੈਸਟ ਕਰਵਾ ਲੈਣ ਤੋਂ ਬਾਅਦ ਕਿ ਕਿਸ ਵਿਚ ਨੁਕਸ ਹੈ? ਬਜ਼ੁਰਗ ਔਰਤ ਕਹਿਣ ਲੱਗੀ, "ਡਾਕਟਰ ਸਾਹਿਬ ਏਸ ਕੁੜੀ ਦੇ ਲੇਖਾਂ ਵਿਚ ਨੁਕਸ ਹੈ।" ਮੈਂ ਹੌਂਸਲਾ ਦਿੰਦੇ ਹੋਏ ਕਿਹਾ ਕਿ ਅਜਿਹੇ ਬਥੇਰੇ ਕੇਸ ਆਉਂਦੇ ਰਹਿੰਦੇ ਹਨ। ਐਵੇਂ ਦਿਲ ਨੂੰ ਨਾ ਲਾਓ। ਇਸ ਦੀ ਮਾਂ ਦੇ ਅੱਜ ਹੀ ਟੈਸਟ ਕਰਵਾ ਲੈਂਦੇ ਹਾਂ ਤੇ ਅਗਲੀ ਵਾਰ ਪਿਓ ਨੂੰ ਨਾਲ ਲੈ ਕੇ ਆਇਓ।"

ਉਹ ਜਵਾਨ ਔਰਤ ਇਕਦਮ ਬੋਲੀ, "ਇਹ ਮੇਰੀ ਬੇਟੀ ਨਹੀਂ ਹੈ। ਮੈਂ ਤਾਂ ਇਸ ਨੂੰ ਗੋਦ ਲੈਣ ਦੇ ਕਾਗਜ਼ ਬਣਵਾ ਰਹੀ ਹਾਂ।" ਮੈਂ ਸੋਚਿਆ ਖੌਰੇ ਮਾਪੇ ਇਸ ਨੂੰ ਰੱਖਣਾ ਨਹੀਂ ਚਾਹੁੰਦੇ ਹੋਣੇ, ਸੋ ਮੈਂ ਉਸ ਦੇ ਮਾਪਿਆਂ ਬਾਰੇ ਪੁੱਛਿਆ। ਬਜ਼ੁਰਗ ਔਰਤ ਕਹਿਣ ਲੱਗੀ, "ਇਹਦੀ ਮਾਂ ਦੀ ਮੌਤ ਐਕਸੀਡੈਂਟ ਵਿਚ ਹੋ ਗਈ ਸੀ ਅਤੇ ਪਿਓ ਕੰਮ 'ਤੇ ਬਾਹਰ ਗਿਆ ਹੋਇਆ।"

ਨਾਲ ਖੜੀ ਜਵਾਨ ਔਰਤ ਨੇ ਫੱਟ ਟੋਕਿਆ ਅਤੇ ਕਹਿਣ ਲੱਗੀ, "ਸੱਚ ਕਿਉਂ ਨਹੀਂ ਦੱਸਦੇ। ਡਾਕਟਰ ਕੋਲ ਕੀ ਝੂਠ ਮਾਰਨਾ। ਡਾਕਟਰ ਸਾਹਿਬ, ਇਸ ਦੀ ਮਾਂ ਨੇ ਆਤਮਹੱਤਿਆ ਕਰ ਲਈ ਸੀ, ਜਦੋਂ ਇਹ ਬੱਚੀ ਹਾਲੇ ਇਕ ਸਾਲ ਦੀ ਵੀ ਨਹੀਂ ਸੀ ਹੋਈ। ਇਸ ਦਾ ਬਾਪ ਇਟਲੀ ਵਿਚ ਕੰਮ ਕਰਦਾ ਸੀ। ਏਥੇ ਗਲਤ ਸ਼ਲਤ ਪਤਾ ਦੱਸ ਕੇ ਵਿਆਹ ਕਰਵਾ ਕੇ ਚੋਖਾ ਦਾਜ ਲੈ ਗਿਆ ਅਤੇ ਮਾਪੇ ਕਰਜ਼ਈ ਹੋ ਗਏ। ਵਿਆਹ ਤੋਂ ਦਸ ਦਿਨਾਂ ਬਾਅਦ ਦਾਜ ਦਾ ਲੱਖਾਂ ਦਾ ਸਾਰਾ ਸਾਮਾਨ ਵੇਚ ਕੇ ਉਹ ਬੰਦਾ ਰੱਫੂ-ਚੱਕਰ ਹੋ ਗਿਆ ਅਤੇ ਅੱਜ ਤਕ ਉਸ ਦਾ ਕੋਈ ਪਤਾ ਨਹੀਂ। ਇਸ ਦੀ ਮਾਂ ਤੋਂ ਲੋਕਾਂ ਦੇ ਮਿਹਣੇ ਸਹਾਰੇ ਨਹੀਂ ਗਏ। ਨਾਨਕੇ ਦਰ-ਦਰ ਮੰਗਣ ਵਾਲੀ ਹਾਲਤ 'ਤੇ ਪਹੁੰਚ ਗਏ।

ਮਾਂ ਤੋਂ ਇਹ ਸਭ ਝੱਲਿਆ ਨਹੀਂ ਗਿਆ ਅਤੇ ਉਹ ਇਸ ਬੱਚੀ ਨੂੰ ਛੱਡ ਕੇ ਰੱਬ ਕੋਲ ਤੁਰ ਗਈ। ਮੈਂ ਮਹੀਨਾ ਪਹਿਲਾਂ ਵਿਆਹ ਕੇ ਇਸ ਘਰ ਆਈ ਹਾਂ। ਇਸ ਦੀ ਮਾਂ ਮੇਰੀ ਨਨਾਣ ਸੀ। ਮੇਰਾ ਪਤੀ ਕਰਜ਼ਾ ਲਾਹੁਣ ਖਾਤਰ ਦੁਬਈ 'ਚ ਝਾੜੂ ਮਾਰਨ ਦਾ ਕੰਮ ਕਰਦਾ ਹੈ।

ਮੇਰੇ ਕਾਗਜ਼ ਪਤਾ ਨਹੀਂ ਕਦੋਂ ਬਣਨਗੇ ਅਤੇ ਜਦੋਂ ਘਰ ਦਾ ਕਰਜ਼ਾ ਉਤਰੇਗਾ, ਉਦੋਂ ਹੀ ਮੈਂ ਆਪਣੇ ਪਤੀ ਕੋਲ ਜਾ ਸਕਾਂਗੀ। ਮੈਂ ਇਸ ਬੱਚੀ ਨੂੰ ਗੋਦ ਲੈ ਰਹੀ ਹਾਂ ਅਤੇ ਇਸ ਨੂੰ ਪਾਲਾਂਗੀ। ਹੁਣ ਦੱਸੋ ਇਸ ਬੱਚੀ ਦਾ ਕੀ ਕਸੂਰ। ਪਿਓ ਖਾ ਪੀ ਕੇ ਮੌਜ ਕਰ ਕੇ ਕਿਤੇ ਦਾ ਕਿਤੇ ਗਿਆ। ਉਸ ਨੂੰ ਤਾਂ ਇਸ ਬੱਚੀ ਬਾਰੇ ਪਤਾ ਵੀ ਨਹੀਂ ਹੋਣਾ। ਇਸ ਬੱਚੀ ਦੀ ਸਮਝ ਤਾਂ ਰੱਬ ਨੇ ਖੋਹ ਲਈ। ਕਸੂਰ ਕਿਸ ਦਾ ਅਤੇ ਸਜ਼ਾ ਕੌਣ ਭੁਗਤ ਰਿਹਾ ਹੈ! ਇਸ ਦੀ ਮਾਂ ਨਾਲ ਇੰਜ ਹੋਈ ਸੀ। ਵਿਦੇਸ਼ ਦੇ ਲਾਲਚ ਵਿਚ ਅਨਪੜ੍ਹ ਨਾਲ ਵਿਆਹ ਦਿੱਤੀ ਗਈ।"

ਉਨ੍ਹਾਂ ਦੋਨਾਂ ਔਰਤਾਂ ਦੀਆਂ ਅੱਖਾਂ ਵਿਚ ਹੰਝੂ ਸਨ। ਮੈਂ ਬੇਵੱਸ ਜਿਹੀ ਉਸ ਬੱਚੀ ਵਲ ਵੇਖਦੀ ਰਹੀ। ਮੇਰੀਆਂ ਦਿੱਤੀਆਂ ਕੁਝ ਮੁਫਤ ਦਵਾਈਆਂ ਜਾਂ ਕੱਪੜੇ ਉਸ ਦਾ ਕੀ ਭਵਿੱਖ ਸੰਵਾਰ ਸਕਦੇ ਹਨ? ਅਜਿਹੇ ਹੋਰ ਵੀ ਹਜ਼ਾਰਾਂ ਬੱਚੇ ਹੋਣਗੇ! ਇਨ੍ਹਾਂ ਦੇ ਭਵਿੱਖ ਬਾਰੇ ਕੌਣ ਫਿਕਰਮੰਦ ਹੈ? ਜਿਵੇਂ ਇਕ ਮੱਛੀ ਸਾਰਾ ਤਲਾਬ ਗੰਦਾ ਕਰ ਦਿੰਦੀ ਹੈ, ਬਿਲਕੁਲ ਉਸੇ ਹੀ ਤਰ੍ਹਾਂ ਕੁਝ ਐਨ.ਆਰ. ਆਈਜ਼ ਨੇ ਇਸ ਤਰ੍ਹਾਂ ਦੀ ਬੇਹਯਾਈ ਦੀ ਖੇਡ ਸ਼ੁਰੂ ਕੀਤੀ ਹੋਈ ਹੈ, ਉਹ ਬਾਕੀ ਸਾਰਿਆਂ ਦਾ ਨਾਂ ਬਦਨਾਮ ਕਰ ਰਹੇ ਹਨ। ਇਸੇ ਲਈ ਇਸ ਪੱਖ ਵਲ ਦੋ-ਧਾਰੀ ਤਲਵਾਰ ਵਾਂਗ ਵਾਰ ਕਰਨਾ ਜ਼ਰੂਰੀ ਹੋ ਚੁੱਕਾ ਹੈ।

ਪੰਜਾਬ ਅੰਦਰਲੇ ਲੋਕ ਜਿਹੜੇ ਸਮਾਜ ਵਾਸਤੇ ਕੁਝ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਉਡੀਕ ਵਿਚ ਅਜਿਹੇ ਸੈਂਕੜੇ ਬੇਸਹਾਰਾ ਬੱਚੇ ਬੈਠੇ ਹਨ। ਅਜਿਹੇ ਬੱਚਿਆਂ ਨੂੰ ਉਜਾਗਰ ਕਰਨਾ ਚਾਹੀਦਾ ਹੈ, ਤਾਂ ਜੋ ਵੱਡੇ ਪੱਧਰ 'ਤੇ ਇਨ੍ਹਾਂ ਬੇਕਸੂਰਾਂ ਵਾਸਤੇ ਕੁਝ ਕੀਤਾ ਜਾ ਸਕੇ।

ਸਰਕਾਰੀ ਪੱਧਰ 'ਤੇ ਵੀ ਇਨ੍ਹਾਂ ਬੱਚਿਆਂ ਵਾਸਤੇ ਕਦਮ ਚੁੱਕਣੇ ਜ਼ਰੂਰੀ ਹਨ, ਜਿਨ੍ਹਾਂ ਰਾਹੀਂ ਕੁਝ ਮਹੀਨਾਵਾਰ ਪੈਸੇ, ਮੁਫਤ ਪੜ੍ਹਾਈ ਜਾਂ ਰਹਿਣ ਲਈ ਕੋਈ ਹੋਸਟਲ ਬਣਾਉਣਾ ਜ਼ਰੂਰੀ ਹੈ। ਇਨ੍ਹਾਂ ਬੱਚਿਆਂ ਦੇ ਹੱਕਾਂ ਲਈ ਹਿਊਮਨ ਰਾਈਟਸ ਵਾਲੇ ਆਵਾਜ਼ ਚੁੱਕ ਸਕਦੇ ਹਨ। ਦੂਜੇ ਪਾਸਿਓਂ ਐਨ.ਆਰ. ਆਈਜ਼ ਜਿਹੜੇ ਆਪਣੇ ਆਪਣੇ ਪ੍ਰਵਾਸੀ ਮੁਲਕਾਂ ਵਿਚ ਬੈਠੇ ਹਨ ਅਤੇ ਉਨ੍ਹਾਂ ਨੂੰ ਜੇ ਅਜਿਹੇ ਕਿਸੇ ਬੰਦੇ ਬਾਰੇ ਪਤਾ ਲਗਦਾ ਹੈ ਤਾਂ ਫਿਟ ਲਾਹਨਤ ਪਾ ਕੇ ਉਸ 'ਤੇ ਆਪਣੇ ਬੱਚੇ ਦੇ ਪਾਲਣ-ਪੋਸ਼ਣ ਵਾਸਤੇ ਜ਼ੋਰ ਪਾ ਸਕਦੇ ਹਨ। ਜੇ ਨਾ ਮੰਨੇ ਤਾਂ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਨਿੱਕੇ-ਨਿੱਕੇ ਅਣਭੋਲ ਬੱਚਿਆਂ ਨੂੰ ਘੱਟੋ-ਘੱਟ ਆਪਣੇ ਪਿਓ ਦੀ ਛਤਰ ਛਾਇਆ ਮਿਲ ਸਕੇ।

ਲੋਕ ਅਦਾਲਤ ਲਈ ਇਨ੍ਹਾਂ ਬੇਕਸੂਰ ਬੱਚਿਆਂ ਨੂੰ ਬਣਦਾ ਹੱਕ ਦਿਵਾਉਣਾ ਲਾਜ਼ਮੀ ਹੈ। ਇਸ ਤਰ੍ਹਾਂ ਦੇ ਬੱਚੇ ਇੱਕਾ-ਦੁੱਕਾ ਨਹੀਂ ਹਨ, ਕਿਉਂਕਿ 15000 ਦੇ ਕਰੀਬ ਐਨ.ਆਰ.ਆਈਜ਼ ਵਲੋਂ ਛੱਡੀਆਂ ਔਰਤਾਂ ਦੇ ਕੇਸ ਹਾਲੇ ਪੰਜਾਬ ਵਿਚ ਲਟਕ ਰਹੇ ਹਨ ਅਤੇ ਉਨ੍ਹਾਂ ਦੇ ਬੱਚੇ ਮਾਨਸਿਕ ਸਜ਼ਾਵਾਂ ਭੁਗਤ ਰਹੇ ਹਨ।

ਜੇ ਵੇਲੇ ਸਿਰ ਇਸ ਕੁਕਰਮ ਨੂੰ ਠੱਲ੍ਹ ਨਾ ਪਾਈ ਤਾਂ ਮਾਪੇ ਕੁੜੀਆਂ ਨੂੰ ਵਤਨੋਂ ਪਾਰ ਵਿਆਹੁਣ ਦੇ ਖਿਆਲ ਤੋਂ ਵੀ ਤ੍ਰਹਿਣ ਲੱਗ ਪੈਣਗੇ।

ਦੂਜਾ ਕੇਸ ਜਨਤਾ ਦੀ ਅਦਾਲਤ ਵਿਚ ਹੈ ਇਕ ਬਜ਼ੁਰਗ ਮਾਂ ਦਾ, ਜਿਹੜੀ ਇਨ੍ਹਾਂ ਦੋਨਾਂ ਔਰਤਾਂ ਦੀ ਗਵਾਂਢਣ ਸੀ ਅਤੇ ਇਨ੍ਹਾਂ ਨਾਲ ਹੀ ਹਸਪਤਾਲ ਵਿਚ ਚੈੱਕਅਪ ਲਈ ਆਈ ਹੋਈ ਸੀ। ਮੈਨੂੰ ਦੱਸਿਆ ਗਿਆ ਕਿ ਇਸ ਔਰਤ ਦੇ ਤਿੰਨ ਮੁੱਛ ਫੁਟ ਪੁੱਤਰ, ਜਿਨ੍ਹਾਂ ਵਿਚੋਂ ਸਭ ਤੋਂ ਛੋਟਾ ਹਾਲੇ ਪੰਦਰਾਂ ਵਰ੍ਹਿਆਂ ਦਾ ਹੀ ਸੀ, ਇਕ ਝੂਠੇ ਪੁਲਿਸ ਕੇਸ ਤਹਿਤ ਗ੍ਰਿਫਤਾਰ ਕਰ ਲਏ ਗਏ। ਸਭ ਤੋਂ ਵੱਡਾ ਤਾਂ ਪੁਲਿਸ ਮੁਕਾਬਲੇ ਵਿਚ ਅੱਤਵਾਦੀ ਕਰਾਰ ਦੇ ਕੇ ਮਾਰ ਦਿੱਤਾ ਗਿਆ। ਬਾਕੀ ਦੋਵੇਂ ਪੁਲਿਸ ਹਿਰਾਸਤ 'ਚੋਂ ਭੱਜ ਗਏ ਅਤੇ ਯੂਰਪ ਵਿਚ ਰਾਜਨੀਤਕ ਸ਼ਰਨ ਲੈ ਕੇ ਵਸ ਗਏ। ਇਸ ਦਾ ਘਰ ਵਾਲਾ ਬਾਰਾਂ ਸਾਲ ਪਹਿਲਾਂ ਮਰ ਗਿਆ ਸੀ। ਏਨੇ ਸਾਲ ਤੋਂ ਇਹ ਇਕੱਲੀ ਧੱਕੇ ਖਾ ਰਹੀ ਹੈ।

ਕਾਨੂੰਨਨ ਹੁਣ ਇਸ ਦੇ ਪੁੱਤਰ ਬਾਹਰੋਂ ਇਸ ਨੂੰ ਮਿਲਣ ਨਹੀਂ ਆ ਸਕਦੇ, ਕਿਉਂਕਿ ਉਨ੍ਹਾਂ ਨੇ ਰਾਜਨੀਤਕ ਸ਼ਰਨ ਲਈ ਹੈ। ਨਾ ਹੀ ਇਸਨੂੰ ਬਾਹਰ ਜਾਣ ਦੀ ਇਜਾਜ਼ਤ ਮਿਲੀ ਹੈ। ਦਿਨ-ਰਾਤ ਰੋ-ਰੋ ਕੇ ਇਸ ਦੀਆਂ ਅੱਖਾਂ ਦੀ ਨਜ਼ਰ ਵੀ ਘੱਟ ਗਈ ਹੈ। ਕੋਈ ਰੋਟੀ ਖਾਣ ਨੂੰ ਦੇ ਜਾਏ ਤਾਂ ਖਾ ਲੈਂਦੀ ਹੈ ਨਹੀਂ ਤਾਂ ਭਰ ਦੁਪਹਿਰੇ ਭੁੱਖੀ ਤ੍ਰੇਹੀ ਗਲੀਆਂ ਵਿਚ ਆਪਣੇ ਪੁੱਤਰਾਂ ਦੇ ਨਾਂ ਲੈ ਕੇ ਕੁਰਲਾਉਂਦੀ ਰਹਿੰਦੀ ਹੈ। ਫਿਕਰ ਨੇ ਇਸ ਨੂੰ ਛੱਲਣੀ ਕਰ ਛੱਡਿਆ ਹੈ ਅਤੇ ਇਸ ਦਾ ਸਰੀਰ ਬਿਮਾਰੀਆਂ ਦਾ ਘਰ ਬਣ ਗਿਆ ਹੈ।

ਮੈਂ ਵੇਖਿਆ ਉਹ ਸੁੱਕ ਕੇ ਕਾਨਾ ਬਣੀ ਔਰਤ ਉਮਰ ਨਾਲੋਂ ਦੁੱਗਣੀ ਦਿਸ ਰਹੀ ਸੀ ਅਤੇ ਪੱਤੇ ਵਾਂਗ ਹਿਲਦੀ ਮੇਰੇ ਨੇੜੇ ਹੋ ਕੇ ਕਹਿਣ ਲੱਗੀ, "ਮੈਂ ਅਜਿਹੀ ਇਕੱਲੀ ਮਾਂ ਨਹੀਂ ਹਾਂ। ਮੇਰੇ ਵਰਗੀਆਂ ਬਥੇਰੀਆਂ ਹੋਰ ਵੀ ਇੰਝ ਹੀ ਧੱਕੇ ਖਾਂਦੀਆਂ ਫਿਰਦੀਆਂ ਨੇ। ਮੈਂ ਤਾਂ ਰਿੜ੍ਹ-ਖੁੜ ਕੇ ਹਰਿਆਣੇ ਵਿਚ ਪਹੁੰਚ ਗਈ ਸਾਂ, ਪਰ ਮੈਨੂੰ ਪੰਜਾਬ ਅੰਦਰੋਂ ਹੋਰ ਬਹੁਤ ਆਪਣੇ ਵਰਗੀਆਂ ਦੇ ਸੁਨੇਹੇ ਆਉਂਦੇ ਰਹਿੰਦੇ ਨੇ। ਅਸੀਂ ਕਿਸੇ ਇਨਸਾਨ ਕੋਲ ਕੀ ਗਿਲਾ ਕਰਨਾ ਹੈ, ਜਦ ਰੱਬ ਹੀ ਸਾਡੀ ਨਹੀਂ ਸੁਣਦਾ। ਵੀਹ ਵਰ੍ਹਿਆਂ ਤੋਂ ਮੈਂ ਰੱਬ ਤੋਂ ਮੰਗ ਰਹੀ ਹਾਂ ਕਿ ਮੈਨੂੰ ਇਸ ਸੰਸਾਰਕ ਯਾਤਰਾ ਤੋਂ ਨਿਜ਼ਾਤ ਦਵਾ। ਹਾਲੇ ਤਕ ਮੈਨੂੰ ਸਮਝ ਹੀ ਨਹੀਂ ਆ ਰਹੀ ਕਿ ਮੇਰਾ ਕਸੂਰ ਕੀ ਹੈ? ਸਿਰਫ ਇਹੀ ਕਿ ਮੈਂ ਤਿੰਨ ਜਵਾਨ ਮੁੰਡਿਆਂ ਦੀ ਮਾਂ ਸੀ? ਜਿਨ੍ਹਾਂ ਨੂੰ ਕਿਸੇ ਕਾਰਨ ਪੁਲਿਸ ਨੇ ਕਦੇ ਫੜਿਆ ਸੀ।

ਏਨਾ ਕਹਿੰਦਿਆਂ ਉਸ ਦਾ ਗਲ ਭਰ ਆਇਆ ਅਤੇ ਉਹ ਜ਼ਮੀਨ 'ਤੇ ਬੈਠ ਕੇ ਰੋਣ ਲੱਗ ਪਈ। ਮੈਂ ਚੁੱਕ ਕੇ ਉਸ ਨੂੰ ਬੈਂਚ 'ਤੇ ਬਿਠਾਇਆ ਅਤੇ ਚਾਹ ਮੰਗਵਾ ਕੇ ਪੀਣ ਨੂੰ ਦਿੱਤੀ। ਮੈਨੂੰ ਪਤਾ ਸੀ ਕਿ ਉਸ ਨੇ ਹੋਰ ਕੁਝ ਪਲਾਂ ਵਿਚ ਵਾਪਸ ਉਸੇ ਨਰਕ ਵਿਚ ਚਲੀ ਜਾਣਾ ਹੈ, ਜਿਥੇ ਕਹਿਰ ਵਰਸਾਉਂਦੀ ਗਰਮੀ ਵਿਚ, ਗਲੀਆਂ ਵਿਚ ਉਸ ਨੇ ਆਪਣੇ ਪੁੱਤਰਾਂ ਦਾ ਨਾਂ ਲੈ ਕੇ ਰੋਣਾ ਹੈ।

ਮੈਂ ਏਨੀ ਲਾਚਾਰ ਮਹਿਸੂਸ ਕਰ ਰਹੀ ਸਾਂ ਕਿ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕਰਾਂ। ਅਜਿਹੀਆਂ ਢੇਰ ਸਾਰੀਆਂ ਬੇਕਸੂਰ ਬਜ਼ੁਰਗ ਮਾਵਾਂ ਲਈ ਮਾੜੇ ਕੋਲ ਪ੍ਰਬੰਧ ਨਹੀਂ। ਬਾਹਰਲੇ ਮੁਲਕਾਂ 'ਚ ਬਜ਼ੁਰਗਾਂ ਦਾ ਏਨਾ ਖਿਆਲ ਰੱਖਿਆ ਜਾਂਦਾ ਹੈ ਕਿ ਉਨ੍ਹਾਂ ਲਈ ਧਰਤੀ ਸਵਰਗ ਹੀ ਬਣਾ ਦਿੱਤੀ ਜਾਂਦੀ ਹੈ। ਸਾਡੇ ਪੰਜਾਬ ਦੀਆਂ ਗਲੀਆਂ ਵਿਚ ਰੁਲਦੇ ਬਜ਼ੁਰਗਾਂ ਦੀ ਇਹ ਹਾਲਤ ਹੈ! ਸਰਕਾਰ ਸਮੇਤ ਅਸੀਂ ਸਭ ਨੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੋਇਆ ਹੈ।

# ਮੰਦਰਾਂ ਅਤੇ ਗੁਰਦੁਆਰਿਆਂ 'ਚ ਕਦੀ ਨਹੀਂ ਕੀਤੇ ਜਾਣਗੇ ਸਮਲਿੰਗੀ ਵਿਆਹ

## ਸਮਲਿੰਗੀਆਂ ਸਬੰਧੀ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ

**ਨਵੀਂ ਦਿੱਲੀ :** ਵੱਖ-ਵੱਖ ਧਰਮਾਂ ਨਾਲ ਸਬੰਧਤ ਧਾਰਮਿਕ ਸੰਸਥਾਵਾਂ ਦੇ ਆਗੂਆਂ ਨੇ ਫੈਸਲਾ ਕੀਤਾ ਹੈ ਕਿ ਉਹ ਮੰਦਰਾਂ, ਗੁਰਦੁਆਰਿਆਂ ਤੇ ਹੋਰ ਧਾਰਮਿਕ ਸੰਸਥਾਵਾਂ ਵਿਚ ਕਿਸੇ ਦਾ ਵੀ ਸਮਲਿੰਗੀ ਵਿਆਹ ਨਹੀਂ ਹੋਣ ਦੇਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੀਡੀਆ ਇੰਚਾਰਜ ਵਿਨੋਦ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧੀ ਫੈਸਲਾ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਆਗੂਆਂ ਦੀ ਇਕ ਮੀਟਿੰਗ ਵਿਚ ਲਿਆ ਗਿਆ ਹੈ।

ਲੰਘੀ 11 ਜੁਲਾਈ ਨੂੰ ਹੋਈ ਇਕ ਮੀਟਿੰਗ ਵਿਚ ਸਨਾਤਨ ਧਰਮ ਪ੍ਰਤੀਨਿਧ ਸਭਾ, ਗੁਰਦੁਆਰਾ ਪ੍ਰਬੰਧਕ ਕਮੇਟੀ, ਕੌਮੀ ਸਿੱਖ ਸੰਗਤ, ਆਰੀਆ ਸਮਾਜ, ਜੈਨ ਤੇ ਬੋਧੀ ਸਮਾਜ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਉਪਰੋਕਤ ਸੰਸਥਾਵਾਂ ਦੇ ਆਗੂਆਂ ਨੇ ਸਮਲਿੰਗੀ ਸਬੰਧਾਂ ਬਾਰੇ ਦਿੱਲੀ ਹਾਈਕੋਰਟ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੱਤਾ। ਇਨ੍ਹਾਂ ਸੰਸਥਾਵਾਂ ਦੇ ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਤੁਰੰਤ ਦਖਲਅੰਦਾਜ਼ੀ ਕਰਦਿਆਂ ਸਥਿਤੀ ਸਪੱਸ਼ਟ ਕੀਤੀ ਜਾਵੇ। ਮੀਟਿੰਗ ਵਿਚ ਸਨਾਤਨ ਧਰਮ ਪ੍ਰਤੀਨਿਧ ਸਭਾ ਦੇ ਪ੍ਰਧਾਨ ਸਵਾਮੀ ਰਾਘਵਾਨੰਦ, ਕੇਂਦਰੀ ਆਰੀਆ ਯੁਵਾ ਪ੍ਰੀਸ਼ਦ ਦੇ ਕੌਮੀ ਪ੍ਰਧਾਨ ਅਨਿਲ ਆਰੀਆ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਵਿੰਦਰ ਖੁਰਾਣਾ ਤੋਂ ਇਲਾਵਾ ਜੈਨ ਅਤੇ ਬੋਧੀ ਸਮਾਜ ਦੇ ਪ੍ਰਤੀਨਿਧ ਸ਼ਾਮਲ ਹੋਏ।

ਮੀਟਿੰਗ ਵਿਚ ਸਮਲਿੰਗੀ ਸਬੰਧਾਂ ਨੂੰ ਕੁਦਰਤੀ ਪ੍ਰਕਿਰਿਆ ਦੇ ਵਿਰੁਧ ਗੰਭੀਰ ਅਪਰਾਧ ਮੰਨਦਿਆਂ ਇਕ ਮਤਾ ਵੀ ਪਾਸ ਕੀਤਾ ਗਿਆ। ਮਤੇ ਵਿਚ ਕਿਹਾ ਗਿਆ ਹੈ ਕਿ ਸਮਲਿੰਗੀ ਵਿਆਹਾਂ ਦੇ ਲਾਗੂ ਹੋਣ ਨਾਲ ਪਰਿਵਾਰ ਵਿਵਸਥਾ ਗੜਬੜਾ ਜਾਵੇਗੀ। ਧਾਰਮਿਕ ਪ੍ਰਤੀਨਿਧੀਆਂ ਨੇ ਕਿਹਾ ਕਿ ਸਮਲਿੰਗੀ ਸਬੰਧਾਂ ਨੂੰ ਕਾਨੂੰਨੀ ਮਾਨਤਾ ਦੇਣ ਨਾਲ ਵੰਸ਼ ਪਰੰਪਰਾ 'ਤੇ ਵੀ ਪ੍ਰਤੀਕੂਲ ਅਤੇ ਭੈੜਾ ਅਸਰ ਪਵੇਗਾ ਤੇ ਇਸ ਨਾਲ ਸਮਾਜ ਦਾ ਤਾਣਾ-ਬਾਣਾ ਖੇਰੂੰ-ਖੇਰੂੰ ਹੋ ਜਾਵੇਗਾ। ਮੀਟਿੰਗ ਵਿਚ ਇਹ ਵੀ ਫੈਸਲਾ ਲਿਆ ਗਿਆ ਕਿ ਦਿੱਲੀ ਹਾਈਕੋਰਟ ਦੇ ਇਸ ਫੈਸਲੇ ਵਿਰੁਧ ਸੁਪਰੀਮ ਕੋਰਟ ਵਿਚ ਪਹੁੰਚ ਕੀਤੀ ਜਾਵੇਗੀ।

ਇਸ ਦੌਰਾਨ ਲੰਘੀ 9 ਜੁਲਾਈ ਨੂੰ ਸਮਲਿੰਗੀ ਮੁੱਦੇ 'ਤੇ ਦਿੱਲੀ ਹਾਈ ਕੋਰਟ ਦੇ ਹਾਲੀਆ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 20 ਜੁਲਾਈ ਨੂੰ ਨਿਰਧਾਰਤ ਕੀਤੀ। ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਪਟੀਸ਼ਨ ਦੀ ਸੁਣਵਾਈ ਕਰਦਿਆਂ



ਕਿਹਾ ਕਿ ਜੇਕਰ ਸਬੰਧਤ ਪੱਖਾਂ ਨੂੰ ਸੁਣਨ ਤੋਂ ਬਾਅਦ ਜ਼ਰੂਰਤ ਪਈ ਤਾਂ ਹਾਈ ਕੋਰਟ ਦੇ ਫ਼ੈਸਲੇ ਖਿਲਾਫ਼ ਕੋਈ ਅੰਤ੍ਰਿਮ ਆਦੇਸ਼ ਵੀ ਦਿੱਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਮਲਿੰਗੀ ਮਾਮਲੇ ਦੀ ਪੈਰਵਾਈ ਕਰਨ ਵਾਲੇ ਗ਼ੈਰ-ਸਰਕਾਰੀ ਸੰਗਠਨ ਨਾਜ਼ ਫਾਊਂਡੇਸ਼ਨ ਨੂੰ ਵੀ ਨੋਟਿਸ ਜਾਰੀ ਕੀਤਾ। ਜ਼ਿਕਰਯੋਗ ਹੈ ਕਿ ਜਯੋਤਿਸ਼ੀ ਸੁਰੇਸ਼ ਕੁਮਾਰ ਕੌਸ਼ਲ ਨਾਂ ਦੇ ਇਕ ਵਕੀਲ ਨੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ।

ਜਯੋਤਿਸ਼ੀ ਵਲੋਂ ਪੇਸ਼ ਹੋਏ ਵਕੀਲ ਨੇ ਸੁਣਵਾਈ ਦੌਰਾਨ ਕਿਹਾ ਕਿ ਜਦੋਂ ਤੋਂ ਦਿੱਲੀ ਹਾਈ ਕੋਰਟ ਦਾ ਫ਼ੈਸਲਾ ਆਇਆ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਸਮਲਿੰਗੀ ਵਿਆਹ ਦੇ ਸੱਤ ਮਾਮਲੇ ਸਾਹਮਣੇ ਆ ਚੁੱਕੇ ਹਨ। ਜਯੋਤਿਸ਼ੀ ਦੇ ਵਕੀਲ ਨੇ ਸਖ਼ਤ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਿਆਹ ਭਾਰਤੀ ਰੀਤੀ ਰਿਵਾਜਾਂ ਦੇ ਵਿਰੁਧ ਹਨ। ਭਾਵੇਂ ਬੈਂਚ ਨੇ ਕੇਂਦਰ ਸਰਕਾਰ ਤੇ ਨਾਜ਼ ਫਾਊਂਡੇਸ਼ਨ ਨੂੰ ਨੋਟਿਸ ਜਾਰੀ ਕੀਤਾ ਹੈ, ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਵਿਆਹ ਦੀ ਪਰਿਭਾਸ਼ਾ ਨਹੀਂ ਬਦਲੀ।

ਸੰਖੇਪ ਸੁਣਵਾਈ ਦੌਰਾਨ ਜਦੋਂ ਵਕੀਲ ਨੂੰ ਸਹਿਮਤੀ ਨਾਲ ਬਣੇ ਸਮਲਿੰਗੀ ਸਬੰਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕੀਤੇ ਜਾਣ ਵਾਲੇ ਫ਼ੈਸਲੇ ਦੇ ਪ੍ਰਤੀਕੂਲ ਪ੍ਰਭਾਵਾਂ ਨੂੰ ਗਿਣਾਉਣਾ ਸ਼ੁਰੂ ਕੀਤਾ ਤਾਂ ਬੈਂਚ ਨੇ ਕਿਹਾ ਕਿ ਅਜਿਹੇ ਮਾਮਲਿਆਂ 'ਚ ਪੁਲਿਸ ਰਿਪੋਰਟ ਦਰਜ ਨਹੀਂ ਕਰਦੀ। ਅਦਾਲਤ ਨੇ ਕਿਹਾ ਕਿ ਭਾਵੇਂ ਇਹ ਕਾਨੂੰਨ 1860 ਤੋਂ ਲਾਗੂ ਹੈ, ਪਰ ਬੱਚਿਆਂ ਨਾਲ ਸਰੀਰਕ ਸਬੰਧਾਂ ਨੂੰ ਛੱਡ ਕੇ ਦੰਡ ਕਾਨੂੰਨ ਤਹਿਤ ਅਜਿਹੇ ਸਿਰਫ਼ ਕੁਝ ਹੀ ਮਾਮਲੇ ਦਰਜ ਹੋਏ ਹਨ। ਬੈਂਚ ਨੇ ਕਿਹਾ, "ਸਾਡੀ ਜਾਣਕਾਰੀ ਅਨੁਸਾਰ ਸਮਲਿੰਗੀ ਵਿਆਹਾਂ ਦੇ ਮਾਮਲਿਆਂ ਨੂੰ ਲੈ ਕੇ ਕਿਸੇ ਖ਼ਿਲਾਫ਼ ਵੀ ਮੁਕੱਦਮਾ ਨਹੀਂ ਚਲਾਇਆ ਗਿਆ।"

ਇਸ ਦੌਰਾਨ ਬੀਤੇ ਦਿਨੀਂ ਅੰਮ੍ਰਿਤਸਰ ਵਿਖੇ ਜਥੇਦਾਰ ਸਾਹਿਬਾਨ ਦੀ ਹੋਈ ਇਕ ਬੰਦ ਦਰਵਾਜ਼ਾ ਮੀਟਿੰਗ ਤੋਂ ਬਾਅਦ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੁਰਬਚਨ ਸਿੰਘ ਵਲੋਂ ਸਮਲਿੰਗੀ ਮੁੱਦੇ 'ਤੇ ਦਿੱਲੀ ਹਾਈ ਕੋਰਟ ਵਲੋਂ ਇਸ ਅਣਮਨੁੱਖੀ ਰਿਸ਼ਤੇ ਦੇ ਹੱਕ 'ਚ ਦਿੱਤੇ ਫੈਸਲੇ ਨੂੰ ਨਕਾਰਦਿਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਸਮਲਿੰਗੀ ਮੁੱਦੇ 'ਤੇ ਦਿੱਲੀ ਹਾਈਕੋਰਟ ਵਲੋਂ ਦਿੱਤੇ ਫੈਸਲੇ ਦੇ ਮੁੜ ਵਿਚਾਰ ਕਰਨ ਜਾਂ ਇਸ ਫੈਸਲੇ ਦੇ ਵਿਰੁਧ ਮਾਣਯੋਗ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕਰਨ ਲਈ ਕਾਨੂੰਨੀ ਮਾਹਿਰਾਂ ਕੋਲੋਂ ਰਾਇ ਲੈ ਕੇ ਕਾਨੂੰਨੀ ਪੱਧਰ 'ਤੇ ਚਾਰਾਜੋਈ ਸ਼ੁਰੂ ਕੀਤੀ ਜਾਵੇ। ਸਿੱਖ ਸੰਗਤਾਂ ਤੇ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਮਲਿੰਗੀ ਵਿਆਹ ਗੁਰਦੁਆਰੇ 'ਚ ਨਾ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸਮਲਿੰਗੀ ਰਿਸ਼ਤੇ ਨੂੰ ਸਿੱਖ ਸਮਾਜ ਮੁੱਢੋਂ ਨਕਾਰੇ, ਕਿਉਂਕਿ ਗੁਰਮਤਿ ਮਰਿਯਾਦਾ ਦੇ ਉਲਟ ਅਜਿਹੇ ਕਿਸੇ ਵੀ ਫੈਸਲੇ ਨੂੰ ਸਿੱਖ ਸਮਾਜ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ ਹੈ।

## ਮਨੁੱਖੀ ਸ਼ੁਕਰਾਣੂ ਪ੍ਰਯੋਗਸ਼ਾਲਾ ਵਿਚ ਤਿਆਰ ਕਰਨ ਦਾ ਦਾਅਵਾ

**ਨਵੀਂ ਦਿੱਲੀ :** ਵਿਗਿਆਨੀਆਂ ਨੇ ਪਹਿਲੀ ਵਾਰੀ ਪ੍ਰਯੋਗਸ਼ਾਲਾ ਵਿਚ ਮਨੁੱਖੀ ਸ਼ੁਕਰਾਣੂ ਤਿਆਰ ਕਰਨ ਦਾ ਦਾਅਵਾ ਕੀਤਾ ਹੈ। ਇਸ ਮਹੱਤਵਪੂਰਣ ਉਪਲਬਧੀ ਨਾਲ ਮਰਦਾਂ ਵਿਚ ਨਪੁੰਸਕਤਾ ਦਾ ਇਲਾਜ ਤਲਾਸ਼ਣ ਦਾ ਰਸਤਾ ਖੁੱਲ੍ਹਣ ਦੀ ਉਮੀਦ ਹੈ। 'ਨਿਊ ਸਾਇੰਟਿਸਟ' ਵਿਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ ਨਿਊ ਕੈਸਲ ਯੂਨੀਵਰਸਿਟੀ ਦੀ ਟੀਮ ਨੇ ਮਰਦਾਂ ਦੇ ਸ਼ੁਕਰਾਣੂਆਂ ਦੇ ਸਟੈਮ ਸੈੱਲ ਨੂੰ ਪਹਿਲਾਂ ਜਰਮਲਾਈਨ ਸਟੈਮ ਸੈੱਲਾਂ ਵਿਚ ਬਦਲਿਆ ਅਤੇ ਫਿਰ ਉਸ ਦੇ ਵੱਖ-ਵੱਖ ਪ੍ਰਕਿਰਿਆਵਾਂ ਨਾਲ ਸ਼ੁਕਰਾਣੂ ਤਿਆਰ ਕੀਤੇ। ਵਿਗਿਆਨਿਕਾਂ ਮੁਤਾਬਕ ਅਗਲੇ ਪ੍ਰੀਖਣਾਂ ਵਿਚ ਜੇਕਰ ਪ੍ਰਯੋਗਸ਼ਾਲਾ ਵਿਚ ਵਿਕਸਤ ਸ਼ੁਕਰਾਣੂਆਂ ਦੇ ਕੁਦਰਤੀ ਸ਼ੁਕਰਾਣੂਆਂ ਵਰਗੇ ਹੋਣ ਦੀ ਪੁਸ਼ਟੀ ਹੋਈ, ਤਾਂ ਇਸ ਨਾਲ ਨਪੁੰਸਕਤਾ ਦੀ ਖੋਜ ਵਿਚ ਮਦਦ ਹਾਸਲ ਹੋਵੇਗੀ। ਇਸ ਖੋਜ ਦੇ ਸਿੱਟੇ ਵਜੋਂ ਔਰਤਾਂ ਦੇ ਸੈੱਲਾਂ ਤੋਂ ਸ਼ੁਕਰਾਣੂ ਤਿਆਰ ਕਰਨ ਦੀ ਸੰਭਾਵਨਾ ਵੀ ਵਧੀ ਹੈ, ਜਿਸ ਨਾਲ ਸਮਲਿੰਗੀ ਜੋੜਿਆਂ ਲਈ ਬੱਚਾ ਪੈਦਾ ਕਰਨਾ ਸੰਭਵ ਹੋ ਸਕੇਗਾ। 2006 ਵਿਚ ਟੀਮ ਵਲੋਂ ਚੂਹੇ ਦੇ ਸ਼ੁਕਰਾਣੂ ਅਤੇ ਸਾਮਾਨ ਭਰੂਣ ਤੋਂ ਤਿਆਰ ਕੀਤੇ ਗਏ ਸੱਤ ਚੂਹਿਆਂ ਦੀ ਪੰਜ ਮਹੀਨਿਆਂ ਵਿਚ ਮੌਤ ਹੋ ਗਈ ਸੀ।

## ਜ਼ਹਿਰੀਲੀ ਸ਼ਰਾਬ ਦਾ ਕਹਿਰ, ਮ੍ਰਿਤਕਾਂ ਦੀ ਗਿਣਤੀ 140 ਦੇ ਨੇੜੇ

**ਅਹਿਮਦਾਬਾਦ :** ਕਈ ਦਿਨਾਂ ਤੋਂ ਗੁਜਰਾਤ 'ਚ ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ ਘਟਣ ਦਾ ਨਾਂ ਨਹੀਂ ਲੈ ਰਹੀ। ਮਿਲੀ ਜਾਣਕਾਰੀ ਅਨੁਸਾਰ ਹੁਣ ਤੱਕ ਸੂਬੇ ਅੰਦਰ ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ 140 ਦੇ ਨੇੜੇ ਪਹੁੰਚ ਗਈ ਹੈ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ 200 ਤੋਂ ਵਧ ਵਿਅਕਤੀ ਅਜੇ ਵੀ ਵੱਖ-ਵੱਖ ਹਸਪਤਾਲਾਂ ਵਿਚ ਜ਼ੇਰੇ ਇਲਾਜ ਹਨ। ਸੂਬੇ ਦੇ ਸਕੱਤਰ (ਕਾਨੂੰਨ ਵਿਵਸਥਾ) ਨੇ ਜਾਣਕਾਰੀ ਦਿੱਤੀ ਹੈ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹਸਪਤਾਲ ਵਿਚ ਹੀ 100 ਤੋਂ ਵਧ ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ ਇਨ੍ਹਾਂ ਵਿਚੋਂ 23 ਵਿਅਕਤੀਆਂ ਦੀਆਂ ਲਾਸ਼ਾਂ ਲੰਘੀ 11 ਜੁਲਾਈ ਨੂੰ ਬਰਾਮਦ ਕਰ ਲਈਆਂ ਗਈਆਂ ਹਨ। ਪੁਲਿਸ ਨੇ ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਸ਼ਰਾਬ ਦਾ ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਛਾਪਾਮਾਰੀ ਤੇਜ਼ ਕਰ ਦਿੱਤੀ ਹੈ ਅਤੇ ਪੁਲਿਸ ਨੇ ਇਸ ਮੁਹਿੰਮ ਤਹਿਤ 50 ਤੋਂ ਵਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਹਿੰਮ ਦੇ ਬਾਵਜੂਦ ਅਜੇ ਵੀ ਸੂਬੇ ਅੰਦਰ ਵੱਡੀ ਮਾਤਰਾ ਵਿਚ ਸ਼ਰਾਬ ਮੌਜੂਦ ਹੋਣ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Thandi Insurance Brokerage

LIC#OBO9151

**Truck Insurance Specialist:**
Auto liability, physical damage, motor truck cargo, general liability and worker's comp.


**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.

We proudly represent
GLOBAL HAWK INSURANCE CO.
RRG

ਅਸੀਂ ਤਕਰੀਬਨ ਡੇਢ ਦਹਾਕੇ ਤੋਂ ਤੁਹਾਡੀ ਸੇਵਾ ਕਰਦੇ ਆ ਰਹੇ ਹਾਂ



*For a Free insurance Quote Please Call :*
1-800-917-2639
3090 Independence drive Suite # 246 Livermore CA 94551

# ਸੌ ਵਿਚੋਂ ਨੜਿਨਵੇਂ ਬੇਈਮਾਨ, ਫਿਰ ਵੀ ਮੇਰਾ ਦੇਸ਼ ਮਹਾਨ

**ਪਿਛਲੀ ਲੋਕ ਸਭਾ ਦੌਰਾਨ ਇਕ ਵਾਰੀ ਇਕ ਟੀ.ਵੀ. ਚੈਨਲ ਨੇ ਸਟਿੰਗ ਆਪ੍ਰੇਸ਼ਨ ਕੀਤਾ ਸੀ। ਸਟਿੰਗ ਆਪ੍ਰੇਸ਼ਨ ਵਿਚ ਇਹ ਗੱਲ ਸਾਹਮਣੇ ਆਈ ਕਿ ਕਈ ਪਾਰਲੀਮੈਂਟ ਮੈਂਬਰ ਕੁਝ ਕਾਰੋਬਾਰੀ ਕੰਪਨੀਆਂ ਜਾਂ ਸੰਸਥਾਵਾਂ ਤੋਂ ਪੈਸੇ ਲੈ ਕੇ ਉਨ੍ਹਾਂ ਦੇ ਦੱਸੇ ਅਨੁਸਾਰ ਸਵਾਲ ਪੁੱਛਦੇ ਹਨ। ਪੈਸਿਆਂ ਦਾ ਸਾਰਾ ਲੈਣ-ਦੇਣ ਹੁੰਦਾ ਲੋਕਾਂ ਨੂੰ ਵਿਖਾਏ ਜਾਣ ਮਗਰੋਂ ਪਾਰਲੀਮੈਂਟ ਵਿਚ ਹੰਗਾਮੇ ਹੋਣ ਲੱਗ ਪਏ। ਜਿਹੜੀ ਭਾਜਪਾ ਪਾਰਲੀਮੈਂਟ ਅੰਦਰ ਬਹੁ-ਸੰਮਤੀ ਬਣਾਉਣ ਵਿਚ ਕਾਮਯਾਬ ਨਹੀਂ ਸੀ ਹੋਈ, ਉਹ ਇਸ ਮਾਮਲੇ ਵਿਚ ਨੰਬਰ ਲੈ ਗਈ। ਕੁੱਲ ਗਿਆਰਾਂ ਮੈਂਬਰ ਫਸੇ ਤੇ ਉਨ੍ਹਾਂ ਗਿਆਰਾਂ ਵਿਚੋਂ ਛੇ ਸਪੱਸ਼ਟ ਬਹੁ-ਗਿਣਤੀ ਪਾਰਲੀਮੈਂਟ ਮੈਂਬਰ ਭਾਜਪਾ ਦੇ ਸਨ। ਉਦੋਂ ਕਈਆਂ ਮੈਂਬਰਾਂ ਨੇ ਇਹ ਬਹਾਨਾ ਬਣਾਇਆ ਸੀ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ, ਉਨ੍ਹਾਂ ਦੇ ਪੀ.ਏ. ਨੇ ਹੀ ਸਾਰੀ ਖੇਡ ਖੇਡੀ ਹੈ, ਪਰ ਇਸ ਬਹਾਨੇ ਨਾਲ ਵੀ ਛੁਟਕਾਰਾ ਨਹੀਂ ਸੀ ਹੋ ਸਕਿਆ। ਇਸ ਵਾਰੀ ਅਡਵਾਨੀ ਜੀ ਅਗਾਊਂ ਖਬਰਦਾਰ ਕਰ ਰਹੇ ਹਨ, ਪਰ ਵਾਦੜੀਆਂ-ਸਜਾਦੜੀਆਂ ਛੁੱਟਣ ਵਾਲੀਆਂ ਨਹੀਂ ਹੁੰਦੀਆਂ। ਪਾਰਲੀਮੈਂਟ ਵਿਚ ਤਾਂ ਪੈਸੇ ਲੈ ਕੇ ਹੋਰਨਾਂ ਬਾਰੇ ਸਵਾਲ ਪੁੱਛਣ ਦਾ ਕੰਮ ਭਾਜਪਾ, ਕਾਂਗਰਸ ਤੇ ਕਈ ਹੋਰ ਦਲਾਂ ਦੇ ਮੈਂਬਰਾਂ ਨੇ ਕੀਤਾ ਹੀ, ਸਾਡੇ ਪੰਜਾਬ ਵਿਚ ਪਿਛਲੇ ਹਫਤੇ ਇਕ ਅਕਾਲੀ ਵਿਧਾਇਕ ਨੇ ਆਪਣੀ ਸਾਂਝ ਵਾਲੇ ਸ਼ਰਾਬ ਦੇ ਠੇਕੇ ਨੂੰ ਸ਼ਰਾਬ ਦੀ ਪੂਰੀ ਸਪਲਾਈ ਨਾ ਹੋਣ ਦਾ ਸਵਾਲ ਹੀ ਚੁੱਕ ਦਿੱਤਾ। ਵਿਰੋਧੀ ਧਿਰ ਦਾ ਮੈਂਬਰ ਹੁੰਦਾ ਤਾਂ ਹਾਕਮ ਅਕਾਲੀ-ਭਾਜਪਾ ਗਠਜੋੜ ਵਾਲਿਆਂ ਨੇ ਖੂੰਜੇ ਲਾ ਦੇਣਾ ਸੀ, 'ਆਪਣਾ' ਬੰਦਾ ਹੋਣ ਕਰਕੇ ਇਹ ਤਸੱਲੀ ਦੇ ਦਿੱਤੀ ਗਈ, "ਲੋੜ ਤੋਂ ਥੋੜ੍ਹੀ ਵਧ ਵੀ ਭੇਜ ਦਿਆਂਗੇ।"**

**-ਜਤਿੰਦਰ ਪਨੂੰ**

ਜਿਹੜੇ ਵੱਡੇ ਮੁੱਦੇ ਇਸ ਵੇਲੇ ਸਿਰ ਚੁੱਕੀ ਖੜੇ ਹਨ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਗੁਜਰਾਤ ਅੰਦਰ ਸਵਾ ਸੌ ਤੋਂ ਵਧ ਲੋਕ ਸ਼ਰਾਬ ਪੀਣ ਕਰ ਕੇ ਮਰ ਗਏ ਹਨ। ਗੁਜਰਾਤ ਉਹ ਰਾਜ ਹੈ, ਜਿਥੇ ਕਈ ਚਿਰਾਂ ਤੋਂ ਸ਼ਰਾਬ ਉਤੇ ਪਾਬੰਦੀ ਹੈ। ਪਾਬੰਦੀ ਦੇ ਬਾਵਜੂਦ ਪੀਣ ਵਾਲਿਆਂ ਲਈ ਲੋੜ ਜੋਗਾ ਪ੍ਰਬੰਧ ਕਿਸੇ ਵੀ ਥਾਂ ਕਿਸੇ ਵੀ ਸਮੇਂ ਹੋ ਜਾਂਦਾ ਹੈ। ਪੈਸੇ ਨਾਲ ਈਮਾਨ ਵੀ ਵਿਕਦਾ ਹੈ, ਕਾਨੂੰਨ ਵੀ ਤੇ ਕਾਨੂੰਨ ਦੇ ਪਹਿਰੇਦਾਰ ਵੀ। ਕਾਂਗਰਸੀ ਰਾਜ ਦੌਰਾਨ ਉਥੇ ਸ਼ਰਾਬ ਦਾ ਨਾਜਾਇਜ਼ ਧੰਦਾ ਕਰਨ ਵਾਲੇ ਕਾਂਗਰਸੀ ਹੁੰਦੇ ਸਨ, ਜਦੋਂ ਦਾ ਭਾਰਤੀ ਜਨਤਾ ਪਾਰਟੀ ਦਾ ਰਾਜ ਆਇਆ ਹੈ, ਉਦੋਂ ਦੇ ਭਾਜਪਾ ਵਾਲੇ ਕਰੀ ਜਾਂਦੇ ਹਨ।

ਵਿਦੇਸ਼ ਤੋਂ ਜਾਂ ਦੂਜੇ ਰਾਜਾਂ ਤੋਂ ਆਏ ਬੰਦੇ ਨੂੰ ਪੀਣ ਦਾ ਪਰਮਿਟ ਹਵਾਈ ਅੱਡੇ ਤੋਂ ਵੀ ਮਿਲ ਸਕਦਾ ਹੈ, ਹੋਟਲ ਦੇ ਮੈਨੇਜਰ ਤੋਂ ਵੀ ਤੇ ਉਸ ਪਰਮਿਟ ਦੇ ਬਹਾਨੇ ਸ਼ਰਾਬ ਦੀ ਸਪਲਾਈ ਮਹਿਲਾਂ ਤੋਂ ਲੈ ਕੇ ਝੁੱਗੀਆਂ ਤੱਕ ਸਭ ਥਾਂ ਹੁੰਦੀ ਰਹਿੰਦੀ ਹੈ। ਸੱਚਾ-ਸੁੱਚਾ ਅਖਵਾਉਣ ਦੇ ਸ਼ੌਕੀਨ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਖਾਸ ਬੰਦਿਆਂ ਦੇ ਨਾਂਅ ਇਸ ਧੰਦੇ ਨਾਲ ਜੁੜਦੇ ਦੱਸੇ ਜਾ ਰਹੇ ਹਨ।

ਜਿਥੇ ਕਿਤੇ ਵੀ ਇਹ ਪਾਬੰਦੀ ਲਾਈ ਗਈ, ਕਦੇ ਕਾਮਯਾਬ ਨਹੀਂ ਰਹੀ। ਪੀਣ ਵਾਲਿਆਂ ਦਾ ਪ੍ਰਬੰਧ ਪਾਬੰਦੀ ਲਵਾਉਣ ਵਾਲੇ ਹੀ ਕਰ ਦਿੰਦੇ ਹਨ। ਹਰਿਦੁਆਰ ਵਿਚ ਪਾਬੰਦੀ ਹੈ, ਪਰ ਪੀਣ ਵਾਲਾ ਮਾਲ ਧਾਰਮਿਕ ਡੇਰਿਆਂ ਅੰਦਰੋਂ ਮਿਲ ਜਾਂਦਾ ਹੈ। ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਅੰਦਰੋਂ ਵੀ ਕਦੇ-ਕਦੇ ਇਹੋ ਜਿਹੀਆਂ ਘਟਨਾਵਾਂ ਦੀ ਖ਼ਬਰ ਪਹਿਲਾਂ ਆ ਜਾਂਦੀ ਹੈ, ਫਿਰ ਜਾਂਚ ਦੇ ਬਹਾਨੇ ਦਬਾ ਦਿੱਤੀ ਜਾਂਦੀ ਹੈ। ਹਾਲੇ ਹੋਰ ਕਈ ਥਾਂ 'ਤੇ ਇਹੋ ਜਿਹੀ ਪਾਬੰਦੀ ਦੀ ਮੰਗ ਕੀਤੀ ਜਾ ਰਹੀ ਹੈ, ਉਹ ਪਾਬੰਦੀ ਵੀ 'ਇਹੋ ਜਿਹੀ' ਹੀ ਹੋਵੇਗੀ।

ਦੂਜਾ ਮੁੱਦਾ ਹੈ ਮੀਂਹ ਦਾ। ਰਾਜਸਥਾਨ ਦੇ ਕੁਝ ਇਲਾਕਿਆਂ ਦੇ ਲੋਕਾਂ ਨੇ ਮੀਂਹ ਪਵਾਉਣ ਲਈ ਹਵਨ-ਪੂਜਾ ਕੀਤੀ। ਪੰਜਾਬ ਵਿਚ ਲੰਗਰ ਲਾਏ ਗਏ। ਆਂਧਰਾ ਪ੍ਰਦੇਸ਼ ਦੇ ਇਕ ਪਿੰਡ ਵਿਚ ਔਰਤਾਂ ਨੇ ਇੰਦਰ ਦੇਵਤੇ ਨੂੰ ਖ਼ੁਸ਼ ਕਰਨ ਲਈ ਹਲ ਵਾਹਿਆ ਅਤੇ ਬਲਦਾਂ ਦੇ ਹਿੱਸੇ ਦੀ ਪੰਜਾਲੀ ਖੁਦ ਚੁੱਕੀ। ਗੌਤਮ ਰਿਸ਼ੀ ਦੀ ਪਤਨੀ ਨਾਲ ਛਲ ਕਰਨ ਵਾਲੇ ਇੰਦਰ ਦੀ ਹੋਰ ਜ਼ਿਆਦਾ ਖੁਸ਼ੀ ਹਾਸਲ ਕਰਨ ਲਈ ਇਕ ਕਬਾਈਲੀ ਪਿੰਡ ਵਿਚ ਔਰਤਾਂ ਨੇ ਨੰਗੇ ਹੋ ਕੇ ਪਹਾੜੀ ਦੇ ਪਿੱਛੇ ਜਾ ਕੇ ਹਲ ਵਾਹਿਆ। ਫੇਰ ਮੀਂਹ ਪੈ ਗਿਆ, ਪਰ ਨਾਲ ਦੇ ਪਿੰਡਾਂ ਵਿਚ ਪਿਆ, ਉਸ ਪਿੰਡ ਵਿਚ ਨਹੀਂ ਸੀ ਪਿਆ। ਖ਼ਬਰ ਪੇਸ਼ ਕਰਨ ਵਾਲੇ ਟੀ.ਵੀ. ਪੱਤਰਕਾਰ ਨੇ ਵਿਅੰਗ ਕੀਤਾ ਕਿ "ਇੰਦਰ ਦੇਵਤੇ ਨੇ ਜਾਣ-ਬੁੱਝ ਕੇ ਮੀਂਹ ਨਹੀਂ ਪਾਇਆ ਜਾਪਦਾ। ਉਸ ਨੇ ਸੋਚਿਆ ਹੋਵੇਗਾ ਕਿ ਜੇ ਮੀਂਹ ਪਾ ਦਿੱਤਾ ਤਾਂ ਇਹ 'ਏਦਾਂ ਦਾ' ਹਲ ਵਾਹੁਣ ਤੋਂ ਹਟ ਜਾਣਗੀਆਂ। ਕੁਝ ਦਿਨ ਹੋਰ ਇਹ ਲੀਲ੍ਹਾ ਚੱਲਣ ਦੇਵਾਂ, ਫਿਰ ਮੀਂਹ ਪਵਾ ਦੇਵਾਂਗਾ।" ਇਹ ਇੱਕੀਵੀਂ ਸਦੀ ਦਾ ਭਾਰਤ ਹੈ!

ਤੀਜੀ ਖ਼ਬਰ ਰਾਜਸੀ ਹੈ। ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੇ ਪਾਰਲੀਮੈਂਟ ਮੈਂਬਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਨਿੱਜੀ ਸਹਾਇਕ ਨਿਯੁਕਤ ਕਰਨ ਤੇ ਪਾਰਲੀਮੈਂਟ ਅੰਦਰ ਸਵਾਲ ਪੁੱਛਣ ਦੇ ਦੋਵਾਂ ਕੰਮਾਂ ਵਿਚ ਵਿਸ਼ੇਸ਼ ਸਾਵਧਾਨੀ ਵਰਤਣ। ਇੰਝ ਹਦਾਇਤ ਕਰਨ ਦਾ ਇਕ ਖਾਸ ਕਾਰਨ ਹੈ।


ਪਿਛਲੀ ਲੋਕ ਸਭਾ ਦੌਰਾਨ ਇਕ ਵਾਰੀ ਇਕ ਟੀ.ਵੀ. ਚੈਨਲ ਨੇ ਸਟਿੰਗ ਆਪ੍ਰੇਸ਼ਨ ਕੀਤਾ ਸੀ। ਸਟਿੰਗ ਆਪ੍ਰੇਸ਼ਨ ਵਿਚ ਇਹ ਗੱਲ ਸਾਹਮਣੇ ਆਈ ਕਿ ਕਈ ਪਾਰਲੀਮੈਂਟ ਮੈਂਬਰ ਕੁਝ ਕਾਰੋਬਾਰੀ ਕੰਪਨੀਆਂ ਜਾਂ ਸੰਸਥਾਵਾਂ ਤੋਂ ਪੈਸੇ ਲੈ ਕੇ ਉਨ੍ਹਾਂ ਦੇ ਦੱਸੇ ਅਨੁਸਾਰ ਸਵਾਲ ਪੁੱਛਦੇ ਹਨ। ਪੈਸਿਆਂ ਦਾ ਸਾਰਾ ਲੈਣ-ਦੇਣ ਹੁੰਦਾ ਲੋਕਾਂ ਨੂੰ ਵਿਖਾਏ ਜਾਣ ਮਗਰੋਂ ਪਾਰਲੀਮੈਂਟ ਵਿਚ ਹੰਗਾਮੇ ਹੋਣ ਲੱਗ ਪਏ। ਜਿਹੜੀ ਭਾਜਪਾ ਪਾਰਲੀਮੈਂਟ ਅੰਦਰ ਬਹੁ-ਸੰਮਤੀ ਬਣਾਉਣ ਵਿਚ ਕਾਮਯਾਬ ਨਹੀਂ ਸੀ ਹੋਈ, ਉਹ ਇਸ ਮਾਮਲੇ ਵਿਚ ਨੰਬਰ ਲੈ ਗਈ। ਕੁੱਲ ਗਿਆਰਾਂ ਮੈਂਬਰ ਫਸੇ ਤੇ ਉਨ੍ਹਾਂ ਗਿਆਰਾਂ ਵਿਚੋਂ ਛੇ ਸਪੱਸ਼ਟ ਬਹੁ-ਗਿਣਤੀ ਪਾਰਲੀਮੈਂਟ ਮੈਂਬਰ ਭਾਜਪਾ ਦੇ ਸਨ। ਉਦੋਂ ਕਈਆਂ ਮੈਂਬਰਾਂ ਨੇ ਇਹ ਬਹਾਨਾ ਬਣਾਇਆ ਸੀ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ, ਉਨ੍ਹਾਂ ਦੇ ਪੀ.ਏ.ਪੀ. ਨੇ ਹੀ ਸਾਰੀ ਖੇਡ ਖੇਡੀ ਹੈ, ਪਰ ਇਸ ਬਹਾਨੇ ਨਾਲ ਵੀ ਛੁਟਕਾਰਾ ਨਹੀਂ ਸੀ ਹੋ ਸਕਿਆ। ਇਸ ਵਾਰੀ ਅਡਵਾਨੀ ਜੀ ਅਗਾਊਂ ਖ਼ਬਰਦਾਰ ਕਰ ਰਹੇ ਹਨ, ਪਰ ਵਾਦੜੀਆਂ-ਸਜਾਦੜੀਆਂ ਛੁੱਟਣ ਵਾਲੀਆਂ ਨਹੀਂ ਹੁੰਦੀਆਂ।

ਪਾਰਲੀਮੈਂਟ ਵਿਚ ਤਾਂ ਪੈਸੇ ਲੈ ਕੇ ਹੋਰਨਾਂ ਬਾਰੇ ਸਵਾਲ ਪੁੱਛਣ ਦਾ ਕੰਮ ਭਾਜਪਾ, ਕਾਂਗਰਸ ਤੇ ਕਈ ਹੋਰ ਦਲਾਂ ਦੇ ਮੈਂਬਰਾਂ ਨੇ ਕੀਤਾ ਹੀ, ਸਾਡੇ ਪੰਜਾਬ ਵਿਚ ਪਿਛਲੇ ਹਫਤੇ ਇਕ ਅਕਾਲੀ ਵਿਧਾਇਕ ਨੇ ਆਪਣੀ ਸਾਂਝ ਵਾਲੇ ਸ਼ਰਾਬ ਦੇ ਠੇਕੇ ਨੂੰ ਸ਼ਰਾਬ ਦੀ ਪੂਰੀ ਸਪਲਾਈ ਨਾ ਹੋਣ ਦਾ ਸਵਾਲ ਹੀ ਚੁੱਕ ਦਿੱਤਾ। ਵਿਰੋਧੀ ਧਿਰ ਦਾ ਮੈਂਬਰ ਹੁੰਦਾ ਤਾਂ ਹਾਕਮ ਅਕਾਲੀ-ਭਾਜਪਾ ਗਠਜੋੜ ਵਾਲਿਆਂ ਨੇ ਖੂੰਜੇ ਲਾ ਦੇਣਾ ਸੀ, 'ਆਪਣਾ' ਬੰਦਾ ਹੋਣ ਕਰਕੇ ਇਹ ਤਸੱਲੀ ਦੇ ਦਿੱਤੀ ਗਈ, "ਲੋੜ ਤੋਂ ਥੋੜ੍ਹੀ ਵਧ ਵੀ ਭੇਜ ਦਿਆਂਗੇ।"

ਜਿਹੜੇ ਅਕਾਲੀ ਵਿਧਾਇਕ ਨੇ ਇਹ ਸਵਾਲ ਕੀਤਾ ਸੀ, ਉਸੇ ਦਾ ਬਾਪ ਭਾਜਪਾ ਵਲੋਂ ਮੰਤਰੀ ਹੈ ਤੇ ਉਹ ਵਿਧਾਨ ਸਭਾ ਅੰਦਰ ਭਾਜਪਾ ਦੇ ਇਕ ਵਿਧਾਇਕ ਨਾਲ ਹੀ ਸਿੰਙ ਫਸਾ ਬੈਠਾ। ਮਾਮਲਾ ਸੀ ਟੈਕਨੀਕਲ ਕੋਰਸਾਂ 'ਚ ਦਾਖਲੇ ਦਾ। ਭਾਜਪਾ ਦੇ ਇਕ ਵਿਧਾਇਕ ਨੇ ਦੋਸ਼ ਲਾਇਆ ਕਿ ਕਾਲਜਾਂ ਵਾਲੇ ਮੋਟੀਆਂ ਰਕਮਾਂ ਵਸੂਲਦੇ ਹਨ। ਮੰਤਰੀ ਨੇ ਆਪਣੀ ਹੀ ਪਾਰਟੀ ਦੇ ਵਿਧਾਇਕ ਦੀ ਇਸ ਗੱਲ ਨੂੰ ਗਲਤ ਕਹਿ ਦਿੱਤਾ। ਵਿਧਾਨ ਸਭਾ ਦੇ ਸਪੀਕਰ ਨੇ ਮੰਤਰੀ ਦੀ ਝਾੜ-ਝੰਬ ਕਰ ਦਿੱਤੀ ਕਿ ਸਵਾਲ ਦੇ ਹਿਸਾਬ ਨਾਲ ਜਵਾਬ ਦੇਣ ਦੀ ਥਾਂ ਉਹ ਕਾਲਜਾਂ ਦਾ ਪੱਖ ਪੂਰਨ ਤੁਰ ਪਿਆ ਹੈ। ਫੇਰ ਮੁੱਖ ਮੰਤਰੀ ਨੂੰ ਦਖ਼ਲ ਦੇਣਾ ਪੈ ਗਿਆ।

ਇਹ ਮਾਮਲਾ ਤਾਂ ਭਾਜਪਾ ਦੇ ਮੰਤਰੀ ਤੇ ਭਾਜਪਾ ਦੇ ਵਿਧਾਇਕ ਦੇ ਟਕਰਾਅ ਦਾ ਸੀ, ਇਕ ਮੁੱਦਾ ਹੋਰ ਵੀ ਦਿਲਚਸਪੀ ਵਾਲਾ ਬਣ ਗਿਆ। ਕਾਂਗਰਸ ਦਾ ਇਕ ਵਿਧਾਇਕ ਸਦਨ ਵਿਚ ਬੋਲ ਰਿਹਾ ਸੀ, ਭਾਜਪਾ ਦਾ ਇਕ ਮੰਤਰੀ ਉਸ ਦੀ ਟੋਕਾ-ਟਾਕੀ ਕਰਨ ਤੋਂ ਨਹੀਂ ਸੀ ਹਟ ਰਿਹਾ। ਖਿਝੇ ਹੋਏ ਕਾਂਗਰਸੀ ਵਿਧਾਇਕ ਨੇ ਕਹਿ ਦਿੱਤਾ, "ਹੁਣ ਤੁਸੀਂ ਚੁੱਪ ਕਰਨਾ ਹੈ ਕਿ ਸਰਬਜੀਤ ਮੱਕੜ ਨੂੰ ਬੁਲਾਉਣਾ ਪਊਗਾ?" ਸਰਬਜੀਤ ਸਿੰਘ ਮੱਕੜ ਅਕਾਲੀ ਦਲ ਦਾ ਉਹ ਵਿਧਾਇਕ ਹੈ, ਜਿਸ ਨੇ ਪਿਛਲੇ ਮਹੀਨੇ ਇਕ ਭਾਜਪਾ ਮੰਤਰੀ ਨੂੰ ਉਸ ਦੇ ਘਰ ਜਾ ਕੇ ਗਾਲ੍ਹਾਂ ਕੱਢੀਆਂ ਸਨ। ਗਾਲ੍ਹਾਂ ਭਾਵੇਂ ਕਿਸੇ ਹੋਰ ਭਾਜਪਾ ਮੰਤਰੀ ਨੂੰ ਕੱਢੀਆਂ ਗਈਆਂ ਸਨ, ਪਰ ਕਾਂਗਰਸੀ ਵਿਧਾਇਕ ਵਲੋਂ ਇਹ ਗੱਲ ਵੀ ਇਕ ਭਾਜਪਾ ਮੰਤਰੀ ਨੂੰ ਹੀ ਆਖੀ ਜਾਣ ਕਰ ਕੇ ਇਕ ਇਹੋ ਜਿਹਾ ਮਿਹਣਾ ਬਣ ਗਈ, ਜਿਹੜਾ ਜਦੋਂ ਵੀ ਸੁਣਨ ਨੂੰ ਮਿਲਿਆ ਕਰੂਗਾ, ਅਕਾਲੀ ਹੱਸਿਆ ਕਰਨਗੇ ਤੇ ਭਾਜਪਾ ਵਾਲੇ ਨੀਵੀਂ ਪਾ ਕੇ ਬਹਿ ਜਾਇਆ ਕਰਨਗੇ। ਅਗਲੇ ਤਿੰਨ ਸਾਲ ਪਤਾ ਨਹੀਂ ਕਿੰਨੀ ਕੁ ਵਾਰ ਇਹ ਗੱਲ ਪੰਜਾਬ ਦੇ ਲੋਕਾਂ ਨੂੰ ਸੁਣਨ ਨੂੰ ਮਿਲੇਗੀ।

ਜਿਸ ਵਿਧਾਨ ਸਭਾ ਅੰਦਰ ਇਹ ਕੁਝ ਹੋਇਆ, ਉਸੇ ਵਿਚ ਇਕ ਗੱਲ ਹੋਰ ਹੋ ਗਈ। ਮੀਂਹ ਪੈਂਦਾ ਹੋਣ ਕਰਕੇ ਵਿਧਾਨ ਸਭਾ ਦੇ ਹਾਲ ਦੀ ਛੱਤ ਚੋਣ ਲੱਗ ਪਈ। ਇਕ ਆਜ਼ਾਦ ਵਿਧਾਇਕ ਦੇ ਉੱਤੇ ਛੱਤ ਤੋਂ ਟਪਕਦਾ ਪਾਣੀ ਪੈ ਗਿਆ। ਉਹ ਉੱਠ ਕੇ ਸਪੀਕਰ ਸਾਹਿਬ ਨੂੰ ਦੱਸਣਾ ਚਾਹੁੰਦਾ ਸੀ, ਪਰ ਸਪੀਕਰ ਸਾਹਿਬ ਨੇ ਇਹ ਸਮਝ ਲਿਆ ਕਿ ਉਹ ਕੋਈ ਸਵਾਲ ਪੁੱਛਣਾ ਚਾਹੁੰਦਾ ਹੈ, ਇਸ ਲਈ ਕਹਿ ਦਿੱਤਾ ਕਿ ਮੰਤਰੀ ਜੀ ਬੋਲ ਰਹੇ ਹਨ, ਇਸ ਵੇਲੇ ਕੋਈ ਸਵਾਲ ਨਹੀਂ ਪੁੱਛਿਆ ਜਾ ਸਕਦਾ। ਮੈਂਬਰ ਨੇ ਫਿਰ ਕਿਹਾ ਕਿ ਸਵਾਲ ਨਹੀਂ, ਇਕ ਜ਼ਰੂਰੀ ਗੱਲ ਕਹਿਣੀ ਹੈ। ਸਪੀਕਰ ਨੇ ਕਿਹਾ, "ਬਾਅਦ ਵਿਚ ਕਰਿਓ।" ਉਸ ਨੇ ਫਿਰ ਕਹਿ ਦਿੱਤਾ, "ਜਨਾਬ ਛੱਤ ਚੋ ਰਹੀ ਹੈ, ਮੇਰੇ ਉਤੇ ਪਾਣੀ ਪੈ ਰਿਹਾ ਹੈ।" ਇਸ ਦੇ ਬਾਅਦ ਵੀ ਸਪੀਕਰ ਸਾਹਿਬ ਨੇ ਇਹੋ ਕਿਹਾ, "ਕਿਸੇ ਦੂਜੀ ਸੀਟ 'ਤੇ ਬੈਠ ਜਾਓ, ਬਾਅਦ ਵਿਚ ਗੱਲ ਕਰਿਓ।" ਹੋ ਸਕਦਾ ਹੈ ਕਿ ਵਿਧਾਨ ਸਭਾ ਦੇ ਨੇਮ-ਕਾਨੂੰਨ ਇੰਜ ਹੀ ਹੋਣ, ਪਰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੁਝ ਗੱਲਾਂ ਫੌਰੀ ਕਰਨ ਵਾਲੀਆਂ ਵੀ ਹੁੰਦੀਆਂ ਹਨ। ਕੁਝ ਸਾਲ ਪਹਿਲਾ ਇਸੇ ਵਿਧਾਨ ਸਭਾ ਦੇ ਚਲਦੇ ਇਜਲਾਸ ਦੌਰਾਨ ਛੱਤ ਤੋਂ ਉੱਖੜ ਕੇ ਇਕ ਪਲਾਸਟਿਕ ਜਿਹੀ ਚੀਜ਼ ਦੀ ਪਲੇਟ ਵੀ ਡਿੱਗ ਪਈ ਸੀ। ਜੇ ਛੱਤ ਤੋਂ ਇੰਜ ਹੀ ਕੁਝ ਨਾ ਕੁਝ ਡਿੱਗਦਾ-ਚੋਂਦਾ ਰਿਹਾ, ਫਿਰ ਨੇਮ-ਕਾਨੂੰਨ ਛੱਡ ਕੇ ਵੀ ਗੱਲ ਸੁਣਨੀ ਪੈ ਸਕਦੀ ਹੈ। ਉਂਜ ਹੈਰਾਨੀ ਦੀ ਗੱਲ ਹੈ ਕਿ ਜੇ ਪੰਜਾਬੀਆਂ ਦੇ ਪ੍ਰਤੀਨਿਧ ਭਵਨ ਦੀ ਛੱਤ ਵੀ ਚੋਂਦੀ ਹੈ ਤਾਂ ਪੰਜਾਬ ਦੀ ਹਾਲਤ ਕੀ ਹੋਵੇਗੀ? ਹਾਲੇ ਤਾਂ ਮੀਂਹ ਵੀ ਪੂਰੇ ਪਏ ਨਹੀਂ, ਮੀਂਹਾਂ ਦਾ ਅਗੇਤਾ ਠਾਕਾ ਜਾਂ ਛਡਾਕਾ ਹੀ ਆਇਆ ਹੈ, ਜਦੋਂ ਮੌਨਸੂਨ ਨੇ ਜਲਵਾ ਦਿਖਾ ਦਿੱਤਾ, ਫੇਰ ਕੀ ਬਣੇਗਾ?



**ਪੰਜਾਬ ਵਿਧਾਨ ਸਭਾ ਦਾ ਇਕ ਬਾਹਰੀ ਦ੍ਰਿਸ਼।**

ਏਧਰ ਪੰਜਾਬ ਵਿਚੋਂ ਦੋ ਕੁ ਖ਼ਬਰਾਂ ਹੋਰ ਆਈਆਂ ਹਨ, ਜਿਹੜੀਆਂ ਆਪਣੇ ਆਪ ਵਿਚ ਮੁੱਦਾ ਹਨ, ਬਹੁਤ ਵੱਡਾ ਮੁੱਦਾ। ਇਹਨਾਂ ਵਿਚੋਂ ਇਕ ਖ਼ਬਰ ਵਿਦੇਸ਼ ਜਾਣ ਵਾਲੇ ਨੌਜਵਾਨਾਂ-ਵਿਦਿਆਰਥੀਆਂ ਲਈ ਕਰਵਾਏ ਜਾਂਦੇ ਅੰਗਰੇਜ਼ੀ ਦੇ ਟੈਸਟ 'ਆਈਲੈਟਸ' ਬਾਰੇ ਹੈ। ਇਕੋ ਦਿਨ ਦੋ ਥਾਂਈਂ, ਜਲੰਧਰ ਤੇ ਲੁਧਿਆਣੇ ਵਿਚ, ਛਾਪਾ ਪਿਆ ਤੇ ਕੁੱਲ ਮਿਲਾ ਕੇ ਪੰਜ ਕੁ ਮੁੰਡੇ ਤੇ ਚਾਰ ਕੁ ਕੁੜੀਆਂ ਕਿਸੇ ਹੋਰ ਉਮੀਦਵਾਰ ਦੀ ਥਾਂ ਟੈਸਟ ਦਿੰਦੇ ਫੜੇ ਗਏ।

ਆਈਲੈਟਸ ਦਾ ਟੈਸਟ ਸਾਰੀ ਦੁਨੀਆ ਵਿਚ ਵਕਾਰ-ਸਤਿਕਾਰ ਦਾ ਪੈਮਾਨਾ ਮੰਨਿਆ ਜਾਂਦਾ ਹੈ। ਭਾਰਤ ਵਿਚ ਹੁੰਦੇ ਇਹਨਾਂ ਟੈਸਟਾਂ ਬਾਰੇ ਅੱਗੇ ਵੀ ਸ਼ੱਕ ਦੀ ਸੂਈ ਘੁੰਮਦੀ ਹੁੰਦੀ ਸੀ, ਹੁਣ ਹੋਰ ਘੁੰਮੇਗੀ। ਫੜੇ ਜਾਣ ਵਾਲੇ ਤਾਂ ਮੁੱਕਰ ਨਹੀਂ ਸਕਦੇ, ਕਿਉਂਕਿ ਉਹ ਸੰਨ੍ਹ ਉੱਤੇ ਫੜੇ ਚੋਰ ਵਾਂਗ ਹਨ, ਪਰ ਜਿਨ੍ਹਾਂ ਦੀ ਥਾਂ ਉਹ ਟੈਸਟ ਦੇ ਰਹੇ ਸਨ, ਉਨ੍ਹਾਂ ਦੀ ਦਲੀਲ ਜ਼ੋਰਦਾਰ ਹੈ। ਉਹ ਕਹਿੰਦੇ ਹਨ ਕਿ ਕੋਰਸ ਕਰਵਾਉਣ ਵਾਲੀ ਏਜੰਸੀ ਨੇ ਸਿੱਧਾ ਸੌਦਾ ਮਾਰ ਕੇ ਪੈਸੇ ਤੇ ਪਾਸਪੋਰਟ ਲੈ ਲਏ ਸਨ, ਕਿਸ ਨੂੰ ਬਿਠਾ ਕੇ ਟੈਸਟ ਦਿਵਾਉਣਾ ਤੇ ਕੀ ਕਰਨਾ ਹੈ, ਉਹ ਕਾਨੂੰਨੀ ਢੰਗ ਹੈ ਜਾਂ ਗੈਰ-ਕਾਨੂੰਨੀ, ਸਾਨੂੰ ਦੱਸਿਆ ਹੀ ਨਹੀਂ ਸੀ ਗਿਆ। ਹੋ ਸਕਦਾ ਹੈ ਕਿ ਉਹ ਠੀਕ ਕਹਿੰਦੇ ਹੋਣ, ਪਰ ਸਵਾਲ ਦੋ-ਚਾਰ ਜਣਿਆਂ ਦੀ ਫੜੋ-ਫੜੀ ਦਾ ਨਹੀਂ, ਸਕੈਂਡਲਬਾਜ਼ੀ ਦੀ ਜੜ੍ਹ ਫੜਨ ਦਾ ਹੈ। ਜਦੋਂ ਟੈਸਟ ਲਈ ਦਿੱਤੀ ਹੋਈ ਅਰਜ਼ੀ ਉੱਤੇ ਵੀ ਫੋਟੋ ਲੱਗੀ ਹੁੰਦੀ ਹੈ, ਆਏ ਹੋਏ ਰੋਲ ਨੰਬਰ ਉੱਤੇ ਵੀ, ਉਮੀਦਵਾਰ ਦੇ ਪਾਸਪੋਰਟ ਉੱਤੇ ਵੀ ਤੇ ਟੈਸਟ ਲੈਣ ਵਾਲਿਆਂ ਦੇ ਕੰਪਿਊਟਰ ਵਿਚ ਵੀ ਹੁੰਦੀ ਹੈ, ਫਿਰ ਉਨ੍ਹਾਂ ਦੇ ਪਾਸਪੋਰਟ ਉੱਤੇ ਦੂਜੀ ਫੋਟੋ ਚਿਪਕਾ ਕੇ ਕੋਈ ਨਕਲੀ ਬੰਦਾ ਟੈਸਟ ਦੇਣ ਪੁੱਜ ਕਿਵੇਂ ਗਿਆ? ਸਾਫ਼ ਹੈ ਕਿ ਲੈਣ-ਦੇਣ ਵੱਡੇ ਪੱਧਰ ਉੱਤੇ ਵੀ ਹੁੰਦਾ ਹੈ, ਉੱਚੇ ਪੱਧਰ ਉੱਤੇ ਵੀ। ਜਿਸ ਦਿਨ ਇਹ ਖ਼ਬਰ ਪੜ੍ਹਨ ਨੂੰ ਮਿਲੀ, ਉਸ ਤੋਂ ਅਗਲੇ ਦਿਨ ਇਕ ਹੋਰ ਖ਼ਬਰ ਛਪੀ ਹੋਈ ਸੀ। ਪਟਿਆਲੇ ਵਿਚ ਪੰਜਾਬ ਦੇ ਇੰਜੀਨੀਅਰਿੰਗ ਤੇ ਟੈਕਨੀਕਲ ਕਾਲਜਾਂ ਦੇ ਦਾਖ਼ਲੇ ਲਈ ਅੰਗਹੀਣ ਅਤੇ ਗਰੀਬ ਵਰਗ ਦੇ ਲੋਕਾਂ ਲਈ ਕੌਂਸਲਿੰਗ ਰੱਖੀ ਗਈ ਸੀ। ਕਮੇਟੀ ਵਿਚ ਬੈਠੇ ਸੀਨੀਅਰ ਅਧਿਕਾਰੀਆਂ ਨੂੰ ਇਕ ਮੁੰਡੇ ਉੱਤੇ ਸ਼ੱਕ ਪੈ ਗਿਆ ਕਿ ਉਹ ਅਸਲੀ ਉਮੀਦਵਾਰ ਨਹੀਂ।

ਪੁੱਛਗਿੱਛ ਤੋਂ ਭੇਦ ਖੁੱਲ੍ਹਾ ਕਿ ਉਹ ਆਪਣੀ ਮਾਸੀ ਦੇ ਪੁੱਤਰ ਦੀ ਥਾਂ ਇੰਟਰਵਿਊ ਦੇਣ ਆ ਗਿਆ ਸੀ, ਪਰ ਸਵਾਲਾਂ-ਜਵਾਬਾਂ ਵਿਚ ਉਲਝ ਜਾਣ ਕਰਕੇ ਫਸ ਗਿਆ। ਜਿਸ ਦੀ ਥਾਂ ਉਸ ਨੇ ਇੰਟਰਵਿਊ ਦੇ ਕੇ ਆਪਣੇ ਆਪ ਨੂੰ ਗਰੀਬੜਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ, ਉਹ ਰਾਏਕੋਟ ਕਸਬੇ ਵਿਚ ਚੰਗੇ ਚੱਲਦੇ ਲੋਹਾ ਸਟੋਰ ਦੇ ਮਾਲਕ ਦਾ ਪੁੱਤਰ ਹੈ। ਏਨੇ ਮਾਇਆਧਾਰੀ ਵੀ ਜੇ 'ਗਰੀਬ' ਬਣਨਾ ਚਾਹੁੰਦੇ ਹਨ ਤਾਂ ਉਹ ਪੈਸੇ ਪੱਖੋਂ ਗਰੀਬ ਨਹੀਂ, ਉਨ੍ਹਾਂ ਨੂੰ ਨੀਤ ਦੀ ਗਰੀਬੀ ਨੇ ਮਾਰਿਆ ਪਿਆ ਹੈ ਤੇ ਨੀਤ ਦੀ ਗਰੀਬੀ ਇਹੋ ਜਿਹੀ ਚੀਜ਼ ਹੁੰਦੀ ਹੈ, ਜਿਹੜੀ ਜਿਸ ਬੰਦੇ ਦੀ ਜ਼ਮੀਰ ਵਿਚ ਰਲ਼ ਜਾਵੇ, ਫਿਰ ਕਦੇ ਨਿਕਲਦੀ ਹੀ ਨਹੀਂ।

ਉਪਰੋਕਤ ਦੋਵਾਂ ਘਟਨਾਵਾਂ ਨੂੰ ਪੜ੍ਹਨ ਪਿੱਛੋਂ ਵਿਦੇਸ਼ ਵਸਦੇ ਇਕ ਮਿੱਤਰ ਨੇ ਈ-ਮੇਲ ਕਰ ਕੇ ਕਿਹਾ ਹੈ, "ਏਦਾਂ ਵੀ ਹੋ ਸਕਦਾ ਹੈ, ਸਾਡੇ ਤਾਂ ਮੰਨਣ ਵਿਚ ਹੀ ਨਹੀਂ ਆਉਂਦਾ।"

ਸਵਾਲ ਇਹ ਨਹੀਂ ਕਿ ਬਾਹਰਲੇ ਦੇਸ਼ਾਂ ਵਿਚ ਬੈਠੇ ਹੋਏ ਮਿੱਤਰਾਂ ਦੇ ਮੰਨਣ ਵਿਚ ਆਉਂਦਾ ਹੈ ਜਾਂ ਨਹੀਂ, ਸਗੋਂ ਇਹ ਹੈ ਕਿ ਹਕੀਕਤਾਂ ਕੂਕ-ਕੂਕ ਕੇ ਕਹਿ ਰਹੀਆਂ ਹਨ ਕਿ ਸਾਡਾ ਦੇਸ਼ ਹੁਣ ਏਦਾਂ ਦਾ ਹੀ ਹੈ, ਜਿਸ ਵਿਚ ਟਰੱਕਾਂ ਵਾਲੇ ਵੀ ਲਿਖੀ ਫਿਰਦੇ ਹਨ, "ਸੌ ਵਿਚੋਂ ਨੜਿਨਵੇਂ ਬੇਈਮਾਨ, ਫਿਰ ਵੀ ਮੇਰਾ ਭਾਰਤ ਮਹਾਨ।"

# ਸ਼ਾਂਤ ਵਸਦੇ ਦੇਹਰਾਦੂਨ 'ਚ ਪੁਲਿਸ ਵਾਲਿਆਂ ਮੁੰਡਾ ਮਾਰਿਆ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਦੇਹਰਾਦੂਨ ਵਿਚ 22 ਸਾਲਾ ਨੌਜਵਾਨ ਦੇ ਕਤਲ ਤੋਂ ਬਾਅਦ 14 ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਤਲ ਦਾ ਪਰਚਾ ਦਰਜ ਕੀਤਾ ਜਾਣਾ ਤੇ ਇਨ੍ਹਾਂ ਵਿਚੋਂ 8 ਨੂੰ ਨੌਕਰੀ ਤੋਂ ਮੁਅੱਤਲ ਕੀਤੇ ਜਾਣ ਦੀ ਕਾਰਵਾਈ ਇਹ ਦੱਸ ਪਾਉਂਦੀ ਹੈ ਕਿ ਪੁਲਿਸ ਵਧੀਕੀਆਂ ਦਾ ਰੁਝਾਨ ਬਾਦਸਤੂਰ ਜਾਰੀ ਹੈ। ਨੌਕਰੀ ਦੇ ਸਿਲਸਿਲੇ ਵਿਚ ਪਹਿਲੀ ਵਾਰ ਦੇਹਰਾਦੂਨ ਆਏ ਰਣਬੀਰ ਸਿੰਘ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ, ਜਿਸ ਦੇ ਸ਼ੱਕ ਦੀ ਸੂਈ ਪੁਲਿਸ ਮੁਲਾਜ਼ਮਾਂ ਵਲ ਘੁੰਮਦੀ ਹੈ।

ਜਿਸ ਧਰਮਸ਼ਾਲਾ ਵਿਚ ਰਣਬੀਰ ਆਪਣੇ ਸਾਥੀਆਂ ਸਮੇਤ ਰੁਕਿਆ ਹੋਇਆ ਸੀ, ਉਸ ਵਿਚੋਂ ਜਿਵੇਂ ਪੁਲਿਸ ਉਨ੍ਹਾਂ ਦਾ ਸਮਾਨ ਲੈ ਕੇ ਗਈ, ਉਸ ਨਾਲ ਪੁਲਿਸ ਖ਼ਿਲਾਫ਼ ਸ਼ੱਕ ਹੋਰ ਗੂੜ੍ਹਾ ਹੋ ਜਾਂਦਾ ਹੈ। ਮਕਤੂਲ ਦੇ ਜਿਸਮ ਵਿਚੋਂ 12 ਗੋਲੀਆਂ ਮਿਲੀਆਂ ਹਨ ਅਤੇ ਇਸ ਤੋਂ ਇਲਾਵਾ 28 ਜ਼ਖਮਾਂ ਦੇ ਨਿਸ਼ਾਨ ਮਿਲੇ ਹਨ। ਪੋਸਟਮਾਰਟਮ ਰਿਪੋਰਟ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਗੋਲੀਆਂ ਮਾਰੇ ਜਾਣ ਤੋਂ ਪਹਿਲਾਂ ਮਕਤੂਲ ਉਤੇ ਬੇਇੰਤਹਾ ਤਸ਼ੱਦਦ ਕੀਤਾ ਗਿਆ ਸੀ।

ਕਤਲ ਦੀ ਇਸ ਵਾਰਦਾਤ ਬਾਰੇ ਪੁਲਿਸ ਦੇ ਬਿਆਨ ਲਗਾਤਾਰ ਬਦਲ ਰਹੇ ਹਨ। ਦੇਹਰਾਦੂਨ ਦੇ ਸੀਨੀਅਰ ਸੁਪਰਡੈਂਟ ਪੁਲਿਸ ਅਮਿਤ ਕੁਮਾਰ ਸਿਨਹਾ ਨੇ ਸਮੁੱਚੇ ਮਾਮਲੇ ਉਤੇ ਪਰਦਾ ਪਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ, ਪਰ ਮਾਮਲਾ ਤੂਲ ਫੜ ਜਾਣ ਕਾਰਨ ਉਨ੍ਹਾਂ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ।

ਰਣਬੀਰ ਸਿੰਘ ਦੇ ਪਰਿਵਾਰ ਦੇ ਜੀਆਂ ਅਤੇ ਹੋਰ ਜਾਗਰੂਕ ਲੋਕਾਂ ਵਲੋਂ ਆਵਾਜ਼ ਉਠਾਉਣ ਤੋਂ ਬਾਅਦ ਮੁੱਖ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਭਾਵੇਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਤਲ ਦਾ ਪਰਚਾ ਦਰਜ ਕਰ ਲਿਆ ਗਿਆ ਹੈ। ਪਰ ਇਸ ਨਾਲ ਇਹ ਮਸਲਾ ਹੱਲ ਨਹੀਂ ਹੋ ਜਾਂਦਾ, ਸਗੋਂ ਇਹ ਸਵਾਲ ਪੂਰੀ ਤਰ੍ਹਾਂ ਬਰਕਰਾਰ ਰਹਿੰਦਾ ਹੈ ਕਿ ਪੁਲਿਸ ਕਿਸ ਕਰਕੇ ਇਸ ਹੱਦ ਤੱਕ ਚਲੀ ਗਈ।

ਦੇਹਰਾਦੂਨ ਦੀ ਘਟਨਾ ਪੁਲਿਸ ਵਧੀਕੀ ਦੀ ਕੋਈ ਇਕਲੌਤੀ ਘਟਨਾ ਨਹੀਂ ਹੈ। ਗੜਬੜੀ ਵਾਲੇ ਇਲਾਕਿਆਂ ਵਿਚੋਂ ਅਕਸਰ ਝੂਠੇ ਪੁਲਿਸ ਮੁਕਾਬਲਿਆਂ ਅਤੇ ਬੇਕਸੂਰਾਂ ਉਤੇ ਤਸ਼ੱਦਦ ਕੀਤੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅੱਤਵਾਦ ਦੇ ਦੌਰ ਵਿਚ ਪੰਜਾਬ ਵਿਚ ਜਿਸ ਕਿਸਮ ਦੀਆਂ ਪੁਲਿਸ ਵਧੀਕੀਆਂ ਹੋਈਆਂ, ਉਨ੍ਹਾਂ ਦੀ ਉਘੜਵੀਂ ਮਿਸਾਲ ਲਾਵਾਰਸ ਲਾਸ਼ਾਂ ਦਾ ਹਾਲੇ ਤੱਕ ਅਣਸੁਲਝਿਆ ਮਾਮਲਾ ਹੈ।

ਦਿੱਲੀ ਪੁਲਿਸ ਦੀ ਅਪਰਾਧ ਸ਼ਾਖਾ ਦੇ ਸਾਬਕਾ ਮੁਖੀਆਂ ਦਾ ਝੂਠੇ ਪੁਲਿਸ ਮੁਕਾਬਲਿਆਂ ਵਿਚ ਨਾਂ ਬੋਲਦਾ ਰਿਹਾ ਹੈ ਅਤੇ ਇਨ੍ਹਾਂ ਵਿਚੋਂ ਐਸ.ਐਸ. ਰਾਠੀ ਨੂੰ ਹੋਰ ਪੁਲਿਸ ਮੁਲਾਜ਼ਮਾਂ ਸਮੇਤ ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਪੁਲਿਸ ਵਧੀਕੀਆਂ ਦੇ ਇਸ ਰੁਝਾਨ ਕਾਰਨ ਪੁਲਿਸ ਵਲੋਂ ਬੇਕਸੂਰ ਅਤੇ ਨਿਹੱਥੇ ਲੋਕਾਂ ਨਾਲ ਵਧੀਕੀਆਂ ਕਰਨਾ ਸਮੁੱਚੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ। ਗੜਬੜੀ ਵਾਲੇ ਇਲਾਕਿਆਂ ਵਿਚ ਅੱਤਵਾਦੀ ਹਮਲਿਆਂ ਦੇ ਸ਼ੱਕ ਕਾਰਨ ਜਲਦਬਾਜ਼ੀ ਵਿਚ ਅਜਿਹੀ ਘਟਨਾ ਦੇ ਵਾਪਰ ਜਾਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਦੇਹਰਾਦੂਨ ਵਰਗੇ ਇਲਾਕੇ ਵਿਚ ਪੁਲਿਸ ਅਜਿਹੀ ਕਿਸੇ ਮਜਬੂਰੀ ਦੀ ਵੀ ਆੜ ਨਹੀਂ ਲੈ ਸਕਦੀ। ਪੁਲਿਸ ਵਲੋਂ ਅਜਿਹੀ ਵਾਰਦਾਤ ਤੋਂ ਬਾਅਦ ਕਤਲ ਨੂੰ ਆਤਮ-ਰੱਖਿਆ ਦੀ ਕਾਰਵਾਈ ਕਰਾਰ ਦੇਣਾ ਜਾਂ ਵਧੀਕੀ ਦਾ ਸ਼ਿਕਾਰ ਹੋਏ ਬੇਕਸੂਰ ਬੰਦੇ ਨੂੰ ਜਬਰੀ ਮੁਲਜ਼ਮ ਬਣਾਉਣਾ ਪੁਲਿਸ ਬਾਰੇ ਸ਼ੱਕ ਨੂੰ ਗੂੜ੍ਹਾ ਕਰਦਾ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੇਹਰਾਦੂਨ ਕਾਂਡ ਦਾ ਆਪਣੇ ਆਪ ਨੋਟਿਸ ਲੈਂਦਿਆਂ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਸੂਬਾ ਸਰਕਾਰ ਨੂੰ ਕਮਿਸ਼ਨ ਦੀ ਸਿਫਾਰਸ਼ ਉਤੇ ਅਮਲ ਕਰਨਾ ਚਾਹੀਦਾ ਹੈ ਅਤੇ ਪੀੜਤ ਪਰਿਵਾਰ ਲਈ ਢੁਕਵੀਂ ਰਾਹਤ ਦਾ ਬੰਦੋਬਸਤ ਕਰਨਾ ਚਾਹੀਦਾ ਹੈ।

# ਪੰਜਾਬੀ ਬੰਦੇ ਦੇ ਵਿਸ਼ਵ ਵਿਚ ਖਿਲਾਰ ਪਿੱਛੇ ਲੁਪਤ ਸਾਜਿਸ਼ੀ ਸਿਆਸਤ

**ਵਿਸ਼ਵੀਕਰਨ ਦਾ ਮਤਲਬ ਜੀਣ ਥੀਣ ਦੀ ਉਹ ਗ੍ਰਾਮਰ ਹੈ ਜੋ ਪੱਛਮੀ ਜਾਂ ਅਮਰੀਕੀ ਆਰਥਿਕਤਾ ਪੈਦਾ ਕਰ ਰਹੀ ਹੈ।**
**ਵਿਸ਼ਵੀਕਰਨ ਦਾ ਮੂਕ ਏਜੰਡਾ ਹੈ : ਵਿਰਾਟ ਮੰਡੀ 'ਚ ਕਮਜ਼ੋਰ ਸਭਿਆਚਾਰਕ ਜਾਤੀ ਨੂੰ ਚੁਪੀਤੇ ਸਮੇਟ ਦੇਣਾ।**

**-ਗੁਰਬਚਨ**

ਕਿਸੇ ਸਿਆਸੀ ਪਾਰਟੀ ਕੋਲ ਪੰਜਾਬ ਦੇ ਭਵਿੱਖ ਦਾ ਏਜੰਡਾ ਨਹੀਂ ਹੈ। ਕਿੰਨਾ ਕੁਝ ਚੁਪੀਤੇ/ਲੁਪਤ ਰਿੱਝ-ਪੱਕ ਰਿਹਾ ਹੈ। ਡੇਰੇ ਖਦੇੜੇ ਹੋਏ ਪੰਜਾਬ ਦੀ ਊਰਜਾ ਨੂੰ ਕਬਜ਼ੇ 'ਚ ਲੈ ਰਹੇ ਹਨ। ਸਥਿਤੀ ਜੇ ਪੱਧਰੀ ਹੁੰਦੀ ਤਾਂ ਮਾਲਟਾ ਦੇ ਪਾਣੀਆਂ 'ਚ ਡੁੱਬਣ ਬਾਅਦ ਪੰਜਾਬੀ ਮੁੰਡੇ ਵਿਦੇਸ਼ਾਂ ਵਲ ਮੂੰਹ ਨਾ ਕਰਦੇ।

ਡਾਕਟਰ ਮਨਮੋਹਨ ਸਿੰਘ ਪੰਜਾਬ 'ਤੋਂ ਹੈ। ਪੰਜਾਬ ਦੀ ਭਾਸ਼ਕ ਸਭਿਆਚਾਰਕਤਾ ਨਾਲ ਉਹਨੂੰ ਕੋਈ ਲੈਣਾ ਦੇਣਾ ਨਹੀਂ ਹੈ। ਉਹਦੀ ਵਫਾਦਾਰੀ ਜਿਸ ਸਿਆਸਤ ਪ੍ਰਤੀ ਹੈ, ਉਹ ਸਿਆਸਤ ਪੰਜਾਬ ਦੇ ਗੌਰਵ ਦਾ ਹਨਨ ਕਰਦੀ ਆ ਰਹੀ ਹੈ। ਕਾਂਗਰਸ ਪਾਰਟੀ ਉਨ੍ਹਾਂ ਧਿਰਾਂ ਦੀ ਦੂਤ ਹੈ, ਜੋ ਪੰਜਾਬੀ ਪਛਾਣ ਨੂੰ ਵਿਰਾਟ, ਪਰ ਹੋਂਦਾਂ 'ਚ ਵਿਲੀਨ ਹੋਇਆ ਦੇਖਣ ਦੀਆਂ ਇੱਛੁਕ ਹਨ। ਪੰਜਾਬ ਦੇ ਕਾਂਗਰਸੀਆਂ ਲਈ ਪੰਜਾਬੀ ਭਾਸ਼ਾ ਸਭਿਆਚਾਰ ਅਤੇ ਪੰਜਾਬੀ ਬੰਦੇ ਦੀਆਂ ਸਿਮ੍ਰਤੀਆਂ ਦੀ ਕੋਈ ਅਹਿਮੀਅਤ ਨਹੀਂ ਹੈ। ਉਹ ਇਸ ਨੂੰ ਸਿੱਖੀ ਏਜੰਡਾ ਸਮਝਦੇ ਹਨ। ਇਹ ਖ਼ਤਰਨਾਕ ਸਿਆਸੀ ਕ੍ਰੀੜਾ ਹੈ, ਜੋ ਇਕ ਸਦੀ ਤੋਂ ਚਲਦੀ ਆ ਰਹੀ ਹੈ। ਕਮਿਊਨਿਸਟ ਪਾਰਟੀਆਂ ਨੂੰ ਇਹਦੀ ਸਮਝ ਨਹੀਂ ਹੈ। ਠੱਪਾਵਾਦੀ ਵਿਚਾਰਧਾਰਾ ਦੇ ਸ਼ਿਕਾਰ ਉਹ ਇਸ ਕ੍ਰੀੜਾ 'ਚ ਸ਼ਾਮਲ ਹੁੰਦੇ ਰਹੇ ਹਨ।

ਕਿਸੇ ਭੂਖੰਡ ਦਾ ਭਵਿੱਖ ਉਹਦੀ ਸਭਿਆਚਾਰਕਤਾ ਤੋਂ ਬੇਮੁੱਖ ਹੋ ਕੇ ਚਿਤਵਿਆ ਨਹੀਂ ਜਾ ਸਕਦਾ। ਅਕਾਲੀ ਸਿੱਖੀ ਦੇ ਨਾਂ 'ਤੇ ਪੰਜਾਬੀ ਭਾਸ਼ਾ ਦੇ ਸਤਹੀ ਰੂਪ ਦੇ ਹੀ ਹੱਕ ਵਿਚ ਹਨ। ਉਹ ਸਿੱਖੀ ਗੌਰਵ ਨੂੰ ਪੰਜਾਬੀ ਗੌਰਵ ਤੋਂ ਵੱਖ ਕਰਕੇ ਦੇਖਦੇ ਹਨ। ਅਜਿਹਾ ਕਰਦਿਆਂ ਉਹ ਪੰਜਾਬੀ ਗੌਰਵ ਦਾ ਨਿਸ਼ੇਧ ਕਰਨ ਲੱਗਦੇ ਹਨ। ਉਨ੍ਹਾਂ ਨੂੰ ਸਮਝ ਨਹੀਂ ਕਿ ਬਿਨਾਂ ਪੰਜਾਬੀ ਭਾਸ਼ਾ/ਸਭਿਆਚਾਰ ਬਾਰੇ ਆਕ੍ਰਮਣੀ ਨੀਤੀ ਦੇ ਉਹ ਪੰਜਾਬ ਨੂੰ ਬੇਪਛਾਣ ਹੋਣ ਤੋਂ ਰੋਕ ਨਹੀਂ ਸਕਦੇ।

ਜਿਨ੍ਹਾਂ ਨੂੰ ਪੰਜਾਬੀ ਹੋਣ ਦਾ ਗੌਰਵ ਹੈ, ਉਹ ਬੇਸ਼ੱਕ ਸਿੱਖੀ ਗੌਰਵ ਨੂੰ ਆਪਣਾ ਵਿਰਸਾ ਸਮਝਦੇ ਹਨ, ਪਰ ਅਜਿਹੇ ਵਿਰਲੇ ਹਨ। ਬਲਰਾਜ ਸਾਹਨੀ ਇਹਦੀ ਅਪਰੰਪਾਰ ਮਿਸਾਲ ਰਹੀ ਹੈ। ਇਸ ਧਾਰਾ ਵਿਚ ਇੰਦਰ ਕੁਮਾਰ ਗੁਜਰਾਲ ਵਰਗੇ ਵੀ ਸ਼ਾਮਲ ਹਨ। ਅਕਾਲੀਆਂ ਨੇ ਬੇਸ਼ੱਕ ਪੰਜਾਬੀ ਪਛਾਣ ਨੂੰ ਤਿਲਾਂਜਲੀ ਨਹੀਂ ਦਿੱਤੀ, ਭਾਵੇਂ ਇਹਦੇ ਲਈ ਸੁਚੇਤ ਯਤਨ ਕਦੇ ਨਹੀਂ ਕੀਤਾ। ਇਹਦੇ ਬਾਰੇ ਉਨ੍ਹਾਂ ਕੋਲ ਵਿਯਨ ਨਹੀਂ ਹੈ। ਉਹ ਆਧੁਨਿਕਤਾ ਦੀਆਂ ਪੌੜੀਆਂ ਧਰਮ ਦੀ ਸਿਆਸਤ ਰਾਹੀਂ ਚੜ੍ਹਨਾ ਚਾਹੁੰਦੇ ਹਨ।

ਇਸ ਕਰਕੇ ਕਾਂਗਰਸ ਤੋਂ ਮਾਰ ਖਾ ਰਹੇ ਹਨ। ਡਾਕਟਰ ਮਨਮੋਹਨ ਸਿੰਘ ਆਰਥਿਕ ਟੈਕਨੋਕਰੈਟ ਹੈ ਤੇ ਕਾਂਗਰਸੀ ਨੀਤੀਆਂ ਦਾ ਕਾਰਜ ਸਾਧਕ। ਉਹ ਚਿੰਤਕ ਨਹੀਂ ਹੈ, ਸਿਧਾਂਤਕਾਰ ਵੀ ਨਹੀਂ, ਵਫ਼ਾਦਾਰ ਸੇਵਕ ਹੈ। ਉਹ ਬਰਾਕ ਓਬਾਮਾ ਨਹੀਂ ਹੈ, ਜਿਹਦੀ ਕੋਈ ਸਿਆਸੀ ਵਿਯਨ ਹੋਵੇ। ਉਹ ਸਿਆਸੀ ਜਾਂ ਸਮਾਜਿਕ/ਸਭਿਆਚਾਰਕ ਤਬਦੀਲੀ ਦਾ ਦੂਤ ਨਹੀਂ ਹੋ ਸਕਦਾ। ਪੰਜਾਬ ਦੇ ਪ੍ਰਸੰਗ 'ਚ ਉਹ ਉੱਕਾ ਕੋਰਾ ਹੈ। ਉਹ ਦਫ਼ਤਰੀ ਕਿਸਮ ਦੀ ਵਫ਼ਾਦਾਰ ਜਮਾਤ 'ਚੋਂ ਹੈ। ਉਹਦੇ ਸਿਆਸੀ ਪ੍ਰੋਜੈਕਟ 'ਚੋਂ ਪੰਜਾਬ ਦੇ ਪ੍ਰਸੰਗ ਗੈਰ-ਹਾਜ਼ਰ ਹਨ।



ਆਰਥਿਕ ਪ੍ਰਗਤੀ ਦੀ ਗੱਲ ਜਦ ਸਥਾਨਕ ਸੱਭਿਆਚਾਰਕਤਾ ਨੂੰ ਧਿਆਨ 'ਚ ਰੱਖੇ ਬਗ਼ੈਰ ਹੁੰਦੀ ਹੈ ਤਾਂ ਸਮਝੋ ਇਹ ਹਾਸ਼ੀਆਬਧ ਲੋਕਾਂ ਦਾ ਸ਼ੋਸ਼ਣ ਕਰਨ ਦਾ ਨਵਾਂ ਤਰੀਕਾ ਹੈ। ਪੰਜਾਬ ਦੀ ਭਾਸ਼ਾ ਸਭਿਆਚਾਰਕਤਾ ਅਤੇ ਪੰਜਾਬੀ ਬੰਦੇ ਦੇ ਪਛਾਣ ਚਿੰਨ੍ਹ, ਜੋ ਪਹਿਲਾਂ ਹੀ ਰਸਾਤਲੀ ਹਨ, ਨਵੀਂ ਸਿਆਸੀ ਆਰਥਿਕਤਾ (ਪੁਲਿਟੀਕਲ ਇਕਾਨਮੀ) ਅੱਗੇ ਤੇਜ਼ੀ ਨਾਲ ਮਿੱਟਣੇ ਤੈਅ ਹਨ। ਇਸ ਗੱਲ ਨੂੰ ਵਿਸ਼ਵ ਪੱਧਰ 'ਤੇ ਵਾਪਰਦੀਆਂ ਘਟਨਾਵਾਂ ਰਾਹੀਂ ਸਮਝਣਾ ਪੈਣਾ ਹੈ। ਅੱਜ ਵਿਸ਼ਵੀਕਰਨ ਦਾ ਮਤਲਬ ਜੀਣ ਥੀਣ ਦੀ ਉਹ ਗ੍ਰਾਮਰ ਹੈ, ਜੋ ਪੱਛਮੀ ਜਾਂ ਅਮਰੀਕੀ ਆਰਥਿਕਤਾ ਪੈਦਾ ਕਰ ਰਹੀ ਹੈ। ਵਿਸ਼ਵੀਕਰਨ ਦਾ ਮੂਕ ਏਜੰਡਾ ਹੈ: ਵਿਰਾਟ ਮੰਡੀ 'ਚ ਕਮਜ਼ੋਰ ਸਭਿਆਚਾਰਕ ਜਾਤੀ ਨੂੰ ਚੁਪੀਤੇ ਸਮੇਟ ਦੇਣਾ। ਜਦ ਅਮਰੀਕਾ ਦੇ ਵਿਸ਼ਵ ਵਪਾਰ ਕੇਂਦਰ 'ਤੇ 11 ਸਤੰਬਰ 2001 ਨੂੰ ਅੱਤਵਾਦੀ ਹਮਲਾ ਹੋਇਆ ਤਾਂ ਬਰਤਾਨੀਆ 'ਚ ਨਿਕਲਦੇ ਇਕ ਹਫ਼ਤਾਵਾਰੀ 'ਚ ਰਾਜਨੀਤੀ ਦੇ ਪ੍ਰੋਫੈਸਰ ਨੇ ਲਿੱਖਿਆ, "ਇਟ ਇਜ਼ ਏ ਫਰਸਟ ਅਟੈਕ ਆਨ ਗਲੋਬੇਲਾਈਜ਼ੇਸ਼ਨ" ਇਹ ਵਿਸ਼ਵੀਕਰਨ 'ਤੇ ਕੀਤਾ ਜਾਣ ਵਾਲਾ ਪਹਿਲਾ ਹਮਲਾ ਹੈ। ਇਸ ਬਿਆਨ ਨੂੰ ਧਿਆਨ 'ਚ ਰੱਖ ਕੇ ਫੈਲ ਰਹੇ ਅੱਤਵਾਦ ਦੇ ਉਦੈ-ਸਰੋਤਾਂ ਤੱਕ ਪੁੱਜਿਆ ਜਾ ਸਕਦਾ ਹੈ।

ਬੰਦਾ ਆਪਣੇ ਆਪ ਬੰਦੂਕ ਨਹੀਂ ਬਣਦਾ, ਬੰਦੂਕ ਉਹਨੂੰ ਹਤਾਸ਼ ਕਰਨ ਵਾਲੇ ਹਾਲਾਤ ਬਣਾਂਦੇ ਹਨ ਜਾਂ ਅਜਿਹੀ ਜਮਾਤ ਬਣਾਂਦੀ ਹੈ, ਜੋ ਆਪਣਾ ਚਿੰਤਨ ਤੇ ਸਭਿਆਚਾਰ ਉਸ 'ਤੇ ਠੋਸਦੀ ਹੈ, ਉਹਨੂੰ ਨਿਥਾਵਾਂ ਬਣਾਂਦੀ ਹੈ। ਕਿਸੇ ਜਾਤੀ ਦੀ ਭਾਸ਼ਾ ਨੂੰ ਨਿਗੂਣਾ ਬਣਾ ਦੇਣਾ ਜਾਂ ਉਸ ਜਾਤੀ ਦੀ ਆਧੁਨਿਕਤਾ ਵਲ ਗਤੀ ਨੂੰ ਭਾਸ਼ਕ ਵਿਹਾਰ ਤੋਂ ਤੋੜ ਦੇਣਾ, ਜਿਵੇਂ ਪੰਜਾਬ ਦੇ ਪ੍ਰਸੰਗ 'ਚ ਹੋ ਰਿਹਾ, ਲੁਪਤ ਕਿਸਮ ਦੀ ਹਿੰਸਾ ਹੈ।

ਪੰਜਾਬ ਤੋਂ ਚੰਡੀਗੜ੍ਹ ਜੇ ਖੋਹਿਆ ਗਿਆ ਤਾਂ ਉਹਦੇ ਲਈ ਸਭ ਤੋਂ ਵਧ ਕਾਂਗਰਸ ਜ਼ਿੰਮੇਵਾਰ ਹੈ। ਜਿਨ੍ਹਾਂ ਨੂੰ ਇਤਿਹਾਸ ਭੁੱਲਿਆ ਨਹੀਂ, ਉਹ ਜਾਣਦੇ ਹਨ ਕਿ ਇਹਦੇ ਪਿੱਛੇ ਗੁਲਜ਼ਾਰੀ ਲਾਲ ਨੰਦਾ ਦਾ ਮਨਸੂਬਾ ਸੀ। ਨੰਦਾ ਖੁਦ ਪੰਜਾਬੀ ਸੀ। ਕੋਈ ਵੀਹ ਸਾਲ ਪਹਿਲਾਂ ਰਮੇਸ਼ ਥਾਪਰ ਵਲੋਂ ਕੱਢੇ ਜਾਂਦੇ 'ਸੈਮੀਨਾਰ' ਦਾ ਇਕ ਵਿਸ਼ੇਸ਼ ਅੰਕ ਚੰਡੀਗੜ੍ਹ-ਪੰਜਾਬ ਵਿਵਾਦ ਬਾਰੇ ਸੀ। ਉਹਨੂੰ ਪੜ੍ਹ ਕੇ ਹੈਰਾਨਕੁੰਨ ਤੱਥ ਪਤਾ ਚਲਦੇ ਹਨ। ਕਾਂਗਰਸੀ ਸਿਆਸਤ ਦਾ ਲੁਪਤ ਏਜੰਡਾ ਪੰਜਾਬ ਲਈ ਕਿੰਨਾ ਮਾਰੂ ਹੈ, ਇਹਦੇ ਨਤੀਜੇ ਪੰਜਾਬ ਭੁਗਤ ਚੁੱਕਾ ਹੈ। ਇਸ ਸਿਆਸਤ ਨੇ ਚੱਪਾ ਸਦੀ ਪਹਿਲਾਂ ਪੰਜਾਬ ਦਾ ਪਿੰਡਾ ਲੂਸਿਆ। ਪੰਜਾਬ 'ਚ ਵਸੋਂ ਦਾ ਬਦਲਦਾ ਨਕਸ਼ਾ ਸਭ ਤੋਂ ਜ਼ਿਆਦਾ ਇਹਨੂੰ ਰਾਸ ਆਉਂਦਾ ਹੈ। ਪੰਜਾਬ ਪੱਛੜਿਆ ਰਹਵੇ, ਇਹਦੀ ਪਛਾਣ ਦੀਆਂ ਇਕਾਈਆਂ ਸਿੱਥਲ ਹੋ ਜਾਣ, ਇਹਦੀ ਮਾਨਵੀ ਊਰਜਾ ਵਕਤ ਨਾਲ ਮੁੱਕ ਜਾਵੇ-ਤਾਕਤ ਦੀ ਭੇੜ 'ਚ ਇਹ ਕਟਾਰੀ ਕਿਸਮ ਦੀ ਸਿਆਸਤ ਹੈ। ਇਹ ਗੱਲਾਂ ਅਕਾਲੀਆਂ ਨੂੰ ਉਦੋਂ ਭੁੱਲ ਜਾਂਦੀਆਂ ਹਨ, ਜਦ ਸੱਤਾ 'ਚ ਹੁੰਦੇ ਹਨ। ਕਮਿਊਨਿਸਟ ਪਾਰਟੀਆਂ ਨੂੰ ਇਹ ਗੱਲਾਂ ਅਵਾਜ਼ਾਰ ਕਰਦੀਆਂ ਹਨ। ਇਹਦੇ ਨਾਲ ਉਨ੍ਹਾਂ ਦੀ ਠੱਪਾਬਦ ਸੋਚ ਬੇਜ਼ਮੀਨੀ ਹੋਣ ਲੱਗਦੀ ਹੈ।

ਆਪਣੀ ਮੂਲ ਪਛਾਣ ਵਾਲਾ ਮਹਾਂਨਗਰ ਨਾ ਹੋਣਾ, ਕਿਸੇ ਸਭਿਆਚਾਰਕ ਜਾਤੀ ਲਈ ਹਮੇਸ਼ਾਂ ਰਿਸਣ ਵਾਲਾ ਜ਼ਖ਼ਮ ਹੈ। ਇਹ ਜ਼ਖ਼ਮ ਅੱਜ ਕਿਸੇ ਪਾਰਟੀ ਨੂੰ ਦਿਖਾਈ ਨਹੀਂ ਦੇ ਰਿਹਾ। ਜਿੰਨਾ ਜਹਾਦ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਲਈ ਕੀਤਾ ਗਿਆ, ਉਹਦੀ ਤੈਹ 'ਚ ਬਹੁਤ ਕੁਝ ਪੜ੍ਹਨ ਵਾਲਾ ਹੈ। ਹੁਣ ਪੰਜਾਬ ਚੰਡੀਗੜ੍ਹ ਨੂੰ ਮੰਗਣ ਦੇ ਸਮਰੱਥ ਵੀ ਨਹੀਂ ਰਿਹਾ। ਪੰਜਾਬੀ ਜਾਤੀ ਨੂੰ ਸਿੱਥਲ ਕਰਨ ਦਾ ਇਹ ਬੜਾ ਨਿਰਦਈ ਹਥਿਆਰ ਹੈ। ਪੰਜਾਬ ਦਾ ਯੂਥ ਜਿਸ ਖਾਲੀਪਣ 'ਚੋਂ ਗੁਜਰ ਰਿਹਾ ਹੈ, ਉਹਦਾ ਪਤਾ ਜਾਨ ਹੂਲ ਕੇ ਵਿਦੇਸ਼ਾਂ ਵਲ ਦੀਆਂ ਵਹੀਰਾਂ ਤੋਂ ਲੱਗਦਾ ਹੈ। ਪੰਜਾਬੀ ਵਾਸਤਵਿਕਤਾ ਅੱਜ ਬਟਾਲਾ/ਬਰਨਾਲਾ ਜਾਂ ਲੁਧਿਆਣਾ/ਮੁਹਾਲੀ ਦੇ ਘੜਮੱਸ ਅਤੇ ਸ਼ਹਿਰਾਂ ਦੀ ਗੈਰ-ਸਭਿਆਚਾਰਕਤਾ 'ਚ ਗੱਡੀ ਹੋਈ ਹੈ। ਇਹ ਪਿਛਾਂਹਮੁਖ ਵਾਸਤਵਿਕਤਾ ਹੈ, ਜਿਹਦਾ ਭਵਿੱਖ ਵੀ ਘੜਮੱਸ ਵਾਲਾ ਹੋਣਾ ਹੈ। ਇਹਦਾ ਵਿਕਲਪ ਵਿਦੇਸ਼ ਹੈ ਜਾਂ ਪੰਜਾਬ ਦੇ ਮੁੰਡੇ ਗੈਰ-ਵਿਸ਼ਵਾਸੀ ਅਵਸਥਾ 'ਚ ਫਾਥੇ ਡਰੱਗਾਂ 'ਚੋਂ ਰਾਹਤ ਲੱਭ ਰਹੇ ਹਨ। ਜਿਹੜਾ ਅਜਿਹੀ ਸਿੱਥਲਤਾ ਤੋਂ ਟੁੱਟਦਾ ਹੈ, ਸਮੇਂ ਨਾਲ ਤੁਰਦਾ ਹੈ, ਉਹ ਪੰਜਾਬ ਤੋਂ ਹੀ ਟੁੱਟ ਜਾਂਦਾ ਹੈ। ਆਪਣੀ ਹੀ ਜਨਮ ਭੂਮੀ ਪ੍ਰਤੀ ਕੈੜ ਅਤੇ 'ਸਿਨੀਕਲ' ਸੋਚ ਅੱਜ ਪੰਜਾਬ ਦੀ ਤ੍ਰਾਸਦੀ ਹੈ।

ਤੇਲਗੂ ਗੌਰਵ ਜਾਂ ਮਾਰਾਠੀ ਭਾਸ਼ਾ/ਸਭਿਆਚਾਰ ਜਾਂ ਤਾਮਿਲਵਾਦ ਦੀ ਜਦ ਗੱਲ ਹੁੰਦੀ ਹੈ ਤਾਂ ਇਸ ਲਈ ਕਿ ਉੱਥੋਂ ਦੇ ਲੋਕ ਪਾਰ ਰਾਸ਼ਟਰੀ ਜਾਂ ਗਊ-ਬੈਲਟ ਦੀ ਵਿਰਾਟਤਾ 'ਚ ਵਿਲੀਨ ਨਹੀਂ ਹੋਣਾ ਚਾਹੁੰਦੇ। ਇਨ੍ਹਾਂ ਪ੍ਰਾਂਤਾਂ 'ਚ ਕਾਂਗਰਸ ਪਾਰਟੀ ਵੀ ਸਵੈ-ਪਛਾਣ ਦੇ ਗੌਰਵ ਦੀ ਗੱਲ ਕਰਦੀ ਹੈ। ਕਾਂਗਰਸੀ ਜੇ ਪੰਜਾਬੀ ਗੌਰਵ ਦੀ ਗੱਲ ਕਰਨ ਤਾਂ ਇਨ੍ਹਾਂ ਨੂੰ ਵੋਟਾਂ ਹੀ ਨਾ ਮਿਲਣ। ਮਨਮੋਹਨ ਸਿੰਘ ਅਜਿਹੀ ਸਿਆਸਤ ਦਾ ਵਫ਼ਾਦਾਰ ਕਾਰਜ ਸਾਧਕ ਹੈ। ਪੰਜਾਬੀ ਬੰਦੇ ਦੇ ਵਿਸ਼ਵ 'ਚ ਖਿਲਾਰ ਪਿੱਛੇ ਵੀ ਲੁਪਤ ਸਿਆਸਤ ਹੈ-ਕਿ ਪੰਜਾਬ ਉਨ੍ਹਾਂ ਯੁਵਕਾਂ ਤੋਂ ਟੁੱਟ ਜਾਵੇ, ਜੋ ਇਹਦੇ ਵਰਤਮਾਨ ਅਤੇ ਭਵਿੱਖ ਦੀ ਤਾਕਤ ਬਣ ਸਕਦੇ ਹਨ। ਪਿੱਛੇ ਬਚ ਜਾਂਦੇ ਹਨ ਉਹ ਮੁੰਡੇ ਜੋ ਸਕੂਲ ਬੋਰਡ ਦੇ ਇਮਤਿਹਾਨਾਂ 'ਚ ਫੇਲ੍ਹ ਹੋਈ ਜਾਂਦੇ ਹਨ। ਜਿਹੜੇ ਕੁਝ ਕਰਨ ਜੋਗੇ ਹਨ ਉਹ ਪੰਜਾਬੀ ਪਛਾਣ ਦੀਆਂ ਇਕਾਈਆਂ ਤੋਂ ਟੁੱਟ ਜਾਂਦੇ ਹਨ।

ਨਵ-ਸਾਮਰਾਜਵਾਦ ਦੇ ਯੁੱਗ 'ਚ ਆਕ੍ਰਮਣ ਸਿੱਧਾ ਨਹੀਂ ਹੁੰਦਾ। ਸੱਤਾ ਦੀ ਭੇੜ 'ਚ ਬਹੁਤੇ ਏਜੰਡੇ ਲੁਪਤ ਹੁੰਦੇ ਹਨ। ਸਾਜ਼ਿਸ਼ ਸ਼ਬਦ ਅੱਜ ਇਸ ਕਰਕੇ ਹੀ ਬੇਮਾਅਨਾ ਹੈ। ਕੀ ਪੰਜਾਬ 'ਚ ਅਜਿਹੀ ਕੋਈ ਸਿਆਸੀ ਧਿਰ ਨਹੀਂ ਹੋ ਸਕਦੀ ਜੀਹਦਾ ਮੂਲ ਏਜੰਡਾ ਪੰਜਾਬ ਦੇ ਵਿਕਾਸ ਦੇ ਨਾਲ ਏਥੋਂ ਦੀ ਪਛਾਣ ਤੇ ਇਹਦੇ ਗੌਰਵ ਨੂੰ ਕਾਇਮ ਰੱਖਣਾ ਹੋਵੇ? ਕੀ ਪੰਜਾਬੀ ਬੰਦਾ ਆਧੁਨਿਕ ਨਹੀਂ ਹੋ ਸਕਦਾ? ਜੇ ਆਧੁਨਿਕ ਹੁੰਦਾ ਹੈ ਤਾਂ ਉਹ ਪੰਜਾਬੀ ਕਿਉਂ ਨਹੀਂ ਰਹਿੰਦਾ?


**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**



ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net

Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**G.M. Lawrence Insurance Brokerage** License# 0D79587

ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ

**ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?**

*ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ

LIABILITY
GENERAL
LIABILITY
PHYSICAL
DAMAGE
CARGO
BONDS

New Ventures Are Welcome

ਦਲਜੀਤ ਸਿੰਘ ਖਹਿਰਾ
Ph: 209-474-2771
Fax: 209-474-0215
7746 Lorraine Ave.#214
Stockton CA-95210

SPECIALIZES IN BOTH LOCAL & LONG HAUL
-Flexible down payments
-Excellent customer service
-Committed to each individual client's needs
-Experienced, knowledgeable & professional staff



ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ



**ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

License plates
IFTA *Fuel tax return
DOT, ICC-MMC
Single state registration services
*New Mexico & Kentucky permit



*Rajinder Singh*

ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ

**Now in Strockton, the Hub of the Trucking Industry**

Financing Available For Buying Trucks



**Cell: (510) 557-6988**
**Ph: 209-982-9996,**
**Fax:209-982-9997**
13465 Basalt Ct, Lathrop CA 95330

# ਚੀਨ ਵਿਚ ਉਪਜੇ ਵਿਦਰੋਹ ਦੇ ਪਿੱਛੇ ਨਿਰੰਤਰ ਦਮਨ ਦੀ ਪ੍ਰੰਪਰਾ

**– ਬ੍ਰਹਮ ਚੇਲਾਨੀ**

ਫੌਜੀ ਟੁਕੜੀਆਂ ਦੇ ਸਹਾਰੇ ਚੀਨ ਦੇ ਸ਼ਾਸਕਾਂ ਨੇ ਤੇਲ ਸੋਮਿਆਂ ਨਾਲ ਭਰਪੂਰ ਸ਼ਿਨਜਿਆਂਗ ਵਿਚ ਭਲਾਂ ਹੀ ਉਈਗੁਰ ਦੇ ਉਸ ਵਿਦਰੋਹ ਨੂੰ ਦਬਾ ਦਿੱਤਾ ਹੋਵੇ, ਜਿਹੜਾ ਇਸ ਦੀ ਖੇਤਰੀ ਰਾਜਧਾਨੀ ਉਰੂਮਕਵੀ ਤੋਂ ਸ਼ੁਰੂ ਹੋਇਆ ਸੀ ਅਤੇ ਕਸ਼ਗਰ ਵਰਗੇ ਅਤਿ ਸੁਰੱਖਿਅਤ ਸ਼ਹਿਰਾਂ ਤੱਕ ਫੈਲ ਗਿਆ। ਪਰ ਪਿਛਲੇ ਦਹਾਕਿਆਂ ਵਿਚ ਘੱਟ-ਗਿਣਤੀਆਂ ਦੇ ਇਨ੍ਹਾਂ ਸਭ ਤੋਂ ਖ਼ਤਰਨਾਕ ਦੰਗਿਆਂ ਦੇ ਨਾਲ-ਨਾਲ ਸਮੁੱਚੇ ਤਿੱਬਤੀ ਭਾਈਚਾਰੇ ਵਿਚ ਸਾਲ 2008 ਵਿਚ ਉਪਜੀ ਬਗ਼ਾਵਤ ਦੱਸਦੀ ਹੈ ਕਿ ਜ਼ਬਰਦਸਤੀ ਕਿਸੇ ਨੂੰ ਆਪਣੇ ਨਾਲ ਮਿਲਾਉਣ ਦੀ ਕਿੰਨੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਇਸ ਨੇ ਚੀਨ ਦੀ ਕਮਜ਼ੋਰੀ ਨੂੰ ਉਜਾਗਰ ਕਰ ਦਿੱਤਾ ਹੈ।ਪੀਪਲਜ਼ ਰਿਪਬਲਿਕ ਆਫ ਚਾਈਨਾ ਦਾ ਤਕਰੀਬਨ 60 ਫੀਸਦੀ ਜ਼ਮੀਨੀ ਹਿੱਸਾ ਅਜਿਹੇ ਖੇਤਰਾਂ ਨਾਲ ਮਿਲ ਕੇ ਬਣਿਆ ਹੈ, ਜਿਹੜੇ ਇਤਿਹਾਸਕ ਤੌਰ 'ਤੇ ਸਿੱਧੇ ਹਾਨ ਸਾਮਰਾਜ ਦੇ ਅਧੀਨ ਨਹੀਂ ਰਹੇ। ਹਕੀਕਤ ਵਿਚ ਇਤਿਹਾਸਕ ਵਿਸ਼ਾਲ ਕੰਧ ਵੀ ਹਾਨ ਸਾਮਰਾਜ ਦੇ ਬਾਹਰੀ ਸੁਰੱਖਿਆ ਓਟ ਦੇ ਤੌਰ 'ਤੇ ਬਣਾਈ ਗਈ ਸੀ। ਅੱਜ ਸ਼ਿਨਜਿਆਂਗ ਅਤੇ ਤਿੱਬਤ ਕੁੱਲ ਮਿਲਾ ਕੇ ਚੀਨ ਦਾ ਤਕਰੀਬਨ ਅੱਧਾ ਖੇਤਰ ਹਨ।

ਚੀਨ ਵਿਚ ਕਮਿਊਨਿਸਟ ਸੱਤਾ ਨੂੰ ਇਸ ਸਾਲ 60 ਸਾਲ ਹੋ ਰਹੇ ਹਨ। ਆਪਣੇ ਲਈ ਇਸ ਮਹੱਤਵਪੂਰਨ ਸਾਲ ਵਿਚ ਸੱਤਾਧਾਰੀ ਚੀਨੀ ਕਮਿਊਨਿਸਟ ਪਾਰਟੀ ਵਿਦਰੋਹ ਨੂੰ ਦਬਾਉਣ ਲਈ ਬੁਰੇ ਦੀ ਹੱਦ ਤੱਕ ਚੱਲੀ ਗਈ, ਤਾਂ ਕਿ ਸੱਠਵੀਂ ਵਰ੍ਹੇਗੰਢ ਦੇ ਉਸ ਦੇ ਜ਼ਬਰਦਸਤ ਜਸ਼ਨ ਦੀਆਂ ਤਿਆਰੀਆਂ ਵਿਚ ਕੋਈ ਰੁਕਾਵਟ ਨਾ ਆਵੇ। ਗੌਰਤਲਬ ਹੈ ਕਿ 'ਚਾਰ ਜੂਨ' (ਜਿਸ ਤਰੀਕ ਨੂੰ 1989 ਵਿਚ ਤਿਆਨਮਿਨ ਚੌਕ 'ਤੇ ਲੋਕਤੰਤਰ ਸਮਰੱਥਕਾਂ ਦਾ ਕਤਲੇਆਮ ਹੋਇਆ ਸੀ) ਦੀ 20ਵੀਂ ਬਰਸੀ 'ਤੇ ਵੀ ਕੋਈ ਹਲਚਲ ਨਹੀਂ ਰਹੀ, ਕਿਉਂਕਿ ਬੀਜਿੰਗ ਵਿਚ ਬਹੁਤ ਸਖ਼ਤ ਸੁਰੱਖਿਆ ਸੀ। ਇਸੇ ਤਰ੍ਹਾਂ ਤਿੱਬਤ ਵਿਚ ਸੁਰੱਖਿਆ ਦਾ ਘੇਰਾ ਸਖ਼ਤ ਕਰਦੇ ਹੋਏ ਸੁਨਿਸ਼ਚਿਤ ਕੀਤਾ ਗਿਆ ਕਿ ਚੀਨ ਦੇ ਕਬਜ਼ੇ ਖਿਲਾਫ ਤਿੱਬਤ ਦੇ ਰਾਸ਼ਟਰੀ ਵਿਦਰੋਹ ਅਤੇ ਇਸ ਤੋਂ ਬਾਅਦ ਦਲਾਈ ਲਾਮਾ ਦੁਆਰਾ ਜਹਾਜ਼ ਰਾਹੀਂ ਭਾਰਤ ਜਾਣ ਦੀ 50ਵੀਂ ਵਰ੍ਹੇਗੰਢ ਮਾਰਚ ਵਿਚ ਚੁਪ-ਚੁਪੀਤੇ ਹੀ ਲੰਘ ਜਾਏ। ਇਥੋਂ ਤੱਕ ਕਿ ਆਤਮਵਿਸ਼ਵਾਸੀ ਬੀਜਿੰਗ ਨੇ ਇਸ ਸਾਲ 28 ਮਾਰਚ (ਤਿੱਬਤ 'ਤੇ ਆਪਣੇ ਸਿੱਧੇ ਸ਼ਾਸਨ ਦਾ ਐਲਾਨ ਦੀ 50ਵੀਂ ਵਰ੍ਹੇਗੰਢ) ਨੂੰ 'ਗੁਲਾਮ ਉਧਾਰ ਦਿਵਸ' ਦੇ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ। ਇਸ ਤੋਂ ਲੱਗਿਆ ਕਿ ਮੰਨੋ ਉਸ ਨੂੰ ਹੁਣੇ-ਹੁਣੇ ਮਹਿਸੂਸ ਹੋਇਆ ਕਿ ਉਸ ਨੇ ਤਿੱਬਤੀਆਂ ਨੂੰ ਅੱਧੀ ਸ਼ਤਾਬਦੀ ਪਹਿਲਾਂ ਦਾਸਤਾ ਤੋਂ ਮੁਕਤੀ ਦੁਆਈ ਸੀ।

ਦੇਖਿਆ ਜਾਵੇ ਤਾਂ ਉਈਗਰ ਦੀ ਬਗ਼ਾਵਤ ਚੀਨ ਦੁਆਰਾ ਪੂਰਬੀ ਤੁਰਕੀਸਤਾਨ (ਹੁਣ ਸ਼ਿਨਜਿਆਂਗ) ਨੂੰ ਆਪਣੇ ਨਾਲ ਮਿਲਾਉਣ ਦੀ 60ਵੀਂ ਵਰ੍ਹੇਗੰਢ, ਸਾਲ ਵਿਚ ਉਸ ਖਿਲਾਫ ਇਕ ਸਖ਼ਤ ਵਿਦਰੋਹ ਹੈ। ਚੀਨ ਅੱਜ ਦੁਨੀਆ ਦੀ ਸਭ ਤੋਂ ਵੱਡੀ, ਸਭ ਤੋਂ ਪੁਰਾਣੀ ਅਤੇ ਸਭ ਤੋਂ ਮਜ਼ਬੂਤ ਨਿਰੰਕੁਸ਼ ਸੱਤਾ ਹੈ।

ਹਾਨ ਭਾਈਚਾਰੇ ਵਿਚ ਮੰਚੂ ਲੋਕਾਂ ਨੂੰ ਨਾਲ ਮਿਲਾਉਣ ਅਤੇ ਸਥਾਨਕ ਲੋਕਾਂ ਨੂੰ ਅੰਦਰੂਨੀ ਮੰਗੋਲੀਆ ਵਿਚ ਧੱਕਣ ਤੋਂ ਬਾਅਦ ਤਿੱਬਤੀ ਅਤੇ ਸ਼ਿਨਜਿਆਂਗ ਨੂੰ ਤੁਰਕੀ ਬੋਲਣ ਵਾਲੇ ਪਰੰਪਰਾਗਤ ਮੁਸਲਿਮ ਸਮੂਹ ਹੀ ਇਨ੍ਹਾਂ ਤੋਂ ਬਚਾ ਰਹੇ ਹਨ। ਪਰ ਪਿਛਲੇ ਸਾਲ ਤੋਂ ਜਾਰੀ ਕੁਝ ਘਟਨਾਵਾਂ ਨੇ ਚੀਨ ਦੀ ਅਗਵਾਈ ਨੂੰ ਦਰਦਨਾਕ ਢੰਗ ਨਾਲ ਇਹ ਅਹਿਸਾਸ ਕਰਾਇਆ ਕਿ ਤਿੱਬਤ ਅਤੇ ਸ਼ਿਨਜਿਆਂਗ ਵਿਚ ਇਸ ਦੀਆਂ ਨੀਤੀਆਂ ਕਾਰਗਰ ਸਾਬਤ ਨਹੀਂ ਹੋ ਸਕੀਆਂ। ਇਨ੍ਹਾਂ ਇਲਾਕਿਆਂ ਵਿਚ ਵਿਆਪਕ ਤੌਰ 'ਤੇ ਸਥਾਨਕ ਸਾਧਨਾਂ ਦੀ ਲੁੱਟ ਦੇ ਜ਼ਰੀਏ ਹੋਣ ਵਾਲੇ ਆਰਥਿਕ ਵਿਕਾਸ ਨਾਲ ਇਥੋਂ ਦੇ ਲੋਕਾਂ ਨੂੰ ਜ਼ਿਆਦਾ ਫਾਇਦਾ ਨਹੀਂ ਹੋਇਆ। ਇਥੋਂ ਤੱਕ ਕਿ ਜਿਥੇ ਸਥਾਨਕ ਲੋਕਾਂ ਨੂੰ ਛੋਟੇ-ਮੋਟੇ ਕੰਮ ਹੀ ਮਿਲੇ, ਉਥੇ ਬਾਹਰੋਂ ਆ ਕੇ ਵਸੇ ਹਾਨ ਭਾਈਚਾਰੇ ਦੇ ਲੋਕਾਂ ਨੂੰ ਚੰਗੀ ਕਮਾਈ ਵਾਲੀਆਂ ਨੌਕਰੀਆਂ ਮਿਲੀਆਂ। ਇਹ ਦੱਸਦਾ ਹੈ ਕਿ ਇਥੋਂ ਦੇ ਸਥਾਨਕ ਨਿਵਾਸੀ ਅਤੇ ਬਾਹਰੋਂ ਆ ਕੇ ਵਸੇ ਲੋਕਾਂ ਵਿਚ ਕਿਸ ਤਰ੍ਹਾਂ ਦੇ ਸਮੀਕਰਣ ਹਨ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਹੁਣ ਚੀਨ ਵਿਚ ਵਿਆਪਕ ਤੌਰ 'ਤੇ ਗੈਰ-ਹਾਨ ਸੰਸਕ੍ਰਿਤੀ ਦੀ ਅਗਵਾਈ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਸਕੂਲੀ ਪੱਧਰ ਦੀ ਸਿੱਖਿਆ ਤੋਂ ਲੈ



ਕੇ ਸਥਾਨਕ ਖੇਤੀਬਾੜੀ ਅਤੇ ਮੱਠ ਸਬੰਧੀ ਜੀਵਨ 'ਤੇ ਜ਼ਬਰਦਸਤੀ ਰਾਜਨੀਤਿਕ ਦਿਸ਼ਾ-ਦਸ਼ਾ ਥੋਪਣ ਦੀਆਂ ਚੀਨ ਦੀਆਂ ਨੀਤੀਆਂ ਨੇ ਤਿੱਬਤ ਅਤੇ ਸ਼ਿਨਜਿਆਂਗ ਵਿਚ ਰੋਸ ਦੀਆਂ ਭਾਵਨਾਵਾਂ ਨੂੰ ਭੜਕਾਇਆ ਹੈ। ਆਬਾਦੀ ਦੇ ਅੰਕੜਿਆਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਚੀਨ ਉਥੇ ਸਿਰਫ ਨਸਲੀ ਸਫਾਏ ਵਿਚ ਹੀ ਨਹੀਂ ਲੱਗਾ, ਬਲਕਿ ਨਸਲੀ ਦਮਨ ਕਰ ਰਿਹਾ ਹੈ। ਹਾਨ ਭਾਈਚਾਰੇ ਦੇ ਲੋਕਾਂ ਦੇ ਪੱਛਮ ਵਲ ਝੁਕਾਅ ਦੀ ਮੁਹਿਮ ਜ਼ਰੀਏ ਮੂਲ ਨਿਵਾਸੀਆਂ ਨੂੰ ਨਸਲੀ ਤੌਰ 'ਤੇ ਦਬਾਉਣਾ ਇਕ ਤਰ੍ਹਾਂ ਨਾਲ ਸੰਸਕ੍ਰਿਤਕ ਵਿਨਾਸ਼ ਹੀ ਹੈ। ਤਿੱਬਤੀ ਅਤੇ ਉਈਗਰ ਭਾਸ਼ਾਵਾਂ ਪਹਿਲਾਂ ਹੀ ਸਥਾਨਕ ਸਕੂਲਾਂ ਵਿਚੋਂ ਗਾਇਬ ਹੋ ਰਹੀਆਂ ਹਨ। ਆਪਣੇ ਪੁਰਾਣੇ ਸੰਸਕ੍ਰਿਤਕ ਮਾਹੌਲ ਦਾ ਤੇਜ਼ੀ ਨਾਲ ਹਨਨ ਹੋਣ ਦੇ ਡਰ ਨੇ ਹੀ ਤਿੱਬਤੀਆਂ ਅਤੇ ਉਈਗਰ ਲੋਕਾਂ ਵਿਚ ਆਪਣੀ ਪਹਿਚਾਣ ਅਤੇ ਸੁਤੰਤਰਤਾ ਨੂੰ ਕਾਇਮ ਰੱਖਣ ਦੀ ਭਾਵਨਾ ਨੂੰ ਤੇਜ਼ ਕੀਤਾ ਹੈ।

ਸਾਨੂੰ ਸ਼ਾਇਦ ਕਦੀ ਇਸ ਦਾ ਪਤਾ ਨਹੀਂ ਚੱਲ ਸਕੇਗਾ ਕਿ ਸ਼ਿਨਜਿਆਂਗ ਵਿਚ ਕਿੰਨੇ ਲੋਕ ਗ੍ਰਿਫ਼ਤਾਰ ਅਤੇ ਕਤਲ ਹੋਏ। ਤਿੱਬਤ ਜਾਂ ਸ਼ਿਨਜਿਆਂਗ ਵਿਚ ਖ਼ਤਰੇ ਦਾ ਪਹਿਲਾ ਸੰਕੇਤ ਮਿਲਦੇ ਹੀ ਬੀਜਿੰਗ ਸਥਾਨਕ ਇੰਟਰਨੈਟ ਅਤੇ ਸੈਲਫੋਨ ਸੇਵਾਵਾਂ ਨੂੰ ਕੱਟ ਦਿੰਦਾ ਹੈ ਅਤੇ ਕਰਫਿਊ ਜਾਂ ਕਹੋ ਕਿ ਇਕ ਤਰ੍ਹਾਂ ਨਾਲ ਮਾਰਸ਼ਲ ਲਾਅ ਦੇ ਜ਼ਰੀਏ ਉਥੇ ਸੁਰੱਖਿਆ ਦਾ ਸਖ਼ਤ ਪਹਿਰਾ ਬਿਠਾ ਦਿੰਦਾ ਹੈ। ਸ਼ਿਨਜਿਆਂਗ ਦੀ ਹਿੰਸਾ ਵਿਚ ਮਾਰੇ ਗਏ ਲੋਕਾਂ ਦੀ ਅਧਿਕਾਰਤ ਗਿਣਤੀ ਬਾਰੇ ਲੋਕਾਂ ਨੂੰ ਸ਼ਾਇਦ ਹੀ ਯਕੀਨ ਹੋਵੇ। ਬੀਜਿੰਗ ਨੇ ਸਾਲ 2008 ਦੀ ਬਸੰਤ ਵਿਚ ਤਿੱਬਤ ਵਿਚ ਸਿਰਫ 13 ਲੋਕਾਂ ਦੇ ਮਾਰੇ ਜਾਣ ਦੀ ਗੱਲ ਸਵੀਕਾਰ ਕੀਤੀ ਸੀ, ਜਦੋਂਕਿ ਤਿੱਬਤ ਦੀ ਜਲਾਵਤਨ ਸਰਕਾਰ ਤਕਰੀਬਨ 220 ਲੋਕਾਂ ਦੇ ਮਾਰੇ ਜਾਣ ਦੀ ਗੱਲ ਕਰਦੀ ਹੈ।

ਦੇਖਿਆ ਜਾਵੇ ਤਾਂ ਤਿੱਬਤ ਅਤੇ ਸ਼ਿਨਜਿਆਂਗ ਦੀ ਹਿੰਸਾ ਵਿਚ ਕਈ ਮਹੱਤਵਪੂਰਨ ਸਮਾਨਤਾਵਾਂ ਹਨ। ਇਨ੍ਹਾਂ ਦੋਨਾਂ ਇਲਾਕਿਆਂ ਵਿਚ ਨਸਲੀ ਵਿਦਰੋਹ ਉਦੋਂ ਭੜਕਿਆ, ਜਦੋਂ ਅਧਿਕਾਰੀਆਂ ਨੇ ਇਨ੍ਹਾਂ ਦੀਆਂ ਸਥਾਨਕ ਰਾਜਧਾਨੀਆਂ ਯਾਨੀ ਲਹਾਸਾ ਅਤੇ ਉਰੂਮਕਵੀ (ਜਿਥੇ ਹਾਨ ਭਾਈਚਾਰੇ ਦੇ ਚੀਨੀਆਂ ਦੀ ਆਬਾਦੀ ਹੁਣ ਸਥਾਨਕ ਲੋਕਾਂ ਤੋਂ ਜ਼ਿਆਦਾ ਹੋ ਗਈ ਹੈ) ਵਿਚ ਸ਼ਾਂਤੀਪੂਰਵਕ ਵਿਦਰੋਹ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਨੂੰ ਤਿਤਰ-ਬਿਤਰ ਕਰਨ ਦੀ ਕੋਸ਼ਿਸ਼ ਕੀਤੀ। ਤਿੱਬਤੀ ਵਿਦਰੋਹ ਤੋਂ ਬਾਅਦ ਜਿਸ ਤਰ੍ਹਾਂ ਬੀਜਿੰਗ ਨੇ ਤੁਰੰਤ ਦਲਾਈ ਲਾਮਾ 'ਤੇ ਇਸ ਨੂੰ ਭੜਕਾਉਣ ਦਾ ਦੋਸ਼ ਮੜ੍ਹ ਦਿੱਤਾ, ਉਸੇ ਤਰ੍ਹਾਂ ਉਸ ਨੇ ਸ਼ਿਨਜਿਆਂਗ ਦੇ ਖ਼ੂਨੀ ਕਾਂਡ ਦਾ ਜ਼ਿੰਮੇਵਾਰ ਉਈਗਰ ਦੇ ਜਲਾਵਤਨ ਨੇਤਾਵਾਂ ਅਤੇ ਖਾਸਕਰ ਵਾਸ਼ਿੰਗਟਨ ਵਿਚ ਰਹਿਣ ਵਾਲੀ ਰੇਬੀਆ ਕਦੀਰ ਨੂੰ ਠਹਿਰਾਇਆ। ਪਰ ਕਦੀਰ (ਜਿਹੜੀ ਕਾਰੋਬਾਰੀ ਮਹਿਲਾ ਰਹਿ ਚੁੱਕੀ ਹੈ) ਕਦੇ ਹਿੰਸਾ ਦੀ ਪੈਰੋਕਾਰ ਨਹੀਂ ਹੈ, ਹਾਲਾਂਕਿ ਉਸ ਨੇ ਛੇ ਸਾਲ ਚੀਨ ਦੀ ਜੇਲ੍ਹ ਵਿਚ ਬਿਤਾਏ ਹਨ ਅਤੇ ਉਸ ਦੇ ਦੋ ਪੁੱਤਰ ਅੱਜ ਵੀ ਸ਼ਿਨਜਿਆਂਗ ਵਿਚ ਕੈਦੀ ਹਨ। ਹਕੀਕਤ ਵਿਚ ਤਿੱਬਤ ਅਤੇ ਸ਼ਿਨਜਿਆਂਗ ਵਿਚ ਜ਼ਬਰਦਸਤੀ ਅਬਾਦੀ ਤਬਾਦਲੇ ਦੀਆਂ ਨੀਤੀਆਂ ਦੀ ਸ਼ੁਰੂਆਤ ਮਾਓ ਜ਼ੇ ਤੁੰਗ ਦੁਆਰਾ ਭਾਰਤ ਦੇ 38,000 ਵਰਗ ਕਿਲੋਮੀਟਰ ਦੇ ਅਕਸਾਈ ਚਿਨ ਦੇ ਇਲਾਕੇ ਨੂੰ ਹੜਪਦੇ ਹੋਏ, ਇਨ੍ਹਾਂ ਦੋ ਵਿਦਰੋਹੀ ਇਲਾਕਿਆਂ ਵਿਚਕਾਰ ਇਕ ਗਲਿਆਰਾ ਬਣਾਉਣ ਤੋਂ ਬਾਅਦ ਹੀ ਹੋਈ। ਗੌਰਤਲਬ ਹੈ ਕਿ ਤਕਰੀਬਨ ਸਵਿਟਜ਼ਰਲੈਂਡ ਦੇ ਆਕਾਰ ਵਾਲੇ ਅਕਸਾਈ ਚਿਨ ਦੇ ਇਸ ਇਲਾਕੇ ਨੂੰ ਚੀਨ ਵਲੋਂ ਚੋਰੀ-ਚੋਰੀ ਹੜਪਣ ਦੀ ਸ਼ੁਰੂਆਤ ਮਾਓ ਦੁਆਰਾ 1962 ਵਿਚ ਭਾਰਤ ਖਿਲਾਫ ਖੁੱਲ੍ਹੇ ਤੌਰ 'ਤੇ ਜੰਗ ਛੇੜਣ ਤੋਂ ਪਹਿਲਾਂ ਹੀ 1950 ਦੇ ਦਹਾਕੇ ਵਿਚ ਹੋ ਚੁੱਕੀ ਸੀ।

ਅਕਸਾਈ ਚਿਨ ਦਾ ਇਹ ਇਲਾਕਾ ਚੀਨ ਲਈ ਕੁਨਲੁਨ ਪਹਾੜੀਆਂ ਜ਼ਰੀਏ ਤਿੱਬਤ-ਸ਼ਿਨਜਿਆਂਗ ਤੱਕ ਪਹੁੰਚਣ ਦਾ ਇਕ ਮਾਤਰ ਗਲਿਆਰਾ ਮੁਹੱਈਆ ਕਰਾਉਂਦਾ ਹੈ। ਚੀਨ ਦੀ ਨਸਲੀ ਸਮੱਸਿਆ ਉਦੋਂ ਤੱਕ ਖ਼ਤਮ ਨਹੀਂ ਹੋਵੇਗੀ, ਜਦੋਂ ਤੱਕ ਕਿ ਇਹ ਜ਼ਬਰਦਸਤੀ ਸੰਸਕ੍ਰਿਤਕ ਇਕਸਾਰਤਾ ਥੋਪਣਾ ਬੰਦ ਨਹੀਂ ਕਰਦਾ। ਸਾਲ 2008 ਵਿਚ ਤਿੱਬਤੀ ਵਿਦਰੋਹ ਤੋਂ ਬਾਅਦ ਇਤਿਹਾਸ 'ਚ 2009 ਨੂੰ ਉਈਗਰ ਦੀ ਬਗ਼ਾਵਤ ਲਈ ਯਾਦ ਕੀਤਾ ਜਾਵੇਗਾ, ਜਿਸ ਨੇ ਕਮਿਊਨਿਸਟ ਚੀਨ ਦੀ 60ਵੀਂ ਵਰ੍ਹੇਗੰਢ ਦੇ ਜਸ਼ਨ ਨੂੰ ਫਿਕਾ ਕਰ ਦਿੱਤਾ ਹੈ।

# ਦਹਿਸ਼ਤਗਰਦੀ ਪਾਕਿਸਤਾਨ ਵਲੋਂ ਹੀ ਪੈਦਾ ਕੀਤੀ ਗਈ – ਜ਼ਰਦਾਰੀ

## ਰਾਸ਼ਟਰਪਤੀ ਵਲੋਂ ਕੁਝ ਅਧਿਕਾਰ ਛੱਡਣ ਲਈ ਸਹਿਮਤੀ

**ਇਸਲਾਮਾਬਾਦ :** ਦਹਿਸ਼ਤਵਾਦ ਨੂੰ ਆਪਣੀ ਸਿਆਸੀ ਰਣਨੀਤੀ ਦਾ ਹਿੱਸਾ ਮੰਨਣ ਵਾਲੇ ਪਾਕਿਸਤਾਨ ਨੂੰ ਖ਼ੁਦ ਇਸ ਦਾ ਸੇਕ ਲੱਗਣਾ ਸ਼ੁਰੂ ਹੋ ਗਿਆ ਹੈ। ਪਿਛਲੇ ਸਮੇਂ ਤੋਂ ਤਾਲਿਬਾਨ ਅਤੇ ਹੋਰ ਦਹਿਸ਼ਤਗਰਦ ਜਥੇਬੰਦੀਆਂ ਵਲੋਂ ਕੀਤੀਆਂ ਜਾ ਰਹੀਆਂ ਹਿੰਸਕ ਕਾਰਵਾਈਆਂ ਨੂੰ ਪਾਕਿਸਤਾਨੀ ਸਰਕਾਰ ਦੀ ਪੈਦਾਇਸ਼ ਮੰਨਦਿਆਂ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਕਬੂਲ ਕੀਤਾ ਹੈ ਕਿ ਇਹ ਸਭ ਕੁਝ 'ਘੱਟ ਸਮੇਂ ਦੇ ਸਿਆਸੀ ਉਦੇਸ਼ਾਂ' ਨੂੰ ਪ੍ਰਾਪਤ ਕਰਨ ਲਈ ਕੀਤਾ ਗਿਆ ਸੀ। ਇਸਲਾਮਾਬਾਦ ਵਿਖੇ ਸੇਵਾ ਮੁਕਤ ਸੰਘੀ ਸਕੱਤਰਾਂ ਤੇ ਸੀਨੀਅਰ ਅਧਿਕਾਰੀਆਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਾਬ ਜ਼ਰਦਾਰੀ ਨੇ ਕਿਹਾ ਕਿ ਸਾਨੂੰ ਇਮਾਨਦਾਰੀ ਨਾਲ ਸੱਚਾਈ ਕਬੂਲਣੀ ਚਾਹੀਦੀ ਹੈ। ਜਨਾਬ ਜ਼ਰਦਾਰੀ ਨੇ ਕਿਹਾ ਕਿ ਇਸ ਸਮੇਂ ਸਾਡੇ ਦੇਸ਼ ਨੂੰ ਜਿਸ ਕੱਟੜਵਾਦ ਨੇ ਚੁਣੌਤੀ ਦਿੱਤੀ ਹੋਈ ਹੈ, ਉਹ ਕਮਜ਼ੋਰ ਨੌਕਰਸ਼ਾਹੀ ਦੀ ਵਜ੍ਹਾ ਕਾਰਨ ਨਹੀਂ ਹੈ, ਸਗੋਂ ਇਹ ਸਾਡੀ ਸਿਆਸੀ ਕਮਜ਼ੋਰੀ ਹੈ। ਜਨਾਬ ਜ਼ਰਦਾਰੀ ਨੇ ਕਿਹਾ ਕਿ ਦਹਿਸ਼ਤਵਾਦ ਨੂੰ ਸੋਚੀ ਸਮਝੀ ਰਣਨੀਤੀ ਤਹਿਤ ਉਤਸ਼ਾਹ ਦਿੱਤਾ ਗਿਆ ਹੈ, ਤਾਂ ਜੋ ਘੱਟ ਸਮੇਂ ਦੇ ਉਦੇਸ਼ਾਂ ਨੂੰ ਪ੍ਰਾਪਤ ਕੀਤਾ ਜਾ ਸਕੇ।



ਪਾਕਿਸਤਾਨੀ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ

ਜਨਾਬ ਜ਼ਰਦਾਰੀ ਦੀ ਇਹ ਟਿੱਪਣੀ ਡੇਲੀ ਟਾਈਮਜ਼ ਨੇ ਵੀ ਪ੍ਰਕਾਸ਼ਤ ਕੀਤੀ ਹੈ। ਜਨਾਬ ਜ਼ਰਦਾਰੀ ਨੇ ਕਿਹਾ ਕਿ ਪਾਕਿਸਤਾਨ ਇਸ ਸਮੇਂ ਟੁੱਟਣ ਕੰਢੇ ਹੈ ਅਤੇ ਇਹ ਬਹੁਤਾ ਸਮਾਂ ਮੌਜੂਦਾ ਰਾਜਨੀਤੀ ਨੂੰ ਸਹਾਰ ਨਹੀਂ ਸਕਦਾ। ਕੌਮੀ ਹਿੱਤਾਂ ਨੂੰ ਨਿੱਜੀ ਹਿੱਤਾਂ 'ਤੇ ਭਾਰੀ ਨਾ ਪੈਣ ਦੀ ਗੱਲ ਕਰਦਿਆਂ ਜਨਾਬ ਜ਼ਰਦਾਰੀ ਨੇ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਸਾਡਾ ਦੇਸ਼ ਤਬਾਹ ਹੋ ਜਾਵੇਗਾ। ਜਨਾਬ ਜ਼ਰਦਾਰੀ ਨੇ ਇਸ ਮੌਕੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਵਲੋਂ ਸੱਤਾ ਦੇ ਕੇਂਦਰੀਕਰਨ ਵਾਲੀ ਨੀਤੀ ਦਾ ਵੀ ਵਿਰੋਧ ਕੀਤਾ।

ਉਨ੍ਹਾਂ ਕਿਹਾ ਕਿ ਜਦੋਂ ਸੱਤਾ ਇਕ ਵਿਅਕਤੀ ਦੇ ਹੱਥ ਵਿਚ ਆ ਜਾਂਦੀ ਹੈ ਤਾਂ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੀ ਜਨਾਬ ਜ਼ਰਦਾਰੀ ਨੇ ਪਾਕਿਸਤਾਨੀ ਰਾਸ਼ਟਰਪਤੀ ਵਜੋਂ ਕੁਝ ਅਧਿਕਾਰ ਛੱਡਣ ਦੀ ਸਹਿਮਤੀ ਵੀ ਜਤਾਈ ਹੈ।

ਇਨ੍ਹਾਂ ਅਧਿਕਾਰਾਂ ਵਿਚ ਫੌਜ ਮੁੱਖੀ ਦੀ ਨਿਯੁਕਤੀ ਤੇ ਸੰਸਦ ਨੂੰ ਭੰਗ ਕਰਨ ਦੀਆਂ ਸ਼ਕਤੀਆਂ ਵੀ ਸ਼ਾਮਲ ਹਨ। ਡੇਲੀ ਟਾਈਮਜ਼ ਦੀ ਰਿਪੋਰਟ ਮੁਤਾਬਕ ਜਨਾਬ ਜ਼ਰਦਾਰੀ ਨੇ ਇਹ ਫ਼ੈਸਲਾ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਦੇ ਨਾਲ ਸ਼ਕਤੀ ਸੰਤੁਲਨ ਕਾਇਮ ਕਰਨ ਲਈ ਕੀਤਾ ਹੈ। ਪਾਕਿਸਤਾਨ ਦੀ ਸਿਆਸੀ ਪਾਰਟੀਆਂ 'ਚ ਵੀ ਇਸ ਕਦਮ ਨੂੰ ਲੈ ਕੇ ਆਮ ਸਹਿਮਤੀ ਬਣ ਗਈ ਹੈ। ਪਾਰਟੀਆਂ ਦਾ ਦਾਅਵਾ ਹੈ ਕਿ ਰਾਸ਼ਟਰਪਤੀ ਦੇ ਇਸ ਕਦਮ ਨਾਲ ਦੇਸ਼ ਦੇ ਸੰਵਿਧਾਨ ਨੂੰ ਮਜ਼ਬੂਤੀ ਮਿਲੇਗੀ।

ਅਖ਼ਬਾਰ ਨੇ ਰਾਸ਼ਟਰਪਤੀ ਦੇ ਬੁਲਾਰੇ ਅਤੇ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਦੇ ਬੁਲਾਰੇ ਫਰਹੱਤ ਉਲਾ ਬਾਬਰ ਦੇ ਹਵਾਲੇ ਨਾਲ ਇਹ ਐਲਾਨ ਕੀਤਾ ਹੈ। ਫਰਹੱਤ ਉਲਾ ਨੇ ਕਿਹਾ ਕਿ ਰਾਸ਼ਟਰਪਤੀ ਇਹ ਸ਼ਕਤੀਆਂ ਆਪਣੀ ਪਾਰਟੀ ਤੇ ਸੰਸਦ ਦੀ ਇੱਛਾ ਨਾਲ ਛੱਡ ਦੇਣਗੇ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਸੰਵਿਧਾਨ 'ਚ ਸੁਧਾਰ ਕਰਨ ਲਈ 28 ਮੈਂਬਰੀ ਸਰਬ ਪਾਰਟੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਜਨਾਬ ਜ਼ਰਦਾਰੀ ਨੇ ਸੂਬਾਈ ਰਾਜਪਾਲਾਂ ਦੀ ਨਿਯੁਕਤੀ ਦੇ ਨਾਲ-ਨਾਲ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਸ਼ਕਤੀ ਨੂੰ ਛੱਡਣ ਦਾ ਵੀ ਇਰਾਦਾ ਪ੍ਰਗਟਾਇਆ। ਉਧਰ ਜੀ-5 ਤੇ ਜੀ-8 ਦੀ ਮੀਟਿੰਗ ਤੋਂ ਬਾਅਦ ਪਰਤਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਵਿਸ਼ੇਸ਼ ਜਹਾਜ਼ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਇਸ ਮੀਟਿੰਗ ਦੌਰਾਨ ਅੰਤਰਰਾਸ਼ਟਰੀ ਭਾਈਚਾਰੇ ਨੂੰ ਪਾਕਿਸਤਾਨ 'ਤੇ ਦਹਿਸ਼ਤਗਰਦੀ ਰੋਕਣ ਲਈ ਦਬਾਅ ਪਾਉਣ ਵਾਸਤੇ ਕਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਹਰ ਵੇਲੇ ਪਾਕਿਸਤਾਨ ਨਾਲ ਮਿੱਤਰਤਾ ਚਾਹੁੰਦਾ ਹੈ, ਬਸ਼ਰਤੇ ਪਾਕਿਸਤਾਨ ਮਿੱਤਰਤਾ ਨਿਭਾਉਣ ਦਾ ਵਾਅਦਾ ਕਰੇ।

# ਫਰਾਂਸ ਵਲੋਂ ਵੀ ਸੁਰੱਖਿਆ ਕੌਂਸਲ 'ਚ ਭਾਰਤ ਲਈ ਸਥਾਈ ਸੀਟ ਦਾ ਸਮਰਥਨ

**ਨਵੀਂ ਦਿੱਲੀ :** ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਭਾਰਤ ਲਈ ਸਥਾਈ ਸੀਟ ਦਾ ਜ਼ੋਰਦਾਰ ਸਮਰਥਨ ਕਰਦਿਆਂ ਫਰਾਂਸ ਨੇ ਕਿਹਾ ਹੈ ਕਿ ਜੇਕਰ ਇਹ ਵਿਸ਼ਵ ਸੰਸਥਾ ਅਮਨ ਤੇ ਸੁਰੱਖਿਆ ਸੰਕਟ ਨਾਲ ਨਿਪਟਣ ਲਈ ਇਕ ਕਾਨੂੰਨੀ ਤੌਰ 'ਤੇ ਜਾਇਜ਼ ਸਥਾਨ ਬਰਕਰਾਰ ਰੱਖਣਾ ਚਾਹੁੰਦੀ ਹੈ ਤਾਂ ਇਹ ਬਿਲਕੁਲ ਜ਼ਰੂਰੀ ਹੈ। ਲੰਘੀ 9 ਜੁਲਾਈ ਨੂੰ ਭਾਰਤ 'ਚ ਫਰਾਂਸੀਸੀ ਰਾਜਦੂਤ ਜੈਰਮ ਬੋਨਾਫੋਂਟ ਨੇ ਕਿਹਾ ਹੈ ਕਿ ਸੁਰੱਖਿਆ ਕੌਂਸਲ 'ਚ ਪਿਛਲੇ ਸੁਧਾਰ 60ਵਿਆਂ 'ਚ ਹੋਏ ਸਨ ਤੇ ਹੁਣ ਹੋਰ ਸੁਧਾਰ ਜ਼ਰੂਰੀ ਹਨ।

ਇਸ ਲਈ ਕੁਝ ਹੋਰ ਦੇਸ਼ਾਂ ਦੇ ਨਾਲ ਨਾਲ ਭਾਰਤ ਨੂੰ ਸਥਾਈ ਮੈਂਬਰ ਵਜੋਂ ਲੈਣਾ ਬਿਲਕੁਲ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਕਪਾਸੜਤਾ ਤੋਂ ਬਚਣ ਤੇ ਇਕ ਅਜਿਹਾ ਵਾਤਾਵਰਨ ਤਿਆਰ ਕਰਨ ਲਈ, ਜਿਥੇ ਸਾਰੇ ਦੇਸ਼ ਅਮਨ ਨੂੰ ਖਤਰਿਆਂ ਨੂੰ ਦੂਰ ਕਰਨ ਲਈ ਮਿਲ ਬੈਠ ਕੇ ਗੱਲ ਕਰ ਸਕਨ, ਵਾਸਤੇ ਵੀ ਇਹ ਜ਼ਰੂਰੀ ਹੈ।

ਫਿਰ ਵੀ ਉਨ੍ਹਾਂ ਕਿਹਾ ਕਿ ਇਹ ਇਕ ਬਹੁਤ ਕਠਿਨ ਸੁਧਾਰ ਹੈ, ਜਿਸ ਲਈ 5 ਸਥਾਈ ਮੈਂਬਰਾਂ ਤੋਂ ਇਲਾਵਾ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ ਦੋ ਤਿਹਾਈ ਬਹੁਸੰਮਤੀ ਦੀ ਲੋੜ ਹੈ ਤੇ ਕੁਝ ਦੇਸ਼ਾਂ ਦਾ ਇਕ ਗਰੁੱਪ ਇਹ ਸੁਧਾਰ ਨਹੀਂ ਵੀ ਚਾਹੁੰਦਾ, ਪਰ ਫਰਾਂਸ ਇਸ ਲਈ ਦ੍ਰਿੜ੍ਹ ਹੈ।

ਉਨ੍ਹਾਂ ਵਿਸ਼ਵ ਸਮੱਸਿਆਵਾਂ ਹੱਲ ਕਰਨ ਤੇ ਭਾਰਤ ਸਮੇਤ ਉੱਭਰ ਰਹੇ ਦੇਸ਼ਾਂ ਦੀ ਸ਼ਮੂਲੀਅਤ ਲਈ ਕੌਮਾਂਤਰੀ ਵਿੱਤੀ ਸੰਸਥਾਵਾਂ ਦੇ ਮਹੱਤਵਪੂਰਨ ਸੁਧਾਰਾਂ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਭਾਰਤ ਤੇ ਫਰਾਂਸ 'ਚ ਬਹੁਤ ਵਿਸ਼ੇਸ਼ ਸਬੰਧ ਹਨ। ਫਰਾਂਸੀਸੀ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਭਾਰਤ ਦੇ ਗਣਤੰਤਰ ਦਿਵਸ ਸਮਾਗਮ 'ਚ ਮੁੱਖ ਮਹਿਮਾਨ ਸਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ 14 ਜੁਲਾਈ ਨੂੰ ਫਰਾਂਸੀਸੀ ਨੈਸ਼ਨਲ ਪਰੇਡ 'ਚ ਮੁੱਖ ਮਹਿਮਾਨ ਬਣੇ ਹਨ। ਭਾਰਤੀ ਫੌਜ ਦੀ ਇਕ ਟੁਕੜੀ ਵੀ ਫਰਾਂਸੀਸੀ ਨੈਸ਼ਨਲ ਡੇਅ ਪਰੇਡ 'ਚ ਸ਼ਾਮਲ ਹੋਈ।

# ਇਕ ਭਾਰਤੀ ਦੇ ਇਲਾਜ 'ਚ ਕੋਤਾਹੀ ਕਰਨ ਵਾਲੇ ਕੈਨੇਡਾ ਦੇ ਹਸਪਤਾਲ ਨੂੰ 5 ਲੱਖ ਡਾਲਰ ਜੁਰਮਾਨਾ

**ਟੋਰਾਂਟੋ :** ਇਥੋਂ ਦੇ ਇਕ ਹਸਪਤਾਲ ਵਲੋਂ ਇਲਾਜ ਵਿਚ ਅਣਗਹਿਲੀ ਵਰਤੇ ਜਾਣ ਕਾਰਨ ਭਾਰਤੀ ਮੂਲ ਦੇ ਜਿਸ ਕੈਨੇਡੀਅਨ ਵਿਅਕਤੀ ਨੂੰ ਅਧਰੰਗ ਹੋ ਗਿਆ ਸੀ, ਉਸ ਨੂੰ ਕੈਨੇਡਾ ਦੀ ਇਕ ਅਦਾਲਤ ਨੇ ਪੰਜ ਲੱਖ ਡਾਲਰ ਤੋਂ ਵੱਧ ਮੁਆਵਜ਼ਾ ਦੇਣ ਦਾ ਫੈਸਲਾ ਸੁਣਾਇਆ ਹੈ।

ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਇਕ ਸਰਕਾਰੀ ਹਸਪਤਾਲ ਨੂੰ ਆਦੇਸ਼ ਦਿੱਤਾ ਹੈ ਕਿ ਕਰੀਬ ਇਕ ਦਹਾਕਾ ਪਹਿਲਾਂ ਇਲਾਜ ਵਿਚ ਅਣਗਹਿਲੀ ਵਰਤੇ ਜਾਣ ਕਾਰਨ ਉਹ ਸ਼ਾਨ ਕਾਹਲੋਂ (41 ਸਾਲ) ਤੇ ਉਸ ਦੀ ਪਤਨੀ ਮਿਸ਼ੇਲ ਨੂੰ 5,96,408 ਡਾਲਰ (512700 ਅਮਰੀਕੀ ਡਾਲਰ) ਅਦਾ ਕਰੇ। ਇਸ ਦੇ ਨਾਲ ਹੀ ਅਦਾਲਤ ਨੇ ਵੈਨਕੂਵਰ ਕੋਸਟਲ ਹੈਲਥ ਅਥਾਰਟੀ ਅਤੇ ਵੈਨਕੂਵਰ ਹਸਪਤਾਲ ਤੇ ਹੈਲਥ ਸਾਇੰਸਿਜ਼ ਸੈਂਟਰ ਨੂੰ ਆਦੇਸ਼ ਦਿੱਤਾ ਹੈ ਕਿ ਉਹ 17 ਸਾਲਾਂ ਤੱਕ ਪ੍ਰਤੀ ਸਾਲ ਸ੍ਰੀ ਕਾਹਲੋਂ ਨੂੰ 2,42,500 ਡਾਲਰ ਅਦਾ ਕਰੇ ਤਾਂ ਜੋ ਉਹ ਆਪਣੀ ਸੰਭਾਲ ਵਾਸਤੇ ਕੋਈ ਸਹਾਇਕ ਰੱਖ ਸਕੇ ਤੇ ਆਪਣਾ ਇਲਾਜ ਕਰਵਾ ਸਕੇ। ਜ਼ਿਕਰਯੋਗ ਹੈ ਕਿ ਸ੍ਰੀ ਕਾਹਲੋਂ ਕਿੱਤੇ ਵਜੋਂ ਅਧਿਆਪਕ ਸਨ ਅਤੇ 1999 ਵਿਚ ਉਨ੍ਹਾਂ ਨੂੰ ਪਿੱਠ ਦਰਦ ਦੀ ਸ਼ਿਕਾਇਤ ਹੋਈ ਸੀ। ਉਦੋਂ ਉਨ੍ਹਾਂ ਦੇ ਡਾਕਟਰ ਨੇ ਸ੍ਰੀ ਕਾਹਲੋਂ ਨੂੰ ਸੀ.ਟੀ. ਸਕੈਨ ਕਰਵਾਉਣ ਲਈ ਭੇਜਿਆ, ਜਿਸ ਦੀ ਪਹਿਲੀ ਰਿਪੋਰਟ ਵਿਚ ਕੁਝ ਤਕਨੀਕੀ ਨੁਕਸ ਪੈ ਗਿਆ। ਇਸ 'ਤੇ ਉਨ੍ਹਾਂ ਨੂੰ ਦੁਬਾਰਾ ਸਕੈਨਿੰਗ ਲਈ ਆਉਣ ਵਾਸਤੇ ਕਹਿ ਕੇ ਮੋੜ ਦਿੱਤਾ ਗਿਆ, ਪਰ ਸ੍ਰੀ ਕਾਹਲੋਂ ਇਹ ਸੋਚ ਕੇ ਵਾਪਸ ਨਹੀਂ ਗਏ ਕਿ ਦਰਦ ਆਪਣੇ ਆਪ ਠੀਕ ਹੋ ਜਾਵੇਗਾ। ਜਦੋਂ ਇਕ ਸਾਲ ਬਾਅਦ ਉਨ੍ਹਾਂ ਦੀ ਸਹੀ ਰਿਪੋਰਟ ਮਿਲੀ ਤਾਂ ਉਦੋਂ ਤੱਕ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ, ਜਿਸ ਪਿੱਛੋਂ ਉਨ੍ਹਾਂ ਨੂੰ ਅਧਰੰਗ ਹੋ ਗਿਆ।

# ਸੁਪਰੀਮ ਕੋਰਟ ਵਲੋਂ ਮਾਇਆਵਤੀ ਨੂੰ ਰਾਹਤ, ਸੀ.ਬੀ.ਆਈ. ਦੁਆਲੇ ਹੋਈ

**ਨਵੀਂ ਦਿੱਲੀ :** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੂੰ ਘੇਰਨ ਦੇ ਰੌਂਅ ਵਿਚ ਨਜ਼ਰ ਆ ਰਹੀ ਹੈ, ਕਿਉਂਕਿ ਸੀ.ਬੀ.ਆਈ. ਨੇ 5 ਸਾਲ ਪੁਰਾਣੇ ਇਕ ਮਾਮਲੇ ਦੀ ਚਾਰਜਸ਼ੀਟ ਤਿਆਰ ਕਰਕੇ ਸੁਪਰੀਮ ਕੋਰਟ 'ਚ ਦਾਖਲ ਕਰਨ ਦੀ ਯੋਜਨਾ ਬਣਾਈ ਹੈ। ਸੀ.ਬੀ.ਆਈ. ਨੇ ਸੁਪਰੀਮ ਕੋਰਟ ਨੂੰ ਸੂਚਿਤ ਕੀਤਾ ਹੈ ਕਿ ਮਾਇਆਵਤੀ ਖਿਲਾਫ਼ ਸਰੋਤਾਂ ਤੋਂ ਵਧ ਆਮਦਨ ਇਕੱਠੀ ਕਰਨ ਦੇ ਮਾਮਲੇ ਵਿਚ ਚਾਰਜਸ਼ੀਟ ਤਿਆਰ ਹੈ, ਜਦੋਂ ਕਿ ਮਾਇਆਵਤੀ ਨੇ ਇਸ ਫੈਸਲੇ ਨੂੰ ਰਾਜਨੀਤੀ ਨਾਲ ਪ੍ਰੇਰਿਤ ਦੱਸਿਆ। ਸੀ.ਬੀ.ਆਈ. ਨੇ ਆਪਣੇ ਹਲਫ਼ਨਾਮੇ ਵਿਚ ਕਿਹਾ ਹੈ ਕਿ ਸਮਰੱਥ ਅਥਾਰਟੀ ਨੇ ਵਿਸ਼ੇਸ਼ ਸੁਣਵਾਈ ਅਦਾਲਤ ਵਿਚ ਅਪਰਾਧ ਪ੍ਰਕਿਰਿਆ ਕਾਨੂੰਨ ਦੀ ਧਾਰਾ 173 ਤਹਿਤ ਅੰਤਰਿਮ ਰਿਪੋਰਟ ਦਾਖਲ ਕਰਨ ਦਾ ਫੈਸਲਾ ਲੈ ਲਿਆ ਹੈ। ਇਸ ਮਾਮਲੇ 'ਤੇ ਸੁਣਵਾਈ 13 ਜੁਲਾਈ ਨੂੰ ਹੋਣੀ ਹੈ। ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਕਿ ਬਸਪਾ ਸੁਪਰੀਮੋ ਖਿਲਾਫ਼ ਉਚਿਤ ਸਬੂਤ ਹੋਣ ਬਾਰੇ ਉਸ ਨੇ ਸੁਪਰੀਮ ਕੋਰਟ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ 2003 ਵਿਚ ਮਾਇਆਵਤੀ ਵਲੋਂ ਐਲਾਨੀ ਇਕ ਕਰੋੜ ਰੁਪਏ ਦੀ ਰਾਸ਼ੀ 2007 ਤੱਕ 50 ਕਰੋੜ ਰੁਪਏ ਹੋ ਜਾਣ ਬਾਰੇ ਇਤਰਾਜ਼ ਜਤਾਇਆ ਸੀ, ਜਦੋਂ ਕਿ ਮਾਇਆਵਤੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਹ ਰਾਸ਼ੀ ਉਨ੍ਹਾਂ ਦੇ ਪਾਰਟੀ ਕਾਰਕੁੰਨਾਂ ਨੇ ਚੰਦੇ ਵਜੋਂ ਦਿੱਤੀ ਹੈ। ਇਸ ਰਾਸ਼ੀ ਵਿਚ ਇਕੱਲੇ ਵਿਅਕਤੀ ਵਲੋਂ 5 ਲੱਖ ਤੋਂ ਲੈ ਕੇ 10 ਲੱਖ ਤੱਕ ਰੁਪਏ ਦਿੱਤੇ ਗਏ ਹਨ। ਮਾਇਆਵਤੀ ਅਨੁਸਾਰ ਉਨ੍ਹਾਂ ਨੂੰ ਇਹ ਰਾਸ਼ੀ ਉਨ੍ਹਾਂ ਦੇ ਜਨਮ ਦਿਨ 'ਤੇ ਤੋਹਫ਼ੇ ਵਜੋਂ ਦਿੱਤੀ ਗਈ ਹੈ। ਹਾਲਾਂ ਕਿ ਸੀ.ਬੀ.ਆਈ. ਨੇ ਮਾਇਆਵਤੀ ਦੇ ਇਸ ਤਰਕ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਜਲਦ ਹੀ ਇਸ ਸਬੰਧ ਵਿਚ ਮਾਇਆਵਤੀ ਖਿਲਾਫ਼ ਚਾਰਜਸ਼ੀਟ ਦਾਇਰ ਕਰਨਗੇ। ਸੀ.ਬੀ.ਆਈ. ਨੇ ਮਾਇਆਵਤੀ ਵਲੋਂ ਯੂ.ਪੀ.ਏ. ਸਰਕਾਰ 'ਤੇ ਲਗਾਏ ਦੋਸ਼ਾਂ ਨੂੰ ਖਾਰਜ ਕਰ ਦਿੱਤਾ।

ਇਸ ਦੌਰਾਨ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਤੇ ਬਸਪਾ ਸੁਪਰੀਮੋ ਮਾਇਆਵਤੀ ਨੂੰ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਇਕ ਅਹਿਮ ਫ਼ੈਸਲੇ 'ਚ ਕਿਹਾ ਕਿ ਉੱਤਰ ਪ੍ਰਦੇਸ਼ 'ਚ ਮਾਇਆਵਤੀ ਤੇ ਹੋਰ ਦਲਿਤ ਆਗੂਆਂ ਦੇ ਬੁੱਤ ਲਗਵਾਉਣ ਤੋਂ ਰੋਕਿਆ ਨਹੀਂ ਜਾ ਸਕਦਾ।

ਅਦਾਲਤ ਨੇ ਆਪਣੇ ਫ਼ੈਸਲੇ 'ਚ ਕਿਹਾ ਹੈ ਕਿ ਇਸ ਮਾਮਲੇ 'ਚ ਦਖ਼ਲਅੰਦਾਜ਼ੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਸ ਫ਼ੈਸਲੇ ਨੂੰ ਸੂਬਾ ਕੈਬਨਿਟ ਨੇ ਮਨਜ਼ੂਰੀ ਦਿੱਤੀ ਹੋਈ ਹੈ। ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਇਸ ਫ਼ੈਸਲੇ ਨੂੰ ਜਿਉਂ ਦਾ ਤਿਉਂ ਰੱਖਣ ਦੀ ਮੰਗ ਕੀਤੀ ਗਈ ਸੀ, ਜਿਸ ਬਾਰੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਸੁਣਾਇਆ।

ਬੈਂਚ ਨੇ ਆਪਣੇ ਫ਼ੈਸਲੇ 'ਚ ਕਿਹਾ ਹੈ, "ਜੇਕਰ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ ਤਾਂ ਅਸੀਂ ਕੁਝ ਨਹੀਂ ਕਰ ਸਕਦੇ।" ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਸਰਕਾਰ ਨੇ ਨੋਇਡਾ ਸ਼ਹਿਰ 'ਚ ਯਮੁਨਾ ਨਦੀ ਦੇ ਕਿਨਾਰੇ 4 ਕਿਲੋਮੀਟਰ ਲੰਮੇ ਇਲਾਕੇ 'ਚ ਮਾਇਆਵਤੀ ਤੇ ਬਸਪਾ ਦੇ ਬਾਨੀ ਕਾਂਸ਼ੀ ਰਾਮ ਸਮੇਤ ਕਈ ਬਸਪਾ ਆਗੂਆਂ ਦੇ ਬੁੱਤ ਲਗਾਉਣ ਦਾ ਪ੍ਰਸਤਾਵ ਰੱਖਿਆ ਸੀ। ਅਦਾਲਤ ਨੇ ਕਿਹਾ ਕਿ ਇਸ ਤਰ੍ਹਾਂ ਦੀ ਪਟੀਸ਼ਨ ਅਲਾਹਾਬਾਦ ਹਾਈ ਕੋਰਟ 'ਚ ਦਾਖ਼ਲ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਇੱਥੇ ਇਸ ਤਰ੍ਹਾਂ ਦੇ ਕਈ ਹੋਰ ਮਾਮਲੇ ਵਿਚਾਰ ਅਧੀਨ ਹਨ। ਬੈਂਚ ਨੇ ਮਾਮਲੇ ਦੀ ਪੈਰਵਾਈ ਕਰ ਰਹੇ ਵਕੀਲ ਰਵੀ ਕਾਂਤ ਨੂੰ ਕਿਹਾ ਕਿ ਪਹਿਲਾਂ ਉਨ੍ਹਾਂ ਨੂੰ ਹਾਈ ਕੋਰਟ ਜਾਣਾ ਚਾਹੀਦਾ ਹੈ। ਦੱਸਣਾ ਬਣਦਾ ਹੈ ਕਿ ਰਵੀ ਕਾਂਤ ਦੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਹੀ ਉਚ ਅਦਾਲਤ ਨੇ 29 ਜੂਨ ਨੂੰ ਉੱਤਰ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ।

## ਜਾਇਦਾਦ ਲਈ ਹੋਈ ਜੈਕਸਨ ਦੀ ਹੱਤਿਆ, ਭੈਣ ਨੇ ਕਿਹਾ


**ਲੰਡਨ :** ਮਾਈਕਲ ਜੈਕਸਨ ਦੀ ਮੌਤ ਦੇ ਡੂੰਘੇ ਰਾਜ਼ ਵਿਚ ਉਸ ਵੇਲੇ ਇਕ ਨਵਾਂ ਮੋੜ ਆ ਗਿਆ, ਜਦ ਉਨ੍ਹਾਂ ਦੀ ਭੈਣ ਲਾ ਟੋਇਆ ਨੇ ਦਾਅਵਾ ਕੀਤਾ ਕਿ ਪੋਪ ਸੰਗੀਤ ਦੇ ਬੇਤਾਜ ਬਾਦਸ਼ਾਹ ਦੀ ਹੱਤਿਆ ਉਨ੍ਹਾਂ ਦੀ ਇਕ ਅਰਬ ਪੌਂਡ ਦੀ ਜਾਇਦਾਦ ਲਈ ਕੀਤੀ ਗਈ। ਲਾ ਟੋਇਆ ਦਾ ਇਹ ਦਾਅਵਾ ਲਾਸ ਏਂਜਲਸ ਪੁਲਸ ਮੁਖੀ ਵਲੋਂ ਇਹ ਸਵੀਕਾਰ ਕਰਨ ਦੇ ਦੋ ਦਿਨ ਬਾਅਦ ਆਇਆ ਹੈ ਕਿ ਉਹ ਜੈਕਸਨ ਦੀ ਮੌਤ ਦੇ ਮਾਮਲੇ ਵਿਚ ਸੰਭਾਵੀ ਹੱਤਿਆ ਦੇ ਪਹਿਲੂਆਂ ਦੀ ਜਾਂਚ ਕਰ ਰਹੇ ਹਨ। ਨਿਊਜ਼ ਆਫ ਦੀ ਵਰਲਡ ਨੇ ਖ਼ਬਰ ਦਿੱਤੀ ਹੈ ਕਿ ਜੈਕਸਨ ਦੀ ਭੈਣ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਇਸ ਗੱਲ ਨਾਲ ਸਹਿਮਤ ਹਨ ਕਿ ਉਨ੍ਹਾਂ ਦੇ ਭਰਾ ਦੀ ਦਵਾਈ ਦੀ ਵਧ ਵਰਤੋਂ ਕਰਨ ਨਾਲ ਮੌਤ ਹੋਣ ਦੀ ਗੱਲ ਜ਼ਾਹਰ ਕਰਨਾ ਉਸ ਅਣਜਾਣੇ ਸਾਜ਼ਿਸ਼ਕਾਰ ਦੀ ਸਾਜ਼ਿਸ਼ ਹੈ, ਜੋ ਗਾਇਕ ਦੀ ਇਕ ਅਰਬ ਦੀ ਜਾਇਦਾਦ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ।



ਲਾ ਟੋਇਆ ਦੇ ਹਵਾਲੇ ਨਾਲ ਅਖ਼ਬਾਰ ਨੇ ਕਿਹਾ ਕਿ ਮਾਈਕਲ ਦੀ ਹੱਤਿਆ ਹੋਈ ਹੈ, ਸਾਨੂੰ ਨਹੀਂ ਲੱਗਦਾ ਕਿ ਇਸ ਵਿਚ ਕੇਵਲ ਇਕ ਵਿਅਕਤੀ ਸ਼ਾਮਲ ਹੈ। ਇਹ ਸਭ ਲੋਕਾਂ ਦੀ ਸਾਜ਼ਿਸ਼ ਹੈ, ਇਹ ਸਭ ਕੁਝ ਪੈਸੇ ਲਈ ਹੋਇਆ ਹੈ। ਮਾਈਕਲ ਦੀ ਜਾਇਦਾਦ ਇਕ ਅਰਬ ਪੌਂਡ ਤੋਂ ਜ਼ਿਆਦਾ ਸੀ ਅਤੇ ਇਸੇ ਲਈ ਉਨ੍ਹਾਂ ਦੀ ਕਿਸੇ ਨੇ ਹੱਤਿਆ ਕਰ ਦਿੱਤੀ।

## ਲਾਲ ਬਹਾਦਰ ਸ਼ਾਸਤਰੀ ਦੀ ਮੌਤ ਬਾਰੇ ਜਾਣਕਾਰੀ ਪ੍ਰਦਾਨ ਕਰਨ ਤੋਂ ਸਰਕਾਰ ਦਾ ਜਵਾਬ

**ਨਵੀਂ ਦਿੱਲੀ :** ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਪਰਿਵਾਰ ਨੇ ਮੰਗ ਕੀਤੀ ਹੈ ਕਿ ਸ਼ਾਸਤਰੀ ਜੀ ਦੀ ਮੌਤ ਬਾਰੇ ਸਾਰੇ ਸ਼ੱਕ ਦੂਰ ਕੀਤੇ ਜਾਣ। ਇਸਤੋਂ ਪਹਿਲਾਂ ਸਰਕਾਰ ਨੇ ਜਾਣਕਾਰੀ ਹਾਸਲ ਕਰਨ ਦੇ ਹੱਕ (ਆਰ.ਟੀ.ਆਈ) ਤਹਿਤ ਮੌਤ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।



*ਲਾਲ ਬਹਾਦਰ ਸ਼ਾਸਤਰੀ*

ਸ੍ਰੀ ਸ਼ਾਸਤਰੀ ਦੇ ਪੁੱਤਰ ਸੁਨੀਲ ਨੇ ਕਿਹਾ, 'ਉਨ੍ਹਾਂ ਦੀ ਮੌਤ ਪੂਰੇ ਪਰਿਵਾਰ ਤੇ ਪੂਰੇ ਦੇਸ਼ ਲਈ ਵੱਡਾ ਸਦਮਾ ਸੀ। ਮੈਂ ਆਪ ਉਦੋਂ 16 ਸਾਲ ਦਾ ਸੀ, ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੇਰੇ ਪਿਤਾ ਦੀ ਛਾਤੀ, ਪੇਟ ਅਤੇ ਪਿੱਠ 'ਤੇ ਗਾੜ੍ਹੇ ਨੀਲੇ ਰੰਗ ਦੇ ਨਿਸ਼ਾਨ ਸਨ। ਉਦੋਂ ਵੀ ਮੇਰੀ ਮਾਤਾ ਅਤੇ ਮੈਂ ਇਹੀ ਸ਼ੱਕ ਜਾਹਰ ਕੀਤਾ ਸੀ ਕਿ ਮੌਤ ਭੇਤ ਭਰੇ ਹਾਲਾਤ ਵਿਚ ਹੋਈ ਹੈ।

ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਦੀ ਮੌਤ ਬਾਰੇ ਦੇਸ਼ ਦੇ ਲੱਖਾਂ ਲੋਕਾਂ ਦੇ ਮਨਾਂ ਵਿੱਚ ਸ਼ੱਕ ਬਣਿਆ ਰਿਹਾ। ਸ੍ਰੀ ਸੁਨੀਲ ਨੇ ਕਿਹਾ, "ਮੈਂ ਖ਼ੁਦ ਮਹਿਸੂਸ ਕਰਦਾ ਹਾਂ ਕਿ ਸ੍ਰੀ ਸ਼ਾਸਤਰੀ ਨਾ ਸਿਰਫ ਮਹਾਨ ਆਗੂ ਸਨ, ਸਗੋਂ ਉਹ ਦੇਸ਼ ਦਾ ਸਰਮਾਇਆ ਸਨ।

ਉਹ ਬਹੁਤ ਪਿਆਰੀ ਸ਼ਖਸੀਅਤ ਸਨ ਤੇ ਬਹੁਤੇ ਲੋਕੀਂ ਉਨ੍ਹਾਂ ਨੂੰ ਹੁਣ ਤੱਕ ਦਾ ਸਭ ਤੋਂ ਸਫਲ ਪ੍ਰਧਾਨ ਮੰਤਰੀ ਮੰਨਦੇ ਹਨ। ਸਰਕਾਰ ਨੂੰ ਉਨ੍ਹਾਂ ਦੀ ਮੌਤ ਬਾਰੇ ਸਾਰੇ ਸ਼ੱਕ ਇਕੋ ਵਾਰ ਦੂਰ ਕਰ ਦੇਣੇ ਚਾਹੀਦੇ ਹਨ ਤਾਂ ਕਿ ਇਹ ਮੁੱਦਾ ਸਦਾ ਲਈ ਠੱਪ ਹੋ ਜਾਵੇ।"

ਉਧਰ ਸਰਕਾਰ ਦਾ ਆਖਣਾ ਹੈ ਕਿ ਇਸ ਸੰਬੰਧ ਵਿਚ ਸੂਚਨਾ ਜਾਰੀ ਨਹੀਂ ਕੀਤੀ ਜਾ ਸਕਦੀ ਕਿਉਂ ਕਿ ਇਹ ਅੰਤਰਰਾਸ਼ਟਰੀ ਸੰਬੰਧਾਂ ਦਾ ਮਾਮਲਾ ਹੈ।



# ਸ਼ੈਰੀ ਦੀ ਡਾਇਰੀ ਦੇ ਕੁਝ ਹੋਰ ਪੰਨੇ

**ਰੰਗ-ਬੇਰੰਗ**

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਸ਼ੈਰੀ ਸੰਧੂ ਦੀ ਡਾਇਰੀ ਦੇ ਕੁਝ ਪੰਨੇ ਪਹਿਲਾਂ ਵੀ 'ਪੰਜਾਬ ਟਾਈਮਜ਼' 'ਚ ਛਪ ਚੁੱਕੇ ਹਨ। ਸ਼ੈਰੀ ਰੀਟਾਇਰਡ ਇੰਜੀਨੀਅਰ ਹੈ, ਜੋ ਪੱਕੇ ਤੌਰ 'ਤੇ ਆਪਣੀ ਪਤਨੀ ਨਾਲ ਚੰਡੀਗੜ੍ਹ ਰਹਿੰਦਾ ਹੈ, ਪਰ ਹਰ ਗਰਮੀ ਰੁੱਤੇ ਆਪਣੇ ਬੇਟੇ ਤੇ ਬੇਟੀ ਕੋਲ ਅਮਰੀਕਾ 'ਚ 3-4 ਮਹੀਨੇ ਗੁਜ਼ਾਰ ਕੇ ਜਾਂਦਾ ਹੈ। ਆਪਣੀ ਆਦਤ ਅਨੁਸਾਰ ਉਹ ਡਾਇਰੀ ਲਿਖਦਾ ਹੈ। ਜਦੋਂ ਅਮਰੀਕਾ ਹੁੰਦਾ ਹੈ ਤਾਂ ਇਥੋਂ ਦੇ ਪੰਜਾਬੀ ਸਮਾਜ ਬਾਰੇ ਆਪਣੇ ਵਿਚਾਰ ਅੰਕਿਤ ਕਰਦਾ ਹੈ। ਇਨ੍ਹਾਂ ਵਿਚੋਂ ਕੁਝ ਪਤਰੇ ਇਸ ਕਾਲਮ ਰਾਹੀਂ ਅਸਾਂ ਪਾਠਕਾਂ ਤੱਕ ਪੁੱਜਦੇ ਕੀਤੇ ਸਨ।

ਉਸ ਬਾਰੇ ਇਕ ਹੋਰ ਗੱਲ ਹੈ, ਜੋ ਆਮ ਬੰਦੇ ਨੂੰ ਸੁਣ ਕੇ ਜੇ ਅਜੀਬ ਨਹੀਂ ਵੀ ਲਗਦੀ ਤਾਂ ਅਢੁੱਕਵੀਂ ਜ਼ਰੂਰ ਲੱਗਦੀ ਹੈ ਅਤੇ ਉਹ ਹੈ ਉਸ ਦਾ ਪੂਰਾ ਨਾਂ। ਸ਼ੈਰੀ ਉਸ ਦਾ ਨਿੱਕ ਨੇਮ ਹੈ ਤੇ ਉਸ ਦਾ ਪੂਰਾ ਨਾਂ ਹੈ 'ਸੁੰਦਰ ਸਿੰਘ ਸੰਧੂ।' ਕਾਲਜ ਦੇ ਦਿਨਾਂ 'ਚ ਉਹ ਆਪਣੇ ਇਸ ਨਾਂ 'ਤੇ ਜਿੰਨਾ ਪਰਦਾ ਪਾ ਸਕਦਾ ਸੀ ਪੌਂਦਾ। ਮੈਂ ਨਹੀਂ ਜਾਣਦਾ ਉਨ੍ਹਾਂ ਦਿਨਾਂ 'ਚ ਉਸ ਨੂੰ ਕਿਸੇ ਨੇ ਸੁੰਦਰ ਜਾਂ ਸੁੰਦਰ ਸਿੰਘ ਕਹਿ ਕੇ ਬੁਲਾਇਆ ਹੋਵੇ। ਜੇ ਕਿਤੇ ਪੂਰਾ ਨਾਂ ਲਿਖਣ ਦੀ ਲੋੜ ਪੈਂਦੀ ਤਾਂ ਉਹ 'ਐਸ.ਐਸ.ਸੰਧੂ' ਨਾਲ ਹੀ ਕੰਮ ਸਾਰਨ ਦੀ ਕੋਸ਼ਿਸ਼ ਕਰਦਾ। 'ਸੁੰਦਰ ਸਿੰਘ ਸੰਧੂ' ਉਹ ਅਨਸਰਦੇ ਨੂੰ ਵਰਤਦਾ, ਜਿਵੇਂ ਕਾਲਜ ਦਾ ਦਾਖਲਾ ਫਾਰਮ ਭਰਨ ਵੇਲੇ ਆਦਿ। ਇਸ ਪਿਛੇ ਕਹਾਣੀ ਇਹ ਕਿ ਸ਼ੈਰੀ ਦਾ ਦਾਦਾ ਜ਼ੈਲਦਾਰ ਸ਼ਿਵਦੇਵ ਸਿੰਘ ਸੰਧੂ ਬੜਾ ਦੂਰਦਰਸ਼ੀ ਅਤੇ ਸਮਝਦਾਰ ਆਦਮੀ ਸੀ। ਜਦੋਂ ਪਿੰਡਾਂ 'ਚ ਕੋਈ ਕੋਈ ਪੜ੍ਹਿਆ ਲਿਖਿਆ ਬੰਦਾ ਹੁੰਦਾ ਸੀ, ਉਨ੍ਹਾਂ ਦਿਨਾਂ 'ਚ ਉਹ ਉਰਦੂ ਦਾ ਅਖ਼ਬਾਰ ਚੰਗੀ ਤਰ੍ਹਾਂ ਪੜ੍ਹ ਲੈਂਦਾ ਸੀ ਅਤੇ ਉਰਦੂ 'ਚ ਚਿੱਠੀ ਵੀ ਲਿਖ/ਪੜ੍ਹ ਲੈਂਦਾ ਸੀ। ਜਿਨ੍ਹਾਂ ਦਿਨਾਂ 'ਚ ਪਿੰਡਾਂ ਤੋਂ ਸ਼ਹਿਰਾਂ ਵਲ ਜਾ ਕੇ ਵਸਣ ਬਾਰੇ ਕੋਈ ਸੋਚਦਾ ਵੀ ਨਹੀਂ ਸੀ, ਉਨ੍ਹਾਂ ਦਿਨਾਂ 'ਚ ਉਸ ਨੇ ਸਾਡੇ ਸ਼ਹਿਰ 'ਚ ਹਵੇਲੀ ਵਰਗਾ ਦੋ ਮੰਜ਼ਲਾ ਮਕਾਨ ਬਣਵਾਇਆ ਤੇ ਰਿਹਾਇਸ਼ ਕੀਤੀ। ਉਹ ਸ. ਸੁੰਦਰ ਸਿੰਘ ਮਜੀਠੀਏ ਦਾ ਬਹੁਤ ਵੱਡਾ ਪ੍ਰਸ਼ੰਸਕ ਤੇ ਫੈਨ ਸੀ। ਉਸਦੇ ਮਨ 'ਚ ਵਿੱਦਿਆ ਅਤੇ ਧਰਮ ਦੇ ਖੇਤਰ 'ਚ ਮਜੀਠੀਏ ਵਲੋਂ ਕੀਤੇ ਕੰਮਾਂ ਲਈ ਅਥਾਹ ਸ਼ਲਾਘਾ ਸੀ। ਅੰਗਰੇਜ਼ ਸਰਕਾਰ ਵਲੋਂ ਮਜੀਠੀਏ ਨੂੰ ਦਿੱਤੇ ਗਏ ਮਾਣ ਸਨਮਾਨ ਜ਼ੈਲਦਾਰ ਨੂੰ ਚੰਗੇ ਲੱਗਦੇ ਸਨ। ਉਹ ਅੰਮ੍ਰਿਤਸਰ ਉਸ ਨੂੰ ਮਿਲ ਕੇ ਆਇਆ ਤਾਂ ਉਸ ਨਾਲ ਫੋਟੋ ਖਿਚਵਾ ਕੇ ਲਿਆਇਆ, ਜੋ ਅਜੇ ਵੀ ਚੰਡੀਗੜ੍ਹ ਸ਼ੈਰੀ ਦੇ ਘਰ ਲੱਗੀ ਹੈ। ਜਦੋਂ ਸ਼ੈਰੀ ਦਾ ਜਨਮ ਹੋਇਆ ਤਾਂ ਉਸ ਨੇ ਪੂਰੀ ਜ਼ਿੱਦ ਨਾਲ ਅਤੇ ਸ਼ੈਰੀ ਦੇ ਡੈਡੀ ਮੰਮੀ ਦੇ ਡਟਵੇਂ ਵਿਰੋਧ ਦੇ ਬਾਵਜੂਦ ਆਪਣੇ ਪੋਤਰੇ ਦਾ ਨਾਂ ਆਪਣੇ ਨਾਇਕ ਦੇ ਨਾਂ ਉਤੇ 'ਸੁੰਦਰ ਸਿੰਘ' ਰੱਖਿਆ। ਇਸੇ ਸੋਚ ਵਸ ਹੀ ਉਸ ਨੇ ਸ਼ੈਰੀ ਦੀ ਸਕੂਲ ਦੀ ਪੜ੍ਹਾਈ ਡਿਕਸ਼ੀ ਦੇ ਅੰਗਰੇਜ਼ੀ ਸਕੂਲ 'ਚ ਕਰਵਾਈ। ਉਸ ਦੀ ਸੋਚ ਸੀ ਸ਼ਾਇਦ ਸ਼ੈਰੀ ਚੰਗੀ ਤੇ ਉੱਚੀ ਵਿੱਦਿਆ ਹਾਸਲ ਕਰਕੇ ਦੂਜਾ ਮਜੀਠੀਆ ਬਣੇ।

ਪਰ ਦੂਜੇ ਪਾਸੇ ਸ਼ੈਰੀ ਕਾਲਜ ਦੀ ਪੜ੍ਹਾਈ ਤੱਕ ਆਪਣੇ ਦਾਦੇ ਨਾਲ ਇਸ ਗੱਲੋਂ ਨਾਰਾਜ਼ ਰਿਹਾ ਕਿ ਉਸ ਨੇ ਉਸਦਾ ਨਾਂ 18ਵੀਂ ਸਦੀ ਵਾਲਾ ਰੱਖ ਦਿੱਤਾ ਹੈ ਜਿਸ ਲਈ ਉਸ ਨੂੰ ਥਾਂ-ਥਾਂ 'ਤੇ ਪੋਚਾ ਪਾਚੀ ਕਰਨੀ ਪੈਂਦੀ ਹੈ। ਯੂਨੀਵਰਸਿਟੀ ਪਹੁੰਚ ਕੇ ਜਦੋਂ ਉਸ ਦਾ ਵਾਹ ਕਾਮਰੇਡਾਂ ਨਾਲ ਪਿਆ ਤਾਂ ਉਸ ਨੇ ਇਸ ਨਾਂ ਨੂੰ ਪੂਰੀ ਮਾਨਤਾ ਦੇ ਦਿੱਤੀ ਤੇ ਅਖ਼ਬਾਰੀ ਇਸ਼ਤਿਹਾਰ ਰਾਹੀਂ ਬਦਲਣ ਦਾ ਵਿਚਾਰ ਬਿਲਕੁਲ ਹੀ ਛੱਡ ਦਿੱਤਾ।

ਇਕ ਵਾਰ ਸ਼ੈਰੀ ਦੇ ਪ੍ਰੀ-ਇੰਜੀਨੀਅਰਿੰਗ ਦੇ ਕੈਮਿਸਟਰੀ ਦੇ ਪ੍ਰੈਕਟੀਕਲ ਦੌਰਾਨ ਸਾਰੀ ਕਲਾਸ ਨੂੰ ਕਿਸੇ ਤਰ੍ਹਾਂ ਉਸ ਦੇ ਨਾਂ 'ਸੁੰਦਰ ਸਿੰਘ' ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ। ਅਗਲੇ ਦਿਨ ਫਿਜਿਕਸ ਦਾ ਪ੍ਰੈਕਟੀਕਲ ਸੀ ਤੇ ਸ਼ੈਰੀ ਲੈਬ ਵਲ ਜਾ ਰਿਹਾ ਸੀ। ਪਿਛੋਂ ਕੁਝ ਮੱਧਮ ਤੇ ਰਲਵੀਆਂ ਜਿਹੀਆਂ ਅਵਾਜ਼ਾਂ ਉਸ ਦੇ ਕੰਨੀਂ ਪਈਆਂ "ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ...।" ਸ਼ੈਰੀ ਨੇ ਜਦੋਂ ਇਕਦਮ ਪਿਛੇ ਮੁੜ ਕੇ ਦੇਖਿਆ ਤਾਂ ਉਹ ਉਸ ਦੀਆਂ ਜਮਾਤਣਾਂ ਸਨ, ਜੋ ਇਕਦਮ ਚੁੱਪ ਕਰ ਗਈਆਂ ਅਤੇ ਸੁੰਗੜ ਕੇ ਲੈਬ 'ਚ ਚਲੀਆਂ ਗਈਆਂ। ਸ਼ੈਰੀ ਸਿੱਧਾ ਫਿਜਿਕਸ ਦੇ ਪ੍ਰੋਫੈਸਰ ਡੇਵਿਟ ਕੋਲ ਗਿਆ ਤੇ ਕੁੜੀਆਂ ਦੀ ਸ਼ਿਕਾਇਤ ਕਰ ਦਿੱਤੀ। ਪ੍ਰੋ. ਡੇਵਿਟ ਆਪਣੇ ਸੁਭਾਅ ਅਨੁਸਾਰ ਹੱਸ ਕੇ ਕਹਿਣ ਲੱਗਾ, "ਸ਼ੈਰੀ, ਤੇਰੀ ਉਮਰ 'ਚ ਮੁੰਡੇ ਕੁੜੀਆਂ ਦੀ ਸ਼ਿਕਾਇਤ ਕਰਦੇ ਚੰਗੇ ਨ੍ਹੀਂ ਲੱਗਦੇ, ਬਾਕੀ ਅੱਜ ਤੁਹਾਡਾ ਆਖਰੀ ਪੇਪਰ ਹੈ, ਪਤਾ ਨਹੀਂ ਤੁਸੀਂ ਫਿਰ ਕਦੇ ਮਿਲਣਾ ਵੀ ਹੈ ਕਿ ਨਹੀਂ।" ਪਰ ਉਸ ਨੂੰ ਚੈਨ ਨਾ ਆਇਆ ਤੇ ਪ੍ਰੈਕਟੀਕਲ ਦੇ ਖ਼ਤਮ ਹੁੰਦਿਆਂ ਹੀ ਉਸ ਨੇ ਉਨ੍ਹਾਂ ਕੁੜੀਆਂ ਨੂੰ ਕਾਲਜ ਦੀ ਸਾਈਕਲ-ਸ਼ੈਡ ਕੋਲ ਜਾ ਘੇਰਿਆ ਅਤੇ ਆਪਣੀ ਆਦਤ ਅਨੁਸਾਰ ਅੰਗਰੇਜ਼ੀ ਬੋਲਣ ਲੱਗਾ, "Look here, I don't like this nonsense. Be careful in future." ਉਹ ਵਿਚਾਰੀਆਂ ਸੰਗਾਊ ਤੇ ਪੇਂਡੂ ਜਿਹੀਆਂ ਕੁੜੀਆਂ ਚੁੱਪ ਕਰਕੇ ਸਾਈਕਲ-ਸ਼ੈਡ 'ਚ ਚਲੀਆਂ ਗਈਆਂ। ਸ਼ੈਰੀ ਨੂੰ ਅੱਜ ਵੀ ਆਪਣੇ ਇਸ ਵਿਹਾਰ ਦਾ ਅਫਸੋਸ ਹੈ। ਸੋਚਦਾ ਹੈ ਜੇ ਕਿਧਰੇ ਉਹ ਕੁੜੀਆਂ ਮਿਲ ਜਾਣ ਤਾਂ ਮੁਆਫੀ ਜ਼ਰੂਰ ਮੰਗਣੀ ਹੈ।

ਇਕ ਹੋਰ ਘਟਨਾ ਦਾ ਸਬੰਧ ਸ਼ੈਰੀ ਦੇ ਵਿਆਹ ਦੇ ਕਾਰਡ ਨਾਲ ਹੈ, ਜਿਸ ਵਿਚ ਦਾਦੇ ਦਾ ਨਾਂ ਸ਼ਿਵਦੇਵ ਸਿੰਘ ਸੰਧੂ, ਪਿਤਾ ਦਾ ਨਾਂ ਜਨਮੀਤ ਸਿੰਘ ਸੰਧੂ ਅਤੇ ਕਾਕੇ ਦਾ ਨਾਂ ਸੁੰਦਰ ਸਿੰਘ ਸੰਧੂ ਛਪਿਆ ਹੋਇਆ ਸੀ। ਸ਼ੈਰੀ ਲੁਧਿਆਣੇ ਵਾਲਿਆਂ ਦੇ ਘਰ ਵਿਆਹਿਆ ਹੋਇਆ ਹੈ, ਜਿਨ੍ਹਾਂ ਦੇ ਬਹੁਤ ਰਿਸ਼ਤੇਦਾਰ ਤੇ ਤਾਏ ਚਾਚੇ ਉਥੇ ਹੀ ਰਹਿੰਦੇ ਹਨ। ਕਾਰਡ ਤਾਂ ਹਰ ਇਕ ਘਰ ਪਹੁੰਚਿਆ ਸੀ। ਵਿਆਹ ਤੋਂ ਪਹਿਲੇ ਦਿਨ ਸ਼ਾਮ ਨੂੰ ਕੁਝ ਰਸਮਾਂ ਹੋ ਰਹੀਆਂ ਸਨ, ਤਾਂ ਹਰ ਕੋਈ ਮਨਮੀਤ ਨੂੰ ਵਿਆਹ ਦਾ ਕਾਰਡ ਦਿਖਾ ਕੇ ਮਖੌਲ ਕਰ ਰਿਹਾ ਸੀ। "ਮਨਮੀਤ ਆਪਣੇ ਸਹੁਰੇ ਘਰ ਫੋਨ ਤੇ ਕਰ ਕੇ ਵੇਖ ਕਿਧਰੇ ਨਾਂ ਹੀ ਉਪਰ ਹੇਠ ਨਾ ਛਪ ਗਏ ਹੋਣ।" "ਮਨਮੀਤ ਇਹ ਸੁੰਦਰ ਸਿੰਘ ਕਿਧਰੇ ਕੋਈ ਵਡੇਰੀ ਉਮਰ ਦਾ ਭਾਈ ਤੇ ਨਹੀਂ ਜਿਹਨੂੰ ਤੂੰ ਦਿਲ ਦੇ ਬੈਠੀ ਏਂ।"

ਇਸੇ ਸ਼ੈਰੀ ਦੀ ਡਾਇਰੀ ਦੇ ਕੁਝ ਹੋਰ ਪੰਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹਨ:

"ਅਜ ਕੱਲ ਜਦੋਂ ਮੈਂ ਆਪਣੀ ਲੰਘੀ ਅਤੇ ਵਰਤਮਾਨ ਜ਼ਿੰਦਗੀ ਬਾਰੇ ਸੋਚਦਾ ਹਾਂ ਤਾਂ ਮੈਨੂੰ ਖ਼ੁਸ਼ੀ ਵੀ ਹੁੰਦੀ ਹੈ ਤੇ ਹੈਰਾਨੀ ਵੀ। ਖ਼ੁਸ਼ੀ ਇਸ ਗੱਲ ਦੀ ਕਿ ਅੱਜ ਤੱਕ ਮੇਰੀ ਜ਼ਿੰਦਗੀ 'ਚ ਲਗਭਗ ਸਭ ਕੁਝ ਹਾਂ-ਪੱਖੀ ਹੀ ਵਾਪਰਿਆ ਹੈ ਤੇ ਹੈਰਾਨੀ ਇਸ ਗੱਲ ਦੀ ਕਿ ਮੈਂ ਇਸ ਸਭ ਕੁਝ ਲਈ ਕੋਈ ਖਾਸ ਤਰੱਦਦ ਜਾਂ ਹਿੰਮਤ ਨਹੀਂ ਕੀਤੀ। ਮੈਨੂੰ ਨਹੀਂ ਯਾਦ ਕਿ ਮੇਰੀ ਜ਼ਿੰਦਗੀ 'ਚ ਕਦੇ ਕੁਝ ਅਜਿਹਾ ਹੋਇਆ ਹੋਵੇ, ਜਿਸ ਨੇ ਮੇਰੇ ਮਨ ਨੂੰ ਡੂੰਘਾ ਦੁੱਖ ਜਾਂ ਲੰਬੇ ਸਮੇਂ ਦੀ ਤਕਲੀਫ ਪਹੁੰਚਾਈ ਹੋਵੇ। ਪਿਆਰ ਤੇ ਪ੍ਰਵਾਹ ਕਰਨ ਵਾਲੇ ਦਾਦਾ-ਦਾਦੀ ਤੇ ਮਾਂ-ਬਾਪ ਮਿਲੇ। ਮਨਚਾਹੇ ਸਕੂਲਾਂ ਕਾਲਜਾਂ 'ਚ ਪੜ੍ਹਿਆ। ਪੜ੍ਹਾਈ ਕੀਤੀ ਤਾਂ ਮਿਹਨਤ ਨਾਲੋਂ ਚੰਗੇ ਨਤੀਜੇ ਤੇ ਨੌਕਰੀ ਮਿਲੀ। ਮਨਪਸੰਦ ਸੁੰਦਰ ਪਤਨੀ ਮਿਲੀ ਤੇ ਅਲੋਕਾਰ ਗੱਲ ਇਹ ਕਿ ਉਹ ਸੁੱਘੜ, ਸਿਆਣੀ ਤੇ ਜ਼ਹੀਨ ਵੀ ਨਿਕਲੀ ਤੇ ਮੇਰੇ ਦਾਰੂ ਪੀਣ ਦੇ ਐਬ ਨੂੰ ਆਪਣੇ ਨਿਤਨੇਮ ਨਾਲ ਇਹ ਕਹਿ ਕੇ ਢਕਦੀ ਰਹੀ ਕਿ 'ਪਰਮਾਤਮਾ ਭਲੀ ਕਰੇਗਾ।'

ਸੁੱਖ ਨਾਲ ਮੇਰੇ ਦੋਵੇਂ ਬੱਚੇ ਸਾਊ ਤੇ ਮਿਹਨਤੀ ਹਨ ਅਤੇ ਸੋਨੇ 'ਤੇ ਸੁਹਾਗਾ ਇਹ ਹੋਇਆ ਕਿ ਉਨ੍ਹਾਂ ਨੂੰ ਰਹਿਣ ਲਈ ਅਮਰੀਕਾ ਦੇਸ਼ ਮਿਲ ਗਿਆ ਹੈ, ਜਿਥੇ ਇਸ ਕਿਸਮ ਦੇ ਲੋਕਾਂ ਦੀ ਕਦਰ ਹੈ। ਰਹਿਣ ਲਈ ਚੰਡੀਗੜ੍ਹ ਸ਼ਹਿਰ ਮਿਲਿਆ ਹੈ, ਜਿਥੇ ਜ਼ਿੰਦਗੀ ਦੀ ਲੋੜੀਂਦੀ ਹਰ ਸਹੂਲਤ ਪ੍ਰਾਪਤ ਹੈ। ਰੀਟਾਇਰ ਜ਼ਿੰਦਗੀ ਲਈ ਚੰਡੀਗੜ੍ਹ ਕੰਮਕਾਜੀ ਜ਼ਿੰਦਗੀ ਨਾਲੋਂ ਵੀ ਵਧੀਆ ਸ਼ਹਿਰ ਹੈ। ਸਾਡੇ ਲਈ ਇਕ ਹੋਰ ਵੀ ਫਾਇਦਾ ਹੈ ਕਿ ਗਰਮੀ ਅਜੇ ਆਈ ਨਹੀਂ ਹੁੰਦੀ ਕਿ ਸਾਡੇ ਲਈ ਨਿਊਯਾਰਕ ਦੀਆਂ ਟਿਕਟਾਂ ਪਹਿਲਾਂ ਪਹੁੰਚ ਜਾਂਦੀਆਂ ਹਨ ਤੇ ਅਸੀਂ ਬੇਵਫਾ ਮਿੱਤਰਾਂ ਵਾਂਗ ਇਸ ਪਿਆਰੇ ਸ਼ਹਿਰ ਨੂੰ ਤਾਪ ਨਾਲ ਭੱਠ ਵਾਂਗ ਤਪਦਾ ਛੱਡ ਕੇ ਨਿਊਯਾਰਕ ਦੀਆਂ ਠੰਡੀਆਂ ਛਾਵਾਂ ਵਲ ਉਡਾਰੀ ਮਾਰ ਜਾਂਦੇ ਹਾਂ। ਜਦੋਂ ਇਹ ਵੱਲ ਹੋ ਜਾਂਦਾ ਹੈ ਅਤੇ ਇਸ ਦਾ ਤਾਪ ਲਹਿ ਜਾਂਦਾ ਹੈ ਤਾਂ ਅਸੀਂ ਖ਼ੁਦਗਰਜ਼ ਮਿੱਤਰਾਂ ਵਾਂਗ ਇਸ ਦੇ ਗ੍ਰਹਿ ਆਣ ਡੇਰੇ ਲਾਉਂਦੇ ਹਾਂ। 35-40 ਸਾਲ ਤੋਂ ਇਸ ਨਾਲ ਗੂੜ੍ਹਾ ਵਾਹ ਹੋਣ ਕਰਕੇ ਇਹ ਇਕ ਸ਼ਹਿਰ ਨਾਲੋਂ ਸੰਗੀ-ਸਾਥੀ ਵਧ ਲਗਦਾ ਹੈ, ਇਸੇ ਲਈ ਸ਼ਾਇਦ ਜਦ ਇਹ ਤਪ ਰਿਹਾ ਹੁੰਦਾ ਹੈ ਤੇ ਅਸੀਂ ਨਿਊਯਾਰਕ ਬੈਠੇ ਹੁੰਦੇ ਹਾਂ ਤਾਂ ਇਸ ਦੇ ਤਾਪ ਦੇ ਪਾਰੇ ਦੇ ਉਤਰਾ ਚੜ੍ਹਾ ਬਾਰੇ ਪੂਰੀ ਖ਼ਬਰ ਰੱਖਦੇ ਹਾਂ।

ਹੁਣ ਬੁਢਾਪਾ ਤਾਂ ਲਗਭਗ ਆ ਹੀ ਗਿਆ ਹੈ। ਪਰ ਮੇਰੀ ਖ਼ੁਸ਼ਕਿਸਮਤੀ ਦੇਖੋ ਕਿ ਮੇਰੇ ਵਰਗੇ ਸਿਹਤ ਪੱਖੋਂ ਬੇਪ੍ਰਵਾਹ ਬੰਦੇ ਕੋਲ ਇਹ ਵੀ ਬਿਨਾ ਕਿਸੇ ਅਲਾਮਤ ਦੇ ਆਇਆ ਹੈ। ਨਾ ਬਲੱਡ-ਪ੍ਰੈਸ਼ਰ, ਨਾ ਸ਼ੂਗਰ ਅਤੇ ਨਾ ਕੋਈ ਜੋੜਾਂ ਦਾ ਦਰਦ। ਹੋਰ ਕਮਾਲ ਦੇਖੋ ਮੇਰਾ ਵਜ਼ਨ ਵੀ ਠੀਕ ਹੈ ਤੇ ਲਿਵਰ ਵੀ ਜਦੋਂ ਕਿ ਮੈਂ ਸ਼ਰਾਬ ਸ਼ਿਵ ਤੋਂ ਲੈ ਕੇ ਲੋਕ ਨਾਥ ਤਕ ਸਭ ਤਰ੍ਹਾਂ ਦੇ ਬੰਦਿਆਂ ਨਾਲ ਮੜਿਕ ਕੇ ਪੀਂਦਾ ਰਿਹਾ ਹਾਂ ਤੇ ਅੱਜ ਵੀ ਇਸ ਦਾ ਬਣਦਾ ਸਾਥ ਦੇ ਰਿਹਾ ਹਾਂ। ਆਪਣੀ ਬੀਵੀ ਦੇ ਵਾਰ ਵਾਰ ਕਹਿਣ ਦੇ ਬਾਵਜੂਦ ਬਾਬਾ ਰਾਮਦੇਵ ਦਾ ਚੇਲਾ ਨਹੀਂ ਬਣਿਆ। ਮੈਨੂੰ ਆਮ ਜਾਣਨ ਵਾਲੇ ਲੋਕ ਸਮਝਦੇ ਹਨ ਕਿ ਮੈਂ ਜ਼ਿੰਦਗੀ 'ਚ ਇਕ ਬੜਾ ਕਾਮਯਾਬ ਵਿਅਕਤੀ ਹਾਂ, ਪਰ ਮੈਨੂੰ ਪਤਾ ਹੈ ਕਿ ਇਹ ਮੇਰੀਆਂ ਸਭ ਕਾਮਯਾਬੀਆਂ ਮੇਰੇ ਪੈਰਾਂ ਹੇਠ ਆਏ ਬਟੇਰੇ ਹਨ, ਕਿਉਂਕਿ ਮੈਂ ਇਹ ਸਭ ਕੁਝ ਪ੍ਰਾਪਤ ਕਰਨ ਲਈ ਸਾਧਾਰਨ ਯਤਨ ਤਾਂ ਕੀਤੇ ਹਨ, ਜੋ ਹਰ ਮਨੁੱਖ ਕਰਦਾ ਹੈ, ਪਰ ਮੈਂ ਕਿਸੇ ਵੀ ਪ੍ਰਾਪਤੀ ਲਈ ਕੋਈ ਉਚੇਚੇ ਜਾਂ ਅਣਥੱਕ ਯਤਨ ਨਹੀਂ ਕੀਤੇ। ਮੈਂ ਅੱਜ ਤੱਕ ਕਿਸੇ ਵੀ ਮਿਸ਼ਨ ਨੂੰ ਮਰ ਮਿਟਣ ਵਾਲੀ ਮੰਜ਼ਿਲ ਬਣਾ ਕੇ ਨਹੀਂ ਚੱਲਿਆ। ਹਾਂ, ਮੈਂ ਆਪਣੀ ਪਤਨੀ ਮਨਜੀਤ ਨੂੰ ਪ੍ਰਾਪਤ ਕਰਨ ਲਈ ਕੁਝ ਖਾਸ ਯਤਨ ਜ਼ਰੂਰ ਕੀਤੇ ਹਨ। ਇਹ ਬਟੇਰੀ ਮੇਰੇ ਪੈਰ ਹੇਠ ਨਹੀਂ ਆਈ, ਸਗੋਂ ਇਸ ਨੂੰ ਫੜਨ ਲਈ ਮੈਨੂੰ ਝੂਠੀ ਮੂਠੀ ਦੀ ਲਿਆਕਤ ਤੇ ਸ਼ਰਾਫ਼ਤ ਦਾ ਜਾਲ਼ ਲਾਉਣਾ ਪਿਆ ਹੈ। ਫਿਰ ਇਸ ਸੁੰਦਰ ਭਾਪਣ ਨੂੰ ਘਰ ਲੈ ਜਾਣ ਲਈ ਦਾਦਾ ਜੀ ਅਤੇ ਪਿਤਾ ਜੀ ਵਲੋਂ ਲਾਇਆ ਜੱਟਵਾਦ ਦਾ ਮਜ਼ਬੂਤ ਬੈਰੀਕੇਡ ਪਾਰ ਕਰਨ ਵਾਸਤੇ ਮੈਨੂੰ ਕੁਝ ਕੁ ਪਾਪੜ ਵੇਲਣੇ ਪਏ ਹਨ।

> ***ਮੈਂ ਅੱਜ ਤੱਕ ਕਿਸੇ ਵੀ ਮਿਸ਼ਨ ਨੂੰ ਮਰ ਮਿਟਣ ਵਾਲੀ ਮੰਜ਼ਿਲ ਬਣਾ ਕੇ ਨਹੀਂ ਚੱਲਿਆ। ਹਾਂ, ਮੈਂ ਆਪਣੀ ਪਤਨੀ ਮਨਜੀਤ ਨੂੰ ਪ੍ਰਾਪਤ ਕਰਨ ਲਈ ਕੁਝ ਖਾਸ ਯਤਨ ਜ਼ਰੂਰ ਕੀਤੇ ਹਨ। ਇਹ ਬਟੇਰੀ ਮੇਰੇ ਪੈਰ ਹੇਠ ਨਹੀਂ ਆਈ, ਸਗੋਂ ਇਸ ਨੂੰ ਫੜਨ ਲਈ ਮੈਨੂੰ ਝੂਠੀ ਮੂਠੀ ਦੀ ਲਿਆਕਤ ਤੇ ਸ਼ਰਾਫ਼ਤ ਦਾ ਜਾਲ਼ ਲਾਉਣਾ ਪਿਆ ਹੈ। ਫਿਰ ਇਸ ਸੁੰਦਰ ਭਾਪਣ ਨੂੰ ਘਰ ਲੈ ਜਾਣ ਲਈ ਦਾਦਾ ਜੀ ਅਤੇ ਪਿਤਾ ਜੀ ਵਲੋਂ ਲਾਇਆ ਜੱਟਵਾਦ ਦਾ ਮਜ਼ਬੂਤ ਬੈਰੀਕੇਡ ਪਾਰ ਕਰਨ ਵਾਸਤੇ ਮੈਨੂੰ ਕੁਝ ਕੁ ਪਾਪੜ ਵੇਲਣੇ ਪਏ ਹਨ।***

ਹੁਣ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਸਭ ਕੁਝ ਲਈ ਮੈਂ ਕਿਸ ਦਾ ਧੰਨਵਾਦ ਕਰਾਂ। ਰੱਬ 'ਚ ਮੈਨੂੰ ਸੱਚੀਂ-ਮੁੱਚੀਂ ਉਕਾ ਵੀ ਵਿਸ਼ਵਾਸ ਨਹੀਂ ਹੈ ਤੇ ਬਾਕੀ ਸਭ ਲੋਕ ਮੇਰੇ ਆਪਣੇ ਹਨ, ਜਿਨ੍ਹਾਂ ਨੇ ਜ਼ਿੰਦਗੀ 'ਚ ਮੇਰਾ ਸਾਥ ਦਿੱਤਾ ਹੈ। ਆਪਣਿਆਂ ਦਾ ਧੰਨਵਾਦ ਕਰਨਾ ਤਾਂ ਵੈਸੇ ਹੀ ਉਨ੍ਹਾਂ ਦੇ ਸਨੇਹ ਨੂੰ ਸੱਟ ਮਾਰਨਾ ਹੈ। ਮੈਂ ਤੁਹਾਨੂੰ ਦੱਸ ਦੇਵਾਂ ਕਿ ਮੈਂ ਕੋਈ ਐਸਾ-ਵੈਸਾ ਨਾਸਤਿਕ ਨਹੀਂ ਹਾਂ ਕਿ ਲੋਕਾਂ 'ਚ ਅਗਾਂਹਵਧੂ ਅਤੇ ਵਿਗਿਆਨਕ ਸੋਚਣੀ ਦਾ ਧਾਰਨੀ ਦਿਸਣ ਲਈ ਰੱਬ ਨਾਂ ਦੇ ਸੰਕਲਪ ਨੂੰ ਬੁਰਾ ਭਲਾ ਕਹਿੰਦਾ ਫਿਰਾਂ। ਜਿਵੇਂ ਮੇਰੇ ਮਹਿਕਮੇ ਦਾ ਇਕ ਸਾਥੀ ਕਰਦਾ ਹੈ। ਉਹ ਚੰਡੀਗੜ੍ਹ ਦੀਆਂ ਕਈ ਅਗਾਂਹਵਧੂ ਤੇ ਸਮਾਜ-ਸੇਵੀ ਜਥੇਬੰਦੀਆਂ ਦਾ ਸਰਗਰਮ ਮੈਂਬਰ ਹੈ। ਪਿਛੇ ਜਿਹੇ ਜਦੋਂ ਭਗਤ ਸਿੰਘ ਦਾ ਸੌਵਾਂ ਜਨਮ ਦਿਨ ਮਨਾਇਆ ਗਿਆ ਤਾਂ ਉਸ ਨੇ 'ਭਗਤ ਸਿੰਘ, ਨਾਸਤਿਕਤਾ ਅਤੇ ਮਹਾਨਤਾ' ਵਿਸ਼ੇ 'ਤੇ ਐਸਾ ਭਾਸ਼ਣ ਦਿੱਤਾ ਕਿ ਮੈਨੂੰ ਵੀ ਆਪਣੀ ਅਸਲੀ ਨਾਸਤਿਕਤਾ 'ਤੇ ਫ਼ਖਰ ਹੋਣ ਲੱਗ ਪਿਆ ਸੀ। ਕੁਝ ਦਿਨਾਂ ਬਾਅਦ ਮੈਨੂੰ ਕਿਸੇ ਕੰਮ ਸਵੇਰੇ ਸਵੇਰੇ ਉਸ ਦੇ ਘਰ ਜਾਣਾ ਪਿਆ। ਉਸ ਦੀ ਬੀਵੀ ਕਹਿਣ ਲੱਗੀ, "10 ਮਿੰਟ ਬੈਠੋ, ਉਹ ਹੁਣੇ ਆ ਜਾਂਦੇ ਨੇ, ਪਾਠ ਕਰਦੇ ਨੇ।"

'ਪਾਠ ਰੋਜ਼ ਕਰਦੇ ਨੇ।' ਮੈਂ ਉਤਸੁਕਤਾ ਨਾਲ ਪੁੱਛਿਆ। 'ਨਹੀਂ ਰੋਜ਼ ਤਾਂ ਨਹੀਂ ਕਰਦੇ। ਪਰ ਜੇ ਟਾਈਮ ਮਿਲੇ ਤਾਂ ਕਰ ਲੈਂਦੇ ਹਨ। ਅੱਜ ਜ਼ਰਾ ਜ਼ਿਆਦਾ ਸਮਾਂ ਲਾ ਦਿੱਤਾ ਹੈ ਬੇਟੀ ਦਾ ਪੀ.ਐਮ.ਟੀ. ਦਾ ਰਿਜ਼ਲਟ ਆਉਣਾ ਐ।' ਉਹ ਇਹ ਕਹਿ ਕੇ ਚਾਹ ਬਣਾਉਣ ਲਈ ਚਲੀ ਗਈ।

ਪਰ ਮੈਂ ਇਸ ਕਿਸਮ ਦਾ ਜਾਅਲੀ ਨਾਸਤਿਕ ਨਹੀਂ ਹਾਂ, ਸਗੋਂ ਮਾਓ ਦੇ ਆਦੇਸ਼ ਅਨੁਸਾਰ ਜ਼ਮੀਰ (conscience) ਦਾ ਨਾਸਤਿਕ ਹਾਂ। ਜੇ ਕਦੇ ਰਾਤੀਂ ਜ਼ਿਆਦਾ ਪੀਣ ਨਾਲ ਸਵੇਰੇ ਸਿਰ ਪੀੜ ਹੋਵੇ ਜਾਂ ਹੱਡ ਪੈਰ ਦਰਦ ਕਰਨ ਤਾਂ ਮੇਰੇ ਮੂੰਹੋਂ ਆਪ ਮੁਹਾਰੇ ਕਦੇ ਵੀ 'ਹਾਏ ਰੱਬਾ' ਨਹੀਂ ਸਗੋਂ 'ਹਾਏ ਮਾਂ' ਹੀ ਨਿਕਲਦਾ ਹੈ। ਮੇਰੀ ਮਾਂ ਅਖੀਰ ਤੱਕ ਇਹੋ ਕਹਿੰਦੀ ਰਹੀ, 'ਸ਼ੈਰੀ ਪੁੱਤਰ ਤੂੰ ਦਿਨ 'ਚ ਘੱਟੋ ਘੱਟ ਇਕ ਵਾਰ ਰੱਬ ਦਾ ਸ਼ੁਕਰ ਜ਼ਰੂਰ ਕਰਿਆ ਕਰ, ਜਿਸ ਨੇ ਤੇਰੀ ਝੋਲੀ ਏਨੇ ਸੁੱਖਾਂ ਨਾਲ ਭਰੀ ਐ। ਮੇਰੀ ਨੂੰਹ ਮਨਮੀਤ ਵਲ ਵੇਖ ਜਿਹੜੀ ਨਿਤਨੇਮ ਕਰਨਾ ਤੇ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਅਰਦਾਸ ਕਰਨਾ ਕਦੀ ਨਹੀਂ ਭੁੱਲਦੀ। ਰਸੋਈ 'ਚ ਜੇ ਪਲੇਟ ਵੀ ਡਿੱਗ ਕੇ ਟੁੱਟਣੋ ਬਚ ਜਾਏ ਤਾਂ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਕਰਦੀ ਐ। ਇਕ ਤੂੰ ਏਂ ਕਿ ਪਿਉ ਵਾਂਗ ਵਿਸਕੀ ਦਾ ਨਿਤਨੇਮ ਨਹੀਂ ਭੁੱਲਦਾ। ਐਨੇ ਸਾਲ ਹੋ ਗਏ ਚੰਡੀਗੜ੍ਹ 'ਚ ਘਰ ਬਣੇ ਨੂੰ ਤੂੰ ਇਸ ਨੂੰ ਸੁੱਚਾ ਨਹੀਂ ਕਰਵਾਇਆ।'

ਮੈਂ ਉਸਦੇ ਸਾਰੇ ਭਾਸ਼ਣ ਦਾ ਇਕੋ ਹੀ ਜਵਾਬ ਦਿੰਦਾ ਹੁੰਦਾ ਸੀ, 'ਮੰਮੀ, ਜਿਥੇ ਬੰਦੇ ਹੀ ਸੁੱਚੇ ਵਸਦੇ ਹੋਣ ਉਹ ਥਾਂ ਤੇ ਸੁੱਚੀ ਹੀ ਸੁੱਚੀ ਹੁੰਦੀ ਹੈ ਕਰਵਾਉਣ ਦੀ ਕੀ ਲੋੜ ਹੈ। ਦੂਜੀ ਗੱਲ ਵਿਸਕੀ ਵੀ ਐਂਟੀ ਸੈਪਟਿਕ ਹੁੰਦੀ ਹੈ। ਭਾਵੇਂ ਮਨਮੀਤ ਨੂੰ ਪੁੱਛ ਲੈ ਇਹ ਕੈਮਿਸਟਰੀ ਦੀ ਪ੍ਰੋਫੈਸਰ ਐ ਤੇ ਇਸ ਨੂੰ ਕੈਮੀਕਲਾਂ ਦੀ ਚੰਗੀ ਸਮਝ ਹੈ।'

***

ਅੱਜ ਸਨਿਚਰਵਾਰ ਦਾ ਦਿਨ ਹੈ ਤੇ ਸਵੇਰੇ ਸਵੇਰੇ ਮੇਰਾ ਬੇਟਾ ਕਹਿਣ ਲੱਗਾ, 'ਡੈਡੀ, ਅੱਜ ਆਪਾਂ ਇਕ ਸਾਹਿਤਕ ਸਮਾਗਮ 'ਤੇ ਪਹੁੰਚਣਾ ਹੈ।' ਮੈਂ ਪੁੱਛਿਆ, 'ਕਾਕਾ ਤੈਨੂੰ ਇਹ ਰੋਗ ਕਦੋਂ ਕੁ ਦਾ ਲੱਗਿਆ ਹੈ ਕਦੀ ਲੱਛਣ ਤਾਂ ਦਿਖਾਈ ਨਹੀਂ ਦਿੱਤੇ?' ਉਹ ਹੱਸਿਆ, 'ਰੋਗ ਰੂਗ ਵਾਲੀ ਤਾਂ ਕੋਈ ਗੱਲ ਨਹੀਂ। ਪ੍ਰਬੰਧਕਾਂ 'ਚ ਇਕ ਮੇਰਾ ਤੇ ਭਾਜੀ ਬਾਜਵੇ ਦਾ ਚੰਗਾ ਮਿੱਤਰ ਹੈ। ਉਨ੍ਹਾਂ ਦਾ ਦੋ ਵਾਰ ਫੋਨ ਆ ਚੁੱਕਾ ਹੈ, ਕਹਿੰਦੇ ਨੇ ਦੂਜੀ ਸਾਹਿਤ ਸਭਾ ਵਾਲਿਆਂ ਨੂੰ ਇਕੱਠ ਕਰਕੇ ਦਿਖਾਉਣਾ ਐ, ਬੰਦੇ ਲੈ ਕੇ ਆਓ ਤੇ ਆਪ ਵੀ ਪਹੁੰਚੋ। ਉਥੇ ਕਵੀ ਦਰਬਾਰ ਵੀ ਹੋਣਾ ਐ ਅਤੇ ਪੰਜਾਬੋਂ ਆਏ ਇਕ ਲੇਖਕ ਦਾ ਸਨਮਾਨ ਵੀ ਕਰਨਾ ਐ। ਅਮਰੀਕ ਦੇ ਭਾਈ ਸਿੱਡ ਨੇ ਆਪਣੇ ਨਾਲ ਜਾਣਾ ਐ। ਆਪਾਂ ਦੋ ਕੁ ਵਜੇ ਚੱਲਾਂਗੇ।'

ਸਿੱਡ ਨਾਂ ਤੋਂ ਲੱਗਦਾ ਹੈ ਕਿ ਜੇ ਇਹ ਕੋਈ ਗੋਰਾ ਨਹੀਂ ਤਾਂ ਫਟਾਫਟ ਅੰਗਰੇਜ਼ੀ ਬੋਲਣ ਵਾਲਾ ਕੋਈ ਪੰਜਾਬੀ ਜ਼ਰੂਰ ਹੋਵੇਗਾ। ਪਰ ਐਸਾ ਕੁਝ ਨਹੀਂ ਹੈ। ਇਹ 30-35 ਸਾਲਾਂ ਦਾ ਬੜਾ ਸਾਧਾਰਨ ਜਿਹਾ ਪੰਜਾਬੀ ਮੁੰਡਾ ਹੈ, ਜੋ ਹਰ ਵੇਲੇ ਕੁਝ ਨਾ ਕੁਝ ਜਾਣਨ ਜਾਂ ਦੱਸਣ ਲਈ ਉਤਸੁਕ ਰਹਿੰਦਾ ਹੈ। ਮੈਂ ਟੀ.ਵੀ. ਦੇਖ ਰਿਹਾ ਹਾਂ ਤੇ ਸਿੱਡ ਆ ਜਾਂਦਾ ਹੈ। ਸਾਡਾ ਸਾਹਿਤ ਸਭਾ ਵਲ ਰਵਾਨਾ ਹੋਣ 'ਚ ਅਜੇ ਇਕ ਘੰਟਾ ਬਾਕੀ ਹੈ। ਅਸੀਂ ਚੱਲ ਰਹੇ ਪ੍ਰੋਗਰਾਮ ਬਾਰੇ ਗੱਲਾਂ ਕਰ ਰਹੇ ਹਾਂ। ਉਹ ਮੈਨੂੰ ਹੋਰ ਚੈਨਲਾਂ ਦੇ ਚੰਗੇ ਪ੍ਰੋਗਰਾਮਾਂ ਬਾਰੇ ਦੱਸਦਾ ਹੈ ਤੇ ਅਚਾਨਕ ਇਕ ਸਵਾਲ ਕੱਢ ਮਾਰਦਾ ਹੈ, 'ਅੰਕਲ ਤੁਹਾਡਾ ਪੰਜਾਬੀ ਨਾਂ ਕੀ ਹੈ?' ਮੈਂ ਸਵਾਲ ਸੁਣ ਕੇ ਹੈਰਾਨ ਹੋ ਜਾਂਦਾ ਹਾਂ ਤੇ ਸਵਾਲ ਦੇ ਮਤਲਬ ਪੁੱਛਦਾ ਹਾਂ। ਉਹ ਦਸਦਾ ਹੈ, 'ਅੰਕਲ, ਮੇਰਾ ਮਤਲਬ ਤੁਹਾਡਾ ਦੇਸੀ ਨਾਂ ਕੀ ਹੈ। ਜਿਵੇਂ ਮੇਰੇ ਭਾਈ ਦਾ ਦੇਸੀ ਨਾਂ ਅਮਰੀਕ ਹੈ, ਪਰ ਉਸ ਦਾ ਅੰਗਰੇਜ਼ੀ ਨਾਂ ਮਾਈਕ ਹੈ।'

ਮੈਂ ਉਸ ਦਾ ਸਵਾਲ ਸਮਝ ਜਾਂਦਾ ਹਾਂ ਤੇ ਦੱਸਦਾ ਹਾਂ ਕਿ ਮੈਂ ਅਮਰੀਕਾ ਸਿਰਫ 3-4 ਮਹੀਨਿਆਂ ਲਈ ਆਉਂਦਾ ਹਾਂ ਤੇ 'ਸ਼ੈਰੀ' ਮੇਰਾ ਦੇਸੀ ਨਾਂ ਹੀ ਹੈ। ਜੋ ਮਾਂ ਬਾਪ ਨੇ ਜੰਮਣ ਵੇਲੇ ਹੀ ਰੱਖ ਦਿੱਤਾ ਸੀ। ਉਸ ਨੂੰ ਯਕੀਨ ਤਾਂ ਨਹੀਂ ਆਉਂਦਾ, ਪਰ ਚੁੱਪ ਕਰ ਜਾਂਦਾ ਹੈ। ਮੈਂ ਗੱਲ ਸ਼ੁਰੂ ਕਰਨ ਲਈ ਉਸ ਨੂੰ ਦੱਸਦਾ ਹਾਂ, 'ਸਿੱਡ ਕੋਈ ਵਧੀਆ ਨਾਂ ਨਹੀਂ ਹੈ, ਜਿਵੇਂ ਤੇਰੇ ਭਾਈ ਦਾ ਨਾਂ 'ਮਾਈਕ' ਹੈ। ਜੇ ਅੰਗਰੇਜ਼ੀ ਨਾਂ ਰੱਖਣਾ ਹੀ ਸੀ ਤਾਂ ਕੋਈ ਚੰਗਾ ਨਾਂ ਰੱਖਦਾ ਜਿਵੇਂ 'ਡੇਵਿਡ', 'ਜਾਰਜ', ਜਾਂ 'ਮਾਈਕਲ' ਆਪਣੇ ਪਿੰਡ ਜਾ ਜੇ ਤੂੰ ਦੱਸੇਂ ਕਿ ਗੋਰੇ ਮੈਨੂੰ ਸਿੱਡ ਕਹਿ ਕੇ ਬਲੌਂਦੇ ਨੇ ਤਾਂ ਉਨ੍ਹਾਂ ਤੈਨੂੰ ਇਕੋ ਹੀ ਸਵਾਲ ਕਰਨਾ ਹੈ ਕਿ ਅਮਰੀਕਾ ਜਾ ਕੇ ਤੇਰਾ ਨੱਕ ਵਗਣ ਲੱਗ ਪਿਆ ਸੀ। ਅੱਵਲ ਤਾਂ ਅੰਗਰੇਜ਼ੀ ਨਾਂ ਰੱਖਣ ਦੀ ਤੈਨੂੰ ਲੋੜ ਨਹੀਂ ਸੀ, ਆਪੇ ਲੱਭ ਕੇ ਗੋਰਿਆਂ ਨੇ ਤੈਨੂੰ 'ਮਿਸਟਰ ਸਿੰਘ' ਜਾਂ ਕਿਸੇ ਹੋਰ ਨਾਂ ਨਾਲ ਬਲੌਣ ਲੱਗ ਪੈਣਾ ਸੀ। ਆਹ ਮੇਰਾ ਬੇਟਾ ਐ ਇਸ ਤੋਂ ਬਿਨਾ ਦਫਤਰ 'ਚ ਸਾਰੇ ਗੋਰੇ ਗੋਰੀਆਂ ਕੰਮ ਕਰਦੇ ਹਨ, ਪਰ ਸਭ ਅਰਾਮ ਨਾਲ 'ਸੰਧੂ' ਕਹਿ ਕੇ ਬੁਲਾ ਲੈਂਦੇ ਹਨ। ਇਸੇ ਤਰ੍ਹਾਂ ਮੇਰੇ ਦਾਮਾਦ ਬਾਜਵੇ ਦੀ ਗੱਲ ਹੈ, ਸਭ ਗੋਰੇ ਅਰਾਮ ਨਾਲ 'ਬਾਜਵਾ' ਕਹਿ ਲੈਂਦੇ ਹਨ।

'ਅੰਕਲ ਇਹ ਪੜ੍ਹੇ-ਲਿਖੇ ਬੰਦੇ ਨੇ ਅਤੇ ਦਫਤਰਾਂ 'ਚ ਕੰਮ ਕਰਦੇ ਨੇ। ਸਾਨੂੰ ਸਟੋਰਾਂ 'ਤੇ ਕੰਮ ਕਰਨ ਵਾਲਿਆਂ ਨੂੰ ਅੰਗਰੇਜ਼ੀ ਨਾਂ ਰੱਖਣੇ ਹੀ ਪੈਂਦੇ ਨੇ। ਮਾਲਕ ਸੋਚਦੇ ਨੇ ਕਿ ਸੇਲ ਵਧੌਣ ਲਈ ਸਟੋਰ 'ਤੇ ਕੰਮ ਕਰਨ ਵਾਲਿਆਂ ਦੇ ਨਾਂ ਗਾਹਕਾਂ ਦੇ ਹਿਸਾਬ ਨਾਲ ਹੀ ਹੋਣੇ ਚਾਹੀਦੇ ਨੇ। ਅਜਿਹੇ ਨਾਂ ਜਿਹੜੇ ਗੋਰੇ ਗਾਹਕਾਂ ਲਈ ਲੈਣੇ ਸੌਖੇ ਅਤੇ ਉਨ੍ਹਾਂ ਦੇ ਆਪਣੇ ਨਾਵਾਂ ਵਰਗੇ ਹੋਣ। ਮੇਰਾ ਨਾਂ 'ਸਿੱਡ' ਤਾਂ ਮੈਨੂੰ ਵੀ ਚੰਗਾ ਨਹੀਂ ਲੱਗਦਾ, ਪਰ ਕਈ ਸਾਲ ਪਹਿਲਾਂ ਜਿਸ ਓਨਰ ਨੇ ਇਹ ਨਾਂ ਰੱਖਿਆ, ਉਹ ਕਹਿਣ ਲੱਗਾ ਤੇਰੇ ਅਸਲੀ ਨਾਂ ਦੇ ਹਿਸਾਬ ਤੇਰਾ ਅੰਗਰੇਜ਼ੀ ਨਾਂ 'ਸਿੱਡ' ਹੀ ਬਣਦਾ ਹੈ। ਮੇਰਾ ਅਸਲੀ ਨਾਂ ਜੋ ਸੁਦਰਸ਼ਨ ਸਿੰਘ ਆ।

ਮੈਨੂੰ ਉਹਦੀ ਗੱਲ ਸੁਣ ਕੇ ਗੁੱਸਾ ਆ ਜਾਂਦਾ ਹੈ, 'ਪਾਗਲਾ, ਇਹ ਨਾਂ ਤਾਂ ਉਂਜ ਹੀ ਵਰਤਣਾ ਐ ਕਿਹੜਾ ਗਰੀਨ ਕਾਰਡ ਦਿਖਾ ਕੇ ਰਜਿਸਟਰ ਕਰਵੌਣਾ ਸੀ। ਸੁਦਰਸ਼ਨ ਤੋਂ ਭਾਵੇਂ ਮਾਈਕਲ, ਬੁਸ਼ ਜਾਂ ਕਲਿੰਟਨ ਰੱਖ ਲੈਂਦਾ।'

ਮੇਰੀ ਗੱਲ ਸੁਣ ਕੇ ਉਹ ਉਦਾਸ ਹੋ ਜਾਂਦਾ ਹੈ, 'ਅੰਕਲ ਹੁਣ ਤਾਂ ਕੁਝ ਨਹੀਂ ਹੋ ਸਕਦਾ। ਪਰ ਇਥੇ ਚੱਲਦਾ ਇਵੇਂ ਈ ਐਂ। ਮੇਰੇ ਪਹਿਲੇ ਓਨਰ ਦੀ ਪਤਨੀ ਸਵੇਰੇ ਕੰਮ ਕਰਦੀ ਹੁੰਦੀ ਸੀ ਤੇ ਉਸ ਦਾ ਪੰਜਾਬੀ ਨਾਂ ਮਨਿੰਦਰ ਕੌਰ ਸੀ, ਪਰ ਇਸ ਨਾਂ ਦੇ ਹਿਸਾਬ ਨਾਲ ਉਸ ਦਾ ਅੰਗਰੇਜ਼ੀ ਨਾਂ ਓਨਰ ਨੇ 'ਸਿੰਡੀ' ਰੱਖ ਦਿੱਤਾ। ਗੋਰੇ ਲੋਕ ਜਦੋਂ ਉਸ ਨੂੰ 'ਸਿੰਡੀ' 'ਸਿੰਡੀ' ਕਹਿ ਕੇ ਬੁਲਾਉਂਦੇ ਤਾਂ ਅੰਕਲ ਮੈਨੂੰ ਲੱਗਣਾ ਕਿ ਜਿਵੇਂ 'ਭਿੰਡੀ' ਕਹਿੰਦੇ ਹੋਣ। ਆਪਣੇ ਦੇਸੀ ਬੰਦਿਆਂ ਦੇ ਨਾਂ ਤਾਂ ਫੇਰ ਵੀ ਠੀਕ ਠੀਕ ਨੇ, ਕਿਸੇ ਮੇਰੇ ਵਰਗੇ ਇਕ ਅੱਧੇ ਨੂੰ ਛੱਡ ਕੇ। ਪਰ ਆਪਣੀਆਂ ਦੇਸੀ ਬੁੜੀਆਂ ਦੇ ਨਾਂ ਤਾਂ ਬਾਹਲੇ ਹੋਰ ਤਰ੍ਹਾਂ ਦੇ ਨੇ। ਕਈ ਵਾਰ ਸੁਣ ਕੇ ਕਚਿਆਣ ਔਣ ਲੱਗਦੀ ਐ। ਜਿਵੇਂ 'ਲਿੰਡਾ, ਸਿੰਡੀ, ਕੈਂਡੀ, ਮੈਂਡੀ ਆਦਿ। ਪਰ ਕੀ ਕੀਤਾ ਜਾਵੇ, ਇਥੇ ਗੋਰੀਆਂ ਦੇ ਆਪਣੇ ਨਾਂ ਵੀ ਇਹੋ ਜਿਹੇ ਨੇ।'

ਮੈਂ ਉਸ ਨੂੰ ਸਮਝੌਣ ਲੱਗਦਾ ਹਾਂ ਕਿ ਅਸਲ 'ਚ ਅਮਰੀਕਾ ਦੇ 99 ਫੀਸਦੀ ਲੋਕ ਸਾਡੇ ਵਾਂਗ ਵਿਦੇਸ਼ੀ ਹਨ, ਜੇ ਤੁਸੀਂ ਆਪਣੀ ਪਹਿਚਾਣ ਕਾਇਮ ਰੱਖੋਗੇ ਤਾਂ ਇਹ ਪਹਿਚਾਣ ਸਲਾਮਤ ਰਹਿ ਸਕਦੀ ਹੈ। ਏਨੇ ਨੂੰ ਮੇਰਾ ਬੇਟਾ ਆ ਜਾਂਦਾ ਹੈ ਤੇ ਅਸੀਂ ਕਾਰ 'ਚ ਸਵਾਰ ਹੋ ਕੇ ਸਾਹਿਤ ਸਭਾ ਦੇ ਪ੍ਰੋਗਰਾਮ ਵਲ ਰਵਾਨਾ ਹੋ ਜਾਂਦੇ ਹਾਂ।

ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਲਗਭਗ ਅੱਧਾ ਘੰਟਾ ਪਹਿਲਾਂ ਅਸੀਂ ਉਥੇ ਪਹੁੰਚ ਜਾਂਦੇ ਹਾਂ। ਮੈਂ ਪੰਜਾਬ ਅਤੇ ਚੰਡੀਗੜ੍ਹ 'ਚ ਵੀ ਸਾਹਿਤ ਸਭਾਵਾਂ ਦੇ ਪ੍ਰੋਗਰਾਮ ਦੇਖੇ ਹਨ ਜਿਥੇ ਲੰਬੀ ਤਣੀ ਵਾਲੇ ਝੋਲੇ ਮੋਢੇ 'ਤੇ ਲਟਕਾਈ ਲੇਖਕ ਲੋਕ ਫਿਰਦੇ ਦਿਖਾਈ ਦਿੰਦੇ ਹਨ। ਇਕ ਰੇੜ੍ਹੀ ਜਾਂ ਖੋਖੇ ਤੋਂ ਤੁਹਾਨੂੰ ਆਪਣੀ ਜੇਬ 'ਚੋਂ ਪੈਸੇ ਦੇ ਕੇ ਚਾਹ ਮਿਲ ਸਕਦੀ ਹੈ। ਇਕ ਜਾਂ ਦੋ ਕਿਤਾਬਾਂ ਦੀਆਂ ਸਟਾਲਾਂ ਹੋਣਗੀਆਂ, ਜਿਥੋਂ ਤੁਹਾਨੂੰ ਮਨਪਸੰਦ ਕਿਤਾਬਾਂ ਮਿਲ ਸਕਦੀਆਂ ਹਨ। ਨਵੀਆਂ ਕਿਤਾਬਾਂ ਤੇ ਪੇਪਰ ਪੜ੍ਹੇ ਜਾਂਦੇ ਹਨ ਤੇ ਲੇਖਕ ਅਤੇ ਅਲੋਚਕ ਲੋਕ ਬਹਿਸ 'ਚ ਹਿੱਸਾ ਲੈਂਦੇ ਹਨ। ਕਈ ਵਾਰ ਕਵੀ-ਦਰਬਾਰ ਦਾ ਪ੍ਰਬੰਧ ਹੁੰਦਾ ਹੈ ਤੇ ਕਈ ਵਾਰ ਨਹੀਂ। ਮੁੱਖ ਜ਼ੋਰ ਗੋਸ਼ਟੀ 'ਤੇ ਹੀ ਹੁੰਦਾ ਹੈ।

ਮੈਂ ਇਥੇ ਪਹਿਲੀ ਵਾਰ ਸਾਹਿਤ ਸਭਾ ਦਾ ਪ੍ਰੋਗਰਾਮ ਦੇਖਣ ਆਇਆ ਹਾਂ। ਹਾਲ ਦੇ ਬਾਹਰੋਂ ਹੀ ਇਹ ਸਾਹਿਤ ਸਭਾ ਦਾ ਪ੍ਰੋਗਰਾਮ ਘੱਟ ਤੇ ਮਾੜੇ ਵਿਆਹ ਦਾ ਪ੍ਰੋਗਰਾਮ ਜ਼ਿਆਦਾ ਲੱਗਦਾ

*(ਬਾਕੀ ਸਫਾ 29 'ਤੇ)*

# ਪੱਲਾ ਮਾਰ ਕੇ ਬੁਝਾ ਗਈ ਦੀਵਾ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

**ਸੜਕ ਕਿਨਾਰੇ ਇਕ ਭਲਾ-ਮਾਣਸ ਸੋਚਾਂ 'ਚ ਡੁੱਬਿਆ ਬੈਠਾ ਸੀ। ਕੋਲੋਂ ਲੰਘਣ ਵਾਲੇ ਇਕ ਸ਼ਰਾਰਤੀ ਨੇ ਪੁੱਛਿਆ 'ਰੱਬ ਦਿਆਂ ਬੰਦਿਆ ਕੀ ਸੋਚਦੈਂ?' ਉਹ ਭੋਲਾ ਜਿਹਾ ਮੂੰਹ ਬਣਾ ਕੇ ਕਹਿਣ ਲੱਗਾ 'ਧੀ ਵਿਆਹੁਣ ਵਾਲੀ ਐ, ਕੰਮ ਕੋਈ ਹੈ ਨੀ, ਇਹੀ ਸੋਚ ਰਿਹੈ ਹੱਥ ਪੀਲੇ ਕਿਵੇਂ ਕਰਾਂਗਾ?' ਸ਼ਰਾਰਤੀ ਨੇ ਫਿਰ ਸ਼ਰਾਰਤ ਦੀ ਬੁਰਕੀ ਸੁੱਟੀ, ਲੈ ਕੰਮ 'ਤੇ ਤੈਨੂੰ ਸਵੇਰੇ ਲੁਆ ਦਿਆਂਗੇ' ਉਹਦੇ ਚਿਹਰੇ 'ਤੇ ਰੌਣਕ ਨੱਚਣ ਲੱਗ ਪਈ। 'ਪੈਸੇ ਕਿੰਨੇ ਮਿਲਣਗੇ?' ਤੇਰੀ ਸੋਚ ਤੋਂ ਵਧ, ਪੂਰਾ ਲੱਖ ਰੁਪਿਆ ਮਹੀਨਾ ਤਨਖਾਹ।' ਸ਼ੇਖਚਿਲੀ ਵਾਂਗ ਖੁਸ਼ੀ ਨਾ ਸੰਭਾਲੀ ਜਾਵੇ। ਪੁੱਛਣ ਲੱਗਾ 'ਕੰਮ ਕੀ ਕਰਨਾ ਹੈ?' ਸ਼ਰਾਰਤ ਦੀ ਅਗਲੀ ਪੁੜੀ ਮੂੰਹ ਦੇਂਦਿਆਂ ਉਹ ਕਹਿਣ ਲੱਗਾ 'ਤੂੰ ਬਸ ਸੋਚਣੈ, ਸੋਚੀ ਜਾਣੈ।' ਵਿਚਾਰਾ ਸੁਪਨੇ ਪੂਰੇ ਹੁੰਦੇ ਵੇਖ ਕੇ ਬਾਗੋ ਬਾਗ ਹੋਇਆ ਬੋਲਿਆ, 'ਜਨਾਬ ਇਹ ਤਾਂ ਦੱਸੋ ਕਿ ਮੈਨੂੰ ਇਕ ਲੱਖ ਰੁਪਿਆ ਤਨਖਾਹ ਕੌਣ ਦੇਵੇਗਾ?' ਦੂਜੇ ਨੇ ਚੁਟਕੀ ਮਾਰੀ। 'ਬੱਸ ਇਹੋ ਤੈਂ ਸੋਚਣੈਂ।' ਐਤਕਾਂ ਛੋਟੇ ਬਾਦਲ ਸਾਹਿਬ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਪੰਜਾਬ ਨੂੰ 2010 ਤੱਕ ਬਿਜਲੀ ਨਾਲ ਨੁਹਾ ਦਿਆਂਗੇ, ਚੌਵੀ ਘੰਟੇ ਚਾਲੂ ਸ਼ਤਾਬਦੀ ਵਾਂਗ। ਉਦੋਂ ਤਾਂ ਲੋਕਾਂ ਨੇ ਕੱਛਾਂ ਵਜਾ ਲਈਆਂ। ਪਰ ਹੁਣ ਸੋਚਦੇ ਨੇ ਬਿਜਲੀ ਆਵੇਗੀ ਕਿਥੋਂ?' ਇਹ ਦਾਅਵੇ ਚਹਿਲ ਤੇ ਸ਼ਿਮਲੇ 'ਚ ਨਜ਼ਾਰੇ ਲੈਣ ਵਾਲੇ ਕੈਪਟਨ ਦੇ ਵੀ ਸਨ। ਭਲਾ ਜਿਸ ਮੁਲਕ ਦੀਆਂ ਸੜਕਾਂ ਟੁੱਟੀਆਂ ਹੋਣ, ਬਿਜਲੀ ਸਿਰਫ 'ਜੈ ਹਿੰਦ-ਕਹਿਣ ਆਉਂਦੀ ਹੋਵੇ ਉਹ ਕੈਲੀਫੋਰਨੀਆ ਬਣ ਸਕਦੈ? ਲੋਕ ਇਹ ਵੀ ਸੋਚੀ ਜਾਂਦੇ ਨੇ। ਦੁਨੀਆਂ ਵਿਚ ਜਿਥੇ ਵੀ ਆਰਥਿਕ ਸੰਕਟ ਪੈਦਾ ਹੋਏ ਨੇ ਉਨ੍ਹਾਂ ਪਿੱਛੇ ਕਾਰਨ ਰਾਜਨੀਤਕ ਹੀ ਰਹੇ ਨੇ। ਉਨ੍ਹਾਂ ਲੋਕਾਂ ਨੂੰ ਹਾਲੇ ਤੱਕ ਕੋਈ ਵੀ ਮੱਤ ਨਹੀਂ ਦੇ ਸਕਿਆ ਜਿਨ੍ਹਾਂ ਦੀ ਉਮਰ ਤਾਂ ਲੰਬੀ ਸੀ ਪਰ ਅਕਲ ਛੋਟੀ। ਆਸ਼ਕ ਮਿਜਾਜ਼ ਲੋਕਾਂ ਲਈ ਪੰਜਾਬੀ ਦੀ ਇਕ ਬੋਲੀ ਸੀ, 'ਅੱਖ ਨਾਲ ਗੱਲ ਕਰ ਗਈ ਪੱਲਾ ਮਾਰ ਕੇ ਬੁਝਾ ਗਈ ਦੀਵਾ।' ਪਰ ਹੁਣ ਪੱਲਾ ਮਾਰਨ ਦੀ ਲੋੜ ਹੀ ਨਹੀਂ, ਕਿਉਂ ਕਿ ਲਾਟੂ ਬੁਝਿਆ ਹੀ ਰਹਿੰਦਾ ਹੈ।**

ਇਹ ਸੱਚ ਹੈ ਕਿ ਕਿਰਲੀ ਦੇ ਮੂੰਹ 'ਚ ਕਰੇਲਾ ਨਹੀਂ ਦਿੱਤਾ ਜਾ ਸਕਦਾ। ਜਿਹੜੇ ਹਰ ਵੇਲੇ ਕਿਸੇ ਦੀਆਂ ਜੜ੍ਹਾਂ ਵੱਢਣ ਲਈ ਆਰੀ ਲਈ ਫਿਰਦੇ ਹਨ, ਜਿਹੜੇ ਚੁਗਲੀ ਤੇ ਨਿੰਦਿਆਂ ਕਰਨ ਲਈ ਹਰ ਵੇਲੇ ਤੋਰੀ ਵਾਂਗ ਜੀਭ ਲਮਕਾਈ ਰੱਖਦੇ ਹਨ, ਜਿਹੜੇ ਦੂਜਿਆਂ ਨੂੰ ਉਜਾੜਨ ਤੇ ਬਰਬਾਦ ਕਰਨ ਲਈ ਅਰਦਾਸਾਂ ਕਰਦੇ ਹਨ ਉਹ ਸ਼ਾਂਤ ਜਾਂ ਸੰਤੁਸ਼ਟ ਹੋ ਜਾਣਗੇ, ਭਲਾ ਏਦਾਂ ਹੋ ਸਕਦੈ? ਪਤੀ ਤੋਂ ਅਸੰਤੁਸ਼ਟ ਪਤਨੀ ਦੀ ਹਾਲਤ ਵੀ ਉਹੀ ਹੁੰਦੀ ਹੈ, ਜਿਵੇਂ ਇਕ ਕੈਦੀ ਬੰਦ ਤਾਂ ਜੇਲ੍ਹ ਵਿਚ ਹੋਵੇ ਪਰ ਉਸ ਜੇਲ੍ਹ ਦੇ ਸਾਰੇ ਬੂਹੇ ਬਾਰੀਆਂ ਖੁਲ੍ਹੇ ਹੋਣ। ਜਿਹੜੇ ਵਿਹਲ ਨੂੰ ਆਨੰਦ ਸਮਝਦੇ ਹਨ ਉਹ ਭਰਮ ਵਿਚ ਹਨ, ਕਿਉਂਕਿ ਰੁੱਝੇ ਹੋਏ ਵਿਅਕਤੀ ਨੇ ਹੀ ਆਪਣਾ ਤੇ ਸਰਬੱਤ ਦਾ ਭਲਾ ਕਰਨਾ ਹੁੰਦਾ ਹੈ।

ਜੇ ਕੋਈ ਸੁਨੱਖਾ ਵੀ ਰੱਜ ਕੇ ਹੋਵੇ, ਸੋਹਣਾ ਵੀ ਲੱਗੇ ਤਾਂ ਉਸ ਦੇ ਲਾਰੇ ਵੀ ਦਾਅਵੇ ਹੀ ਲਗਦੇ ਹਨ। ਭਾਵੇਂ ਕਿ ਇਨ੍ਹਾਂ ਦਾ ਸੰਤਾਪ ਬੜਾ ਗਹਿਰਾ ਉਠਾਉਣਾ ਪੈਂਦਾ ਹੈ। ਰਾਜਨੀਤੀ ਵਿਚ ਚਿੱਟੇ ਕੱਪੜਿਆਂ ਵਾਲੇ ਚਿੱਟੀਆਂ ਕਾਰਾਂ 'ਚੋਂ ਉਤਰ ਕੇ ਇਹੋ ਕੁਝ ਤਾਂ ਕਰਦੇ ਹਨ। ਪੰਜਾਬ ਦੇ ਲੋਕ ਪਿਛਲੇ ਕਈ ਵਰ੍ਹਿਆਂ ਤੋਂ ਸਭ ਤੋਂ ਵਧ ਗਾਲ੍ਹਾਂ ਜਾਂ ਮੰਦਾ-ਚੰਗਾ ਕਿਸ ਨੂੰ ਬੋਲਦੇ ਹਨ? ਜ਼ਰਾ ਕਿਆਸ ਕਰਕੇ ਵੇਖਿਓ ਤਾਂ ਬਿਜਲੀ ਮਹਿਕਮਾ ਤੇ ਬਿਜਲੀ ਮਹਿਕਮੇ ਵਾਲੇ ਹੀ ਗਰਮੀਆਂ ਦੇ ਦਿਨਾਂ ਵਿਚ ਇਨ੍ਹਾਂ ਨੂੰ ਦੰਦ ਕਿਰਤ ਕਿਰਤ ਕੇ ਲੰਬੇ ਹੱਥੀਂ ਲੈਂਦੇ ਹਨ। ਤੇ ਪੰਜਾਬ ਵਿਚ ਸਭ ਤੋਂ ਵੱਧ ਘਾਟਾ ਝੱਲਣ ਵਾਲਾ ਬਿਜਲੀ ਬੋਰਡ 'ਲਾਰੇ ਕਿਸੇ ਦੇ ਤੇ ਸੱਟਾਂ ਕਿਸੇ ਦੇ' ਵਾਲੀ ਹਾਲਤ 'ਚੋਂ ਗੁਜ਼ਰ ਰਿਹਾ ਹੈ।

ਗੱਲ ਕੋਈ ਚਾਰ ਕੁ ਸਾਲ ਪੁਰਾਣੀ ਹੈ। ਹਾੜ੍ਹ ਯਾਨਿ ਕਿ ਜੂਨ ਲੋਹੇ ਦੀ ਭੱਠੀ ਵਾਂਗ ਤਪੇ। ਨਾ ਅੰਦਰ ਚੈਨ ਮਿਲੇ ਨਾ ਬਾਹਰ। ਉਧਰੋਂ ਬਿਜਲੀ ਆਵੇ ਤੇ 'ਸਤਿ ਸ੍ਰੀ ਅਕਾਲ' ਕਹਿ ਕੇ ਭੱਜ ਜਾਵੇ। ਇੰਜ ਅਠਖੇਲੀਆਂ ਕਰਦੀ ਨੇ ਅੱਧੀ ਰਾਤ ਲੰਘਾ ਦਿੱਤੀ। ਫਿਰ ਦੋ ਕੁ ਘੰਟੇ ਲੰਘੇ ਹੋਣਗੇ, ਅੱਖ ਲੱਗੀ ਹੀ ਸੀ ਕਿ ਲਾਟੂ, ਕੂਲਰ, ਪੱਖੇ ਫਿਰ ਬੰਦ, ਭਰੇ ਪੀਤੇ ਨੇ ਬਿਜਲੀ ਬੋਰਡ ਦੇ ਦਫਤਰ ਫੋਨ ਕਰ ਹੀ ਲਿਆ 'ਹੁਣ ਦੇਵੀ ਕਿੰਨੇ ਵਜੇ ਪ੍ਰਗਟ ਹੋਵੇਗੀ?' ਮੈਂ ਵਿਅੰਗਮਈ ਅੰਦਾਜ਼ 'ਚ ਪੁੱਛਿਆ।

ਊਂਘਦਾ ਅਪ੍ਰੇਟਰ ਬੋਲਿਆ 'ਇਹ ਕਿਸੇ ਸਾਧ ਜਾਂ ਪੁੱਛਾਂ ਦੇਣ ਵਾਲੇ ਦਾ ਡੇਰੈ। ਅਖੇ ਦੇਵੀ ਕਿੰਨੇ ਵਜੇ ਪ੍ਰਗਟ ਹੋਵੇਗੀ। ਸੌਣ ਤਾਂ ਦਿਆ ਕਰੋ। ਇਹ ਬਿਜਲੀ ਬੋਰਡ ਦਾ ਦਫ਼ਤਰ ਹੈ।' ਤੇ ਉਹਨੇ ਠਾਹ ਦੇਣੀ ਫੋਨ ਦਾ ਚੋਂਗਾ ਰੱਖ ਦਿੱਤਾ।

ਮਨ 'ਚ ਸੋਚਿਆ ਪਈ ਇਹ ਵਿਚਾਰਾ ਇਹ ਨਹੀਂ ਜਾਣਦਾ ਕਿ ਲੋਕ ਅਸਲੀ ਦੇਵੀਆਂ ਨੂੰ ਭੁੱਲ ਕੇ ਸਿਰਫ ਬਿਜਲੀ ਦੇਵੀ ਦੇ ਦਰਸ਼ਨ ਲਈ ਵਿਲਕਦੇ ਹਨ। ਜੇ ਸੁਖਬੀਰ ਬਾਦਲ ਹੁਣ ਇਹ ਐਲਾਨ ਕਰ ਦੇਵੇ ਕਿ ਪੰਜਾਬੀਓ ਬਿਜਲੀ 24 ਘੰਟੇ ਮਿਲੂ। ਪਹਿਲਾਂ ਇਸ ਦੀ ਪੂਜਾ ਕਰੋ ਤਾਂ ਸੱਚ ਮੰਨਿਓ ਸਾਰਾ ਪੰਜਾਬ ਸਣੇ ਬੁੱਢੇ-ਠੇਰਿਆਂ ਤੇ ਨਿਆਣੇ ਨਿੱਕਿਆਂ ਦੇ ਇੱਕ ਲੱਤ ਭਾਰ ਖੜ੍ਹਾ ਹੋ ਜਾਊ। ਮੈਂ ਹੌਸਲਾ ਕਰਕੇ ਇਕ ਵਾਰ ਫਿਰ ਫੋਨ ਮਿਲਾ ਲਿਆ ਉਹੀ ਬਾਬੂ ਮਾਰੂ ਮੱਝ ਵਾਂਗ ਚਾਰੇ ਖੁਰ ਚੁੱਕ ਕੇ ਪੈ ਗਿਆ 'ਕੀ ਗੱਲ ਐ?' ਮੈਂ ਕਿਹਾ 'ਜਨਾਬ ਪਹਿਲਾਂ ਵੀ ਮੈਂ ਹੀ ਫੋਨ ਕੀਤਾ ਸੀ। ਦੇਵੀ ਮੈਂ ਬਿਜਲੀ ਨੂੰ ਆਖਿਐ। ਤੁਸੀਂ ਮੇਰੀ ਗੱਲ ਸਮਝੇ ਨਹੀਂ।'

'ਦੋ ਘੰਟਿਆਂ ਨੂੰ ਆਵੇਗੀ।' ਉਹ ਫਿਰ ਔਖਤ ਕੇ ਪਿਆ।

'ਜਾਵੇਗੀ ਕਦੋਂ?'

'ਪਤਾ ਨ੍ਹੀਂ ਅੱਧੇ ਘੰਟੇ ਬਾਦ ਵੀ ਜਾ ਸਕਦੀ ਹੈ ਤੇ ਪੰਦਰਾਂ ਮਿੰਟ ਬਾਦ ਵੀ।'

'ਅੱਜ ਕੱਲ ਤੁਹਾਨੂੰ ਤਨਖਾਹ ਬਿਜਲੀ ਚਲਾਉਣ ਦੀ ਮਿਲਦੀ ਐ ਜਾਂ ਕੱਟਣ ਦੀ?'

'ਬਾਬੂ ਜੀ ਫਾਲਤੂ ਗੱਲਾਂ ਨਾ ਕਰੋ।'

ਅਗਲਾ ਸਵਾਲ ਮੈਂ ਫਿਰ ਧਰਤਾ ਮੂਹਰੇ 'ਕੀ ਐਸ ਵੇਲੇ ਉੱਚੇ ਮਹਿਲਾਂ ਵਿਚ ਵੀ ਦੀਵਾ ਗੁੱਲ ਐ?'

'ਕਿਹੜੇ ਮਹਿਲ?'

'ਤੈਨੂੰ ਇਹੀ ਨ੍ਹੀਂ ਪਤਾ ਪਈ ਪਟਿਆਲੇ ਆਲੇ ਰਾਜੇ ਦੇ।'

'ਕੀ ਬਾਦਲ ਦੇ ਘਰ ਵੀ ਇਸ ਵੇਲੇ ਮੱਛਰ ਗਿੱਧਾ ਪਾ ਰਿਹੈ, ਕੀ ਮੰਤਰੀ ਐਸ ਵੇਲੇ ਜਾਗ ਰਹੇ ਨੇ? ਕੀ 24 ਘੰਟੇ ਬਿਜਲੀ ਦੇਣ ਦੇ ਦਾਅਵੇ ਕਰਨ ਵਾਲਾ ਸੁਖਬੀਰ ਵੀ ਪੰਜਾਬ ਦੇ ਲੋਕਾਂ ਵਾਂਗ ਗਲੀਆਂ, ਕੋਠਿਆਂ ਤੇ ਬਹਿ ਕੇ ਸਾਫੇ ਨਾਲ ਮੱਛਰ ਉਡਾ ਰਿਹੈ?'' ਮੈਂ ਕਈ ਸਵਾਲ ਕਰ ਦਿੱਤੇ ਪਰ ਉਹ ਕਦੋਂ ਦਾ ਫੋਨ ਕੱਟ ਗਿਆ।

ਇਕ ਦਿਨ ਇਥੇ ਇਕ ਮਿੱਤਰ ਪਿਆਰੇ ਦਾ ਫੋਨ ਆਇਆਂ ਪੁੱਛਣ ਲੱਗਾ, ਤੁਹਾਡੀ ਲੇਖਣੀ 'ਚੋਂ ਕਈ ਵਾਰ ਝਲਕ ਮਾਝੇ ਤੇ ਮਾਲਵੇ ਦੀ ਪੈਂਦੀ ਆ। ਜੁਆਨਾ ਕਿਹੜਾ ਪਿੰਡ ਐ ਤੇਰਾ?'

ਮੈਂ ਕਿਹਾ ਨਵੇਂ ਸ਼ਹਿਰ ਜ਼ਿਲ੍ਹੇ 'ਚ ਸੰਤ ਬਾਬਾ ਸੇਵਾ ਸਿੰਘ ਦੇ ਪਿੰਡ ਕੌਰ ਦੇ ਨਾਲ ਭੌਰਾ। ਨਿਰੰਕਾਰੀਆਂ ਵਿਰੁਧ ਹੁਕਮਨਾਮਾ ਜਾਰੀ ਕਰਨ ਵਾਲਾ, ਜਥੇਦਾਰ ਸਾਧੂ ਸਿੰਘ ਭੌਰਾ ਵੀ ਮੇਰੇ ਪਿੰਡ ਦਾ ਹੀ ਸੀ, ਇੰਗਲੈਂਡ ਦੀ ਹਾਕੀ ਟੀਮ ਲਈ ਖੇਡਣ ਵਾਲਾ ਕੁਲਬੀਰ ਵੀ ਇਥੋਂ ਦਾ ਹੈ, ਪੰਜਾਬ ਦਾ ਮਰਹੂਮ ਖੇਤੀਬਾੜੀ ਮੰਤਰੀ ਦਿਲਬਾਗ ਸਿੰਘ ਵੀ ਮੇਰੇ ਪਿੰਡ ਤੋਂ ਹੀ ਸੀ?'

ਕਹਿਣ ਲੱਗਾ, ਜੁਆਨਾ ਫਿਰ ਤੇਰੇ ਪਿੰਡ ਤਾਂ ਬਿਜਲੀ ਜਾਂਦੀ ਨ੍ਹੀਂ ਹੋਣੀ?'

'ਕਿਉਂ ਭਾਖੜੇ ਤੋਂ ਸਿੱਧੀ ਬਿਜਲੀ ਦੀ ਲਾਈਨ ਪਈ ਹੋਈ ਐ?'

ਤੇ ਉਹ ਹੱਸਦਿਆਂ ਫੋਨ ਕੱਟ ਗਿਆ।

ਅਸਲ ਵਿਚ ਮੇਰੇ ਪਿੰਡ ਦਾ ਇਕ ਹਾਸਰਸ ਪਾਤਰ ਐ ਦੁੱਲੀ ਦਾ ਦੀਪ। ਮਾਂ ਦਾ ਨਾਂ ਦੁੱਲੀ ਸੀ ਤੇ ਪਿਓ ਛੋਟੇ ਹੁੰਦੇ ਦਾ ਮਰ ਗਿਆ। ਨਾ ਪੱਕ ਗਿਆ ਦੁੱਲੀ ਦਾ ਦੀਪ। ਪਿੰਡ ਦਾ ਚੌਕੀਦਾਰ ਐ। ਪੰਜਾਹ ਕੁ ਸਾਲਾਂ ਦੀ ਉਮਰ ਤੱਕ ਨਾ ਉਹਦਾ ਵਿਆਹ ਹੋਇਆ ਨਾ ਵੱਡੇ ਭਰਾ ਦਾ। ਕਿਸੇ ਨੇ ਬਾਜੀ-ਬੋਲੀ ਤੀਵੀਂ ਲਿਆ'ਤੀ। ਹੁਣ ਤਾਂ ਘਰੇ ਉਹਨੇ ਫੋਨ ਵੀ ਲੁਆ ਲਿਐ। ਪਿਛਲੇ ਹਫਤੇ ਮੈਂ ਫੋਨ ਕਰਕੇ ਪੁੱਛਿਆ 'ਕਿਵੇਂ ਦੀਪ ਠੀਕ ਐਂ?'

'ਜਮਾਂ ਢੋਲੇ ਦੀਆਂ ਲਾਈ ਦੀਆਂ।'

'ਕਹਿੰਦੇ ਬਿਜਲੀ ਨ੍ਹੀਂ ਆਉਂਦੀ?'

'ਸਾਡੇ ਤਾਂ ਸਾਲੀ ਆਈ ਈ ਦੋ ਸਾਲ ਪਹਿਲਾਂ ਸੀ। ਪੰਜ ਘੋਟਣਿਆਂ ਅਰਗੇ ਜੁਆਕ ਬਿਜਲੀ ਆਉਣ ਤੋਂ ਪਹਿਲਾਂ ਦੇ ਨੇ ਤੇ ਪੈਰ ਤੇਰੀ ਭਾਬੀ ਦਾ ਫਿਰ ਭਾਰੀ ਐ, ਅੱਸੂ 'ਚ ਖੁਸ਼ੀਆਂ ਹੋਣ ਵਾਲੀਆਂ ਨੇ। ਅਸੀਂ ਬਿਜਲੀ ਤੋਂ ਧਾਰਾਂ ਲੈਣੀਆਂ, ਲਾਟੂ ਆਪਾਂ ਅਸੀਂ ਸਾਲ ਜਗਾ ਦਈਦੈ।' ਉਹ ਇਕੋ ਸਾਹੇ ਕਈ ਕੁਝ ਗਿਣ ਗਿਆ।

'ਮੈਂ ਪੁੱਛਿਆ ਆਪਣੇ ਪਿੰਡ ਆਲੀ ਚਤੁਰ-ਚਲਾਕ ਠਾਕਰੀ ਦਾ ਕੀ ਹਾਲ ਐ?'

'ਗਡੀਰਨੇ ਵਾਂਗ ਭੱਜੀ ਫਿਰਦੀ ਐ। ਉਹਦੇ ਪੋਤਾ ਹੋਇਆ ਪੰਜ-ਛੇ ਕੁ ਦਿਨ ਹੋ ਗਏ। ਮੈਂ ਗਿਆ ਮੁੰਡੇ ਦਾ ਨਾਂ ਦਰਜ ਕਰਨ। ਉਹ ਸ਼ਹਿਰੋ ਆਈ ਸੀ ਬੌਂਦਲੀ, ਪੱਖੀਆਂ ਚੱਕੀ ਆਵੇ। ਮੈਂ ਕਿਹਾ ਤਾਈ ਕਿਵੇਂ ਆਂ? 'ਭੜਕ ਪਈ' ਆਂਦੀ ਓ ਬੇੜਾ ਬਹਿ ਜੇ ਤੁਹਾਡਾ ਲਾਲ ਭੰਡੇ ਆਲਿਓ। 'ਮਰੀਕਾ ਤੁਹਾਨੂੰ ਸਿੱਧੀ ਬਿਜਲੀ ਦੇਣ ਨੂੰ ਤਿਆਰ ਸੀ। ਤੁਸੀਂ ਪਾਏ ਬੇੜੀਆਂ 'ਚ ਵੱਟੇ। ਮਿੰਦੇ ਦੇ ਜੁਆਕ ਕਾਹਦਾ ਜੰਮਿਆ ਛੇ ਦਿਨ ਹੋ ਗਏ ਬਹੂ ਵਿਲਕਦੀ ਐ, ਜੁਆਕ ਦੀ ਲਲੋ ਨੀ ਅੰਦਰ ਵੜਦੀ। ਪੱਖਾ ਤਿੰਨ ਦਿਨ ਹੋ ਗਏ ਘੱਟਾ ਨ੍ਹੀਂ ਘੁੰਮਿਆ ਹੋਣਾ। ਵਿਚਾਰੀ ਛਿਲੇ 'ਚ ਐ ਬਾਹਰ ਨ੍ਹੀਂ ਨਿਕਲ ਸਕਦੀ। ਮੈਂ ਆਪਣੇ ਪਿੰਡ ਆਲੇ ਕਾਮਰੇਡ ਜੀਵਨ ਸਿਹੁੰ ਨੂੰ ਕਿਹਾ 'ਮਰੀਕਾ ਨਾਲ ਟਿੰਡ 'ਚ ਕਾਨ੍ਹਾ ਪਾਈ ਫਿਰਦੇ ਸੀ ਅਖੇ ਝੱਲ ਹੁਣ ਮੇਰੀ ਬਹੂ ਤੇ ਜੁਆਕ ਨੂੰ ਪੱਖੀ। ਅੱਗੇ ਆਂਹਦੇ ਸੀ ਭਾਖੜੇ ਆਲੇ ਪਾਣੀ 'ਚੋਂ ਬਿਜਲੀ ਕੱਢ ਕੇ ਫੋਕਾ ਪਾਣੀ ਦਈ ਜਾਂਦੇ ਨੇ। ਇਨ੍ਹਾਂ ਨੂੰ ਸਾਰਿਆਂ ਨੂੰ ਤਾਂ ਪੰਡ ਬੰਨ੍ਹ ਕੇ ਰੂਸ ਛੱਡ ਆਊ। ਸ਼ਹਿਰੋਂ ਪੱਖੀਆਂ ਲੈ ਕੇ ਆਈ ਆਂ ਤੀਹ ਸਾਲ ਪਹਿਲਾਂ ਵਾਲੇ ਦਿਨ ਚੇਤੇ ਆ ਗਏ।

ਅਸਲ ਵਿਚ ਪਿਛਲੇ ਦਸ ਕੁ ਸਾਲਾਂ ਤੋਂ ਪੰਜਾਬ ਬਿਜਲੀ ਦੁੱਖੋਂ ਵਿਲਕਦਾ ਆ ਰਿਹੈ। ਵੋਟਾਂ ਆਲੇ ਦਿਨਾਂ 'ਚ ਗੁਆਂਢੀ ਰਾਜਾਂ ਤੋਂ ਮਹਿੰਗੀ ਬਿਜਲੀ ਖਰੀਦ ਕੇ ਲੋਕਾਂ ਨੂੰ ਬੁੱਧੂ ਬਣਾਈ ਜਾਂਦੇ ਨੇ। ਵੋਟਾਂ ਪੰਜ ਵਜੇ ਪੈ ਕੇ ਹਟੀਆਂ ਤੇ ਬਿਜਲੀ ਸਾਢੇ ਪੰਜ ਗੁੱਲ। ਹੁਣ ਸਾਰਾ ਪੰਜਾਬ ਹਾਲ ਦੁਹਾਈ ਪਾ ਰਿਹੈ, ਪਰ ਜਿਨ੍ਹਾਂ ਤਿੰਨ ਹਲਕਿਆਂ 'ਚ ਵੋਟਾਂ ਪੈਣ ਲੱਗੀਆਂ ਨੇ ਉਥੇ ਲੋਕ ਕੂਲਰਾਂ ਮੂਹਰਿਓਂ ਨ੍ਹੀਂ ਉਠਦੇ।

ਸਭ ਜਾਣਦੇ ਨੇ ਬਰਸਾਤ ਦੇ ਅੱਖ ਮਟੱਕੇ ਕਾਰਨ ਭਾਖੜੇ ਵਾਲੀ ਗੋਬਿੰਦ ਸਾਗਰ ਕਦੋਂ ਦੀ ਹੱਥ ਖੜ੍ਹੇ ਕਰੀ ਜਾ ਰਹੀ ਹੈ। ਟਰਬਾਈਨਾਂ ਬੰਦ ਹੋ ਰਹੀਆਂ ਹਨ। ਬਠਿੰਡੇ ਤੇ ਰੋਪੜ ਆਲੇ ਥਰਮਲ ਪਲਾਂਟ ਯੂਨਿਟ ਬੰਦ ਹੋਣ ਦੀ ਦੁਹਾਈ ਦੇ ਕੇ ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਇਆ ਜਾ ਰਿਹੈ। ਸੱਚ ਇਹ ਹੈ ਕਿ ਇਨ੍ਹਾਂ ਲਈ ਲੋੜੀਂਦਾ ਕੋਇਲਾ ਪੈਸੇ ਦੀ ਘਾਟ ਕਾਰਨ ਮਿਲ ਨਹੀਂ ਰਿਹਾ। ਚਾਹੇ ਬੀਬੀ ਭੱਠਲ ਕਹੇ ਚਾਹੇ ਕਾਕਾ ਬਾਦਲ, ਚਾਹੇ ਕੈਪਟਨ ਸਾਹਿਬ, ਪੰਜਾਬ 'ਚੋਂ ਬਿਜਲੀ ਸੰਕਟ ਮੁਕਾਉਣਾ ਬੜਾ ਔਖਾ ਕਾਰਜ ਹੈ। ਐਵੇਂ ਉਠ ਦੇ ਮੂੰਹ 'ਚ ਜੀਰਾ ਫਸਾਈ ਜਾਂਦੇ ਨੇ।

ਚਿੱਟੀਆਂ ਵਾਲਿਆਂ ਨੂੰ ਵੀ ਪਤੈ ਤੇ ਨੀਲੀਆਂ ਵਾਲਿਆਂ ਨੂੰ ਵੀ ਕਿ ਇਹ ਸੰਕਟ ਆਉਣ ਵਾਲੇ ਸਮੇਂ ਵਿਚ ਰਾਜਨੀਤਕ ਸੰਕਟ ਬਣੇਗਾ। ਸਿਰਫ ਇਸੇ ਕਰਕੇ ਵੋਟਾਂ ਦੇ ਦਿਨਾਂ 'ਚ ਲੋਕਾਂ ਨੂੰ ਬਿਜਲੀ ਦੇ ਕੇ ਖੁਸ਼ ਕਰਨ ਦਾ ਯਤਨ ਹੋ ਰਿਹੈ।

ਥੋੜ੍ਹਾ ਜਿਹਾ ਹੋਰ ਠਹਿਰੋ ਲੋਕ ਸੜਕਾਂ 'ਤੇ ਉਤਰਨ ਹੀ ਵਾਲੇ ਨੇ। ਹਾਲੇ ਥੋੜ੍ਹਾ ਸਹਿਮੇ ਇਸ ਕਰਕੇ ਹੋਏ ਨੇ ਕਿ ਮਹਾਰਾਜੇ ਦੇ ਰਾਜ ਦੀ ਲਾਲੜੂ ਵਾਲੀ ਘਟਨਾ ਪੰਜਾਬ ਦੇ ਲੋਕਾਂ ਨੂੰ ਭੁੱਲੀ ਨਹੀਂ। ਹੋਇਆ ਇਉਂ ਸੀ ਕਿ ਪੰਜ ਕੁ ਸਾਲ ਪਹਿਲਾਂ ਤਿੰਨ ਦਿਨ ਤੋਂ ਗੁੱਲ ਬਿਜਲੀ ਵਿਰੁਧ ਲਾਲੜੂ ਦੇ ਤਪੇ ਲੋਕ ਮੁਜ਼ਾਹਰੇ 'ਤੇ ਉਤਰ ਆਏ। ਬਿਜਲੀ ਬੋਰਡ ਦਾ ਦਫਤਰ ਭੰਨ ਸੁੱਟਿਆ ਤੇ 132 ਕੇ.ਵੀ. ਗਰਿੱਡ ਸਟੇਸ਼ਨ ਨੂੰ ਨੁਕਸਾਨ ਪਹੁੰਚਾਇਆ। ਫਿਰ ਕੀ ਸੀ ਪੁਲਿਸ ਕਪਤਾਨ ਦੀ ਅਗਵਾਈ 'ਚ ਪਿੰਡ ਦੇ ਲੋਕਾਂ ਨੂੰ ਘਰਾਂ 'ਚੋਂ ਕੱਢ ਕੇ ਕੁੱਟਿਆ, ਤੀਵੀਆਂ ਬੱਚੇ ਵੀ ਨਹੀਂ ਬਖ਼ਸ਼ੇ। ਚੁੱਲ੍ਹੇ ਢਾਹ ਸੁੱਟੇ ਤੇ ਮੰਜੇ ਤੋੜ ਦਿੱਤੇ। ਪੁਲਸੀਆਂ ਦੀਆਂ ਠੁੱਡਾਂ ਨਾਲ ਬੁੜੀਆਂ ਖੁਦੋਂ ਵਾਂਗ ਬੁੜਕਦੀਆਂ ਦੇਖੀਆਂ ਗਈਆਂ। ਜੇ ਛੇਤੀ ਬਿਜਲੀ ਸੰਕਟ ਦਾ ਹੱਲ ਨਾ ਨਿਕਲਿਆ ਤਾਂ ਤਪਦੇ ਪੰਜਾਬ ਨੂੰ ਹੋਰ ਅੱਗ ਲੱਗੇਗੀ।

ਜੇ ਘਰ 'ਚ ਦਾਣੇ ਨਾ ਹੋਣ ਤਾਂ ਗੁਆਂਢੀਆਂ ਨੂੰ ਲੰਗਰ ਛਕਣ ਦਾ ਨਿਉਂਦਾ ਦੇਣਾ ਸਿਆਣੇ ਬੰਦਿਆਂ ਦਾ ਕੰਮ ਨ੍ਹੀਂ ਹੋ ਸਕਦਾ। ਬਿਜਲੀ ਤਾਂ ਮੁੱਲ ਦੇਣ ਨੂੰ ਹੈ ਨ੍ਹੀਂ। ਮੁਫ਼ਤ ਕਿਥੋਂ ਦਿਓਗੇ। ਪੰਜਾਬ ਦੇ ਲੋਕ ਤਾਂ ਇਹ ਕਹਿੰਦੇ ਨੇ ਪੈਸੇ ਲਓ ਬਿਜਲੀ ਦਿਓ। ਪਰ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ।

ਕਮਾਲ ਦੇਖੋ ਕਿ ਬਿਜਲੀ ਦੇ ਸੰਕਟ ਦਾ ਹੱਲ ਤੇ ਸੋਕੇ ਦਾ ਇਲਾਜ ਲੱਭਣ ਲਈ ਸਰਕਾਰ ਦੀ ਮੀਟਿੰਗ ਏ.ਸੀ. (ਵਾਤਾ-ਨਕੂਲ) ਮਾਹੌਲ 'ਚ ਹੋ ਰਹੀ ਹੈ। ਮੰਤਰੀਆਂ ਸਣੇ ਮੁੱਖ ਮੰਤਰੀ ਤੇ ਅਫਸਰ ਸ਼ਾਹੀ ਏ.ਸੀ. ਘਰਾਂ 'ਚੋਂ ਨਿਕਲ ਕੇ. ਏ.ਸੀ. ਕਾਰਾਂ 'ਚ ਬਹਿ ਕੇ ਏ.ਸੀ. ਇਮਾਰਤਾਂ, ਦਫਤਰਾਂ ਵਿਚ ਆ ਬਹਿੰਦੀ ਹੈ। ਉਨ੍ਹਾਂ ਨੂੰ ਤਾਂ ਸ਼ੀਸ਼ੇ ਵਿਚੋਂ ਹੀ ਭੂ-ਮੱਧ ਰੇਖਾ ਦੇ ਨੇੜੇ ਪਹੁੰਚਿਆਂ ਪੰਜਾਬ ਲਾਲ ਹੋਇਆ ਦਿਸਦਾ ਹੋਣੈ।

ਪੰਜਾਬ ਦਾ ਸਭ ਤੋਂ ਵੱਡਾ ਅਦਾਰਾ ਬਿਜਲੀ ਬੋਰਡ ਸਭ ਤੋਂ ਵੱਡੇ ਘਾਟੇ 'ਚ ਚੱਲ ਰਿਹੈ।

ਪੰਜਾਬ ਦੇ ਨਵਾਂ ਸ਼ਹਿਰ ਜ਼ਿਲ੍ਹੇ ਦੇ ਬਹੁ ਚਰਚਿਤ ਰਹੇ ਡਿਪਟੀ ਕਮਿਸ਼ਨਰ ਨੇ ਇਕ ਹੁਕਮ ਕਰਕੇ ਹਰ ਪਿੰਡ ਵਿਚ ਤ੍ਰਿਵੈਣੀ ਯਾਨਿ ਕਿ ਬੋਹੜ-ਪਿੱਪਲ ਤੇ ਨਿੰਮ ਦੇ ਦਰਖ਼ਤ ਲਾਏ ਸਨ। ਸ਼ਾਇਦ ਉਹ ਜਾਣ ਗਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦਰਖਤਾਂ ਦਾ ਮੁੱਲ ਪਵੇਗਾ। ਕਿਉਂਕਿ ਪੰਜਾਬ ਦੇ ਪਿੰਡਾਂ 'ਚ ਹੁਣ ਬਿਜਲੀ ਖੁਣੋਂ ਦੁਪਿਹਰਾ ਕੱਟਣ ਲਈ ਇਨ੍ਹਾਂ ਦਰਖਤਾਂ ਥੱਲੇ ਹੀ ਬੈਠੇ ਦਿਸਦੇ ਹਨ ਤੇ ਰਾਤੀ ਨੰਗੇ ਪਿੰਡੇ ਤੇ ਘਰਾਂ 'ਚੋਂ ਬਾਹਰ ਨਿਕਲ ਕੇ ਸਾਫਾ ਮਾਰ ਕੇ ਮੱਛਰ ਨੂੰ ਆਂਹਦੇ ਹਨ, 'ਨਾ ਕਰ ਸ਼ਰਾਰਤਾਂ ਯਾਰ।'

ਜਦੋਂ ਪਿੰਡਾਂ 'ਚ ਪਹਿਲਾਂ ਪਹਿਲ ਬਿਜਲੀ ਆਈ ਸੀ ਤਾਂ ਨੰਦ ਲਾਲ ਨੂਰਪੁਰੀ ਨੇ ਗੀਤ ਲਿਖਿਆ ਸੀ 'ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ' ਪਰ ਹੁਣ ਇਸ ਮੁਟਿਆਰ ਦੀਆਂ ਝਾਂਜਰਾਂ ਟੁੱਟ ਗਈਆਂ ਹਨ ਪੈਰੀਂ ਛਾਲੇ ਪੈ ਗਏ ਹਨ। ਦੇਖੋ ਬਾਦਲ ਜਾਂ ਕੈਪਟਨ ਸਾਹਿਬ ਕਦੋਂ ਨਵੀਂਆਂ 'ਝਾਂਜਰਾਂ' ਘੜਾ ਕੇ ਦੇਣਗੇ।

***

## ਮਲਾਹ

ਇਕ ਸੁਰਮਈ ਸ਼ਾਮ ਵਿਚ
ਝੀਲ ਦੇ ਪਾਣੀ ਤੇ ਧੁੰਧ ਦਾ ਸ਼ੀਸ਼ਾ
ਕਿਨਾਰੇ ਖੜ੍ਹੀ ਪੁਰਾਣੀ ਬੇੜੀ ਵਿਚ
ਝੀਲ ਨੂੰ ਮੁੜ ਕੇ ਦੇਖਦਾ ਮਲਾਹ
ਅਤੇ ਹੋਰ ਖਾਲੀ ਖੜ੍ਹੀਆਂ ਬੇੜੀਆਂ
ਅਹਿਸਾਸ ਦਿਵਾਂਦੇ ਹਨ
ਕਿ ਪੂਰਾਂ ਦੇ ਪੂਰ ਲੰਘ ਗਏ
ਰਾਜ਼ੀ ਖੁਸ਼ੀ ਮੰਜ਼ਲ 'ਤੇ ਪਹੁੰਚ ਗਏ
ਜਿਨ੍ਹਾਂ ਨੂੰ ਪਾਰ ਲੰਘਾਉਂਦਾ ਰਿਹਾ
ਇਹ ਮਲਾਹ
ਅੱਜ ਰੁਕ ਚੁੱਕੀ ਟੁੱਟੀ-ਫੁੱਟੀ ਬੇੜੀ ਵਿਚ
ਇਕ ਬੁੱਤ ਬਣ ਖੜ੍ਹਾ ਹੈ
ਬੇੜੀਆਂ ਛੱਡ ਕੇ ਤੁਰ ਗਏ ਮਲਾਹ
ਹੁਣ ਇਥੇ ਸਵਾਰ ਨਹੀਂ ਆਉਂਦੇ
ਪਰ ਇਹ ਮਲਾਹ ਖੜ੍ਹਾ ਹੈ
ਕਿਸੇ ਦੀ ਉਡੀਕ 'ਚ
ਕੀ ਕੋਈ ਇਸ ਨੂੰ ਇੰਨਾ ਭਾਅ ਗਿਆ ਹੈ
ਰੁਕ ਗਿਆ ਬੁੱਤ ਬਣਕੇ
ਉਸ ਦੇ ਮੁੜ ਆਉਣ ਤੱਕ

-ਪ੍ਰਮਿੰਦਰ ਸਿੰਘ ਪ੍ਰਵਾਨਾ
ਫੋਨ:510-781-0487

## ਯਾਦ ਰੱਖਣਯੋਗ ਗੱਲਾਂ

*ਕੁਝ ਬਣੋ ਜਾਂ ਨਾ ਬਣੋ ਪਰ ਕਿਸੇ ਦਾ ਸਿਰਦਰਦ ਨਾ ਬਣੋ।

*ਮੁਸੀਬਤ ਦਾ ਵੀ ਲਾਭ ਹੁੰਦਾ ਹੈ, ਇਹ ਸੋਚਣ ਦੀ ਯੋਗਤਾ ਵਧਾ ਦਿੰਦੀ ਹੈ।

*ਜਦੋਂ ਵੀ ਕੋਈ ਨਿਸ਼ਾਨਾ ਮਿਥ ਲਿਆ ਜਾਵੇ ਤਾਂ ਅਕਸਰ ਅਸੀਂ ਉਸ ਵਿਚ ਸਫਲ ਹੀ ਨਹੀਂ ਹੁੰਦੇ, ਨਿਸ਼ਾਨੇ ਤੋਂ ਅੱਗੇ ਵੀ ਲੰਘ ਜਾਂਦੇ ਹਾਂ।

*ਜਿਹੜਾ ਸਾਰੀ ਗੱਲਬਾਤ ਪੂਰਨ ਤੌਰ 'ਤੇ ਸਮਝਣ ਉਪਰੰਤ ਵੀ ਬੋਲਣ ਵਾਲੇ ਨੂੰ ਧੀਰਜ ਨਾਲ ਸੁਣਦਾ ਹੈ, ਉਹ ਮਹਾਪੁਰਸ਼ ਹੁੰਦਾ ਹੈ।

*ਉਦਾਸ ਆਦਮੀ ਜਿਥੇ ਵੀ ਜਾਂਦਾ ਹੈ ਉਥੇ ਮਾਯੂਸੀ ਅੱਗੇ ਖੜ੍ਹੀ ਹੁੰਦੀ ਹੈ।

*ਫਰਜ਼, ਬੀਜ ਤੇ ਅਧਿਕਾਰ ਫਲ ਹੁੰਦੇ ਹਨ।

*ਲਾਇਕ ਵਿਦਿਆਰਥੀ ਬਣਨ ਵਾਸਤੇ ਸੁੱਖ ਤਿਆਗਣੇ ਪੈਂਦੇ ਹਨ ਪਰ ਲਾਇਕ ਬਣਨ ਉਪਰੰਤ ਉਸ ਤੋਂ ਵੱਧ ਸੁੱਖ ਮਿਲ ਜਾਣਗੇ।

*ਪਰਮਾਤਮਾ ਭਾਰ ਚੁੱਕਣ ਵੇਲੇ ਨਹੀਂ, ਲਾਹੁਣ ਵੇਲੇ ਮਦਦ ਕਰਦਾ ਹੈ, ਕਿਉਂਕਿ ਪਰਮਾਤਮਾ ਬੋਝ ਚੜ੍ਹਾਉਂਦਾ ਨਹੀਂ, ਉਤਾਰਦਾ ਹੈ।

*ਮਨੁੱਖ ਫਲ ਵਿਚੋਂ ਬੀਜ ਦੇਖਦਾ ਹੈ, ਕੁਦਰਤ ਬੀਜ ਵਿਚੋਂ ਫਲ ਦੇਖਦੀ ਹੈ।

*ਸਵਰਗ ਜਾਓ ਨਜ਼ਾਰੇ ਵੇਖਣ ਵਾਸਤੇ, ਪਰ ਦਿਲਚਸਪ ਸਾਥ ਦਾ ਅਨੰਦ ਨਰਕਾਂ ਵਿਚ ਹੀ ਮਿਲਦਾ ਹੈ।

-ਹਰਦੀਪ ਸਿੰਘ ਸੋਢੀ, ਫੀਨਿਕਸ
ਫੋਨ:480-794-0325

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਖਾਲਸਾ ਪੰਥ

# ਬਲਿਊ ਸਟਾਰ ਪਿਛੋਂ ਪਾਕਿਸਤਾਨੋਂ ਪਰਤਿਆ ਜਥਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਗਰਮੀ ਦਾ ਪੂਰਾ ਜ਼ੋਰ ਸੀ। ਯਾਤਰੀ ਪਿਆਸ ਨਾਲ ਬੇਹਾਲ ਹੋਏ ਪਏ ਸਨ। ਇਥੋਂ ਤੀਕ ਕਿ ਬਾਥਰੂਮਾਂ ਦੀਆਂ ਟੂਟੀਆਂ ਵਿਚੋਂ ਵੀ ਬੁੱਲ੍ਹ ਗਿੱਲੇ ਕਰਨ ਲਈ ਪਾਣੀ ਨਹੀਂ ਸੀ ਨਿਕਲ ਰਿਹਾ। ਅੰਬਾਲਾ ਜੰਕਸ਼ਨ 'ਤੇ ਗੱਡੀ ਖੜ੍ਹੀ ਹੋਈ ਤਾਂ ਇਹ ਅਨਾਊਂਸਮੈਂਟ ਹੋ ਰਹੀ ਸੀ ਕਿ ਇਹ ਗੱਡੀ ਦਿੱਲੀ ਜਾ ਕੇ ਰੁਕੇਗੀ, ਇਸ ਲਈ ਜਿਹੜੇ ਯਾਤਰੀ ਦਿੱਲੀ ਜਾਣਾ ਚਾਹੁੰਦੇ ਹਨ, ਉਹ ਜਾ ਸਕਦੇ ਹਨ। ਪਰ ਜਿਨ੍ਹਾਂ ਨੇ ਪੰਜਾਬ ਵਾਪਸ ਜਾਣਾ ਹੈ, ਉਹ ਉਤਰ ਜਾਣ, ਉਨ੍ਹਾਂ ਲਈ ਸਕੂਲ ਵਿਚ ਰਿਹਾਇਸ਼ ਦਾ ਪ੍ਰਬੰਧ ਕੀਤਾ ਹੈ ਅਤੇ ਲੰਗਰ ਵੀ ਤਿਆਰ ਹੈ। ਕੁਝ ਵਾਲੰਟੀਅਰ ਸੇਵਾ-ਭਾਵ ਨਾਲ ਅੱਗੇ ਵਧ, ਅਜਿਹੀ ਜਾਣਕਾਰੀ ਦੇ ਰਹੇ ਸਨ, ਪਰ ਸੰਗਤਾਂ ਨੇ ਉਨ੍ਹਾਂ ਨੂੰ ਬੇਨਤੀ

ਸ. ਕੁਲਵੰਤ ਸਿੰਘ

ਕੀਤੀ ਕਿ ਪਹਿਲਾਂ ਖਾਣ-ਪੀਣ ਦਾ ਪ੍ਰਬੰਧ ਕਰ ਦਿਓ। ਕੁਝ ਚਿਰ ਪਿਛੋਂ ਪਾਣੀ ਪੀਣ ਨਾਲ ਧਰਵਾਸ ਮਿਲੀ ਤਾਂ ਅਗਲੇ ਪ੍ਰੋਗਰਾਮ ਲਈ ਸੋਚਣ ਦਾ ਮੌਕਾ ਮਿਲਿਆ। ਰਾਤ ਕਾਫੀ ਲੰਘ ਚੁੱਕੀ ਸੀ। ਇਸ ਕਰਕੇ ਪੰਜਾਬ ਵਾਸੀ ਖਾਲਸਾ ਸਕੂਲ ਵਿਚ ਬਣੇ ਕੈਂਪ ਵਿਚ ਚਲੇ ਗਏ। ਕੈਂਪ ਦੁਆਲੇ ਵੀ ਸੀ.ਆਰ.ਪੀ. ਦਾ ਪਹਿਰਾ ਸੀ।

7 ਜੂਨ ਨੂੰ ਲੋਕਲ ਸੰਗਤਾਂ ਵਲੋਂ ਚਾਹ-ਪ੍ਰਸ਼ਾਦੇ ਦਾ ਪ੍ਰਬੰਧ ਸਕੂਲ ਵਿਚ ਹੀ ਕੀਤਾ ਗਿਆ। ਅਗਲੇ ਪ੍ਰੋਗਰਾਮ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲ ਰਹੀ। ਇਸ ਲਈ ਕਈ ਯਾਤਰੀ ਜੋ ਇਕੱਲੇ ਸਨ ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਪਾਸ ਚਲੇ ਗਏ, ਪਰ ਇਨ੍ਹਾਂ ਨੂੰ ਹੋਰ 10 ਦਿਨਾਂ ਤੀਕ ਵਾਪਸ ਘਰਾਂ ਨੂੰ ਪਰਤਣ ਦਾ ਮੌਕਾ ਨਸੀਬ ਨਹੀਂ ਸੀ ਹੋਇਆ। ਬਾਕੀ ਜਿਨ੍ਹਾਂ ਦੇ ਕੁਝ ਪਰਿਵਾਰਕ ਮੈਂਬਰ ਤਾਂ ਨਾਲ ਸਨ ਅਤੇ ਬਾਕੀ ਪੰਜਾਬ ਵਿਚ ਪਤਾ ਨਹੀਂ ਕਿਸ ਹਾਲਾਤ ਵਿਚ ਹੋਣ, ਇਸ ਸੋਚ ਵਿਚ ਹਾਲਾਤ ਦੀ ਉਡੀਕ ਕਰਨ ਲੱਗੇ। ਇਨ੍ਹਾਂ ਵਿਚ ਐਸੇ ਯਾਤਰੀ ਵੀ ਸ਼ਾਮਲ ਸਨ, ਜਿਨ੍ਹਾਂ ਦਾ ਸਮੁੱਚਾ ਪਰਿਵਾਰ ਪਿਛੇ ਸੀ ਅਤੇ ਉਨ੍ਹਾਂ ਨੂੰ ਮਿਲਣ ਦੀ ਤੜਪ ਨੇ ਕਿਸੇ ਪਾਸੇ ਨਾ ਜਾਣ ਦਿੱਤਾ। ਸਾਰਾ ਦਿਨ ਅਸ਼ਾਂਤ ਮਾਹੌਲ ਵਿਚ ਲੰਘਿਆ। ਸਭ ਦੇ ਚਿਹਰੇ ਚਿੰਤਾ ਵਿਚ ਡੁੱਬੇ ਹੋਏ ਸਨ। ਦਿਨ ਬਿਤਾਉਣਾ ਮੁਸ਼ਕਿਲ ਹੋ ਰਿਹਾ ਸੀ। ਅੰਬਾਲੇ ਵਿਚ ਵੀ ਮਾਹੌਲ ਸ਼ਾਂਤ ਨਹੀਂ ਲੱਗ ਰਿਹਾ ਸੀ। ਕੋਈ ਸਿਆਸੀ ਕਾਰਕੁੰਨ ਯਾਤਰੀਆਂ ਨੂੰ ਧਰਵਾਸਾ ਦੇਣ ਨਹੀਂ ਪੁੱਜਾ। ਰਾਤ 10 ਵਜੇ ਇਹ ਜਾਣਕਾਰੀ ਮਿਲੀ ਕਿ 8 ਜੂਨ ਨੂੰ ਸਵੇਰੇ 6:30 ਵਜੇ ਬੱਸਾਂ ਰਾਹੀਂ ਯਾਤਰੀਆਂ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਸਾਡੇ ਪਾਸੋਂ ਯਾਤਰੀਆਂ ਦੀਆਂ ਜ਼ਿਲ੍ਹੇਵਾਰ ਲਿਸਟਾਂ ਲੈ ਲਈਆਂ ਗਈਆਂ ਸਨ। 8 ਜੂਨ ਨੂੰ 6:30 ਵਜੇ ਸਾਰੇ ਯਾਤਰੀ 7 ਬੱਸਾਂ ਵਿਚ ਬੈਠ ਗਏ। ਪ੍ਰਬੰਧਕਾਂ ਨੇ ਬੱਸਾਂ ਵਿਚ ਹੀ ਚਾਹ ਨਾਲ ਇਕ-ਇਕ ਪਰਸ਼ਾਦਾ ਦੇ ਦਿੱਤਾ। ਇਨ੍ਹਾਂ ਬੱਸਾਂ ਵਿਚ ਫੌਜ ਦਾ ਇਕ-ਇਕ ਸਿਪਾਹੀ ਸੀ ਅਤੇ ਇਕ ਜੇ.ਸੀ.ਓ. ਕੁਝ ਜਵਾਨਾਂ ਸਮੇਤ ਵੱਖਰੀ ਗੱਡੀ ਵਿਚ ਸੀ, ਜਿਸ ਦੀ ਨਿਗਰਾਨੀ ਵਿਚ ਅਸੀਂ ਜਾਣਾ ਸੀ। ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਨੇ 43-43 ਰੁਪਏ ਕਿਰਾਇਆ ਭਾਵ ਡਬਲ ਕਿਰਾਇਆ ਵਸੂਲ ਕੀਤਾ, ਹਾਲਾਂਕਿ ਯਾਤਰੀਆਂ ਨੇ ਰੋਸ ਪ੍ਰਗਟ ਕੀਤਾ ਕਿ ਉਹ ਆਪਣੀ ਮਰਜ਼ੀ ਨਾਲ ਨਹੀਂ ਸਨ ਆਏ, ਸਗੋਂ ਸਰਕਾਰ ਨੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਅੰਬਾਲੇ ਲਿਆਂਦਾ ਸੀ, ਜਿਸ ਕਾਰਨ ਵਾਪਸ ਭੇਜਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਪਰ ਕਿਸੇ ਨੇ ਇਹ ਗੱਲ ਨਾ ਮੰਨੀ। ਲਗਭਗ 8 ਵਜੇ ਅੰਬਾਲਾ ਛਾਉਣੀ ਤੋਂ ਬੱਸਾਂ ਚੱਲੀਆਂ। ਸਾਡਾ ਅਨੁਮਾਨ ਸੀ ਕਿ ਇਕ ਵਜੇ ਤੀਕ ਅੰਮ੍ਰਿਤਸਰ ਪਹੁੰਚ ਜਾਵਾਂਗੇ। ਪਰ ਪੰਜਾਬ ਦੇ ਬਾਰਡਰ 'ਤੇ ਪੁੱਜ ਕੇ ਪੰਜਾਬ ਵਿਚ ਦਾਖਲ ਹੋਣ ਲਈ ਕਾਫ਼ੀ ਸਮਾਂ ਬੱਸਾਂ ਰੁੱਕੀਆਂ ਰਹੀਆਂ। ਪੰਜਾਬ ਵਿਚ ਦਾਖਲ ਹੋਏ ਤਾਂ ਸੜਕਾਂ ਤਾਂ ਸੁੰਨਸਾਨ ਹੋਈਆਂ ਪਈਆਂ ਸਨ, ਕਿਸੇ ਪਿੰਡ ਵਿਚ ਵੀ ਕੋਈ ਘਰਾਂ ਤੋਂ ਬਾਹਰ ਨਹੀਂ ਸੀ ਫਿਰ ਰਿਹਾ। ਫੌਜ ਵਲੋਂ ਕਰੜਾ ਕਰਫਿਊ ਲਾਇਆ ਹੋਇਆ ਸੀ। ਰਾਜਪੁਰੇ ਤੋਂ ਪਹਿਲਾਂ ਇਕ ਨਾਕੇ 'ਤੇ ਬੱਸਾਂ ਰੋਕ ਲਈਆਂ ਗਈਆਂ। ਪਤਾ ਲੱਗਾ ਕਿ ਅੱਗੇ ਜਾਣ ਲਈ ਕਿਸੇ ਹੋਰ ਏਰੀਆ ਕਮਾਂਡਰ ਤੋਂ ਆਗਿਆ ਲਈ ਜਾਣੀ ਸੀ। ਇਕ ਪੇਂਡੂ ਜੋ ਕਿਸੇ ਮਜਬੂਰੀ ਕਾਰਨ ਸਾਈਕਲ ਲੈ ਕੇ ਸੜਕ 'ਤੇ ਆਇਆ ਤਾਂ ਫੌਜੀਆਂ ਨੇ ਸਜ਼ਾ ਵਜੋਂ ਉਸ ਨੂੰ ਸਾਈਕਲ ਚੁੱਕ ਕੇ ਵਾਪਸ ਜਾਣ ਦੀ ਸਜ਼ਾ ਦਿੱਤੀ। ਥਾਂ-ਥਾਂ 'ਤੇ ਲੱਗੇ ਨਾਕਿਆਂ 'ਤੇ ਰੁਕਦੇ, 12 ਵਜੇ ਤੀਕ ਲੁਧਿਆਣੇ ਵਿਚ ਦਾਖਲ ਹੋਏ। ਇਥੋਂ ਤਿੰਨ ਬੱਸਾਂ ਜਿਨ੍ਹਾਂ ਵਿਚ ਲੁਧਿਆਣਾ, ਪਟਿਆਲਾ, ਫਿਰੋਜ਼ਪੁਰ, ਸੰਗਰੂਰ, ਬਠਿੰਡਾ ਵਾਲੇ ਪਾਸਿਆਂ ਦੇ ਯਾਤਰੀ ਸਨ, ਬੱਸ ਸਟੈਂਡ 'ਤੇ ਰੋਕ ਲਈਆਂ ਅਤੇ 4 ਬੱਸਾਂ ਅੱਗੇ ਚੱਲ ਪਈਆਂ।

ਇਕ ਵਜੇ ਤੀਕ ਹਾਲਾਂ ਅਸੀਂ ਸਤਲੁਜ ਦਰਿਆ ਦੇ ਪੁਲ ਤੋਂ ਅੱਧਾ ਕਿਲੋਮੀਟਰ ਪਿੱਛੇ ਹੀ ਸਾਂ ਕਿ ਪਿੱਛੋਂ ਇਕ ਕਰਨਲ ਦੀ ਗੱਡੀ ਤੇਜ਼ੀ ਨਾਲ ਓਵਰਟੇਕ ਕਰਕੇ ਬੱਸਾਂ ਦੇ ਅੱਗੇ ਖੜ੍ਹੀ ਹੋ ਗਈ। ਬੱਸਾਂ ਰੁਕ ਗਈਆਂ। ਨਾਲ ਚੱਲ ਰਹੇ ਜੇ.ਸੀ.ਓ. ਨੇ ਕਰਨਲ ਦੀ ਤਸੱਲੀ ਕਰਾਉਣ ਲਈ ਮਿਲਟਰੀ ਹੈੱਡ ਕੁਆਰਟਰ ਦੇ ਆਰਡਰ ਵਿਖਾਏ, ਪਰ ਉਸ ਨੇ ਕੋਈ ਗੱਲ ਨਾ ਸੁਣੀ ਅਤੇ ਵਾਪਸ ਲੁਧਿਆਣੇ ਲਿਆ ਕੇ ਮਿਲਟਰੀ ਕੈਂਪ ਸਾਹਮਣੇ ਬੱਸਾਂ ਲਾ ਦਿੱਤੀਆਂ। ਸਾਨੂੰ ਇਥੇ ਰੋਕ ਕੇ ਜੇ.ਸੀ.ਓ. ਡਿਪਟੀ ਕਮਿਸ਼ਨਰ ਪਾਸ ਗਿਆ ਅਤੇ ਕਾਫੀ ਜੱਦੋ-ਜਹਿਦ ਦੇ ਪਿੱਛੋਂ ਦੁਪਹਿਰੇ 2:30 ਵਜੇ ਬੱਸਾਂ ਨੂੰ ਅੱਗੇ ਜਾਣ ਦੀ ਆਗਿਆ ਮਿਲੀ। ਗਰਮੀ ਦਾ ਪੂਰਾ ਜ਼ੋਰ ਸੀ। ਬੱਚੇ ਤਾਂ ਕੀ, ਸਿਆਣੇ ਵੀ ਭੁੱਖੇ-ਤਿਹਾਏ ਬੇਹਾਲ ਹੋ ਰਹੇ ਸਨ। ਪੀਣ ਲਈ ਲਾਗੇ ਪਾਣੀ ਵੀ ਨਹੀਂ ਸੀ। ਹੌਲੀ-ਹੌਲੀ ਨਾਕਿਆਂ 'ਤੇ ਠਹਿਰਦਿਆਂ ਹੋਇਆਂ 4 ਵਜੇ ਬੱਸਾਂ ਜਲੰਧਰ ਬੱਸ ਅੱਡੇ ਦੇ ਬਾਹਰ ਰੁਕੀਆਂ। ਇਸ ਸਮੇਂ ਜਲੰਧਰ ਵਿਚ ਦੋ ਘੰਟੇ ਲਈ ਕਰਫਿਊ ਵਿਚ ਢਿੱਲ ਦਿੱਤੀ ਹੋਈ ਸੀ, ਜਿਸ ਕਰਕੇ ਪੀਣ ਲਈ ਪਾਣੀ ਮਿਲ ਗਿਆ। ਇਕ ਬੱਸ ਵਿਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਦੀਆਂ ਬਹੁਤ ਥੋੜ੍ਹੀਆਂ ਸਵਾਰੀਆਂ ਸਨ ਜਿਸ ਕਰਕੇ ਉਨ੍ਹਾਂ ਨੂੰ ਉਤਾਰ ਕੇ ਬੱਸਾਂ ਅੱਗੇ ਚੱਲ ਪਈਆਂ ਅਤੇ ਸ਼ਾਮ 6 ਵਜੇ ਦਰਿਆ ਬਿਆਸ ਦੇ ਪੁਲ 'ਤੇ ਰੋਕੀਆਂ ਗਈਆਂ। ਸਾਡੇ ਵੇਖਦਿਆਂ-ਵੇਖਦਿਆਂ ਫੌਜੀ ਜਵਾਨਾਂ ਨੇ ਮਸ਼ੀਨਗੰਨਾਂ ਫਿੱਟ ਕਰ ਕੇ ਮੋਰਚੇ ਸੰਭਾਲ ਲਏ। ਇਉਂ ਜਾਪਦਾ ਸੀ ਕਿ ਅਸੀਂ ਕੈਦੀ ਹਾਂ ਤੇ ਸਾਡੇ ਵਿਚੋਂ ਕੈਦ ਵਿਚੋਂ ਭੱਜਣ ਦੀ ਸੂਰਤ ਵਿਚ ਫਾਇਰ ਖੋਲ੍ਹ ਦਿੱਤਾ ਜਾਵੇਗਾ। ਥੋੜ੍ਹੇ ਸਮੇਂ ਪਿੱਛੋਂ ਇਕ ਟੈਂਕ ਬੱਸਾਂ ਦੇ ਅੱਗੇ ਲਿਜਾ ਕੇ ਪੁਲ 'ਤੇ ਪੈਂਤੜੇ ਕੱਢਣ ਲੱਗ ਪਿਆ। ਅਸੀਂ ਇਹ ਕਾਰਵਾਈ ਵੇਖ ਕੇ ਹੈਰਾਨ ਸਾਂ। ਸ਼ਾਇਦ ਇਹ ਸਭ ਕੁਝ ਸਾਡੇ 'ਤੇ ਦਹਿਸ਼ਤ ਦਾ ਪ੍ਰਭਾਵ ਦੇਣ ਲਈ ਕੀਤਾ ਜਾ ਰਿਹਾ ਸੀ। ਫਿਰ ਵੀ ਹੌਸਲਾ ਕਰਕੇ ਮੈਂ ਅਤੇ ਸ. ਰਮਿੰਦਰ ਬੀਰ ਸਿੰਘ ਬੈਂਸ ਬੱਸ ਤੋਂ ਹੇਠਾਂ ਉਤਰੇ ਅਤੇ ਨਾਲ ਚੱਲ ਰਹੇ ਫੌਜੀਆਂ ਨੂੰ ਪਾਣੀ ਲਈ ਕਿਹਾ ਕਿ ਪਿਆਸ ਨਾਲ ਯਾਤਰੀਆਂ ਦਾ ਬੁਰਾ ਹਾਲ ਹੈ, ਇਸ ਲਈ ਨਲਕੇ ਤੋਂ ਪਾਣੀ ਪੀਣ ਦਿੱਤਾ ਜਾਵੇ। ਉਨ੍ਹਾਂ ਨੇ ਪੁਲ 'ਤੇ ਕੰਟਰੋਲ ਕਰ ਰਹੇ ਇੰਚਾਰਜ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਹਿ ਦਿੱਤਾ ਕਿ ਸਾਰੇ ਯਾਤਰੀ ਬੱਸਾਂ ਵਿਚ ਹੀ ਬੈਠੇ ਰਹਿਣ, ਪਰ ਕੁਝ ਯਾਤਰੀ ਨਲਕੇ ਤੋਂ ਪਾਣੀ ਲੈ ਕੇ ਪਿਲਾ ਦੇਣ। ਦਰਿਆ ਦੇ ਕੰਢੇ ਨਲਕਾ ਹੋਣ ਕਰਕੇ ਪਾਣੀ ਮਿੱਠਾ ਅਤੇ ਕਾਫੀ ਠੰਡਾ ਸੀ। ਸਾਰਿਆਂ ਨੇ ਪਾਣੀ ਪੀ ਕੇ ਪਿਆਸ ਬੁਝਾਈ ਪਰ ਭੁੱਖ ਮਿਟਾਉਣ ਲਈ ਕੋਈ ਸਾਧਨ ਨਹੀਂ ਸੀ। ਜਿਨ੍ਹਾਂ ਪਾਸ ਰੈਬਰ ਕੂਲਰ ਸਨ ਉਹ ਸਾਰੇ ਇਸ ਠੰਡੇ ਪਾਣੀ ਨਾਲ ਭਰ ਕੇ ਬੱਸਾਂ ਵਿਚ ਰੱਖ ਲਏ ਕਿਉਂਕਿ ਪਤਾ ਨਹੀਂ ਸੀ ਕਿ ਅੱਗੇ ਕੀ ਬੀਤਣੀ ਸੀ। ਦੋ ਘੰਟੇ ਪਿੱਛੋਂ ਪੁਲ ਪਾਰ ਕਰਨ ਦੀ ਆਗਿਆ ਮਿਲੀ। ਪੁਲ ਪਾਰ ਕਰਕੇ ਬੱਸਾਂ ਫਿਰ ਖੜ੍ਹੀਆਂ ਕਰ ਦਿੱਤੀਆਂ ਗਈਆਂ। ਅੱਗੇ ਜਾਣ ਲਈ ਹੁਕਮ ਨਹੀਂ ਮਿਲ ਰਿਹਾ ਸੀ।

ਰਾਤ ਦੇ 10 ਵਜੇ ਇਕ ਗੁਰਸਿੱਖ ਕਰਨਲ ਸਾਡੇ ਪਾਸ ਆਇਆ ਅਤੇ ਆਉਂਦਿਆਂ ਹੀ ਪੁੱਛਿਆ ਕਿ ਤੁਹਾਨੂੰ ਕੋਈ ਤਕਲੀਫ ਤਾਂ ਨਹੀਂ? ਮੈਂ ਹੱਸ ਕੇ ਕਿਹਾ ਕਿ ਸਰਦਾਰ ਜੀ, ਤਕਲੀਫਾਂ ਤਾਂ ਹਨ, ਪਰ ਤੁਹਾਡੇ ਹਮਦਰਦੀ ਭਰੇ ਬੋਲ ਸੁਣ ਕੇ ਮਨ ਪ੍ਰਸੰਨ ਹੋ ਗਿਆ ਹੈ। ਉਸ ਨੇ ਕਿਹਾ ਕਿ ਅੰਮ੍ਰਿਤਸਰ ਤੀਕ ਮੈਂ ਤੁਹਾਡੇ ਨਾਲ ਚੱਲਾਂਗਾ ਅਤੇ ਜਤਨ ਕਰਾਂਗਾ ਕਿ ਤੁਹਾਨੂੰ ਘਰੋ-ਘਰੀ ਪੁਚਾ ਸਕੀਏ। ਇਹ ਬੱਸਾਂ ਤਾਂ ਬੱਸ ਸਟੈਂਡ ਤੀਕ ਹੀ ਜਾਣਗੀਆਂ। ਸ਼ਹਿਰ ਵਿਚ ਹਾਲਾਤ ਚੰਗੇ ਨਹੀਂ। ਅਸੀਂ ਮਜਬੂਰ ਹਾਂ, ਆਪਣੀ ਯੂਨਿਟ ਦੀਆਂ ਗੱਡੀਆਂ ਰਾਹੀਂ ਹੀ ਤੁਹਾਨੂੰ ਘਰੀਂ ਭੇਜ ਦਿਆਂਗੇ। ਹਮਦਰਦੀ ਨਾਲ ਸਾਰਿਆਂ ਦੇ ਚਿਹਰਿਆਂ 'ਤੇ ਰੌਣਕ ਆ ਗਈ ਭਾਵੇਂ ਕਿ ਭੁੱਖ ਨੇ ਨਿਢਾਲ ਕੀਤਾ ਹੋਇਆ ਸੀ। ਰਾਤ ਦੇ 10:30 ਵਜੇ ਦੇ ਕਰੀਬ ਬੱਸਾਂ ਚੱਲੀਆਂ ਅਤੇ ਮਕਬੂਲਪੁਰਾ ਚੌਕ 'ਤੇ ਜਾ ਕੇ ਰੋਕ ਲਈਆਂ ਗਈਆਂ। ਇਸ ਥਾਂ 'ਤੇ ਫੌਜੀ ਸਰਗਰਮੀ ਬਹੁਤ ਜ਼ਿਆਦਾ ਸੀ ਅਤੇ ਇਥੋਂ ਦਾ ਕਮਾਂਡਰ ਕਰਨਲ ਬੜੀ ਰੁੱਖੀ ਜ਼ੁਬਾਨ ਬੋਲਦਿਆਂ ਕਹਿ ਰਿਹਾ ਸੀ ਕਿ ਅੱਗੇ ਕਿਸੇ ਹਾਲਤ ਵਿਚ ਵੀ ਨਹੀਂ ਜਾਣ ਦਿਆਂਗੇ। ਕੁਝ ਫੌਜੀ ਬੱਸਾਂ ਵਿਚ ਆ ਕੇ ਸਾਮਾਨ ਅਤੇ ਸਵਾਰੀਆਂ ਨੂੰ ਚੈੱਕ ਕਰਨ ਲੱਗੇ। ਉਨ੍ਹਾਂ ਨਾਲ ਅਸਲਾ ਚੈੱਕ ਕਰਨ ਲਈ ਜਾਨਵਰ ਫੜੇ ਹੋਏ ਸਨ। ਸਾਡੇ ਨਾਲ ਆਏ ਸਰਦਾਰ ਕਰਨਲ ਦੀ ਪੇਸ਼ ਨਹੀਂ ਜਾ ਰਹੀ ਸੀ।

ਕਾਫੀ ਸਮਾਂ ਹੈੱਡ ਕੁਆਰਟਰ ਨਾਲ ਗੱਲਬਾਤ ਚੱਲਦੀ ਰਹੀ। ਆਖਰ ਜਦੋਂ ਬੱਸ ਅੱਡੇ ਤੀਕ ਜਾਣ ਦਾ ਫੈਸਲਾ ਹੋ ਗਿਆ ਤਾਂ ਡਿਊਟੀ ਵਾਲਾ ਕਰਨਲ ਫਿਰ ਬੱਸ ਵਿਚ ਆਇਆ ਤੇ ਮੈਨੂੰ ਕਹਿਣ ਲੱਗਾ ਕਿ ਪਤਾ ਨਹੀਂ ਤੁਸੀਂ ਸਾਮਾਨ ਵਿਚ ਕੀ ਲਿਜਾ ਰਹੇ ਹੋ, ਇਸ ਲਈ ਸਾਮਾਨ ਦੀ ਤਲਾਸ਼ੀ ਲੈਣ ਪਿੱਛੋਂ ਹੀ ਅੱਗੇ ਜਾਣ ਦਿੱਤਾ ਜਾਵੇਗਾ। ਉਸ ਦੀ ਭਾਸ਼ਾ ਸੁਣ ਕੇ ਗੁੱਸਾ ਤਾਂ ਬਹੁਤ ਆਇਆ ਪਰ ਮੈਂ ਜਾਣਦਾ ਸਾਂ ਕਿ ਇਸ ਸਮੇਂ ਜੰਗ ਵਰਗਾ ਮਾਹੌਲ ਹੈ ਅਤੇ ਕੋਈ ਜ਼ਾਬਤਾ ਨਹੀਂ ਪਰ ਫਿਰ ਵੀ ਹੌਸਲਾ ਕਰਕੇ ਸਮਝਾਉਣ ਵਾਲੇ ਰੁਖ਼ ਨਾਲ ਮੈਂ ਕਰਨਲ ਨੂੰ ਕਿਹਾ ਕਿ ਜਦੋਂ ਅਟਾਰੀ ਰੇਲਵੇ ਸਟੇਸ਼ਨ ਤੋਂ ਅਸੀਂ ਭਾਰਤ ਵਿਚ ਦਾਖਲ ਹੋਏ ਸਾਂ ਤਾਂ ਸਾਡਾ ਸਾਰਾ ਸਾਮਾਨ ਕਸਟਮ ਅਤੇ ਫੌਜੀ ਅਧਿਕਾਰੀਆਂ ਨੇ ਇਕੱਠਿਆਂ ਚੈੱਕ ਕੀਤਾ ਸੀ, ਅਸੀਂ ਸਾਰੇ ਉਸ ਸਮੇਂ ਤੋਂ ਫੌਜ ਦੀ ਨਿਗਰਾਨੀ ਹੇਠ ਹਾਂ, ਅਸੀਂ ਇਸ ਮੁਲਕ ਦੇ ਮੁਅੱਜਜ਼ ਸ਼ਹਿਰੀ ਹਾਂ, ਅਸੀਂ ਜੰਗੀ ਕੈਦੀ ਨਹੀਂ ਹਾਂ। ਸਾਮਾਨ ਦੀ ਘੜੀ-ਘੜੀ ਤਲਾਸ਼ੀ ਵਾਲੀ ਗੱਲ ਮੰਨਣਯੋਗ ਨਹੀਂ ਅਤੇ



ਨਾ ਹੀ ਅਸੀਂ ਹਨੇਰੀ ਰਾਤ ਵਿਚ ਤਲਾਸ਼ੀ ਲਈ ਸਾਮਾਨ ਹੇਠਾਂ ਉਤਾਰਾਂਗੇ। ਗੱਲ ਜਿਸ ਲਹਿਜ਼ੇ ਵਿਚ ਕਹੀ ਗਈ ਸੀ ਕਰਨਲ ਨਿਰ ਉਤਰ ਹੋ ਗਿਆ। ਹੈੱਡ ਕੁਆਰਟਰ ਤੋਂ ਅੱਗੇ ਜਾਣ ਦਾ ਹੁਕਮ ਉਸ ਨੂੰ ਮਿਲ ਚੁੱਕਾ ਸੀ, ਇਸ ਲਈ ਉਹ ਹੇਠਾਂ ਉਤਰ ਗਿਆ ਅਤੇ ਰਾਤ 12 ਵਜੇ ਤੋਂ ਪਿੱਛੋਂ ਸਾਨੂੰ ਬੱਸ ਅੱਡੇ 'ਤੇ ਉਤਾਰ ਦਿੱਤਾ ਗਿਆ।

ਬੱਸ ਅੱਡਾ ਸੁੰਨਸਾਨ ਸੀ। ਵਰਾਂਡਿਆਂ ਵਿਚ ਲਾਈਟ ਹੋਣ ਕਾਰਨ ਪੱਖੇ ਚਲਾ ਲਏ ਗਏ। ਪੀਣ ਲਈ ਪਾਣੀ ਵਾਲੀਆਂ ਟੂਟੀਆਂ ਚੱਲ ਰਹੀਆਂ ਸਨ। ਸਾਨੂੰ ਤਾੜਨਾ ਕਰ ਦਿੱਤੀ ਗਈ ਕਿ ਵਰਾਂਡਿਆਂ ਤੋਂ ਬਾਹਰ ਕਿਸੇ ਨੇ ਨਹੀਂ ਨਿਕਲਣਾ, ਬਾਹਰ ਕਿਸੇ ਵੇਲੇ ਵੀ ਗੋਲੀ ਲੱਗ ਸਕਦੀ ਹੈ। ਸਾਡੇ ਪਾਸ ਪਿੰਨੀਆਂ ਦਾ ਪ੍ਰਸ਼ਾਦ ਸੀ, ਉਹ ਯਾਤਰੀਆਂ ਵਿਚ ਵੰਡ ਦਿੱਤਾ ਤਾਂ ਕਿ ਭੁੱਖ ਮਿਟਾ ਸਕਣ। ਪਰ ਉਹ ਵੀ ਸੰਘ ਤੋਂ ਹੇਠਾਂ ਨਹੀਂ ਸੀ ਉਤਰ ਰਿਹਾ। ਬੱਚਿਆਂ ਦੀ ਹਾਲਤ ਹੋਰ ਵੀ ਤਰਸਯੋਗ ਸੀ। ਆਖਰ ਬਿਸਤਰੇ ਵਿਛਾ ਕੇ ਲੰਮੇ ਪੈ ਗਏ। ਦਰਬਾਰ ਸਾਹਿਬ ਵਾਲੇ ਪਾਸੇ ਤੋਂ ਰੁਕ-ਰੁਕ ਕੇ ਗੋਲੇ ਚੱਲਣ ਦੀਆਂ ਆਵਾਜ਼ਾਂ ਆ ਰਹੀਆਂ ਸਨ। 9 ਜੂਨ ਨੂੰ ਸਵੇਰੇ ਸ਼ਰੀਫਪੁਰਾ ਆਬਾਦੀ ਦੇ ਕੁਝ ਹਿੰਦੂ ਨੌਜਵਾਨਾਂ ਨੇ ਬੱਚਿਆਂ ਲਈ ਦੁੱਧ ਆਦਿ ਪਹੁੰਚਾਉਣ ਦਾ ਜਤਨ ਕੀਤਾ, ਪਰ ਫੌਜੀਆਂ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਦੁਸ਼ਮਣ ਨੂੰ ਦੁੱਧ ਦੇਣ ਦਾ ਯਤਨ ਨਾ ਕਰੋ। ਉਨ੍ਹਾਂ ਕਾਫੀ ਸਮਝਾਉਣ ਦਾ ਯਤਨ ਕੀਤਾ ਕਿ ਇਹ ਦੁਸ਼ਮਣ ਨਹੀਂ ਪਰ ਅਸਰ ਕੁਝ ਨਾ ਹੋਇਆ। ਸੜਕਾਂ 'ਤੇ ਫੌਜੀ ਗੱਡੀਆਂ ਗਸ਼ਤ ਕਰ ਰਹੀਆਂ ਸਨ ਅਤੇ ਬਿਨਾ ਵਜ੍ਹਾ ਹਵਾ ਵਿਚ ਗੋਲੀਆਂ ਚਲਾ ਕੇ ਦਹਿਸ਼ਤ ਪੈਦਾ ਕਰ ਰਹੀਆਂ ਸਨ। ਹਰਿਮੰਦਰ ਸਾਹਿਬ ਵਲ ਇਕਾ-ਦੁੱਕਾ ਗੋਲੇ ਚੱਲਣ ਦੀਆਂ ਆਵਾਜ਼ਾਂ ਹਾਲਾਂ ਵੀ ਆ ਰਹੀਆਂ ਸਨ। ਐਸ.ਐਚ.ਓ. ਥਾਣਾ ਰਾਮਬਾਗ ਨੇ ਆ ਕੇ ਦੱਸਿਆ ਕਿ 11 ਵਜੇ ਕਰਫਿਊ ਵਿਚ ਢਿੱਲ ਹੋ ਰਹੀ ਹੈ, ਉਸ ਸਮੇਂ ਘਰਾਂ ਨੂੰ ਚਲੇ ਜਾਣ। ਇਸ 'ਤੇ ਫੌਜੀ ਅਧਿਕਾਰੀਆਂ ਨੇ ਉਸ ਦੀ ਵੀ ਬੇਇੱਜ਼ਤੀ ਕੀਤੀ ਹਾਲਾਂਕਿ ਉਹ ਹਿੰਦੂ ਜੈਂਟਲਮੈਨ ਸੀ।

9 ਵਜੇ ਇਕ ਸੈਕਿੰਡ-ਲੈਫਟੀਨੈਂਟ ਕੁਝ ਜੁਆਨਾਂ ਸਮੇਤ ਆਇਆ। ਉਸ ਨੇ ਦੱਸਿਆ ਕਿ ਤੁਹਾਨੂੰ ਘਰਾਂ ਤੀਕ ਪਹੁੰਚਾਉਣ ਲਈ ਉਸ ਦੀ ਡਿਊਟੀ ਲੱਗੀ ਹੈ। ਉਹ ਆਪ ਤਾਂ ਇਹ ਗੱਲ ਕਹਿ ਕੇ ਕੁਝ ਸਿਵਲ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਚਲਾ ਗਿਆ। ਇਕ ਨਾਇਕ ਨੇ ਯਾਤਰੀਆਂ ਨੂੰ ਕਿਹਾ ਕਿ ਵਰਾਂਡੇ ਤੋਂ ਬਾਹਰ ਆਪਣਾ ਸਾਮਾਨ ਲੈ ਕੇ ਇਕ ਲਾਈਨ ਵਿਚ ਰੱਖ ਲਵੋ। ਯਾਤਰੀ ਤਾਂ ਕਾਹਲੇ ਸਨ। ਆਖਰ ਇਕ ਪਾਸੇ ਦੋ ਬੱਸਾਂ ਖੜ੍ਹੀਆਂ ਕਰਕੇ ਸਾਮਾਨ ਰੱਖ ਕੇ ਬੱਸਾਂ ਵਿਚ ਸਵਾਰ ਹੋਣ ਲਈ ਕਹਿ ਦਿੱਤਾ, ਪਰ ਕਿਸੇ ਨੂੰ ਲਾਈਨ ਤੋੜਨ ਦਾ ਹੁਕਮ ਨਹੀਂ ਸੀ। ਇਹ ਬੱਸਾਂ ਚਾਟੀਵਿੰਡ ਚੌਕ ਤੀਕ ਹੋ ਕੇ ਵਾਪਸ ਆ ਗਈਆਂ। ਪਰ ਵਾਪਸ ਅੱਧੀਆਂ-ਅੱਧੀਆਂ ਬੱਸਾਂ ਦੀਆਂ ਸਵਾਰੀਆਂ ਵੀ ਸਨ ਕਿਉਂਕਿ ਉਨ੍ਹਾਂ ਨੇ ਮਜੀਠਾ ਰੋਡ ਤੋਂ ਯੂਨੀਵਰਸਿਟੀ ਵਾਲੇ ਪਾਸੇ ਤੀਕ ਜਾਣਾ ਸੀ। ਦੁਬਾਰਾ ਦੋ ਬੱਸਾਂ ਲੱਗੀਆਂ ਤਾਂ ਮੈਂ ਨਾਇਕ ਨੂੰ ਕਾਫੀ ਸਮਝਾਉਣ ਦਾ ਯਤਨ ਕੀਤਾ ਕਿ ਜੇਕਰ ਤੁਸਾਂ ਸਾਨੂੰ ਘਰੋ-ਘਰੀ ਪਹੁੰਚਾਉਣਾ ਹੈ ਤਾਂ ਸਾਡੀ ਸਲਾਹ ਨਾਲ ਬੱਸਾਂ ਵਿਚ ਯਾਤਰੀ ਬਿਠਾਓ। ਪਹਿਲੇ ਚੱਕਰ ਵਿਚ ਅੱਧੀਆਂ ਸਵਾਰੀਆਂ ਵਾਪਸ ਆ ਗਈਆਂ ਸਨ, ਜੇਕਰ ਇਸ ਪਾਸੇ ਜਾਣ ਵਾਲੇ ਯਾਤਰੀ ਹੀ ਬੈਠਦੇ ਤਾਂ ਕੰਮ ਠੀਕ ਰਹਿਣਾ ਸੀ। ਪਰ ਉਸ ਨੇ ਕਿਹਾ ਕਿ ਮੈਂ ਤਾਂ ਆਪਣੇ ਅਫਸਰ ਦਾ ਹੁਕਮ ਹੀ ਮੰਨਣਾ ਹੈ, ਤੁਸੀਂ ਆਪ ਉਨ੍ਹਾਂ ਨਾਲ ਗੱਲ ਕਰ ਲਵੋ। ਜਦੋਂ ਉਸ ਅਫਸਰ ਨਾਲ ਗੱਲ ਕੀਤੀ, ਤਾਂ ਉਸ ਦਾ ਉਤਰ ਸੀ ਕਿ ਹੁਣ ਅਸੀਂ ਪਹਿਲੇ ਪਾਸੇ ਨਹੀਂ ਜਾਵਾਂਗੇ, ਪਰ ਕੁਝ ਚਿਰ ਗੱਲਬਾਤ ਕਰਨ 'ਤੇ ਉਸ ਨੂੰ ਸਾਡੇ ਨਾਲ ਸਹਿਮਤ ਹੋਣਾ ਪਿਆ। ਤਦ ਉਸ ਨੇ ਕਿਹਾ ਕਿ ਸਾਡੇ ਯਾਤਰੀ ਦੋ ਬੱਸਾਂ ਵਿਚ ਬੈਠ ਜਾਣ।

ਸੰਗਤਾਂ ਵਿਚ ਹਫੜਾ-ਤਫੜੀ ਮਚ ਗਈ ਅਤੇ ਧੱਕੇ ਦੇ ਕੇ ਇਕ-ਦੂਜੇ ਦੇ ਅੱਗੇ ਹੋ ਕੇ ਬੱਸਾਂ ਨੱਕੋ-ਨੱਕ ਭਰ ਦਿੱਤੀਆਂ। ਮੈਂ ਆਪਣੇ ਸਾਥੀਆਂ ਨੂੰ ਰੋਕ ਲਿਆ ਤਾਂ ਕਿ ਸਾਡੇ ਪਿੱਛੇ ਕੋਈ ਯਾਤਰੀ ਇਥੇ ਰਹਿ ਕੇ ਖਰਾਬ ਨਾ ਹੋਵੇ। ਮੈਂ ਫਿਰ ਲੈਫਟੀਨੈਂਟ ਨੂੰ ਇਕ ਬੱਸ ਹੋਰ ਲਗਾਉਣ ਲਈ ਮਨਾਇਆ। ਮੇਰੇ ਨਾਲ ਮੇਰੀ ਧਰਮ ਪਤਨੀ ਅਤੇ ਦੋ ਲੜਕੀਆਂ ਸਨ। ਇਸੇ ਤਰ੍ਹਾਂ ਸ. ਰਮਿੰਦਰ ਬੀਰ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ, ਸ. ਬਲਵੰਤ ਸਿੰਘ ਪੱਟੀ (ਮੀਤ ਸਕੱਤਰ), ਸ. ਅਨੂਪ ਸਿੰਘ ਅਸਿਸਟੈਂਟ ਚੀਫ ਗ੍ਰੰ. ਇੰਸਪੈਕਟਰ, ਸ. ਮਲਕੀਅਤ ਸਿੰਘ ਸੁਪਰਵਾਈਜ਼ਰ ਲੰਗਰ ਜ਼ਿੰਮੇਵਾਰ ਅਧਿਕਾਰੀ ਸਨ। ਘੱਟੋ-ਘੱਟ 20 ਸਵਾਰੀਆਂ ਬਾਕੀ ਰਹਿੰਦੀਆਂ ਸਨ। ਜਦੋਂ ਤੀਸਰੀ ਬੱਸ ਲੱਗੀ ਤਾਂ ਪਹਿਲੀਆਂ ਬੱਸਾਂ ਵਿਚੋਂ ਵੀ ਸਵਾਰੀਆਂ ਇਸ ਬਸ ਵਲ ਭੱਜੀਆਂ। ਤਿੰਨੇ ਬੱਸਾਂ ਦੇ ਡਰਾਈਵਰ, ਕੰਡਕਟਰ ਵੀ ਭੁੱਖੇ ਸਨ, ਪਰ ਫੌਜ ਅੱਗੇ ਅੜ ਨਹੀਂ ਸਕੇ। ਕਾਫਲਾ ਸੁਲਤਾਨਵਿੰਡ ਗੇਟ ਵਲ ਤੁਰਿਆ। ਮੈਂ ਅਜੀਤ ਨਗਰ ਵਾਲੇ ਚੌਕ ਵਿਚ ਬੱਸ ਖੜ੍ਹੀ ਕਰਵਾਈ ਤਾਂ ਅੱਧੋਂ ਵਧ ਸਵਾਰੀਆਂ ਉਤਰ ਗਈਆਂ।

ਅਸੀਂ ਸਾਮਾਨ ਚੁੱਕ ਕੇ ਥੋੜ੍ਹੀ ਦੂਰ ਹੀ ਗਏ ਸਾਂ ਕਿ ਆਬਾਦੀ ਵਾਲੇ ਕੁਝ ਨੌਜਵਾਨਾਂ ਨੇ ਸਾਡੇ ਪਾਸੋਂ ਸਾਮਾਨ ਚੁੱਕ ਲਿਆ। ਬਾਹਰਲੀ ਆਬਾਦੀ ਹੋਣ ਕਰਕੇ ਇਥੇ ਕਰਫਿਊ ਦੀ ਸਖਤੀ ਨਹੀਂ ਸੀ ਅਤੇ ਨਾ ਹੀ ਫੌਜ ਦੀ ਗਸ਼ਤ ਸੀ। ਫੌਜੀ ਦਬਾਅ ਅੰਦਰੂਨੀ ਸ਼ਹਿਰ ਵਿਚ ਜ਼ਿਆਦਾ ਸੀ। ਅਸੀਂ ਸਵੇਰੇ 10:30 ਵਜੇ ਆਪਣੇ ਘਰ ਪਹੁੰਚ ਗਏ, ਜਿਥੇ ਮੇਰੀ ਮਾਤਾ ਅਤੇ ਲੜਕਾ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਕੁਝ ਯਾਤਰੀ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਉਤਰ ਗਏ ਅਤੇ ਬਾਕੀ ਸਰਕੂਲਰ ਰੋਡ ਰਾਹੀਂ ਭੰਡਾਰੀ ਪੁਲ ਵਲ ਚਲੇ ਗਏ, ਜਿਥੋਂ ਉਨ੍ਹਾਂ ਨੂੰ ਆਪਣੇ ਘਰੀਂ ਪਹੁੰਚਣਾ ਸੁਖਾਲਾ ਹੋ ਗਿਆ, ਕਿਉਂਕਿ 11 ਵਜੇ ਦੋ ਘੰਟਿਆਂ ਲਈ ਕਰਫਿਊ ਵਿਚ ਢਿੱਲ ਦਿੱਤੀ ਗਈ ਸੀ। ਘਰ ਪਹੁੰਚਣ 'ਤੇ ਦੁਖਦਾਈ ਘਟਨਾਵਾਂ ਦੀ ਜਾਣਕਾਰੀ ਮਿਲੀ, ਪਰ ਪਰਿਵਾਰ ਵਿਚ ਮਿਲ-ਬੈਠ ਕੇ ਪਿਛਲਾ ਥਕੇਵਾਂ ਭੁੱਲ ਗਿਆ। 10 ਜੂਨ ਨੂੰ ਸਵੇਰੇ 8 ਵਜੇ ਅਜੀਤ ਨਗਰ ਵਿਖੇ ਸਾਡੇ ਘਰ ਦੇ ਸਾਹਮਣੇ ਫੌਜ ਦੀਆਂ ਜੀਪਾਂ ਆ ਕੇ ਖੜ੍ਹੀਆਂ ਹੋ ਗਈਆਂ। ਸ. ਰਣਜੀਤ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਮੇਰੇ ਪਾਸ ਆਏ ਅਤੇ ਕਹਿਣ ਲੱਗੇ ਕਿ ਦਰਬਾਰ ਸਾਹਿਬ ਦੇ ਅੰਦਰ ਤੋਸ਼ੇਖਾਨੇ ਦੇ ਸਬੰਧ ਵਿਚ ਮੀਟਿੰਗ ਹੈ, ਤੁਹਾਨੂੰ ਨਾਲ ਲਿਜਾਣਾ ਹੈ ਅਤੇ ਫੌਜੀ ਅਧਿਕਾਰੀ ਸ. ਭਾਨ ਸਿੰਘ ਸਕੱਤਰ ਅਤੇ ਸ. ਅਬਿਨਾਸ਼ੀ ਸਿੰਘ ਨੂੰ ਨਾਲ ਲੈ ਕੇ ਆਏ ਹਨ।

ਮੈਂ ਕੱਪੜੇ ਬਦਲ ਕੇ ਬਾਹਰ ਆਇਆ ਤਾਂ ਕਰਨਲ ਗੁਰਾਇਆ ਨਾਲ ਮੇਰੀ ਜਾਣ-ਪਛਾਣ ਕਰਵਾਈ ਗਈ। ਬੰਦ ਜੀਪ ਦੇ ਅੰਦਰ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਬੈਠੇ ਸਨ। ਅਸੀਂ ਉਨ੍ਹਾਂ ਦੇ ਨਾਲ ਬੈਠ ਗਏ। ਜਥੇਦਾਰ ਕਿਰਪਾਲ ਸਿੰਘ ਵੱਖਰੀ ਗੱਡੀ ਵਿਚ ਸਨ। ਸ. ਅਬਿਨਾਸ਼ੀ ਸਿੰਘ ਨੇ ਦੱਸਿਆ ਕਿ ਤੋਸ਼ੇਖਾਨੇ ਦੀ ਲਿਸਟ ਤਿਆਰ ਕਰਨ ਲਈ ਸਰਕਾਰ ਨੇ ਇਕ ਬੋਰਡ ਬਣਾਇਆ ਹੈ। ਤੁਸੀਂ ਭਾਵੇਂ ਉਸ ਬੋਰਡ ਵਿਚ ਨਹੀਂ, ਪਰ ਅਸੀਂ ਫੌਜੀ ਅਧਿਕਾਰੀਆਂ ਨੂੰ ਸੁਝਾਅ ਦਿੱਤਾ ਸੀ ਕਿ ਤੁਹਾਨੂੰ ਨਾਲ ਲੈ ਲਿਆ ਜਾਵੇ।

ਇਸ 'ਤੇ ਮੇਰੇ ਕਹਿਣ 'ਤੇ ਸ. ਕੁਲਦੀਪ ਸਿੰਘ (ਭਾਟੀਆ) ਮੀਤ ਸਕੱਤਰ ਨੂੰ ਵੀ ਨਾਲ ਲੈ ਲਿਆ, ਜੋ ਇਸ ਆਬਾਦੀ ਵਿਚ ਹੀ ਰਹਿੰਦੇ ਸੀ। ਰਸਤੇ ਵਿਚ ਅਤੇ ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਆਪਣੀ ਗ੍ਰਿਫਤਾਰੀ ਦਾ ਵੇਰਵਾ ਸਾਨੂੰ ਦੱਸਿਆ। ਸਾਨੂੰ ਇਨ੍ਹਾਂ ਜੀਪਾਂ ਵਿਚੋਂ ਘੰਟਾ ਘਰ ਵਾਲੀ ਬਾਹੀ 'ਤੇ ਉਤਾਰਿਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਹੋਏ। ਅਸਾਂ ਸਾਰਿਆਂ ਪਰਿਕਰਮਾ ਵਿਚ ਦਾਖਲ ਹੋਣ ਤੋਂ ਪਹਿਲਾਂ ਮੱਥਾ ਟੇਕਿਆ। ਕਰਨਲ ਗੁਰਾਇਆ ਹੀ ਸਾਡੇ ਨਾਲ ਪਰਿਕਰਮਾ ਵਿਚ ਗਿਆ, ਬਾਕੀ ਫੌਜੀ ਬਾਹਰ ਰਹਿ ਗਏ। ਪਰਿਕਰਮਾ ਵਿਚ ਦਾਖਲ ਹੋ ਕੇ ਜਦੋਂ ਅਸੀਂ ਬਾਬਾ ਬੁੱਢਾ ਜੀ ਦੇ ਬੇਰ ਵਲ ਚੱਲਣ ਲੱਗੇ ਤਾਂ ਅੱਗੋਂ ਇਕ ਫੌਜੀ ਸਿਪਾਹੀ ਨੇ ਰੋਕ ਲਿਆ। ਕਰਨਲ ਗੁਰਾਇਆ ਵਲੋਂ ਆਪਣੀ ਪਛਾਣ ਦੱਸਣ 'ਤੇ ਵੀ ਅੱਗੋਂ ਇਹ

(ਬਾਕੀ ਸਫਾ 33 ਉਤੇ)

*ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਨੇ 43-43 ਰੁਪਏ ਕਿਰਾਇਆ ਭਾਵ ਡਬਲ ਕਿਰਾਇਆ ਵਸੂਲ ਕੀਤਾ, ਹਾਲਾਂਕਿ ਯਾਤਰੀਆਂ ਨੇ ਰੋਸ ਪ੍ਰਗਟ ਕੀਤਾ ਕਿ ਉਹ ਆਪਣੀ ਮਰਜ਼ੀ ਨਾਲ ਨਹੀਂ ਸਨ ਆਏ, ਸਗੋਂ ਸਰਕਾਰ ਨੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਅੰਬਾਲੇ ਲਿਆਂਦਾ ਸੀ, ਜਿਸ ਕਾਰਨ ਵਾਪਸ ਭੇਜਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਪਰ ਕਿਸੇ ਨੇ ਇਹ ਗੱਲ ਨਾ ਮੰਨੀ। ਲਗਭਗ 8 ਵਜੇ ਅੰਬਾਲਾ ਛਾਉਣੀ ਤੋਂ ਬੱਸਾਂ ਚੱਲੀਆਂ। ਸਾਡਾ ਅਨੁਮਾਨ ਸੀ ਕਿ 1-00 ਵਜੇ ਤੀਕ ਅੰਮ੍ਰਿਤਸਰ ਪਹੁੰਚ ਜਾਵਾਂਗੇ। ਪਰ ਪੰਜਾਬ ਦੇ ਬਾਰਡਰ 'ਤੇ ਪੁੱਜ ਕੇ ਪੰਜਾਬ ਵਿਚ ਦਾਖਲ ਹੋਣ ਲਈ ਕਾਫ਼ੀ ਸਮਾਂ ਬੱਸਾਂ ਰੁੱਕੀਆਂ ਰਹੀਆਂ। ਪੰਜਾਬ ਵਿਚ ਦਾਖਲ ਹੋਏ ਤਾਂ ਸੜਕਾਂ ਤਾਂ ਸੁੰਨਸਾਨ ਹੋਈਆਂ ਪਈਆਂ ਸਨ, ਕਿਸੇ ਪਿੰਡ ਵਿਚ ਵੀ ਕੋਈ ਘਰਾਂ ਤੋਂ ਬਾਹਰ ਨਹੀਂ ਸੀ ਫਿਰ ਰਿਹਾ। ਫੌਜ ਵਲੋਂ ਕਰੜਾ ਕਰਫਿਊ ਲਾਇਆ ਹੋਇਆ ਸੀ। ਰਾਜਪੁਰੇ ਤੋਂ ਪਹਿਲਾਂ ਇਕ ਨਾਕੇ 'ਤੇ ਬੱਸਾਂ ਰੋਕ ਲਈਆਂ ਗਈਆਂ। ਪਤਾ ਲੱਗਾ ਕਿ ਅੱਗੇ ਜਾਣ ਲਈ ਕਿਸੇ ਹੋਰ ਏਰੀਆ ਕਮਾਂਡਰ ਤੋਂ ਆਗਿਆ ਲਈ ਜਾਣੀ ਸੀ।*

# ਮੇਰੀ ਭੂਆ

ਡਿਟਰਾਇਟ ਏਅਰਪੋਰਟ ਆਪਣੇ ਦੋਸਤ ਨੂੰ ਲਾਹ ਚੁੱਕਣ ਪਿਛੋਂ ਵਾਪਸ ਜਾਣ ਲੱਗਿਆਂ ਬਰਫ਼ ਮੇਰੇ ਅੱਗੇ ਹੀ ਪੈ ਗਈ। ਮੇਰੀ ਬਦਕਿਸਮਤੀ ਦੇਖੋ ਢੀਠ ਚੀਜ਼ਾਂ ਲੋਕਾਂ ਦੇ ਪਿੱਛੇ ਪੈਂਦੀਆਂ ਹਨ, ਮੇਰੇ ਅੱਗੇ ਹੀ ਟੁੱਟ ਪੈਂਦੀਆਂ ਹਨ। ਤਾਬੜਤੋੜ ਹਮਲਿਆਂ ਨਾਲ ਬਰਫ਼ ਮੈਨੂੰ ਏਥੇ ਹੀ ਦਫਨਾ ਦੇਣਾ ਚਾਹੁੰਦੀ ਸੀ। ਸਾਰਾ 60 ਮੀਲ ਤੇ ਵਾਕਿਆ ਮੇਰਾ ਸ਼ਹਿਰ ਭੁੜਕ ਕੇ ਦੂਜੇ ਧਰੁਵ ਤੇ ਪਹੁੰਚ ਗਿਆ ਲਗਦਾ ਸੀ। ਮੌਸਮ ਦੇ ਅਜਿਹੇ ਕਹਿਰ ਵਿਚ ਨਾ ਕਾਰ ਮੈਨੂੰ ਕੋਈ ਧਰਵਾਸ ਦਿੰਦੀ ਸੀ ਨਾ ਮੈਂ ਉਸਨੂੰ ਕੋਈ ਹੱਲਾਸ਼ੇਰੀ। ਦਰਅਸਲ ਅਸੀਂ ਇਕ ਦੂਜੇ ਤੋਂ ਡਰੇ ਹੋਏ ਸਾਂ। ਅਜੇ ਸਾਲ ਖੰਡ ਤਾਂ ਹੋਇਆ ਸੀ ਇਸ ਦੇਸ਼ ਵਿਚ ਫਸੇ ਵਸੇ ਨੂੰ, ਅਜੇ ਤਾਂ ਸੜਕਾਂ ਦੀਆਂ ਲੇਨਾਂ, ਕਾਰਾਂ ਦੀਆਂ ਕਤਾਰਾਂ ਤੇ ਸੜਕਾਂ ਦੇ ਚਿਹਨ-ਚੱਕਰਾਂ ਵਿਚ ਹੀ ਸਿਰ ਚਕਰਾ ਜਾਂਦਾ ਸੀ ਕਿ ਆਹ ਬਰਫ਼ਾਂ, ਸਿਰ ਮਨਾਉਂਦਿਆਂ ਓਲੇ ਪੈਣ ਵਾਲੀ ਗੱਲ ਹੋ ਗਈ ਸੀ।

ਕਾਰ ਦੀਆਂ ਲਾਈਟਾਂ ਬਰਫ਼ ਤੇ ਹਨੇਰੇ ਦੀ ਘਾਣੀ ਵਿਚੀਂ ਲੰਘਣ ਦੀ ਅਸਫ਼ਲ ਕੋਸ਼ਿਸ਼ ਕਰ ਰਹੀਆਂ ਸਨ। ਸਾਹਮਣੇ ਮਰ ਕੇ ਦੋ ਕਦਮ ਦੀ ਵਿਥ ਤਕ ਹੀ ਦਿਖਾਈ ਦਿੰਦਾ ਸੀ ਤੇ ਪੀਲੀਆਂ ਲਾਈਨਾਂ ਦੀ ਹੋਂਦ ਬਰਫ਼ ਵਿਚ ਖੁਰ ਚੁੱਕੀ ਸੀ। ਟਰੈਫ਼ਿਕ ਆਪਹੁਦਰੀ ਹੋਈ ਪਈ ਸੀ। ਕਾਰ ਤੇਜ਼ ਕਰਾਂ ਤਾਂ ਫਿਸਲਣ ਦਾ ਡਰ, ਹੌਲੀ ਚਲਾਵਾਂ ਤਾਂ ਕਿਹੜੇ ਵੇਲੇ ਪਹੁੰਚਾਂਗਾ। ਅਜਿਹੀ ਸਥਿਤੀ ਮੈਨੂੰ ਆਪਣਾ ਆਪ ਕੋਸਣ ਲਈ ਖੂਬ ਉਕਸਾਉਂਦੀ ਹੈ: ਮੌਸਮ ਦਾ ਚੈਨਲ ਦੇਖ ਕੇ ਕਿਉਂ ਨਹੀਂ ਚੱਲਿਆ। ਜਾਂ ਥੋੜਾ ਪਹਿਲਾਂ ਚੱਲ ਪੈਂਦਾ। ਅਖੇ ਦੋਸਤ ਨਾਲ ਹੋਰ ਗੱਲਾਂ ਕਰ ਲਵਾਂ। ਲੈ ਲਾ ਦੋਸਤ ਦੇ ਸਵਾਦੇ!

ਚਾਰੇ ਤਰਫ਼ ਮੰਦ ਤੋਂ ਮੰਦ ਹੋ ਰਹੀ ਟਰੈਫਿਕ ਦੀ ਰਫ਼ਤਾਰ ਖੜੋਤ ਵਿਚ ਜਾਣ ਲੱਗੀ ਸੀ। ਫੁੱਲ ਸਪੀਡ ਤੇ ਚਾਮ-ਚੜਿਕਾਂ ਜਿਹੇ ਚੱਲਦੇ ਵਾਈਪਰਾਂ ਦੀ ਖਟ-ਖਟ ਮੈਨੂੰ ਕਿਸੇ ਦੁਖਾਂਤ ਦਾ ਆਭਾਸ ਕਰਾ ਰਹੀ ਸੀ। ਸ਼ਾਇਦ ਅੱਗੇ ਕੋਈ ਐਕਸੀਡੈਂਟ ਹੋ ਗਿਆ ਹੈ। ਸ਼ਾਮ ਦੇ ਸਾਢੇ ਅੱਠ ਵੱਜ ਚੁੱਕੇ ਸਨ ਤੇ ਹਨੇਰ ਸਾਈਂ ਦਾ ਹਨੇਰਾ ਵੀ ਮੇਰੇ ਅੱਗੇ ਪਸਰਨ ਲੱਗਾ ਸੀ। ਕਾਰ ਨੂੰ ਤੱਦੀਆਂ ਕਰਨ ਦਾ ਖੂਬ ਮੌਕਾ ਮਿਲਿਆ। ਜੇ ਕਿਤੇ ਗਲਤੀ ਨਾਲ ਬਰੇਕ ਲਾ ਬੈਠਦਾ ਤਾਂ ਇਸ ਨੇ ਘੁੰਮ ਜਾਣ ਦਾ ਕੌਤਕ ਦਿਖਾਉਣ ਲੱਗਣਾ ਸੀ। ਕਾਰ ਹੈ ਵੀ ਪੁਰਾਣੀ ਟੁੱਟੜ ਜਿਹੀ ਸੀ। ਨਵੀਂ ਜੋਗੇ ਅਜੇ ਹੋਏ ਕਿੱਥੇ ਸਾਂ। 'ਨੈ ਵੀ ਡੂੰਘੀ, ਤੁਲਾ ਪੁਰਾਣਾ' ਵਾਲੀ ਗੱਲ ਹੋਈ ਪਈ ਸੀ। ਅਜੇ ਤਾਂ ਸਾਲੀ ਅੰਗਰੇਜ਼ੀ ਵੀ ਅੜਿੱਕੇ ਨਹੀਂ ਸੀ ਆਈ, ਕੋਈ ਬਿਪਤਾ ਪੈ ਗਈ ਤਾਂ ਕਿਹੜੀ ਮਾਂ ਨੂੰ ਮਾਸੀ ਕਹਾਂਗਾ।

ਏਸੇ ਸੰਤਾਪ ਵਿਚ ਘੁਲਦਿਆਂ ਖਿਆਲ ਆਇਆ ਕੀ ਲੈਣਾ ਮਾਂ ਮਾਸੀ ਤੋਂ, ਆਪਣੀ ਭੂਆ ਜੁ ਹੈ ਤੇ ਉਸਦਾ ਸ਼ਹਿਰ ਏਧਰ ਨੇੜੇ ਹੀ ਹੈ ਕਿਤੇ। ਭੂਆ ਦਾ ਚੇਤਾ ਆਉਂਦਿਆਂ ਨਾਨਕ ਸਿੰਘ ਦੀ ਭੂਆ ਚੇਤੇ ਆ ਗਈ, ਮਨ ਦੇ ਜਾਣੋਂ ਸਾਰੇ ਕਲੇਸ਼ ਕੱਟੇ ਗਏ, ਤਨ ਚੌੜਾ ਹੋ ਗਿਆ, ਗੱਡੀ ਕਹੇ ਵਿਚ ਆ ਗਈ ਤੇ ਮੂੰਹ ਵਿਚ ਗੁਣਗੁਣਾਹਟ। ਥੋੜਾ ਅੱਗੇ ਜਾ ਕੇ ਐਗਜ਼ਿਟ ਦਾ ਨੰਬਰ ਪੜ੍ਹਿਆ ਤੇ ਹਿਸਾਬ ਲਾਇਆ ਗੱਲ ਬਣ ਗਈ ਹੈ। ਬੱਸ ਇਕ ਦੋ ਐਗਜ਼ਿਟ ਦੀ ਹੀ ਵਾਟ ਹੈ ਤੇ ਭੂਆ ਦਾ ਸ਼ਹਿਰ ਵੱਟ 'ਤੇ ਪਿਆ। ਬਰਫ਼ ਤੇ ਹਨੇਰੇ ਦਾ ਖੌਫ਼ ਔਹ ਗਿਆ ਔਹ ਗਿਆ ਹੋ ਗਿਆ।

ਲੱਕ ਟੁਣੂੰ ਟੁਣੂੰ ਅਜੇ ਥੋੜੀ ਦੂਰ ਹੀ ਚੱਲਿਆ ਸੀ ਕਿ ਮੈਨੂੰ ਆਲਾ ਦੁਆਲਾ ਓਪਰਾ ਓਪਰਾ ਲੱਗਣ ਲੱਗਾ। ਵਿਲਾਸੇ ਮਨ ਨੂੰ ਭੂਆ ਦੇ ਨਿਘ ਚੋਂ ਕਢਿਆ ਤੇ ਆਲੇ ਦੁਆਲੇ ਨਾਲ ਜੋੜਿਆ: ਮੈਂ ਚਾਂਭਲਿਆ ਹੋਰ ਹੀ ਰਸਤੇ ਤੇ ਔਝੜਿਆ ਫਿਰ ਰਿਹਾ ਸਾਂ। ਮਨ ਤੇ ਕਾਰ ਫਿਰ ਡੋਲਣ ਲੱਗੇ। ਕੇਹਾ ਦੇਸ ਹੈ ਇਹ, ਕਾਰ ਵੀ ਏਥੇ ਚੱਲ ਸੋ ਚੱਲ ਰੱਖਣੀ ਪੈਂਦੀ ਹੈ ਤੇ ਮੇਰੇ ਕੋਲ ਤਾਂ ਕੋਈ ਸੈੱਲ ਫੋਨ ਵੀ ਨਹੀਂ ਸੀ। ਜਿੱਧਰ ਮੂੰਹ ਅਇਆ ਕਾਰ ਦੱਬੀ ਜਾ ਰਿਹਾ ਸਾਂ ਕਿ ਮੈਨੂੰ ਇਕ ਗੈਸ ਸਟੇਸ਼ਨ ਦਿਖਾਈ ਦਿੱਤਾ ਜਾਣੋ ਰੌਸ਼ਨੀ ਦੀ ਇਕ ਕਿਰਨ। ਮੈਂ ਕਾਰ ਮੋੜੀ ਤੇ ਭਾਈ ਤੋਂ ਰਸਤਾ ਪੁੱਛਿਆ। ਉਸਦੇ ਸਮਝਾਏ ਮੁਤਾਬਕ ਮੈਂ ਰਫ਼ਤਾ ਰਫ਼ਤਾ ਅਗੇ ਵਧਦਾ ਗਿਆ। ਬਰਫ਼ਾਂ ਦੀ ਮਾਰੋ ਮਾਰ ਦੌਰਾਨ ਪੇਟ ਵਿਚ ਚੂਹੇ ਵੀ ਕੁੱਦਣ ਲੱਗ ਪਏ। ਮੇਰੇ ਦਿਮਾਗ ਵਿਚ ਫਿਰ ਨਾਨਕ ਸਿੰਘ ਦੀ ਭੂਆ ਫਿਰ ਗਈ ਜਿਸਨੇ ਕੁਵੇਲੇ ਆਏ ਆਪਣੇ ਭਤੀਜੇ ਨੂੰ ਚੱਕੀ ਦੇ ਪੁੜ ਜਿੱਡੇ ਪਰੌਂਠੇ ਤੇ ਸੇਂਵੀਆਂ ਦੀ ਥਾਲੀ ਵਿਚ ਸ਼ੱਕਰ ਦੀ ਮੁੱਠ ਤੇ ਪੰਘਰੇ ਹੋਏ ਘਿਉ ਦਾ ਕੌਲ ਪਾ ਕੇ ਉਸ ਅਗੇ ਪਰੋਸਿਆ ਸੀ। ਅਜਿਹੀ ਤਰ-ਬਤਰ ਖਾਤਰਦਾਰੀ ਦਾ ਤਸੱਵਰ ਆਉਂਦਿਆਂ ਮੇਰੇ ਪੇਟ ਦੇ ਚੂਹੇ ਨੱਚਣਾ ਛੱਡ ਕੇ ਮੇਰੀਆਂ ਆਂਦਰਾਂ ਖਾਣ ਲੱਗੇ। ਮੂੰਹ ਵਿਚ ਆਈਆਂ ਪਾਣੀ ਦੀਆਂ ਰਾਲਾਂ ਮੈਂ ਜੈਕਟ ਦੀ ਬਾਂਹ ਨਾਲ ਪੂੰਝੀਆਂ। ਸ਼ਹਿਰੀ ਨਾਨਕ ਸਿੰਘ ਦਾ ਪਤਾ ਨਹੀਂ ਭੂਆ ਦੀ ਸੇਵਾ ਤੋਂ ਕਿਉਂ ਨੱਕ ਮੁੜ ਗਿਆ ਸੀ। ਪਹੁੰਚਾਂ ਸਹੀ ਮੈਂ ਇਕ ਵਾਰੀ ਭੂਆ ਦੇ ਘਰ।

ਔਝੜਦਾ ਖੌਝੜਦਾ ਚਾਅ ਨਾਲ ਭਰਿਆ ਮੈਂ ਸੋਤੇ ਪਏ ਭੂਆ ਦੇ ਘਰ ਪਹੁੰਚ ਗਿਆ। ਘੰਟੀ ਖੜਕਾਈ, ਦੋ ਤਿੰਨ ਮਿੰਟ ਵੇਟ ਕੀਤਾ, ਕੋਈ ਨਾ ਪ੍ਰਗਟ ਹੋਇਆ। ਸੁਤੇ ਪਿਆਂ ਨੂੰ ਨਾ ਸੁਣਿਆ ਹੋਵੇਗਾ, ਇਕ ਵਾਰੀ ਹੋਰ ਘੰਟੀ ਨੂੰ ਹੱਥ ਪਾਇਆ ਪਰ ਫਿਰ ਸੁੰਨ ਮਸਾਣ। ਦਿਮਾਗ ਨੂੰ ਸਮਾਂ ਦਿੱਤਾ, ਬੋਲਿਆ, ਕੋਈ ਘਰ ਵੀ ਹੋਵੇਗਾ?

ਬੱਸ ਫਿਰ ਆਪੇ ਨੂੰ ਕੋਸਣ ਦਾ ਦੌਰਾ, ਫਿਰ ਸੈਲ-ਫੋਨ ਨਾ ਹੋਣ ਦਾ ਝੋਰਾ। ਬੁਖਲਾਹਟ ਵਿਚ ਤੀਜੀ ਵਾਰ ਮੈਂ ਫਿਰ ਘੰਟੀ ਖੜਕਾਈ ਤਾਂ ਝਬਦੇ ਦਰਵਾਜ਼ਾ ਖੁਲ੍ਹਣ ਦੀ ਆਵਾਜ਼ ਆਈ। ਭੂਆ ਮੇਰੇ ਸਾਹਮਣੇ ਖੜੀ ਸੀ, ਸਾਹਾਂ ਵਿਚ ਆਏ ਸਾਹ ਨੇ ਜ਼ਬਾਨ ਫੜੀ, 'ਸਾ ਸਿਰੀ ਕਾਲ'।

"ਲਗਦਾ ਸਾ ਸਿਰੀ ਕਾਲ ਦਾ, ਇਹ ਕੋਈ ਟਾਈਮ ਹੈ ਆਉਣ ਦਾ, ਸੁੱਤੇ ਪਏ ਸੀ ਅਰਾਮ ਨਾਲ।" ਇਹ ਸਕੀ ਭੂਆ ਦੀ ਹੀ ਆਵਾਜ਼ ਸੀ।

ਪਰ ਸੋਚਿਆ ਕੁਵੇਲੇ ਆਇਆਂ, ਘਬਰਾ ਗਈ ਹੋਵੇਗੀ ਕਿ ਕੋਈ ਬੁਰੀ ਖਬਰ ਹੈ।

"ਏਅਰਪੋਰਟ ਗਿਆ ਸੀ, ਬਰਫ਼ ਵਿਚ ਘਿਰ ਗਿਆਂ, ਸੋਚਿਆ ਭੂਆ ਕੋਲ ਹੈ, ਕਾਹਨੂੰ ਔਖੇ ਹੋਣਾ।" ਮੈਂ ਆਪਣੀ ਮਜਬੂਰੀ ਤੇ ਕੁਝ ਕੁਝ ਭੂਆ ਨਾਲ ਮੋਹ ਦੇ ਭਾਵ ਪਰਗਟ ਕੀਤੇ। ਪਰ ਘਰ ਦੇ ਭਾਗ ਨਜ਼ਰ ਆਉਣ ਲੱਗੇ ਸਨ।

ਖੈਰ, ਭੂਆ ਨੇ ਮੈਨੂੰ ਅੰਦਰ ਲੰਘਣ ਦਿੱਤਾ ਤੇ ਖਾੜ ਕਰਦਾ ਬੂਹਾ ਲਗਾਉਂਦਿਆਂ ਬੁੜਬੜਾਈ, "ਕੋਈ ਵੇਲਾ ਹੁੰਦਾ ਆਉਣ ਦਾ, ਇਹ ਥੋੜੀ ਜਦੋਂ ਮਰਜ਼ੀ ਤੁਰ ਪਓ। ਬਰਫ਼ ਵਾਲੇ ਬੂਟ ਤੇ ਜੈਕਟ ਝਾੜ ਕੇ ਹੈਥੇ ਕਲੋਜ਼ਿਟ ਚ ਲਾਹ ਦੇ, ਕਾਲੀਨ ਖਰਾਬ ਕਰਦਾ ਫਿਰੇਂਗਾ।"

ਉਸਦੇ ਆਰਾਮ ਵਿਚ ਵਿਘਨ ਪਿਆ ਹੋਵੇਗਾ, ਮੈਂ ਚੁੱਪ ਕਰਕੇ ਜੈਕਟ ਤੇ ਬੂਟ ਉਤਾਰੇ ਤੇ ਸੋਫੇ 'ਤੇ ਆਪਣੇ ਆਪ ਨੂੰ ਸੁੱਟ ਲਿਆ।

ਕੁਝ ਚਿਰ ਚੁੱਪ ਛਾਈ ਰਹੀ। ਭੂਆ ਉਵੇਂ ਹੀ ਖੜੀ ਸੀ ਮੂੰਹ ਬਣਾਈ, ਭਤੀਜ-ਮੋਹ ਜਾਂ ਪ੍ਰਾਹੁਣਚਾਰੀ ਦਾ ਕੋਈ ਸੰਕੇਤ ਨਹੀ ਸੀ। ਮੈਨੂੰ ਪੇਟ ਦੇ ਚੂਹਿਆਂ ਦੀ ਫਿਰ ਥੋੜੀ ਹਲਚਲ ਮਹਿਸੂਸ ਹੋਈ। ਆਖਰ ਉਨ੍ਹਾਂ ਮੇਰੇ ਮੂੰਹੋਂ ਇਹ ਲਫ਼ਜ਼ ਕਢਵਾ ਹੀ ਦਿੱਤੇ, "ਭੂਆ ਮੈਨੂੰ ਥੋੜੀ ਭੁਖ ਲੱਗੀ ਹੈ।"

"ਹੂੰ ਭੁਖ ਲੱਗੀ ਹੈ, ਐਸ ਵੇਲੇ, ਰਾਹ 'ਚੋਂ ਮੈਕਡੌਨਲਡ ਖਾ ਲੈਣਾ ਸੀ। ਹੁਣ ਮੈਂ ਤੈਨੂੰ ਕੀ ਦੇਵਾਂ ਐਸ ਵੇਲੇ?"

ਉਸ ਦੀਆਂ ਅੱਖਾਂ ਲਾਲ ਸਨ, ਸ਼ਾਇਦ ਨੀਂਦ ਨਾਲ, ਸ਼ਾਇਦ ਗੁੱਸੇ ਨਾਲ।

"ਕੋਈ ਰੋਟੀ ਰਾਟੀ ਬਚੀ ਨਹੀ ਪਈਂ, ਮੈਂ ਥੋੜੀ ਖਾਕੇ ਸੌਂ ਜਾਊਂ, ਏਨੀ ਬਰਫ਼ਬਾਰੀ ਵਿਚ ਮੈਂ ਮੈਕਡੌਨਲਡ ਕਿੱਥੋਂ ਲਭਦਾ।" ਮੈਂ ਆਵਾਜ਼ ਨੂੰ ਥੋੜੇ ਤਰਲੇ ਦੀ ਚੱਸ ਦਿਤੀ।

'ਵਾਧੂ ਰੋਟੀਆ ਅਸੀਂ ਨਹੀਂ ਬਣਾਉਂਦੇ, ਇਹ ਅਮਰੀਕਾ ਹੈ, ਏਥੇ ਫਾਲਤੂ ਕੰਮ ਕਰਨ ਦਾ ਟਾਈਮ ਨਹੀ।' ਅਮਰੀਕਾ ਦੇ ਤੌਰ ਤਰੀਕਿਆ ਬਾਰੇ ਮੇਰੇ ਤੇ ਲੈਕਚਰਬਾਜ਼ੀ ਦੀ ਝੜੀ ਲੱਗ ਗਈ। ਪਰ ਮੇਰੇ ਚੂਹੇ ਮੇਰੇ 'ਤੇ ਹਾਵੀ ਸਨ, "ਜੇ ਆਟਾ ਗੁੰਨ੍ਹਿਆ ਪਿਆ ਹੈ ਤਾਂ ਮੈਂ ਆਪ ਪਕਾ ਲੈਂਨਾ।"

"ਵੱਡਾ ਆਇਆ ਆਪੇ ਪਕਾਉਣ ਵਾਲਾ, ਕਿਚਨ ਵਿਚ ਤਾਂ ਮੈਂ ਤੇਰੇ ਫੁਫੜ ਨੂੰ ਵੀ ਨਹੀਂ ਵੜਨ ਦਿੰਦੀ, ਆਦਮੀ ਗਾਹ ਪਾ ਛਡਦੇ ਹਨ।" ਸਾਫ਼ ਸੀ ਕਿ ਉਸਦਾ ਮੈਨੂੰ ਭੁਖਿਆਂ ਸੁਲਾਉਣ ਦਾ ਇਰਾਦਾ ਸੀ ਪਰ ਆਪਣੀ ਵੀ ਢੀਠਤਾ ਵਿਚ ਕੁਝ ਦਮ ਸੀ, "ਚੱਲ ਥੋੜਾ ਸੀਰੀਅਲ ਹੀ ਦੇ ਦੇਹ।"

"ਸੀਰੀਅਲ ਤਾਂ ਕਈਆਂ ਦਿਨਾਂ ਦਾ ਮੁਕਿਆ ਪਿਆ, ਨਾਲੇ ਤੇਰਾ ਫੁੱਫੜ ਨਹੀਂ ਬਾਹਲਾ ਪਸੰਦ ਕਰਦਾ।" ਉਸਨੇ ਸਬੂਤ ਵਜੋਂ ਸੀਰੀਅਲ ਦਾ ਖਾਲੀ ਡੱਬਾ ਖੜਕਾਇਆ।

"ਚੱਲ ਬਰੈੱਡ ਆਮਲੇਟ ਬਣਾ ਦੇ।" ਹੁਣ ਚੜੀ ਲੱਥੀ ਦਾ ਫਰਕ ਮੁੱਕ ਚੁੱਕਾ ਸੀ, ਖਾਲੀ ਢਿਡ ਦਾ ਸਵਾਲ ਸੀ।

"ਆਂਡੇ ਤਾਂ ਡਾਕਟਰਾਂ ਮਨ੍ਹਾਂ ਕੀਤੇ ਹੋਏ ਹਨ, ਇਨ੍ਹਾਂ ਦਾ ਕੁਲੈਸਟਰੌਲ ਬਹੁਤ ਹਾਈ ਹੋ ਚੁੱਕਾ ਹੈ, ਹਾਂ ਜੈਮ ਪਿਆ ਹੈ ਪਰ ਬਰੈੱਡ ਨਹੀਂ ਹੈ।"

ਰਾਹ ਨਿਕਲ ਆਇਆ ਸੀ, ਮੈਨੂੰ ਲੱਗਾ ਮੇਰੀ ਥੋੜੀ ਜਹੀ ਰਹਿ ਜਾਵੇਗੀ। ਹੌਸਲੇ 'ਚ ਮੈਂ ਗੱਲ ਅੱਗੇ ਵਧਾਈ, "ਚਲੋ ਬਰੈੱਡ ਔਖਾ ਸੌਖਾ ਮੈਂ ਲੈ ਆਉਂਨਾ।" ਮੈਂ ਤਟਫਟ ਜਾਣ ਲਈ ਉਠ ਖਲੋਇਆ। ਮੇਰੇ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਭੁਖਾ ਵੀ ਸੌਂ ਸਕਦਾ ਸੀ ਪਰ ਇਸ ਵਿਚ ਮੈਨੂੰ ਭੂਆ ਦਾ ਜਾਂ ਸ਼ਾਇਦ ਆਪਣਾ ਘਟਾਅ ਮਹਿਸੂਸ ਹੋਇਆ। ਸੋਚਿਆ ਤਾਂ ਸੀ ਭੂਆ ਦਾ 'ਜੀ ਸਦਕੇ ਜੀ ਸਦਕੇ' ਕਹਿੰਦੀ ਦਾ ਮੂੰਹ ਸੁਕੇਗਾ, ਚਾਅ ਨਾਲ ਫੁੱਫੜ ਨੂੰ ਜਗਾਏਗੀ ਤੇ ਏਨੀ ਸਰਦੀ ਕਾਰਨ ਪੈੱਗ-ਸ਼ੈੱਗ ਦੀ ਸੁਲਹ ਮਾਰੀ ਜਾਵੇਗੀ ਪਰ ਏਥੇ ਤਾਂ ਪਾਸੇ ਹੀ ਪੁਠੇ ਪਏ ਹੋਏ ਸਨ।

"ਜਾਹ ਫਿਰ ਛੇਤੀ ਜਾਹ, ਸੌਣਾ ਵੀ ਹੈ।" ਮੈਂ ਜੈਕਟ ਪਾ ਕੇ ਬੂਟ ਦੇ ਤਸਮੇ ਕੱਸ ਰਿਹਾ ਸੀ ਕਿ ਭੂਆ ਬੋਲੀ, "ਜੈਮ ਤਾਂ ਘਰੇ ਹੈਗਾ ਦਰਜਨ ਆਂਡੇ ਤੇ ਗੈਲਨ ਦੁਧ ਵੀ ਫੜੀ ਆਵੀਂ। ਬਰਫ਼ ਕਰਕੇ ਅੱਜ ਮੇਰੇ ਕੋਲੋਂ ਵੀ ਸਟੋਰ 'ਤੇ ਨਹੀਂ ਜਾ ਹੋਇਆ, ਤੇਰੇ ਫੁਫੜ ਲਈ ਵੀ ਸਵੇਰੇ ਬਣਾਉਣ ਲਈ ਕੁਝ ਨਹੀਂ ਹੈ।" ਮੇਰੇ ਮਨ 'ਚ ਆਇਆ ਭੂਆ ਹੁਣ ਤਾਂ ਕਹਿ ਰਹੀ ਸੀ ਕਿ ਫੁਫੜ ਦਾ ਕੁਲੈਸਟਰੌਲ ਹਾਈ ਹੈ ਤੇ ਹੁਣ ਦਰਜਣ ਆਂਡੇ ਮੰਗਵਾ ਰਹੀ ਹੈ।

"ਸਾਬਣ ਤੇ ਸ਼ੈਂਪੂ ਵੀ ਲੈ ਆਵਾਂ, ਮੈਂ ਸਵੇਰੇ ਨਹਾ ਕੇ ਜਾਵਾਂਗਾ?" ਮੈਂ ਤਾਂ ਛੁਰਲੀ ਹੀ ਛੱਡੀ ਸੀ ਪਰ ਉਹ ਛੁਰਲੀ ਨੂੰ ਗੋਲ ਮੋਲ ਕਰ ਗਈ, "ਵੇ ਜਾਹ ਜੋ ਲਿਆਉਣਾ ਲੈ ਆ, ਛੇਤੀ ਤੁਰ, ਤੇਰਾ ਫੁਫੜ ਨਾ ਉਠ ਜਾਵੇ, ਉਨੇ ਸਵੇਰੇ ਕੰਮ 'ਤੇ ਜਾਣਾ।"

ਭੂਆ ਹੋਰ ਲਿਸਟ ਨਾ ਦੇ ਦੇਵੇ, ਮੈਂ ਫੁਰਤੀ ਨਾਲ ਉਠ ਦੌੜਿਆ। ਨੇੜਿਓਂ ਹੀ ਇਕ ਗੈਸ ਸਟੇਸ਼ਨ ਤੋਂ ਡਿਉਢੇ ਰੇਟ ਤੇ ਮੈਂ ਸਾਰੀਆਂ ਹੀ ਚੀਜ਼ਾਂ ਫਟਾ ਫਟ ਫੜ ਲਿਆਇਆ। ਭੂਆ ਸੋਫੇ ਤੇ ਊਂਘ ਰਹੀ ਸੀ। ਮੈਂ ਚੀਜ਼ਾਂ ਫੜਾ ਕੇ ਹੱਥ ਮੂੰਹ ਧੋਣ ਚਲੇ ਗਿਆ। ਆਇਆ ਤਾਂ ਪੁੱਛਣ ਲੱਗੀ, "ਕਿੰਨੀ ਕੁ ਭੁਖ ਲੱਗੀ ਹੈ ?"

ਮੱਥਾ ਠਣਕਿਆ, ਅਜੇ ਦਿੱਲੀ ਦੂਰ ਹੈ," ਭੁਖ ਤਾਂ ਲੱਗੀ ਹੀ ਹੈ ਭੂਆ, ਦੁਪਹਿਰ ਦੀ ਰੋਟੀ ਖਾਧੀ ਹੈ।"

"ਮੇਰਾ ਮਤਲਬ ਸੀ ਬਰੈਡ ਦੇ ਦੋ ਪੀਸ ਖਾਏਂਗਾ ਕਿ ਇਕ?"

ਭੂਆ ਦਾ ਮਤਲਬ ਮੇਰੇ ਖਾਨੇ ਚੀਰ ਗਿਆ। ਮੈਨੂੰ ਤਾਂ ਪੂਰੀ ਬਰੈਡ ਖਾਣ ਜਿੰਨੀ ਭੁਖ ਲੱਗੀ ਸੀ ਤੇ ਭੂਆ ਇਕ ਜਾਂ ਦੋ ਪੀਸ ਵਿਚੋਂ ਚੋਣ ਪੁਛ ਰਹੀ ਸੀ। ਜਾਣਦਿਆਂ ਹੋਇਆਂ ਕਿ ਦੋ ਇਕ ਨਾਲੋਂ ਜ਼ਿਆਦਾ ਹੁੰਦੇ ਹਨ, ਮੈਂ ਆਪਣੀ ਢੁਕਵੀਂ ਚੋਣ ਜ਼ਾਹਰ ਕੀਤੀ, "ਦੋ ਪੀਸ ਤਾਂ ਖਾ ਹੀ ਹੋ ਜਾਣਗੇ, ਨਾਲ ਦੁਧ ਦਾ ਗਲਾਸ ਦੇ ਦਈਂ।" ਮੇਰੀ ਟੋਨ ਵਿਚ ਨਿਰਮਾਣਤਾ ਬਰਕਰਾਰ ਸੀ।

"ਦੁੱਧ ਦਾ ਗਲਾਸ ਹੁਣ ਕੋਈ ਨਹੀਂ ਲੱਭਣਾ, ਸਵੇਰ ਦੀ ਚਾਹ ਜੋਗਾ ਰਖਕੇ ਮੈਂ ਤਾਂ ਬਾਕੀ ਦੇ ਨੂੰ ਜਾਗ ਵੀ ਲਾ ਦਿੱਤਾ ਹੈ।

ਫੁੱਫੜ ਤੇਰਾ ਸਵੇਰੇ ਸਵੇਰੇ ਦਹੀਂ ਨਾਲ

## ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਮਿੱਸੀ ਰੋਟੀ ਖਾਂਦਾ ਹੈ।" ਹੁਣ ਕਿਸੇ ਪ੍ਰਕਾਰ ਦਾ ਰੱਖ-ਰਖਾਅ ਨਹੀਂ ਸੀ ਰਹਿ ਗਿਆ, ਨਿਪਟ ਸ਼ਕਤੀਆਂ ਦਾ ਭੇੜ ਸੀ।

"ਚਲੋ ਫਿਰ ਦੋ ਆਂਡਿਆ ਦਾ ਆਮਲੇਟ ਬਣਾ ਦੇ" ਆਪਾਂ ਹੋਰ ਸੁਝਾ ਦਿੱਤਾ।

"ਆਮਲੇਟ ਐਸ ਵੇਲੇ? ਤੈਨੂੰ ਮੈਂ ਜੈਮ ਲਾ ਕੇ ਬਰੈਡ ਦੇ ਦੋ ਪੀਸ ਦਿੰਦੀ ਹਾਂ, ਆਮਲੇਟ ਤੂੰ ਸਵੇਰੇ ਖਾਈਂ ਫੁਫੜ ਨਾਲ, ਹੁਣ ਚਾਹ ਬਣਾ ਦਿੰਦੀ ਹਾਂ।"

ਮੈਂ ਸੋਚਿਆ ਮੈਂ ਪੱਲਿਓਂ ਦਰਜਣ ਆਂਡੇ ਤੇ ਦੁਧ ਲੈ ਕੇ ਆਇਆਂ ਫਿਰ ਵੀ ਪਰਨਾਲਾ ਥਾਂ ਦੀ ਥਾਂ ਹੈ, ਲਗਦਾ ਭੂਆ 'ਤੇ ਗਰੀਬੀ ਛਾ ਗਈ ਹੈ, ਸ਼ਾਇਦ ਗੈਸ ਦਾ ਖਰਚਾ ਬਚਾ ਰਹੀ ਹੈ, ਸ਼ਾਇਦ ਖੇਚਲ ਨਹੀਂ ਕਰਨਾ ਚਾਹੁੰਦੀ। ਆਪਾਂ ਸਹਿਜ ਅਵਸਥਾ ਵਿਚ ਆ ਗਏ ਤੇ ਹਥਿਆਰ ਸੁੱਟ ਦਿੱਤੇ, "ਜਿਵੇਂ ਤੇਰੀ ਮਰਜ਼ੀ।"

"ਅੱਛਾ ਏਹ ਦੱਸ ਚਾਹ ਮੱਗ ਵਿਚ ਪੀਵੇਂਗਾ ਕਿ ਕੱਪ ਵਿਚ?" ਇਕ ਹੋਰ ਬੰਬ। ਅਜਿਹੀ ਚਾਇਸ ਮੈਂ ਪਹਿਲੀ ਵਾਰ ਸੁਣੀ ਸੀ। ਸੋ ਇਹ ਜਾਣਦਿਆਂ ਕਿ ਮੱਗ ਕੱਪ ਨਾਲੋਂ ਵੱਡਾ ਹੁੰਦਾ ਹੈ ਮੈਂ ਮੱਗ ਦੀ ਫਰਮਾਇਸ਼ ਕਰ ਦਿੱਤੀ।

"ਮੱਗ ਭਰਿਆ ਪੀਵੇਂਗਾ ਕਿ ਅਧਾ?" ਸਮਝ ਲੱਗਣ ਲੱਗੀ ਕਿ ਧਰਤੀ ਹੋਰ ਪਰੇ ਹੋਰ ਦਾ ਕੀ ਮਤਲਬ ਹੁੰਦਾ ਹੈ।

"ਮੈਂ ਭਰਿਆ, ਭਰਿਆ, ਭਰਿਆ ਪੂਰਾ ਨੱਕ ਤੱਕ ਭਰਿਆ ਮੱਗ ਪੀਵਾਂਗਾ। ਹੋਰ ਪੁਛ?" ਪਹਿਲੀ ਤੇ ਆਖਰੀ ਵਾਰ ਮੈਂ ਸ਼ਕਤੀ ਸੰਤੁਲਨ ਆਪਣੇ ਪੱਖ ਵੱਲ ਮੋੜਨ ਲਈ ਹੰਭਲਾ ਮਾਰਿਆ।

ਭੂਆ ਨੇ ਹੂੰ ਹੂੰ ਫੂੰ ਫੂੰ ਕਰਦੀ ਨੇ ਦੋ ਜੈਮ ਲੱਗੇ ਪੀਸ ਤੇ ਊਣਾ ਚਾਹ ਦਾ ਮੱਗ ਮੇਰੇ ਹੱਥ ਥਮਾ ਦਿੱਤਾ। ਖਾ ਪੀ ਹਟਿਆ ਤਾਂ ਮੈਂ ਸੋਚਿਆ ਭੂਆ ਸੌਣ ਬਾਰੇ ਵੀ ਤਿੜ ਫਿੜ ਕਰੇਗੀ, ਹੋਰ ਕਾਹਨੂੰ ਲੁਹਾਉਣੀ ਹੈ, ਸੋ ਪੇਸ਼ਕਸ਼ ਕੀਤੀ, "ਭੂਆ ਮੈਂ ਤਾਂ ਸੋਫੇ ਤੇ ਹੀ ਸੌਂ ਜਾਵਾਂਗਾ, ਨਾਲੇ ਥਕਿਆ ਪਿਆਂ।"

"ਲੈ ਸੋਫੇ ਤੇ ਕਿਉਂ, ਸੌ ਸੁਖ ਦਾ ਮੇਰਾ ਭਤੀਜਾ, ਮਸਾਂ ਤਾਂ ਲੱਝਾ, ਜਾਹ ਨਾਲ ਦੇ ਕਮਰੇ ਵਿਚ ਪੈ ਜਾਹ, ਮੈਂ ਛੇਤੀ ਛੇਤੀ ਭਾਂਡੇ ਸਮੇਟਦੀ ਹਾਂ।

ਪਾਣੀ ਦਾ ਜੱਗ ਮੈਂ ਤੇਰੇ ਸਿਰਹਾਣੇ ਰੱਖ ਦੇਵਾਂਗੀ।"

'ਕਿਹੜੇ ਭਾਂਡੇ, ਕਾਹਦੇ ਲਈ ਪਾਣੀ ਦਾ ਜੱਗ, ਨਸ਼ੇ ਦਾ ਤਾਂ ਘੁਟ ਵੀ ਅੰਦਰ ਨਹੀਂ ਗਿਆ? ਮਨ ਨੇ ਟਿੱਪਣੀ ਕੀਤੀ।

# ਸ਼ੈਰੀ ਦੀ ਡਾਇਰੀ

ਹੈ। ਗਰਮ ਗਰਮ ਪਕੌੜੇ, ਗੁਲਾਬ-ਜਾਮਨ, ਬਰਫੀ, ਚਾਹ ਆਦਿ ਠੰਡੇ ਹਾਲ ਦੇ ਬਾਹਰ ਸ਼ਸੋਭਤ ਹਨ। ਲੋਕ ਪੇਟ ਪੂਜਾ ਕਰ ਹਾਲ 'ਚ ਕੁਰਸੀਆਂ 'ਤੇ ਬੈਠ ਰਹੇ ਹਨ। ਮੈਂ ਤੇ ਸਿੱਡ ਵੀ ਇਵੇਂ ਹੀ ਕਰਦੇ ਹਾਂ ਕਿਉਂਕਿ ਮੇਰਾ ਬੇਟਾ ਤੇ ਬਾਜਵਾ ਸਾਹਿਬ ਪ੍ਰਬੰਧਕਾਂ 'ਚ ਸ਼ਾਮਲ ਹੋ ਗਏ ਹਨ। ਜੂਨ ਮਹੀਨਾ ਹੈ, ਭਾਵੇਂ ਪੰਜਾਬ ਜਿੰਨੀ ਗਰਮੀ ਤਾਂ ਨਹੀਂ, ਪਰ ਫਿਰ ਵੀ ਗਰਮੀ ਤਾਂ ਹੈ ਹੀ। ਪਰ ਜ਼ਿਆਦਾ ਲੋਕ ਤੇ ਖਾਸ ਕਰਕੇ ਪ੍ਰਬੰਧਕਾਂ ਨੇ ਸੂਟਾਂ ਨਾਲ ਟਾਈਆਂ ਲਾਈਆਂ ਹੋਈਆਂ ਹਨ, ਟਾਈਆਂ ਤਾਂ ਆਮ ਬੰਦਿਆਂ ਲਾਈਆਂ ਹੋਈਆਂ ਹਨ। ਮੈਂ ਇਸ ਬਾਰੇ ਸਿੱਡ ਨੂੰ ਪੁੱਛਿਆ ਤਾਂ ਉਸ ਇਸ ਦਾ ਕਾਰਨ ਫੋਟੋਆਂ ਹੋਣਾ ਤੇ ਫਿਰ ਉਨ੍ਹਾਂ ਦਾ ਅਖਬਾਰਾਂ 'ਚ ਛਪਣਾ ਦੱਸਿਆ। ਮੈਨੂੰ ਗੱਲ ਦੀ ਸਮਝ ਆ ਜਾਂਦੀ ਹੈ।

ਪ੍ਰੋਗਰਾਮ ਸ਼ੁਰੂ ਹੁੰਦਾ ਹੈ ਤਾਂ ਇਕ ਰਿਸ਼ਟ-ਪੁਸ਼ਟ ਤੇ ਟਾਈ-ਸੂਟ ਵਾਲਾ ਬੰਦ ਮਾਈਕ ਸੰਭਾਲਦਾ ਹੈ, ਸਭ ਲੋਕਾਂ ਨੂੰ ਜੀ ਆਇਆਂ ਕਹਿੰਦਾ ਹੈ, ਕੁਝ ਲੋਕਾਂ ਦੇ ਖਾਸ ਨਾਂ ਵੀ ਲੈਂਦਾ ਹੈ ਤੇ ਉਨ੍ਹਾਂ ਦੀ ਕੋਈ ਯੋਗਤਾ ਜਾਂ ਦੇਣ ਦੱਸਣ ਦੀ ਬਜਾਏ ਥੋੜ੍ਹਾ ਬਹੁਤਾ ਉਨ੍ਹਾਂ ਦੀ ਜਾਇਦਾਦ ਦਾ ਵੇਰਵਾ ਦਿੰਦਾ ਹੈ। ਫਿਰ ਉਹ ਵਾਰੀ ਵਾਰੀ ਪ੍ਰਧਾਨਗੀ ਮੰਡਲ 'ਚ ਸ਼ਸੋਭਤ ਹੋਣ ਵਾਲੇ ਪੰਜ ਪਤਵੰਤਿਆਂ ਦੇ ਨਾਂ ਲੈਂਦਾ ਹੈ ਤੇ ਉਹ ਵਾਰੀ ਵਾਰੀ ਸਟੇਜ 'ਤੇ ਲੱਗੀਆਂ ਕੁਰਸੀਆਂ 'ਤੇ ਬਿਰਾਜਮਾਨ ਹੋ ਰਹੇ ਹਨ। ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ, ਜਦੋਂ ਪ੍ਰਧਾਨਗੀ ਮੰਡਲ 'ਚ ਮੇਰੇ ਬੇਟੇ ਦਾ ਨਾਂ ਵੀ ਬੋਲਿਆ ਜਾਂਦਾ ਹੈ। ਸੁਣ ਕੇ ਮੈਂ ਤੇ ਸਿੱਡ ਖਾਮੋਸ਼ ਹੋ ਜਾਂਦੇ ਹਾਂ। ਮੈਨੂੰ ਇਥੇ ਜ਼ਿਆਦਾ ਸਰੋਤੇ ਮੇਰੇ ਤੇ ਸਿੱਡ ਵਰਗੇ ਹੀ ਜਾਪਦੇ ਨੇ। ਕਿਸੇ ਵੀ ਕਿਸਮ ਦੀ ਸਾਹਿਤਕ ਮੱਸ ਤੋਂ ਕੋਰੇ। ਕਈ ਪੰਜਾਬੀ ਮਾਈਆਂ ਆਪਣੀਆਂ ਨੂੰਹਾਂ-ਧੀਆਂ ਅਤੇ ਪੋਤਰੇ-ਦੋਤਰਿਆਂ ਨਾਲ ਹਾਜ਼ਰ ਹਨ। ਔਰਤਾਂ ਦੇ ਬਹੁਤ ਗਹਿਣੇ ਪਾਏ ਹੋਏ ਹਨ। ਮੈਂ ਸਿੱਡ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਦਾ ਸਿੱਧਾ ਤੇ ਸੰਖੇਪ ਜਵਾਬ ਸੀ, 'ਅੰਕਲ, ਏਥੇ ਆਪਣੀਆਂ ਔਰਤਾਂ ਨੂੰ ਆਵਦਾ ਗਹਿਣਾ ਗੱਟਾ ਸ਼ੋਅ ਕਰਨ ਦਾ ਬਹੁਤ ਘੱਟ ਮੌਕਾ ਮਿਲਦਾ ਹੈ। ਅਜਿਹੇ ਮੌਕਿਆਂ 'ਤੇ ਇਹ ਸਾਰਾ ਕੁਝ ਹੀ ਪਹਿਣ ਕੇ ਆ ਜਾਂਦੀਆਂ ਹਨ।'

ਸਟੇਜ ਸਕੱਤਰ ਪ੍ਰਬੰਧਕੀ ਮੰਡਲ 'ਚ ਸ਼ਾਮਲ ਪੰਜੇ ਆਦਮੀਆਂ ਦੇ ਵਾਰੀ ਵਾਰੀ ਨਾਂ ਲੈ ਕੇ ਸਰੋਤਿਆਂ ਨੂੰ ਉਨ੍ਹਾਂ ਬਾਰੇ ਜਾਣਕਾਰੀ ਦਿੰਦਾ ਹੈ, ਅਮਰੀਕਾ 'ਚ ਉਨ੍ਹਾਂ ਦੀ ਆਮਦ, ਮਿਹਨਤ ਤੇ ਕਾਮਯਾਬੀ ਬਾਰੇ ਦੱਸਦਾ ਹੈ। ਫਿਰ ਉਹ ਪੰਜਾਬ ਤੋਂ ਆਏ ਲੇਖਕ ਬਾਰੇ ਜਾਣਕਾਰੀ ਦੇਣ ਲੱਗਦਾ ਹੈ ਤਾਂ ਥੋੜ੍ਹਾ ਥਿੜਕ ਜਾਂਦਾ ਹੈ। ਲੇਖਕ ਸਾਹਿਬ ਵੀ ਪ੍ਰਧਾਨਗੀ ਮੰਡਲ ਵਾਲੀ ਮੰਡਲੀ 'ਚ ਸਟੇਜ਼ 'ਤੇ ਬੈਠੇ ਹਨ। ਸਟੇਜ ਸਕੱਤਰ ਆਪਣੇ ਹੱਥ ਵਾਲੀ ਫਾਈਲ 'ਚ ਕਾਗਜ਼ਾਂ ਦੀ ਫਰੋਲ਼ਾ ਫਰਾਲੀ ਕਰਦਾ ਹੈ। ਪਤਾ ਲੱਗਾ ਕਿ ਲੇਖਕ ਬਾਰੇ ਲਿਖੀ ਜਾਣਕਾਰੀ ਵਾਲਾ ਪੇਪਰ ਗੁੰਮ ਹੈ। ਉਸ ਦੀ ਮਦਦ ਲਈ ਇਕ ਦੋ ਬੰਦੇ ਸਟੇਜ 'ਤੇ ਹੋਰ ਪਹੁੰਚਦੇ ਹਨ। ਇਹ ਪੇਪਰ ਸਟੇਜ ਦੀਆਂ ਪੌੜੀਆਂ 'ਚ ਪਿਆ ਲੱਭ ਜਾਂਦਾ ਹੈ ਤੇ ਮਿਲਣ ਤੱਕ ਇਹ ਕਈ ਲੋਕਾਂ ਦੀ ਚਰਨ ਛੂਹ ਪ੍ਰਾਪਤ ਕਰ ਲੈਂਦਾ ਹੈ। ਕਾਗਜ਼ ਨੂੰ ਸਾਫ਼ ਕਰਨ ਲਈ ਝਾੜ ਝੰਬ ਹੋ ਰਹੀ ਹੈ ਤੇ ਲੇਖਕ ਮੈਨੂੰ ਨਿਰਾਸ਼ ਤੇ ਉਦਾਸ ਦਿਖਾਈ ਦਿੰਦਾ ਹੈ। ਸ਼ਾਇਦ ਉਹ ਆਪਣੇ ਆਪ ਨੂੰ ਕਾਗਜ਼ ਨਾਲ ਜੁੜਿਆ ਮਹਿਸੂਸ ਕਰ ਰਿਹਾ ਹੈ। ਇਸ ਰੌਲ-ਘਚੋਲੇ 'ਚ ਮਾਈਕ 'ਤੇ ਇਕ ਲੇਖਕ ਕਿਸਮ ਦਾ ਆਦਮੀ ਕਾਬਜ਼ ਹੋ ਜਾਂਦਾ ਹੈ। ਉਹ ਸਟੇਜ ਦੀ ਕਾਰਵਾਈ ਬੜੀ ਜੁਗਤ ਨਾਲ ਚਲਾਉਂਦਾ ਹੈ। ਉਸ ਨੂੰ ਪਤਾ ਹੈ ਕਿ ਜੇ ਇਕੱਲੇ ਲੇਖਕਾਂ ਜਾਂ ਸਾਹਿਤ 'ਤੇ ਗੱਲ ਕੇਂਦਰਿਤ ਕੀਤੀ ਤਾਂ ਸਾਰਾ ਕੰਮ ਇਕ ਘੰਟੇ 'ਚ ਹੀ ਭੁਗਤ ਜਾਣਾ ਹੈ। ਸੋ, ਉਹ ਕਦੇ ਕਿਸੇ ਬੱਚੇ ਤੋਂ ਗੀਤ ਗਵਾਉਂਦਾ ਹੈ, ਕਦੇ ਕਿਸੇ ਬੁਲਾਰੇ ਨੂੰ ਬਲੌਂਦਾ ਹੈ। ਭਾਸ਼ਣਕਾਰ ਬੁਢਾਪਾ ਪੈਨਸ਼ਨ ਤੋਂ ਲੈ ਕੇ ਸਿੱਖਾਂ ਦੀ ਪਹਿਚਾਣ ਤੱਕ ਦੇ ਵਿਸ਼ਿਆਂ 'ਤੇ ਭਾਸ਼ਣ ਦਿੰਦਾ ਹੈ। ਇਸੇ ਤਰ੍ਹਾਂ ਉਹ ਖਿਚ ਕੇ ਪ੍ਰੋਗਰਾਮ ਨੂੰ ਕਵੀ ਦਰਬਾਰ ਤੱਕ ਲੈ ਜਾਂਦਾ ਹੈ। ਸਿੱਡ ਜਿਹੜਾ ਕਵੀ ਦਰਬਾਰ ਤੋਂ ਭਾਵ ਗਾਉਣ-ਵਜੌਣ ਦਾ ਪ੍ਰੋਗਰਾਮ ਸਮਝੀ ਬੈਠਾ ਸੀ, ਖੁੱਲ੍ਹੀਆਂ ਕਵਿਤਾਵਾਂ ਸੁਣ ਕੇ ਨਿਰਾਸ਼ ਹੋ ਜਾਂਦਾ ਹੈ, ਪਰ ਦੇਖਾ-ਦੇਖੀ ਤਾੜੀਆਂ ਵਜਾ ਰਿਹਾ ਹੈ। ਮੈਂ ਵਾਰੋ ਵਾਰੀ ਕਵੀਆਂ ਦੀਆਂ ਕਵਿਤਾਵਾਂ ਸੁਣ ਰਿਹਾ ਹਾਂ ਤੇ ਮੈਨੂੰ ਕਵਿਤਾ ਬਾਰੇ ਅੰਗਰੇਜ਼ੀ ਕਵੀ ਵਰਡਸਵਰਥ ਦੀ ਪਰਿਭਾਸ਼ਾ ਯਾਦ ਆਉਂਦੀ ਹੈ:

"Poetry is a spontaneous overflow of powerful feelings."

ਮੈਂ ਇਨ੍ਹਾਂ ਕਵਿਤਾਵਾਂ 'ਚ Powerful feelings ਲੱਭਣ ਦੀ ਕੋਸ਼ਿਸ਼ ਕਰਦਾ ਹਾਂ, ਕਿਉਂਕਿ ਜੇ ਭਾਵਨਾਵਾਂ ਦਮਦਾਰ ਹੋਣ ਤਾਂ ਉਨ੍ਹਾਂ ਦਾ ਆਪ ਮੁਹਾਰੇ ਕਵਿਤਾ ਬਣ ਕੇ ਫੁੱਟਣਾ ਤਾਂ ਕੁਦਰਤੀ ਹੈ। ਕਵੀ ਦਰਬਾਰ ਖਤਮ ਹੁੰਦਾ ਹੈ ਤੇ ਪੰਜਾਬ ਤੋਂ ਮਹਿਮਾਨ ਲੇਖਕ ਇਕ ਸਾਹਿਤਕ ਭਾਸ਼ਣ ਦਿੰਦਾ ਹੈ। ਉਹ ਪੰਜਾਬ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ 'ਚ ਰਚੇ ਜਾ ਰਹੇ ਪੰਜਾਬੀ ਸਾਹਿਤ ਬਾਰੇ ਲੰਬੀ ਗੱਲ ਕਰਦਾ ਹੈ ਅਤੇ ਕੁਝ ਸੁਝਾਅ ਵੀ ਦਿੰਦਾ ਹੈ। ਇਸ ਸਾਹਿਤਕ ਸਮਾਗਮ ਦੀਆਂ ਆਖਰੀ ਰਸਮਾਂ ਹੋਣ ਲੱਗਦੀਆਂ ਹਨ। ਕੋਈ 40 ਦੇ ਕਰੀਬ ਲੋਕਾਂ ਨੂੰ ਬੜੇ ਖੂਬਸੂਰਤ ਪਲੇਕ ਦਿੱਤੇ ਜਾਂਦੇ ਹਨ। ਅਸੀਂ ਚਾਰੇ ਜਣੇ ਕਾਰ 'ਚ ਬੈਠ ਕੇ ਘਰ ਵਲ ਰਵਾਨਾ ਹੋ ਜਾਂਦੇ ਹਾਂ। ਰਾਹ 'ਚ ਮੇਰਾ ਬੇਟਾ ਪੁੱਛਦਾ ਹੈ, "ਕਿਵੇਂ ਪ੍ਰੋਗਰਾਮ ਤਾਂ ਠੀਕ ਠਾਕ ਰਿਹਾ। ਇਕੱਠ ਵੀ ਪੂਰਾ ਹੋ ਗਿਆ ਸੀ।"

ਮੇਰੇ ਬੋਲਣ ਤੋਂ ਪਹਿਲਾਂ ਹੀ ਸਿੱਡ ਬੋਲ ਪੈਂਦਾ ਹੈ, "ਭਾ ਜੀ, ਇਕੱਠ ਵੀ ਪੂਰਾ ਸੀ, ਖਾਣ ਪੀਣ ਵੀ ਵਾਧੂ ਰਿਹਾ ਅਤੇ ਸਾਰਾ ਕੁਝ ਨਿਬੜ ਵੀ ਸੁਖ ਸ਼ਾਂਤੀ ਨਾਲ ਗਿਆ।" ਮੈਂ ਦੇਖ ਰਿਹਾ ਹਾਂ ਕਿ ਮੇਰੇ ਬੇਟੇ ਦੇ ਚਿਹਰੇ 'ਤੇ ਇਕ ਜੇਤੂ ਵਾਲੀ ਖੁਸ਼ੀ ਅਤੇ ਸੰਤੁਸ਼ਟੀ ਝਲਕ ਰਹੀ ਹੈ।

***ਮੈਨੂੰ ਨਹੀਂ ਯਾਦ ਕਿ ਮੇਰੀ ਜ਼ਿੰਦਗੀ 'ਚ ਕਦੇ ਕੁਝ ਅਜਿਹਾ ਹੋਇਆ ਹੋਵੇ, ਜਿਸ ਨੇ ਮੇਰੇ ਮਨ ਨੂੰ ਡੂੰਘਾ ਦੁੱਖ ਜਾਂ ਲੰਬੇ ਸਮੇਂ ਦੀ ਤਕਲੀਫ ਪਹੁੰਚਾਈ ਹੋਵੇ। ਪਿਆਰ ਤੇ ਪ੍ਰਵਾਹ ਕਰਨ ਵਾਲੇ ਦਾਦਾ-ਦਾਦੀ ਤੇ ਮਾਂ-ਬਾਪ ਮਿਲੇ। ਮਨਚਾਹੇ ਸਕੂਲਾਂ ਕਾਲਜਾਂ 'ਚ ਪੜ੍ਹਿਆ। ਪੜ੍ਹਾਈ ਕੀਤੀ ਤਾਂ ਮਿਹਨਤ ਨਾਲੋਂ ਚੰਗੇ ਨਤੀਜੇ ਤੇ ਨੌਕਰੀ ਮਿਲੀ। ਮਨਪਸੰਦ ਸੁੰਦਰ ਪਤਨੀ ਮਿਲੀ ਤੇ ਅਲੋਕਾਰ ਗੱਲ ਇਹ ਕਿ ਉਹ ਸੁੰਘੜ, ਸਿਆਣੀ ਤੇ ਜ਼ਹੀਨ ਵੀ ਨਿਕਲੀ ਤੇ ਮੇਰੇ ਦਾਰੂ ਪੀਣ ਦੇ ਐਬ ਨੂੰ ਆਪਣੇ ਨਿਤਨੇਮ ਨਾਲ ਇਹ ਕਹਿ ਕੇ ਢਕਦੀ ਰਹੀ ਕਿ 'ਪਰਮਾਤਮਾ ਭਲੀ ਕਰੇਗਾ।'***

# ਸਿੱਖ ਭਾਈਚਾਰੇ 'ਚ ਦਲਿਤ ਜਾਤੀਆਂ ਦੀ ਹੋਂਦ ਹਸਤੀ ਦਾ ਸਵਾਲ

***ਸਿੱਖ ਸਮਾਜ ਨੂੰ ਇਕ ਜਾਤ ਪਾਤ ਹੀਣ ਅਤੇ ਸਰਬ ਸਾਂਝੀਵਾਲਤਾ ਵਾਲੇ ਸਮਾਜ ਵਜੋਂ ਸਾਜਿਆ ਗਿਆ ਸੀ। ਪਰ ਸਮਾਂ ਬੀਤਣ ਨਾਲ ਸਿੱਖ ਸਮਾਜ ਵਿਚ ਵੀ ਉਸੇ ਕਿਸਮ ਦੀਆਂ ਕੁਰੀਤੀਆਂ ਅਤੇ ਜਾਤ ਪਾਤ ਵੇਖਣ ਨੂੰ ਮਿਲ ਰਹੀ ਹੈ। ਜਿਸ ਕਿਸਮ ਦੀ ਰਵਾਇਤੀ ਹਿੰਦੂ ਸਮਾਜ ਵਿਚ ਮੌਜੂਦ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਜਾਤੀ ਪਾਤੀ ਕਲੇਸ਼ ਕੁਝ ਹੋਰ ਤਿਖੇ ਰੂਪ ਵਿਚ ਉਭਰਨ ਲੱਗਾ ਹੈ। ਇਸ ਜਾਤੀ ਕਲੇਸ਼ ਦੀ ਪੰਜਾਬ ਵਿਚ ਬੁਨਿਆਦ ਕੀ ਹੈ ਅਤੇ ਇਹ ਸਿੱਖ ਸਮਾਜ ਵਿਚ ਕਿਸ ਪਾਸਿਓਂ ਪ੍ਰਵੇਸ਼ ਕੀਤਾ ਅਤੇ ਇਸ ਤੋਂ ਵੀ ਅੱਗੇ ਸਿੱਖ ਸਮਾਜ ਵਿਚ ਜਾਤੀ ਪਾਤੀ ਦਰਜਾਬੰਦੀ ਦੀ ਕਿਸ ਕਿਸਮ ਦੀ ਤਰਤੀਬ ਹੈ, ਇਸ ਸਬੰਧ ਵਿਚ ਹਰੀਸ਼ ਪੁਰੀ ਦਾ ਇਹ ਲੇਖ ਮਹੱਤਵਪੂਰਨ ਹੈ। ਅਸੀਂ ਇਸ ਲੇਖ ਨੂੰ ਪੰਜਾਬ ਟਾਈਮਜ਼ ਦੇ ਸੰਜੀਦਾ ਪਾਠਕਾਂ ਦੀ ਦਿਲਚਸਪੀ ਲਈ ਇਥੇ ਕਿਸ਼ਤਵਾਰ ਪੇਸ਼ ਕਰ ਰਹੇ ਹਾਂ। -ਸੰਪਾਦਕ***

ਪੰਜਾਬ ਸਿੱਖ ਬਹੁਗਿਣਤੀ ਰਾਜ ਹੈ। 1966 ਵਿਚ ਇਸ ਦੇ ਪੁਨਰਗਠਨ ਤੋਂ ਪਿੱਛੋਂ (ਜਦੋਂ ਇਸ ਦੇ ਹਿੰਦੀ ਬੋਲਦੇ ਇਲਾਕਿਆਂ ਨੂੰ ਅੱਡ ਕਰਕੇ ਹਰਿਆਣਾ ਰਾਜ ਕਾਇਮ ਕੀਤਾ ਗਿਆ ਸੀ ਤੇ ਕੁਝ ਪਹਾੜੀ ਇਲਾਕਿਆਂ ਨੂੰ ਹਿਮਾਚਲ ਵਿਚ ਮਿਲਾ ਦਿੱਤਾ ਗਿਆ ਸੀ) ਇਸ ਦੀ ਧਾਰਮਿਕ ਬਣਤਰ ਤਿੱਖੀ ਤਰ੍ਹਾਂ ਬਦਲ ਗਈ ਸੀ। ਇਸ ਵੇਲੇ ਸਿੱਖਾਂ ਦੀ ਗਿਣਤੀ ਪੰਜਾਬ ਦੀ ਕੁਲ ਵਸੋਂ ਦਾ 63 ਫੀਸਦੀ ਬਣਦੀ ਹੈ। ਪੇਂਡੂ ਵਸੋਂ ਵਿਚ ਇਹ ਹਿੱਸਾ ਹੋਰ ਵੀ ਵਧੇਰੇ ਹੈ-ਤਕਰੀਬਨ 72 ਫੀਸਦੀ। ਪੰਜਾਬ ਵਿਚ ਦਲਿਤ ਜਾਂ ਅਨੁਸੂਚਿਤ ਜਾਤੀਆਂ ਦੀ ਗਿਣਤੀ ਖਾਸੀ ਚੋਖੀ ਹੈ। 1991 ਦੀ ਮਰਦਮਸ਼ੁਮਾਰੀ ਅਨੁਸਾਰ ਇਹ ਗਿਣਤੀ 28.3 ਫੀਸਦੀ ਸੀ, ਜਿਹੜੀ 2001 ਵਿਚ ਵਧ ਕੇ 30 ਫੀਸਦੀ ਤਕ ਪਹੁੰਚ ਗਈ ਹੋਵੇਗੀ। ਦਲਿਤ ਜਾਤੀਆਂ ਦੀ ਵਸੋਂ ਦੀ ਇਹ ਮਾਤਰਾ ਹਿੰਦ ਦੇ ਹੋਰ ਰਾਜਾਂ ਦੇ ਮੁਕਾਬਲੇ ਸਭ ਤੋਂ ਉੱਚੀ ਹੈ। ਇਹਨਾਂ ਜਾਤੀਆਂ ਦਾ 80 ਫੀਸਦੀ ਹਿੱਸਾ ਪਿੰਡਾਂ ਵਿਚ ਵਸਦਾ ਹੈ। ਇਸ ਤਰ੍ਹਾਂ ਪੰਜਾਬ ਦੇ ਪਿੰਡਾਂ ਵਿਚ ਜਾਂ ਤਾਂ ਮੁੱਖ ਤੌਰ 'ਤੇ ਸਿੱਖ ਵਸਦੇ ਹਨ ਜਾਂ ਦਲਿਤ। ਜੇ ਇਸ ਗੱਲ ਦਾ ਡੂੰਘਾ ਮੁੱਲਾਂਕਣ ਕਰਨਾ ਹੋਵੇ ਕਿ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦਾ ਦਰਜਾ ਤੇ ਜੀਵਨ-ਹਾਲਤਾਂ ਕੀ ਹਨ ਅਤੇ ਵਰਣ ਆਸ਼ਰਮ ਬਾਰੇ ਰਵਾਇਤੀ ਦ੍ਰਿਸ਼ਟੀ ਦੀਆਂ ਕੀ ਸੀਮਾਵਾਂ ਹਨ ਤਾਂ ਇਹ ਸਮਝਣਾ ਖਾਸ ਤੌਰ 'ਤੇ ਜ਼ਰੂਰੀ ਹੋ ਜਾਂਦਾ ਹੈ ਕਿ ਸਿੱਖ ਭਾਈਚਾਰੇ ਵਿਚ ਅਨੁਸੂਚਿਤ ਜਾਤੀਆਂ ਨੂੰ ਕੀ ਦਰਜਾ ਹਾਸਲ ਹੈ। ਇਸਦੇ ਨਾਲ-ਨਾਲ ਇਸ ਸਵਾਲ ਉਤੇ ਨਜ਼ਰ ਮਾਰਨ ਦੀ ਵੀ ਲੋੜ ਹੈ ਕਿ ਸਿੱਖ ਧਰਮ ਦਾ ਪੰਜਾਬ ਦੇ ਦਲਿਤਾਂ ਉਤੇ ਕੀ ਪ੍ਰਭਾਵ ਪਿਆ।

ਦੇਖਣ ਨੂੰ ਜਾਪਦਾ ਹੈ ਕਿ ਸਿੱਖ ਧਰਮ ਵਿਚ ਦਲਿਤਾਂ (ਸਾਬਕਾ ਅਛੂਤ ਜਾਤੀਆਂ) ਉਤੇ ਸਮਾਜੀ ਜਬਰ ਤੋਂ ਛੁਟਕਾਰੇ ਦੀ ਸ਼ਕਲ ਵਿਚ ਚੋਖਾ ਅਸਰ ਪਿਆ ਹੋਵੇਗਾ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ, ਸੰਗਤ ਤੇ ਲੰਗਰ ਦੀ ਮਰਯਾਦਾ, ਜਾਤੀ ਆਧਾਰਤ ਪੁਜਾਰੀ ਪ੍ਰਥਾ ਦੀ ਅਣਹੋਂਦ ਅਤੇ ਕਿਰਤ ਕਮਾਈ ਦੇ ਸਤਿਕਾਰ ਜਿਹੀਆਂ ਪਰੰਪਰਾਵਾਂ ਜਾਤਪਾਤ ਰਹਿਤ ਖਾਲਸਾ ਪੰਥ ਦੀ ਸਥਾਪਨਾ ਦਾ ਆਧਾਰ ਬਣਨੀਆਂ ਚਾਹੀਦੀਆਂ ਸਨ। ਜਦੋਂ ਸਿੰਘ ਸਭਾ ਲੀਡਰਸ਼ਿਪ ਨੇ 20ਵੀਂ ਸਦੀ ਦੇ ਸ਼ੁਰੂ ਵਿਚ 'ਅਸੀਂ ਹਿੰਦੂ ਨਹੀਂ' ਦੇ ਨਾਅਰੇ ਨਾਲ ਹਿੰਦੂਆਂ ਤੋਂ ਵਖਰੇਵਾਂ ਦਰਸਾਉਣ ਲਈ ਆਪਣੀ ਅੱਡਰੀ ਤੇ ਨਿਵੇਕਲੀ ਪਛਾਣ ਦੀ ਗੱਲ ਕੀਤੀ ਸੀ ਤਾਂ ਜਿਸ ਨਿਵੇਕਲੇ ਪੱਖ ਦਾ ਉਚੇਚਾ ਜ਼ਿਕਰ ਉਹਨਾਂ ਕੀਤਾ ਸੀ, ਉਹ ਇਹ ਸੀ ਕਿ "ਵਰਣ ਆਸ਼ਰਮ" ਤੇ "ਛੂਤ ਛਾਤ" ਦਾ ਜਿਹੜਾ ਸਿਲਸਿਲਾ ਹਿੰਦੂ ਧਰਮ ਵਿਚ ਕੇਂਦਰੀ ਮਹੱਤਤਾ ਰੱਖਦਾ ਹੈ, ਉਸ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ। ਇਸ ਖਿੱਤੇ ਵਿਚ ਅਛੂਤ ਜਾਤੀਆਂ ਦੇ ਲੋਕ ਆਪਣੀ ਸਮਾਜੀ ਹੈਸੀਅਤ ਵਿਚ ਤਬਦੀਲੀ ਦੀ ਆਸ ਨਾਲ ਬਹੁਤ ਵੱਡੀ ਗਿਣਤੀ ਵਿਚ ਸਿੱਖ ਹੋ ਗਏ ਸਨ। ਪਰ ਇੰਝ ਹੋਇਆ ਨਹੀਂ, ਕਿਉਂਕਿ ਧਾਰਮਿਕ ਅਸੂਲਾਂ ਤੇ ਸਮਾਜੀ ਰਹੁ-ਰੀਤਾਂ ਵਿਚ ਬਹੁਤ ਵੱਡਾ ਪਾੜਾ ਸੀ, ਜਿਹੜਾ ਹੁਣ ਵੀ ਕਾਇਮ ਹੈ।

ਸਿੱਖ ਭਾਈਚਾਰਾ ਜਿਸ ਸ਼ਕਲ ਵਿਚ ਵਿਕਸਤ ਹੋਇਆ, ਉਸਨੂੰ ਧਾਰਮਿਕ ਅਸੂਲਾਂ, ਭਾਰੂ ਜੱਟ ਜਾਤੀ ਦੇ ਕਬਾਇਲੀ ਸਭਿਆਚਾਰਕ ਤੌਰ-ਤਰੀਕਿਆਂ ਅਤੇ ਉਹਨਾਂ ਦੇ ਸੱਤਾ-ਹਿੱਤਾਂ ਵਿਚਲੀ ਅੰਤਰ ਕਿਰਿਆ ਦੀ ਉਪਜ ਕਿਹਾ ਜਾ ਸਕਦਾ ਹੈ। ਇਸ ਦਾ ਸਿੱਟਾ ਅਜਿਹੀ ਸਿੱਖ ਜਾਤੀਵਾਦੀ ਦਰਜੇਬੰਦੀ ਵਿਚ ਨਿਕਲਿਆ ਹੈ, ਜਿਹੜੀ ਹਿੰਦੂ ਵਰਣ ਆਸ਼ਰਮ ਨਾਲੋਂ ਅੱਡਰੀ ਵੀ ਹੈ ਤੇ ਇਸ ਦੇ ਸਮਾਨਾਂਤਰ ਵੀ। ਜਿਸ ਸ਼ਕਲ ਵਿਚ ਜਾਤੀਵਾਦ ਸਿੱਖ ਭਾਈਚਾਰੇ ਵਿਚ ਕਾਇਮ ਰਿਹਾ ਹੈ ਤੇ ਜਿਹੜੇ ਇਸਦੇ ਕਾਰਨ ਹਨ, ਉਹਨਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਪ੍ਰਸੰਗ ਵਿਚ ਦੋ ਮਾਮਲੇ ਖਾਸ ਤੌਰ 'ਤੇ ਬਹੁਤ ਅਰਥ ਭਰਪੂਰ ਹਨ। ਡਾ. ਅੰਬੇਦਕਰ ਨੇ 1936 ਵਿਚ ਇਸ ਸੁਝਾਅ ਉਤੇ ਗੰਭੀਰਤਾ ਨਾਲ ਵਿਚਾਰ ਕੀਤੀ ਸੀ ਕਿ ਦਲਿਤ ਜਾਤੀਆਂ ਮਨੂਵਾਦੀ ਵਰਣ ਵੰਡ ਤੋਂ ਛੁਟਕਾਰਾ ਪਾਉਣ ਲਈ ਸਮੂਹਕ ਰੂਪ ਵਿਚ ਸਿੱਖ ਧਰਮ ਅਪਨਾ ਲੈਣ। ਇਸ ਗੱਲ ਦੀ ਪੂਰੀ ਘੋਖ ਹੋਣੀ ਚਾਹੀਦੀ ਹੈ ਕਿ ਇਹ ਸੁਝਾਅ ਉਸ ਨੇ ਕਿਉਂ ਛੱਡ ਦਿੱਤਾ ਅਤੇ ਮੁੜ ਕਦੇ ਵੀ ਇਸ ਉਤੇ ਵਿਚਾਰ ਕਰਨਾ ਜ਼ਰੂਰੀ ਨਾ ਸਮਝਿਆ। ਇਸ ਤੋਂ 20 ਸਾਲ ਬਾਅਦ ਅੰਬੇਦਕਰ ਨੇ ਇਸ ਦੀ ਥਾਂ ਕਿਉਂ ਆਪਣੇ ਪੈਰੋਕਾਰਾਂ ਨੂੰ ਬੁੱਧ ਧਰਮ ਅਪਨਾਉਣ ਵਲ ਤੋਰਿਆ। ਦੂਸਰੇ ਮਾਮਲੇ ਦਾ ਸਬੰਧ ਹਿੰਦ ਦੀ ਆਜ਼ਾਦੀ ਤੋਂ ਬਾਅਦ ਸਿੱਖ ਅਨੁਸੂਚਿਤ ਜਾਤੀਆਂ ਦੀ ਸੰਵਿਧਾਨਕ ਮਾਨਤਾ ਲਈ ਅਕਾਲੀ ਲੀਡਰਸ਼ਿਪ ਵਲੋਂ ਲੜੇ ਗਏ ਰਾਜਨੀਤਿਕ ਅੰਦੋਲਨ ਨਾਲ ਹੈ। ਜਿਸਦਾ ਮੰਤਵ ਸਿੱਖ ਸ਼ਡਿਊਲਡ ਜਾਤੀਆਂ ਲਈ ਉਹੀ ਸੰਵਿਧਾਨਕ ਦਰਜਾ ਤੇ ਰਿਆਇਤਾਂ ਹਾਸਲ ਕਰਨਾ ਸੀ, ਜਿਹੜੀਆਂ ਹਿੰਦੂ ਅਨੁਸੂਚਿਤ ਜਾਤੀਆਂ ਨੂੰ ਦਿੱਤੀਆਂ ਜਾ ਰਹੀਆਂ ਸਨ। ਜੇ ਸਿੱਖ ਭਾਈਚਾਰੇ ਵਿਚ ਜਾਤੀ ਵੰਡ ਉਤੇ ਆਧਾਰਤ ਉਚ-ਨੀਚ ਦੀ ਕੋਈ ਹੋਂਦ ਨਹੀਂ ਸੀ, ਜਿਸ ਤਰ੍ਹਾਂ ਦਾਅਵਾ ਕੀਤਾ ਜਾਂਦਾ ਸੀ, ਤਾਂ ਇਹ ਅੰਦੋਲਨ ਕਿਸ ਲਈ ਕੀਤਾ ਗਿਆ? ਅਸਲ ਵਿਚ ਇਸ ਲਿਖਤ ਦਾ ਮੰਤਵ ਇਹ ਪਤਾ ਲਾਉਣਾ ਹੈ ਕਿ ਆਖਰ ਕੀ ਕਾਰਨ ਹਨ ਕਿ ਸਿੱਖ ਧਰਮ ਦੇ ਅਸੂਲ ਕੁਝ ਹੋਰ ਆਖਦੇ ਹਨ, ਪਰ ਪੰਜਾਬ ਦੇ ਸਮਾਜ ਤੇ ਅਰਥਚਾਰੇ ਵਿਚ ਆਈਆਂ ਤਬਦੀਲੀਆਂ ਦੇ ਪ੍ਰਸੰਗ ਵਿਚ ਹੁਕਮਰਾਨ ਸਮਾਜੀ ਤੇ ਰਾਜਨੀਤਿਕ ਹਿਤਾਂ ਦਾ ਵਤੀਰਾ ਤੇ ਵਿਹਾਰ ਕੁਝ ਹੋਰ ਹੈ।

**ਜਾਤੀਵਾਦ ਦੀ ਬਸਤੀਵਾਦੀ ਸੱਤਾ ਲਈ ਵਰਤੋਂ :** 1849 ਵਿਚ ਪੰਜਾਬ ਉਤੇ ਕਬਜ਼ੇ ਪਿੱਛੋਂ ਜਦੋਂ ਬਰਤਾਨਵੀ ਪ੍ਰਸ਼ਾਸਕਾਂ ਤੇ ਮਨੁੱਖਜਾਤੀ-ਵਿਗਿਆਨੀਆਂ ਨੇ ਰਾਜ ਵਿਚ ਜਾਤੀਆਂ ਦੀ ਦਰਜਾਬੰਦੀ ਉਤੇ ਡੂੰਘੀ ਨਜ਼ਰ ਮਾਰਨੀ ਸ਼ੁਰੂ ਕੀਤੀ ਤਾਂ ਉਹਨਾਂ ਦੇਖਿਆ ਕਿ ਪੰਜਾਬ ਇਸ ਪੱਖੋਂ ਨਿਵੇਕਲਾ ਹੈ ਕਿ ਇਸ ਵਿਚ ਜਾਤੀ-ਵੰਡ ਪ੍ਰਣਾਲੀ ਬਾਕੀ ਹਿੰਦੋਸਤਾਨ ਵਰਗੀ ਨਹੀਂ। ਜਾਪਦਾ ਸੀ ਕਿ ਇਸ ਖਿੱਤੇ ਵਿਚ ਵੱਖ-ਵੱਖ ਨਸਲਾਂ ਦੇ ਵਿਦੇਸ਼ੀ ਲੋਕਾਂ ਦੇ ਨਿਰੰਤਰ ਪ੍ਰਵਾਹ ਕਾਰਨ ਏਥੋਂ ਦੇ ਲੋਕ ਆਪਣੇ ਹੀ ਢੰਗ ਦੀ ਮਿਲੀ-ਜੁਲੀ ਬਣਤਰ ਵਿਚ ਢਲ ਗਏ ਸਨ। ਬੁੱਧ ਪ੍ਰਕਾਸ਼ ਨੇ ਇਸ ਖੇਤਰ ਦੇ ਵਿਸ਼ੇਸ਼ ਲੱਛਣ ਨੂੰ ਆਪਣੇ ਢੰਗ ਨਾਲ ਚਿਤਰਿਆ ਸੀ, ਜਦੋਂ ਉਸਨੇ "ਪੰਜਾਬ ਦੇ ਸਮਾਜੀ-ਸਭਿਆਚਾਰਕ ਅੰਤਰ-ਮਿਸ਼ਰਣ" ਦਾ ਜ਼ਿਕਰ ਕੀਤਾ ਸੀ। ਉਸਦੇ ਧਿਆਨ ਵਿਚ ਇਹ ਗੱਲ ਆਈ ਕਿ ਇਸ ਖੇਤਰ ਨੂੰ ਸਨਾਤਨੀ ਪੁਰੋਹਤ ਵਰਗ (ਅਰਥਾਤ ਬ੍ਰਾਹਮਣਾਂ) ਨੇ 'ਅਮਲੀ ਤੌਰ 'ਤੇ ਤਿਆਗ ਹੀ ਦਿੱਤਾ ਸੀ', ਜਦੋਂ ਉਹਨਾਂ ਵਿਚੋਂ ਬਹੁਤੇ ਪਹਿਲੇ ਸਮਿਆਂ ਵਿਚ ਹੀ ਗੰਗਾ ਦੇ ਮੈਦਾਨੀ ਖੇਤਰ ਵਿਚ ਜਾ ਵਸੇ ਸਨ।

ਬਰਤਾਨਵੀ ਪ੍ਰਸ਼ਾਸਕਾਂ ਨੇ ਵੇਖਿਆ ਸੀ ਕਿ 19ਵੀਂ ਸਦੀ ਦੇ ਦੌਰਾਨ ਧਾਰਮਿਕ ਪੱਖੋਂ ਪੰਜਾਬ ਹਿੰਦੂਆਂ ਨਾਲੋਂ ਮੁਸਲਿਮ ਵਧੇਰੇ ਹੈ ਅਤੇ ਪੰਜਾਬ ਵਿਚ ਇਸਲਾਮ 'ਅਮੂਮਨ ਜਨੂੰਨ ਤੋਂ ਮੁਕਤ ਹੈ'। ਪੰਜਾਬ ਦੇ ਪੱਛਮੀ ਭਾਗ ਵਿਚ, ਜਿੱਥੇ ਮੁਸਲਿਮ ਵਸੋਂ ਦੀ ਗਿਣਤੀ ਵਧੇਰੇ ਸੀ ਤੇ ਸਮਾਜ ਦਾ ਗਠਨ ਕਬਾਇਲੀ ਢੰਗ ਉਤੇ ਆਧਾਰਤ ਸੀ, ਦੇਖਣ ਵਿਚ ਆਇਆ ਕਿ "ਜਾਤੀ ਵੰਡ ਦੀ ਹੋਂਦ ਨਾਂਹ ਦੇ ਬਰਾਬਰ ਸੀ।" ਇਸ ਖਿੱਤੇ ਵਿਚ ਮੁਸਲਿਮ ਸਮਾਜੀ ਜੀਵਨ ਦੇ ਇਸ ਵਸਫ ਲਈ ਇਕ ਕਾਰਨ ਸੂਫੀ ਮੱਤ ਦਾ ਪ੍ਰਭਾਵ ਸੀ। ਸੂਫੀ ਮੱਤ ਗੌਰ ਦੇ ਸੁਲਤਾਨ ਈਰਾਨ ਤੋਂ ਲੈ ਕੇ ਆਏ ਸਨ (ਇੰਪੀਰੀਅਲ ਗੈਜ਼ੀਟੀਅਰ ਆਫ ਇੰਡੀਆ 1, 1908, 48-50) ਇਤਿਹਾਸਕਾਰਾਂ ਨੇ ਦੇਖਿਆ ਹੈ ਕਿ ਤੁਰਕਾਂ ਦਾ ਅਹਿਦ ਦਸਤਕਾਰ ਸ਼੍ਰੇਣੀਆਂ/ਜਾਤੀਆਂ ਵਿਚ ਵਰਨਣਯੋਗ ਸਰਗਰਮੀ ਤੇ ਸਫਬੰਦੀ ਦਾ ਦੌਰ ਸੀ।

ਭਗਤੀ ਲਹਿਰ ਦੇ ਕਵੀਆਂ ਦੀ ਬਾਣੀ, ਖ਼ਾਸ ਤੌਰ 'ਤੇ ਭਗਤ ਰਵਿਦਾਸ ਵਲੋਂ ਉਡਾਈ ਗਈ ਬ੍ਰਾਹਮਣਾਂ ਦੀ ਖਿੱਲੀ ਸਮਾਜੀ ਆਦਰ ਉਤੇ ਆਧਾਰਤ ਢਾਂਚੇ ਲਈ ਉਠ ਰਹੀ ਵੰਗਾਰ ਦਾ ਵੀ ਉਤਨਾ ਹੀ ਵੱਡਾ ਸਬੂਤ ਹੈ, ਜਿੰਨਾ ਇਹ ਪੰਜਾਬ ਵਿਚ ਸਮਾਜੀ ਉਚ-ਨੀਚ ਦੇ ਢਾਂਚੇ ਵਿਚ ਆ ਰਹੀਆਂ ਤਬਦੀਲੀਆਂ ਦਾ ਪ੍ਰਗਟਾਵਾ ਸੀ।

ਤਾਂ ਵੀ ਕੇਂਦਰੀ ਪੰਜਾਬ, ਜਿਹੜਾ ਲਗਭਗ ਮੌਜੂਦਾ ਪੰਜਾਬ ਦੇ ਖੇਤਰ ਜਿੱਡਾ ਹੀ ਸੀ, ਵਿਚ ਸਿੱਖ ਪੰਥ ਦੇ ਉਭਰਨ ਨਾਲ ਇਹ ਆਸ ਕੀਤੀ ਜਾਣ ਲੱਗੀ ਕਿ ਜਾਤੀ ਵੰਡ ਪ੍ਰਣਾਲੀ ਉਤੇ ਇਸਦਾ ਨਿਸ਼ਚਤ ਪ੍ਰਭਾਵ ਪਏਗਾ। ਆਰਨਲਡ ਟੌਇਨਬੀ ਨੇ ਅਜਿਹੇ ਸਬੂਤਾਂ ਦੇ ਸਾਹਮਣੇ ਆਉਣ ਦਾ ਜ਼ਿਕਰ ਕੀਤਾ ਹੈ, ਜਿਹੜੇ ਦਰਸਾਉਂਦੇ ਹਨ ਕਿ ਤੁਰਕ ਹਮਲਿਆਂ ਸਮੇਂ ਵਰਣ-ਪ੍ਰਣਾਲੀ ਦੇ ਸਮਾਜੀ ਨਾਸੂਰ ਕਾਰਨ ਹਿੰਦੂ ਸਮਾਜ ਟੁੱਟਣਾ-ਭੱਜਣਾ ਸ਼ੁਰੂ ਹੋ ਗਿਆ, ਜਿਸ ਦੇ ਸਿੱਟੇ ਵਜੋਂ ਕਬੀਰ ਤੇ ਨਾਨਕ ਦੀ ਅਗਵਾਈ ਹੇਠ ਅਖੌਤੀ ਸੂਦਰ ਜਾਤੀਆਂ ਨੇ ਬਗਾਵਤਾਂ ਦੀ ਸੁਰ ਅਲਾਪੀ। ਇਤਿਹਾਸਕਾਰ ਜੇ.ਐਸ. ਗਰੇਵਾਲ ਅਨੁਸਾਰ "ਟੌਇਨਬੀ ਦੀ ਨਜ਼ਰ ਵਿਚ ਸਿੱਖ ਧਰਮ ਦਾ

-ਹਰੀਸ਼ ਪੁਰੀ

ਉਭਰਨਾ ਹਿੰਦੂ ਸਮਾਜ ਅੰਦਰਲੀ ਮਿਹਨਤੀ ਸ਼੍ਰੇਣੀ ਵਲੋਂ ਇਕ ਤਰ੍ਹਾਂ ਨਾਲ ਅੱਡ ਹੋ ਜਾਣ ਦਾ ਨਿਰਣਾ ਸੀ।"

ਸਿੱਖਾਂ ਦੀ ਪਹਿਲੀ ਪਾਤਸ਼ਾਹੀ, ਗੁਰੂ ਨਾਨਕ ਦੇਵ, ਨੇ ਜਾਤੀ ਵੰਡ-ਪ੍ਰਣਾਲੀ ਦਾ ਜਿਨ੍ਹਾਂ ਸ਼ਬਦਾਂ ਨਾਲ ਖੰਡਨ ਕੀਤਾ, ਉਹ ਆਪਣੇ ਆਪ ਵਿਚ ਪੂਰੀ ਤਰ੍ਹਾਂ ਸਪੱਸ਼ਟ ਹਨ। ਉਨ੍ਹਾਂ ਦੇ ਜਿਸ ਸ਼ਬਦ ਦਾ ਆਮ ਹਵਾਲਾ ਦਿੱਤਾ ਜਾਂਦਾ ਹੈ ਉਹ ਹੈ-

ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ

ਗੁਰੂ ਸਾਹਿਬ ਦਾ ਇਕ ਹੋਰ ਸ਼ਬਦ ਹੈ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।

ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।

ਗੁਰੂ ਨਾਨਕ ਦੀ ਮੁੱਢਲੀ ਜਗਿਆਸਾ ਹੈ ਮੁਕਤੀ, ਕਰਤਾ ਪੁਰਖ ਨਾਲ ਮਿਲਾਪ। ਕਰਤਾ ਪੁਰਖ ਅੱਗੇ ਜਾਤੀ ਵੰਡ ਦਾ ਕੋਈ ਅਰਥ ਨਹੀਂ। ਕਰਤਾ ਪੁਰਖ ਆਪਣੀ ਮਿਹਰ ਇਹ ਦੇਖ ਕੇ ਨਹੀਂ ਕਰਦਾ ਕਿ ਕੌਣ ਕਿਸ ਜਾਤੀ ਵਿਚੋਂ ਹੈ। ਵਾਸਤਵ ਵਿਚ ਗੁਰੂ ਸਾਹਿਬ ਦੀ ਨਜ਼ਰ ਵਿਚ ਜਾਤੀ-ਪ੍ਰਥਾ ਨਾਲ ਬੱਝਣਾ ਜਾਂ ਉਚੀ ਜਾਤੀ ਜਾਂ ਕੁਲ ਦਾ ਮਾਣ ਕਰਨਾ ਕਰਤਾ ਪੁਰਖ ਨਾਲ ਇਕਸੁਰ ਹੋਣ ਵਿਚ ਸਭ ਤੋਂ ਵੱਡੀ ਰੁਕਾਵਟ ਹੈ। "ਪਰਲੋਕ ਵਿਚ ਕੋਈ ਉਚ-ਨੀਚ ਨਹੀਂ।" ਜ਼ਾਹਿਰ ਹੈ ਕਿ ਜਦੋਂ ਗੁਰੂ ਨਾਨਕ ਦੇਵ ਜਾਤੀਵਾਦ ਨੂੰ ਰੱਦ ਕਰਦੇ ਹਨ ਜਾਂ ਬਰਾਬਰੀ ਦਾ ਉਪਦੇਸ਼ ਦਿੰਦੇ ਹਨ ਤਾਂ ਧਾਰਮਿਕ ਦਾਇਰੇ ਦੇ ਅੰਦਰ ਰਹਿ ਕੇ ਹੀ ਦਿੰਦੇ ਹਨ। ਜਿਸ ਤਰ੍ਹਾਂ ਜੇ.ਐਸ. ਗਰੇਵਾਲ ਨੇ ਸਪੱਸ਼ਟ ਕੀਤਾ ਹੈ, "ਗੁਰੂ ਨਾਨਕ ਦੇਵ ਸਮਾਜੀ ਜਾਂ ਆਰਥਿਕ ਅਰਥਾਂ ਵਿਚ ਬਰਾਬਰੀ ਨਹੀਂ ਚਿਤਵਦੇ" ਤਾਂ ਵੀ ਉਹਨਾਂ ਦੀ ਬਾਣੀ ਦੇ ਸਮਾਜੀ ਪਰਿਣਾਮ ਪ੍ਰਤੱਖ ਹੀ ਹਨ। "ਜਿਸ ਤਰ੍ਹਾਂ ਗੁਰੂ ਦੀਆਂ ਨਜ਼ਰਾਂ ਵਿਚ ਉਸਦੇ ਪੈਰੋਕਾਰ ਬਰਾਬਰ ਹਨ, ਉਂਝ ਹੀ ਉਸਦੇ ਸਾਰੇ ਪੈਰੋਕਾਰ ਵੀ ਇਕ ਦੂਸਰੇ ਦੀਆਂ ਨਜ਼ਰਾਂ ਵਿਚ ਬਰਾਬਰ ਹਨ।"

ਮੁੱਖ ਪ੍ਰਭਾਵ ਉਦੋਂ ਪਿਆ, ਜਦੋਂ 'ਸੰਗਤ' ਤੇ 'ਲੰਗਰ' ਦੀ ਪ੍ਰਥਾ ਸ਼ੁਰੂ ਹੋਈ। ਇਸ ਦਾ ਅਰਥ ਸੀ ਧਾਰਮਿਕ ਇਕੱਠਾਂ ਸਮੇਂ ਇਕੋ ਥਾਂ ਬੈਠ ਕੇ ਲੰਗਰ ਛਕਣ ਦੀ ਸ਼ਕਲ ਵਿਚ ਬਰਾਬਰੀ। ਹਰ ਕਿਸੇ ਵਲੋਂ ਕੜਾਹ ਪ੍ਰਸ਼ਾਦ ਦੇ ਚੜ੍ਹਾਵੇ ਦੀ ਪ੍ਰਥਾ ਇਕ ਹੋਰ ਨਵੀਂ ਜੁਗਤ ਸੀ। ਕੜਾਹ ਪ੍ਰਸ਼ਾਦ ਚੜ੍ਹਾਉਣ ਵਾਲਿਆਂ ਵਿਚ ਉਹ ਵੀ ਸ਼ਾਮਲ ਹੁੰਦੇ ਸਨ, ਜਿਹੜੇ ਕਥਿਤ ਨੀਵੀਆਂ ਜਾਤੀਆਂ ਵਿਚੋਂ ਹੁੰਦੇ ਸਨ। ਚੜ੍ਹਾਵੇ ਵਿਚ ਆਇਆ ਕੜਾਹ ਪ੍ਰਸ਼ਾਦ ਇਕੋ ਬਾਟੇ ਵਿਚ ਰਲਾਉਣ ਪਿੱਛੋਂ ਉਸ ਬਾਟੇ ਵਿਚ ਸਾਰੀ ਸੰਗਤ ਨੂੰ ਵਰਤਾਇਆ ਜਾਂਦਾ ਸੀ। ਡਬਲਯੂ.ਐਸ. ਮੈਕਲਾਇਡ ਅਨੁਸਾਰ ਇਹ ਪ੍ਰਥਾ ਪੰਜਵੀਂ ਪਾਤਸ਼ਾਹੀ ਤੋਂ ਵੀ ਪਹਿਲਾਂ ਤੋਂ ਪ੍ਰਚਲਤ ਸੀ। ਇਸ ਦਾ ਮੰਤਵ ਇਸ ਗੱਲ ਨੂੰ ਯਕੀਨੀ ਬਣਾਉਣਾ ਸੀ ਕਿ ਅਖੌਤੀ ਉਚੀਆਂ ਜਾਤੀਆਂ ਦੇ ਲੋਕ ਕਥਿਤ ਨੀਵੀਆਂ ਜਾਤੀਆਂ ਤੇ ਕਈ ਵਾਰ ਅਛੂਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਸਮੇਤ ਸੰਗਤਾਂ ਵਲੋਂ ਚੜ੍ਹਾਇਆ ਕੜਾਹ ਪ੍ਰਸ਼ਾਦ ਜ਼ਰੂਰ ਛਕਣ ਅਤੇ ਉਹ ਵੀ ਉਸ ਰੂਪ ਵਿਚ ਜਦੋਂ ਉਹ ਇਕੋ ਬਾਟੇ ਵਿਚੋਂ ਵਰਤਾਇਆ ਜਾ ਰਿਹਾ ਹੋਵੇ।

ਇਸ ਤੋਂ ਅੱਗੇ ਜਦੋਂ ਗੁਰੂ ਗੋਬਿੰਦ ਸਿੰਘ ਨੇ 1699 ਵਿਚ ਖਾਲਸਾ ਪੰਥ ਦੀ ਨੀਂਹ ਰੱਖੀ ਤਾਂ ਅੰਮ੍ਰਿਤਪਾਨ ਦੀ ਜਿਹੜੀ ਨਵੀਂ ਰਵਾਇਤ ਉਹਨਾਂ ਤੋਰੀ ਉਹ ਅਮਲੀ ਤੌਰ 'ਤੇ ਜਾਤੀ ਭੇਦ ਭਾਵ ਉਪਰ ਤਿੱਖਾ ਵਾਰ ਸੀ। ਇਸ ਰਵਾਇਤ ਅਧੀਨ ਸਾਰੇ ਸਿੱਖਾਂ ਲਈ ਜ਼ਰੂਰੀ ਸੀ ਕਿ ਉਹ ਇਕੋ ਬਾਟੇ ਵਿਚ ਤਿਆਰ ਅੰਮ੍ਰਿਤ ਵਾਰੋ-ਵਾਰੀ ਛਕਣ। ਇਹ ਰਵਾਇਤ ਹਿੰਦੂ ਧਰਮ ਅਸਥਾਨਾਂ ਵਿਚ ਪ੍ਰਚਲਤ ਇਸ ਰਵਾਇਤ ਦੇ ਉੱਕਾ ਹੀ ਉਲਟ ਸੀ ਕਿ ਕੇਵਲ ਬ੍ਰਾਹਮਣ ਪੁਜਾਰੀ ਹੀ ਧਾਰਮਿਕ ਰਸਮਾਂ ਅਦਾ ਕਰ ਸਕਦੇ ਹਨ।



ਅੰਮ੍ਰਿਤਪਾਨ ਦੀ ਰਵਾਇਤ ਲਈ ਚੁਣੇ ਪਹਿਲੇ ਪੰਜ ਪਿਆਰੇ ਅਖੌਤੀ ਨੀਵੀਆਂ ਜਾਤੀਆਂ ਨਾਲ ਸਬੰਧ ਰੱਖਦੇ ਸਨ। (ਭਾਵੇਂ ਅਛੂਤ ਜਾਤੀਆਂ ਵਿਚੋਂ ਕੋਈ ਨਹੀਂ ਸੀ)। ਉਹਨਾਂ ਦਾ ਇਕੋ ਬਾਟੇ ਨੂੰ ਮੂੰਹ ਲਾਉਣਾ ਧਾਰਮਿਕ ਰੀਤਾਂ ਨਾਲ ਜੁੜੀ ਹੋਈ ਸਵੱਛਤਾ ਦੀ ਧਾਰਨਾ ਦਾ ਜ਼ਬਰਦਸਤ ਖੰਡਨ ਸੀ। ਜਿੱਥੋਂ ਤੱਕ ਸ਼ਸਤਰ ਧਾਰਨ ਕਰਨ ਦਾ ਸਵਾਲ ਸੀ, ਇਸ ਮਾਮਲੇ ਵਿਚ ਜਾਤ ਬਰਾਦਰੀ ਦੀ ਕੋਈ ਮਹੱਤਤਾ ਨਹੀਂ ਸੀ।

10ਵੇਂ ਗੁਰੂ ਤੋਂ ਪਿੱਛੋਂ ਜੀਵਤ ਗੁਰੂ ਦੀ ਪ੍ਰਥਾ ਵੀ ਖਤਮ ਹੋ ਗਈ। ਦਸਵੀਂ ਪਾਤਸ਼ਾਹੀ ਨੇ ਕਿਹਾ ਕਿ ਹੁਣ ਤੋਂ ਗੁਰੂ ਗ੍ਰੰਥ ਸਾਹਿਬ ਹੀ ਸਾਰੇ ਸਿੱਖਾਂ ਦੇ ਗੁਰੂ ਹੋਣਗੇ, ਕਿਉਂਕਿ ਸ਼ੁੱਧ ਹਿਰਦੇ ਨਾਲ ਉਹ ਇਸ ਵਿਚ ਅੰਕਤ ਸ਼ਬਦਾਂ ਵਿਚੋਂ ਸੱਚ ਦੀ ਖੋਜ ਕਰ ਸਕਦੇ ਹਨ। ਆਦਿ ਗ੍ਰੰਥ ਵਿਚ ਨੌਵਾਂ ਗੁਰੂਆਂ ਦੀ ਬਾਣੀ ਤੋਂ ਇਲਾਵਾ ਸ਼ੇਖ਼ ਫਰੀਦ, ਭਗਤ ਕਬੀਰ ਤੇ ਰਵਿਦਾਸ ਜਿਹੇ ਸੂਫੀ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ। ਇਹ ਸੂਫੀ ਸੰਤ ਹੋਰਨਾਂ ਧਰਮਾਂ ਨਾਲ ਵੀ ਸਬੰਧਤ ਸਨ ਅਤੇ ਉਹਨਾਂ ਜਾਤੀਆਂ ਨਾਲ ਵੀ ਜਿਨ੍ਹਾਂ ਨੂੰ ਸਮਾਜ ਅਛੂਤ ਸਮਝਦਾ ਸੀ। ਇੰਝ ਗੁਰੂ ਗ੍ਰੰਥ ਸਾਹਿਬ ਆਪਣੇ ਆਪ ਵਿਚ ਸਰਬ ਸਾਂਝੀਵਾਲਤਾ ਤੇ ਮਨੁੱਖੀ ਬਰਾਦਰੀ ਦੀ ਬਰਾਬਰੀ ਦਾ ਸਨੇਹਾ ਹੈ। ਜਾਤੀ ਪ੍ਰਥਾ ਦਾ ਇਸ ਨਾਲੋਂ ਵੱਡਾ ਖੰਡਨ ਹੋਰ ਕੀ ਹੋ ਸਕਦਾ ਸੀ। ਅਛੂਤ ਜਾਤੀਆਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਨਵੇਂ ਧਰਮ ਨਾਲ ਜੁੜਨ ਦਾ ਮਾਣ ਭਰਿਆ ਅਹਿਸਾਸ ਹੋਣਾ ਚਾਹੀਦਾ ਸੀ।

ਪਰ ਸਵਾਲ ਇਹ ਹੈ ਕਿ ਏਨੇ ਸਪਸ਼ਟ ਧਾਰਮਿਕ ਸਨੇਹੇ ਦੇ ਬਾਵਜੂਦ ਸਿੱਖ ਧਰਮ ਵਿਚ ਜਾਤੀ ਪ੍ਰਥਾ ਖਤਮ ਕਿਉਂ ਨਾ ਹੋਈ? ਇਸਦੇ ਲਈ ਇਹ ਗੱਲ ਦੇਖਣੀ ਬਣਦੀ ਹੈ ਕਿ ਸਿੱਖ ਧਰਮ ਅਪਨਾਉਣ ਵਾਲੇ ਅਖੌਤੀ ਅਛੂਤਾਂ ਜਾਂ ਨੀਵੀਆਂ ਜਾਤੀਆਂ ਦੇ ਲੋਕਾਂ ਨਾਲ ਸਿੱਖ ਪੰਥ ਉਤੇ ਭਾਰੂ ਲੋਕਾਂ ਦਾ ਸਲੂਕ ਕਿਹੋ ਜਿਹਾ ਸੀ।

ਪਹਿਲੀ ਗੱਲ ਤਾਂ ਇਹ ਹੈ ਕਿ ਦਸ ਦੇ ਦਸ ਗੁਰੂ ਖੱਤਰੀ ਪਰਿਵਾਰਾਂ ਵਿਚੋਂ ਸਨ ਅਤੇ ਮੁੱਢਲੇ ਸਾਲਾਂ ਵਿਚ ਉਹਨਾਂ ਦੇ ਬਹੁਤੇ ਪੈਰੋਕਾਰ ਵੀ ਖੱਤਰੀ ਹੀ ਸਨ ਅਤੇ ਸਿੱਖ ਸੰਗਤ ਉਤੇ ਬਹੁਤਾ ਪ੍ਰਭਾਵ ਉਹਨਾਂ ਦਾ ਹੀ ਸੀ। ਤਾਂ ਵੀ ਵੱਖ-ਵੱਖ ਜਾਤੀਆਂ ਦੇ ਜਿਹੜੇ ਲੋਕ ਸਿੱਖੀ ਅਪਨਾਉਂਦੇ ਸਨ ਉਹ ਆਪਣੀ ਜਾਤੀ ਪਛਾਣ ਜਿਉਂ ਦੀ ਤਿਉਂ ਨਾਲ ਲੈ ਕੇ ਆਉਂਦੇ ਸਨ। ਉਹਨਾਂ ਤੋਂ ਨਾ ਤਾਂ ਇਹ ਮੰਗ ਕੀਤੀ ਜਾਂਦੀ ਸੀ ਨਾ ਹੀ ਇਹ ਆਸ ਕਿ ਉਹ ਆਪਣੀ ਪਿਛਲੀ ਜਾਤੀ ਨੂੰ ਭੁੱਲ ਜਾਣ। ਸਾਰੇ ਗੁਰੂਆਂ ਨੇ ਆਪਣੀ ਸੰਤਾਨ ਦੀਆਂ ਸ਼ਾਦੀਆਂ ਖੱਤਰੀਆਂ ਵਿਚ ਹੀ ਕੀਤੀਆਂ। ਪੈਰੋਕਾਰਾਂ ਬਾਰੇ ਵੀ ਇਹ ਆਸ ਨਹੀਂ ਸੀ ਕੀਤੀ ਜਾਂਦੀ ਕਿ ਉਹ ਆਪੋ ਆਪਣੇ ਜਾਤ ਗੋਤ ਵਿਚ ਵਿਆਹ ਦੀਆਂ ਰਸਮਾਂ ਦਾ ਤਿਆਗ ਕਰਨ। ਉਹ ਗੁਰੂਆਂ ਦੇ ਸਾਹਮਣੇ ਜਾਂ ਸੰਗਤ ਵਿਚ ਤਾਂ ਬਰਾਬਰ ਸਨ ਪਰ ਅੰਗ ਸਾਕਾਂ ਦੇ ਪੱਖੋਂ ਉਹ ਅੱਡਰੇ ਸਨ। ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਸਿੱਖ ਬਣਨ ਪਿੱਛੋਂ ਅਛੂਤ ਅਛੂਤ ਨਹੀਂ ਸਨ ਰਹਿੰਦੇ।

ਛੇਵੀਂ ਪਾਤਸ਼ਾਹੀ ਦੇ ਸਮੇਂ ਜੱਟ ਕਬੀਲਿਆਂ ਦੇ ਸਿੱਖ ਧਰਮ ਵਿਚ ਪ੍ਰਵੇਸ਼ ਨੇ ਇਸਦੀ ਜਾਤੀ ਬਣਤਰ ਤੇ ਤਵਾਜ਼ਨ ਵਿਚ ਤਬਦੀਲੀ ਲੈ ਆਂਦੀ। ਜੱਟ ਪਿੰਡਾਂ ਦਾ ਸ੍ਰੇਸ਼ਟ ਤਬਕਾ ਸੀ ਅਤੇ ਪੰਜਾਬ ਦੇ ਪੇਂਡੂ ਜੀਵਨ ਵਿਚ ਉਸੇ ਦਾ ਬੋਲ-ਬਾਲਾ ਸੀ। 18ਵੀਂ ਸਦੀ ਤਕ ਸਿੱਖ ਪੰਥ ਵਿਚ ਜੱਟਾਂ ਦੀ ਗਿਣਤੀ ਇਸ ਵਿਚ ਹੋਰ ਜਾਤੀਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਭਾਰੂ ਹੋ ਚੁੱਕੀ ਸੀ। ਉਹਨਾਂ ਦੀ ਠੀਕ ਗਿਣਤੀ ਦਾ ਉਦੋਂ ਪਤਾ ਲੱਗਾ ਜਦੋਂ ਬਰਤਾਨਵੀ ਅਧਿਕਾਰੀਆਂ ਨੇ 1881 ਵਿਚ ਇਹ ਦੇਖਣ ਲਈ ਮਰਦਮ ਸ਼ੁਮਾਰੀ ਕੀਤੀ ਕਿ ਸਿੱਖ ਧਰਮ ਵਿਚ ਕਿਸ ਜਾਤੀ ਦੇ ਕਿੰਨੇ ਲੋਕ ਹਨ। ਇਹ ਦੇਖਿਆ ਗਿਆ ਕਿ ਜਿਹਨਾਂ 17,06, 909

ਲੋਕਾਂ ਨੇ ਆਪਣੇ ਆਪ ਨੂੰ ਸਿੱਖ ਐਲਾਨਿਆ ਸੀ ਉਹਨਾਂ ਵਿਚੋਂ 63 ਫੀਸਦੀ ਜੱਟ ਸਨ। ਇਹ ਅਨੁਪਾਤ ਅਜੇ ਤਕ 60-66 ਫੀਸਦੀ ਦੇ ਵਿਚਕਾਰ ਤੁਰਿਆ ਆਉਂਦਾ ਹੈ। ਜੱਟ ਜ਼ਮੀਨਾਂ ਦੇ ਮਾਲਕ ਤੇ ਅਣਥੱਕ ਕਾਸ਼ਤਕਾਰ ਹਨ। ਉਹ ਮਿਹਨਤੀ ਸੁਭਾਅ ਦੇ ਹਨ ਅਤੇ ਹੱਥੀਂ ਮਿਹਨਤ ਕਰਨ ਵਾਲੇ ਲੋਕਾਂ ਵਾਂਗ ਵਰਣ ਆਸ਼ਰਮ ਅਧੀਨ ਜੱਟ ਵੀ ਸੂਦਰ ਸਮਝੇ ਜਾਂਦੇ ਸਨ। ਪਰ ਗੁਰੂ ਨਾਨਕ ਦੇਵ ਜੀ ਨੇ ਸਰੀਰਕ ਮਿਹਨਤ ਪ੍ਰਤੀ ਜੱਟ ਬਰਾਦਰੀ ਦੇ ਵਤੀਰੇ ਦੀ ਪੁਸ਼ਟੀ ਕੀਤੀ। ਜਦੋਂ ਉਹਨਾਂ ਆਪਣੀਆਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਚ ਵਾਸਾ ਕੀਤਾ ਅਤੇ ਖੇਤੀਬਾੜੀ ਦਾ ਕਿੱਤਾ ਅਪਣਾਇਆ ਤਾਂ ਉਹਨਾਂ ਕਿਹਾ, ''ਸੱਚਾ ਵੱਡ ਕਿਸਾਨ''। ਗੁਰੂ ਅੰਗਦ ਦੇਵ ਜੀ ਆਪਣਾ ਨਿਰਬਾਹ ਰੱਸੀਆਂ ਵੱਟ ਕੇ ਕਰਦੇ ਸਨ। ਜਿਨ੍ਹਾਂ ਤਿੰਨ ਕੰਮਾਂ ਨੂੰ ਗੁਰੂਆਂ ਨੇ ਉਚਤਮ ਕਿਹਾ ਉਹਨਾਂ ਵਿਚੋਂ ਕਿਰਤ ਨੂੰ ਪਹਿਲ ਹਾਸਲ ਹੈ। ਉਹਨਾਂ ਦਾ ਉਪਦੇਸ਼ ਸੀ, ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ।

ਇਰਫਾਨ ਹਬੀਬ ਨੇ ਜੱਟ ਬਰਾਦਰੀ ਦੇ ਪਿਛੋਕੜ ਦੀ ਖੋਜ ਕਰਦਿਆਂ ਲਿਖਿਆ ਹੈ ਕਿ ਇਹ ਪਸ਼ੂਪਾਲ ਕਬੀਲੇ ਪਹਿਲੋ-ਪਹਿਲ ਪੰਜਾਬ ਵਿਚ 7ਵੀਂ ਤੋਂ 9ਵੀਂ ਸਦੀ ਦੇ ਵਿਚਕਾਰ ਦੇਖੇ ਗਏ। ਜੱਟ ਬਰਾਦਰੀ ਬ੍ਰਾਹਮਣੀ ਸਮਾਜੀ ਵਰਣ ਵੰਡ ਦੀ ਕੋਈ ਬਹੁਤੀ ਪਰਵਾਹ ਨਹੀਂ ਸੀ ਕਰਦੀ ਅਤੇ ਉਹ ਸਿੱਖ ਗੁਰੂਆਂ ਵੱਲ ਵੀ ਏਸੇ ਕਰਕੇ ਆਕਰਸ਼ਤ ਹੋਏ ਕਿਉਂਕਿ ਉਹ ਰਵਾਇਤੀ ਤੌਰ 'ਤੇ ਬਰਾਬਰੀ ਵੱਲ ਝੁਕਾਅ ਰੱਖਦੇ ਸਨ। ਗੁਰੂਆਂ ਦੀ ਸਿੱਖਿਆ ਦੇ ਸਦਕਾ ''ਉਹਨਾਂ ਨੂੰ ਸੌਖਿਆਂ ਹੀ ਨਵੇਂ ਪੰਥ ਵਿਚ ਉਚੀ ਅਧਿਕਾਰਤ ਹੈਸੀਅਤ ਪ੍ਰਾਪਤ ਹੋ ਗਈ। ਇਸਦਾ ਲਾਜ਼ਮੀ ਸਿੱਟਾ ਇਹ ਨਿਕਲਿਆ ਕਿ ਜੱਟ ਬਰਾਦਰੀ ਦੇ ਸੱਭਿਆਚਾਰਕ ਤੌਰ-ਤਰੀਕਿਆਂ ਨੇ ਜਿਨ੍ਹਾਂ ਲੀਹਾਂ ਉਤੇ ਉਹਨਾਂ ਨੂੰ ਤੋਰਿਆ, ਉਹ ਤੁਰਦੇ ਗਏ।'' ਵੱਡੀ ਗੱਲ ਇਹ ਹੈ ਕਿ ਹਿੰਦੂ ਵਰਣ ਆਸ਼ਰਮ ਨੂੰ ਉਹਨਾਂ ਆਪਣੇ ਢੰਗ ਨਾਲ ਤਬਦੀਲ ਕਰ ਲਿਆ ਅਤੇ ਅਛੂਤ ਜਾਤੀਆਂ ਵਲ ਉਹਨਾਂ ਦਾ ਵਤੀਰਾ ਹਿੰਦੂ ਸਮਾਜ ਵਾਲਾ ਹੀ ਰਿਹਾ। ਸਿੱਖ ਧਰਮ ਅਪਨਾਉਣ ਵਾਲਿਆਂ ਦੀ ਵਧਦੀ ਗਿਣਤੀ ਦੇ ਵਤੀਰਿਆਂ ਉਤੇ ਪਰੰਪਰਾਵਾਂ ਦਾ ਭਾਰ ਜਿਉਂ ਦਾ ਤਿਉਂ ਹਾਵੀ ਰਿਹਾ। ਸਿੱਖ ਮਿਸਲਾਂ ਦਾ ਗਠਨ ਵੀ ਜਾਤੀ ਲੀਹਾਂ ਉਤੇ ਹੀ ਹੋਇਆ। ਅਸੀਂ ਇਹ ਨਹੀਂ ਜਾਣਦੇ ਕਿ ਇਸ ਪੜਾਅ ਉਤੇ ਅਛੂਤ ਜਾਤੀਆਂ ਦੇ ਕਿੰਨੇ ਲੋਕਾਂ ਨੇ ਸਿੱਖ ਧਰਮ ਅਪਣਾਇਆ। ਤਾਂ ਵੀ ਇਹ ਸਪਸ਼ਟ ਹੈ ਕਿ ਇਹ ਗਿਣਤੀ ਥੋੜ੍ਹੀ ਹੀ ਰਹੀ ਜਦੋਂ ਤੱਕ ਸਿੱਖ ਧਰਮ ਅਪਨਾਉਣ ਦੀ ਲਹਿਰ 19ਵੀਂ ਸਦੀ ਦੇ ਅਖ਼ੀਰ ਵਿਚ ਵੱਡੇ ਪੈਮਾਨੇ ਉਤੇ ਸ਼ੁਰੂ ਨਾ ਹੋਈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ (1799-1938) ਸਮੇਂ ਜੱਟ ਸਿੱਖ ਉਚ ਵਰਗ ਜਾਂ ਹੁਕਮਰਾਨ ਸ਼੍ਰੇਣੀ ਦੇ ਮੁੱਖ ਹਿੱਸੇ ਵਜੋਂ ਉਭਰੇ। ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਵਿਚ ਸਿੱਖ ਕੁੱਲ ਵਸੋਂ ਦਾ 6-7 ਫੀਸਦੀ ਹਿੱਸਾ ਹੀ ਸਨ। ਮੁਸਲਮਾਨ ਵਸੋਂ 70 ਫੀਸਦੀ ਹਿੱਸਾ ਤੇ ਹਿੰਦੂ 24 ਫੀਸਦੀ। ਲਾਹੌਰ ਤੇ ਅੰਮ੍ਰਿਤਸਰ ਵਰਗੇ ਇਲਾਕਿਆਂ ਵਿਚ ਸਿੱਖਾਂ ਦੀ ਗਿਣਤੀ ਵਧੇਰੇ ਸੀ ਪਰ ਉਥੇ ਵੀ ਇਹ ਕੁਲ ਵਸੋਂ ਦਾ ਇਕ ਤਿਹਾਈ ਹੀ ਸਨ। ਤਾਂ ਵੀ ਜੱਟ ਸਿੱਖ ਮਹਾਰਾਜੇ ਦੀ ਫੌਜ ਦਾ ਮੁੱਖ ਭਾਗ ਸਨ। ਉਚ ਵਰਗ ਵਿਚ ਉਹਨਾਂ ਦਾ ਹਿੱਸਾ 30 ਫੀਸਦੀ ਸੀ ਤੇ ਜਾਗੀਰਾਂ ਵੀ ਮੁੱਖ ਤੌਰ 'ਤੇ ਉਹਨਾਂ ਨੂੰ ਹੀ ਹਾਸਲ ਹੋਈਆਂ। ਧਾਰਮਿਕ ਗ੍ਰਾਂਟਾਂ ਦਾ ਮੁੱਖ ਹਿੱਸਾ ਵੀ ਸਿੱਖਾਂ ਨੂੰ ਹੀ ਮਿਲਦਾ ਸੀ। ਕਿਸੇ ਦੀ ਸਮਾਜੀ ਹੈਸੀਅਤ, ਉਸਦੀ ਜ਼ਮੀਨ ਦੀ ਮਾਲਕੀ ਤੋਂ ਨਿਸ਼ਚਤ ਹੁੰਦੀ ਸੀ, ਅਤੇ ਜਿਸ ਤਰ੍ਹਾਂ ਗਰੇਵਾਲ ਨੇ ਨੋਟ ਕੀਤਾ ਹੈ, ਵਿਚਾਰਧਾਰਕ ਤੌਰ 'ਤੇ ਪ੍ਰਚਲਤ ਸਮਾਜੀ ਨਾ-ਬਰਾਬਰੀ ਪ੍ਰਵਾਨ ਕਰਦਿਆਂ ਹੋਇਆਂ ਸਿੱਖ ਭਾਈਚਾਰੇ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮਾਰਗ ਦਰਸ਼ਨ ਵਜੋਂ ਅਪਨਾਉਣ ਦੀ ਥਾਂ ਇਸਨੂੰ ਪੂਜਨੀਕ ਇਸ਼ਟ ਵਿਚ ਬਦਲ ਲਿਆ। ''ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਤੇ ਸੰਗਤ ਦੇ ਲੰਗਰ ਵਿਚ ਸਾਰੇ ਸਿੱਖ ਬਰਾਬਰ ਸਨ ਪਰ ਇਸਤੋਂ ਬਾਹਰ ਸਮਾਜੀ ਨਾ ਬਰਾਬਰੀ ਨੂੰ ਜਾਇਜ਼ ਮੰਨ ਲਿਆ ਗਿਆ।'' ਉਸ ਵੇਲੇ ਦੇ ਸਾਹਿਤ ਵਿਚ ਸਿੱਖ ਉਚ ਵਰਗ ਤੇ ਜਨ ਸਾਧਾਰਨ ਵਿਚਲੇ ਪਾੜੇ ਦਾ ਵਰਣਨ ਮੌਜੂਦ ਹੈ। ਉਸ ਸਮਾਜ ਵਿਚ ਦਾਸ ਪ੍ਰਥਾ ਵੀ ਮੌਜੂਦ ਸੀ ਅਤੇ ਮੰਗਣ ਦੀ ਪ੍ਰਥਾ ਵੀ। ਗਰੀਬ ਮਾਪੇ ਆਪਣੇ ਬੱਚੇ ਵੇਚ ਦਿੰਦੇ ਸਨ। ਕਈ ਵਾਰ ਜੁਆਨ ਕੁੜੀਆਂ ਵੀ ਵੇਚ ਦਿੱਤੀਆਂ ਜਾਂਦੀਆਂ ਸਨ। ਕੁਝ ਸਮਕਾਲੀ ਬਰਤਾਨਵੀ ਨਿਰੀਖਕਾਂ ਦਾ ਕਹਿਣਾ ਸੀ ਉਚ-ਵਰਗ ਦੇ ਸਿੱਖਾਂ ਤੇ ਗਰੀਬ ਸਿੱਖਾਂ ਵਿਚਾਲੇ ਪਾੜਾ ਉਸ ਨਾਲੋਂ ਕਿਤੇ ਵਧ ਸੀ ਜਿੰਨਾ ਭਾਰਤ ਵਿਚ ਹੋਰਨੀਂ ਥਾਈਂ ਅਜਿਹਾ ਪਾੜਾ ਦੇਖਣ ਵਿਚ ਆਉਂਦਾ ਸੀ। ਵਧੇਰੇ ਕਰੂਰ ਵਰਣ ਵੰਡ ਅਤੇ ਅਛੂਤ ਜਾਤੀਆਂ ਨਾਲ ਵਿਤਕਰੇ ਦਾ ਪ੍ਰਗਟਾਵਾ ਪਿੰਡਾਂ ਵਿਚ ਦਾਖਲੇ ਉਤੇ ਰੋਕ, ਸਾਂਝੇ ਖੂਹਾਂ ਉਤੇ ਚੜ੍ਹਨ ਉਤੇ ਰੋਕ ਅਤੇ ਗੁਰਦਵਾਰਿਆਂ ਵਿਚ ਜਾਣ ਉਤੇ ਰੋਕ ਦੀ ਸ਼ਕਲ ਵਿਚ ਹੁੰਦਾ ਸੀ। ਸੱਤਾ ਤੇ ਧਨ ਦੇ ਸਾਹਮਣੇ ਧਾਰਮਿਕ ਨੈਤਿਕਤਾ ਵੀ ਸੁਰੱਖਿਅਤ ਨਹੀਂ ਰਹਿੰਦੀ। ''ਸਿੱਖ ਸੱਤਾ ਦੇ ਉਭਰਨ ਨਾਲ ਪੰਥ ਆਪਣਾ ਗਤੀਸ਼ੀਲ ਚਰਿੱਤਰ ਗੁਆ ਬੈਠਾ।''

**ਮਰਾਤਬੇ ਤੇ ਨਵੀਆਂ ਸਮਾਜੀ ਗੁੰਝਲਾਂ:** 1849 ਵਿਚ ਪੰਜਾਬ ਉਤੇ ਕਬਜ਼ੇ ਪਿੱਛੋਂ ''ਬਰਤਾਨਵੀ ਬਸਤੀਵਾਦੀ ਜਕੜ'' ਨੇ ਨਵੇਂ ਕਿਸਮ ਦੀ ਸਿੱਖ ਸੰਪਰਦਾ ਨੂੰ ਹੋਂਦ ਵਿਚ ਲਿਆਉਣ ਅਤੇ ਸਿੱਖ ਭਾਈਚਾਰੇ ਵਿਚ ਸਮਾਜੀ ਬਣਤਰ ਤੇ ਜਾਤੀ ਸੰਬੰਧਾਂ ਨੂੰ ਆਪਣੇ ਢੰਗ ਨਾਲ ਤਬਦੀਲ ਕਰਨ ਵਿਚ ਜਿਹੜੀ ਭੂਮਿਕਾ ਨਿਭਾਈ, ਉਹ ਜ਼ਬਰਦਸਤ ਮਹੱਤਤਾ ਰੱਖਦੀ ਹੈ। ਨਵੇਂ ਹਾਕਮਾਂ ਪ੍ਰਤੀ ਪਤਵੰਤੇ ਤਬਕੇ ਦੀ ਨਫ਼ਰਤ ਨੂੰ ਸਮਝਦਿਆਂ ਪੰਜਾਬ ਅੰਦਰ ਸਭਿਆਚਾਰ ਦੇ ਪ੍ਰਬੰਧਕਾਂ ਨੇ ਅਜਿਹੇ ''ਸੁਭਾਵਕ ਆਗੂਆਂ'' ਨੂੰ ਅੱਗੇ ਲਿਆਉਣ ਦੀਆਂ ਕੋਸ਼ਿਸ਼ਾਂ ਆਰੰਭੀਆਂ, ਜਿਹੜੇ ਬਰਤਾਨਵੀ ਹਾਕਮਾਂ ਦੇ ਵੀ ਵਫ਼ਾਦਾਰ ਹੋਣ ਤੇ ਜਿਨ੍ਹਾਂ ਦੀ ਕਿਰਸਾਨੀ ਵਿਚ ਵੀ ਚੌਧਰ ਹੋਵੇ। ਸਿੱਖ ਸੈਨਾ ਨੂੰ ਭੰਗ ਕਰਨਾ, ਸਰਕਰ ਦਾ ਮੁਖੀਆਂ ਦੀਆਂ ਜਾਗੀਰਾਂ ਜ਼ਬਤ ਕਰਨਾ, ਸੋਢੀਆਂ ਤੇ ਬੇਦੀਆਂ ਦੀ ਪੁਜਾਰੀ ਸ਼੍ਰੇਣੀ ਨੂੰ ਨਿਵਾਉਣਾ ਦੇ ਦਬਾਉਣਾ ਅਤੇ ਨਵੀਂ ਸਿੱਖ ਰਈਸ ਸ਼੍ਰੇਣੀ ਨੂੰ ਅਤੇ ਸੈਨਾ (ਗ਼ਦਰ ਦੇ ਅੰਤ 'ਤੋਂ ਪਿੱਛੋਂ ਸਿੱਖ ਪੰਜਾਬ ਵਿਚ ਸੈਨਾਂ ਦਾ 28 ਫੀਸਦੀ ਹਿੱਸਾ ਸਨ) ਨੂੰ ਗਠਤ ਕਰਨਾ 1857 ਦੀ ਹਿੰਦੋਸਤਾਨੀ ਬਗ਼ਾਵਤ ਸਮੇਂ ਬਰਤਾਨੀਆ ਲਈ ਬਹੁਤੇ ਪੱਖਾਂ ਤੋਂ ਫ਼ਾਇਦੇਮੰਦ ਸਾਬਤ ਹੋਇਆ। ਪੰਜਾਬ ਵਿਚ ਬਰਤਾਨਵੀ ਪ੍ਰਸ਼ਾਸਕ ਸਮਝ ਗਏ ਸਨ ਕਿ ''ਜਿਹੜੇ ਲੋਕ ਪੱਕੀ ਤਰ੍ਹਾਂ ਵਫ਼ਾਦਾਰ ਸਾਬਤ ਹੋਏ ਅਤੇ ਤੂਫਾਨ ਦਾ ਮੂੰਹ ਮੋੜਨ ਵਾਲੇ ਬੁੱਲੇ ਸਾਬਤ ਹੋਏ ਅਤੇ ਜਿਨ੍ਹਾਂ ਭਾਈਚਾਰੇ ਦੇ ਸੁਭਾਵਕ ਆਗੂ ਹੋਣ ਦਾ ਸਬੂਤ ਦਿੱਤਾ-ਉਹ ਸਹਾਇਤਾ ਤੇ ਹੱਲਾਸ਼ੇਰੀ ਦੇ ਪਾਤਰ ਹਨ।''

ਇਹਨਾਂ ਮੰਤਵਾਂ ਦੀ ਪੂਰਤੀ ਲਈ ਜਿਹੜਾ ਰਾਹ ਅਖਤਿਆਰ ਕੀਤਾ ਗਿਆ ਉਸਦੇ ਹਿੱਸੇ ਵਜੋਂ ਨਾ ਸਿਰਫ ਸਿੱਖਾਂ ਨੂੰ ਸਿੰਘ ਵਜੋਂ ਵਡਿਆਇਆ ਗਿਆ ਸਗੋਂ ਕੁਝ ਇਕਨਾਂ ਲਈ ਵਿਸ਼ੇਸ਼ ਰਿਆਇਤਾਂ ਦੇਣ ਅਤੇ ਹੋਰਨਾਂ ਨੂੰ ਰਿਆਇਤਾਂ ਤੋਂ ਵਾਂਝੇ ਰੱਖਣ ਦੇ ਆਧਾਰ ਉਤੇ ਕਾਇਮ ਸਿਵਲ ਪ੍ਰਣਾਲੀ ਲਈ ਜਾਤੀ ਦਰਜੇਬੰਦੀ ਦੀ ਮੁੜ ਉਸਾਰੀ ਵੀ ਕੀਤੀ ਗਈ। ਇਹ ਮੁੜ-ਉਸਾਰੀ ਉਹਨਾਂ ਸਿੱਟਿਆਂ ਨੂੰ ਸਾਹਮਣੇ ਰੱਖ ਕੇ ਕੀਤੀ ਗਈ ਜਿਹੜੇ ਬਰਤਾਨੀਆ ਨੇ 1857 ਦੇ ਵਿਦਰੋਹ ਤੋਂ ਕੱਢਣੇ ਪਸੰਦ ਕੀਤੇ।

ਨਿਕੋਲਸ ਡਰਕ ਨੇ ਆਪਣੀ ਹਾਲ ਦੀ ਪੁਸਤਕ ''ਮਨ ਉਪਜਾਈਆਂ ਜਾਤੀਆਂ-ਬਸਤੀਵਾਦੀ ਸੰਕਲਨ'' ਅਤੇ ''ਪੁਰਾਲੇਖਾਂ ਦਾ ਬਸਤੀਵਾਦਣ'' ਕਰਦਿਆਂ ਬਰਤਾਨੀਆ ਨੇ ਇਹ ਨਤੀਜਾ ਕੱਢਿਆ ਕਿ ਜੇ ਹਿੰਦੋਸਤਾਨ ਨੂੰ ਸਮਝਿਆ ਤੇ ਇਸ ਉਤੇ ਰਾਜ ਕੀਤਾ ਜਾ ਸਕਦਾ ਹੈ ਤਾਂ ਇਸਦੇ ਲਈ ਜਾਤੀ ਪ੍ਰਥਾ ਨੂੰ ਸਮਝਣਾ ਜ਼ਰੂਰੀ ਹੈ ਕਿਉਂਕਿ ਹਿੰਦ ਦੇ ਜੀਵਨ ਦਾ ਇਹੀ ਮੁੱਖ ਲੱਛਣ ਹੈ। ਜਾਤੀ ਪ੍ਰਥਾ ਨਿਸ਼ਚਤ ਤੌਰ 'ਤੇ ਬਸਤੀਵਾਦੀ ਰੂਪ ਅਖਤਿਆਰ ਕਰ ਗਈ ਜਾਂ ਦੂਸਰੇ ਅਰਥਾਂ ਵਿਚ ਸਿਵਲ ਸਮਾਜ ਦਾ ਬਦਲ ਬਣ ਗਈ ਜਿਸਦੇ ਰਾਹੀਂ ਪੂਰਬੀ ਦ੍ਰਿਸ਼ਟੀ ਜਾਂ ਸੰਕਲਪ ਨੂੰ ਜਾਇਜ਼ ਠਹਿਰਾਇਆ ਤੇ ਕਾਇਮ ਰੱਖਿਆ ਜਾ ਸਕਦਾ ਸੀ।

1857 ਪਿੱਛੋਂ ਬਰਤਾਨੀਆ ਦੀ ਹਿੰਦਸਤਾਨੀ ਸੈਨਾ ਦਾ ਪੁਨਰਗਠਨ ''ਯੋਧਾ ਜਾਤੀਆਂ'' (ਮਾਰਸ਼ਲ ਰੇਸਿਜ਼) ਦੇ ਸਿਧਾਂਤ ਉਤੇ ਆਧਾਰਤ ਸੀ। ਡਰਕਸ ਨੇ ਹਿੰਦੁਸਤਾਨੀ ਸੈਨਾ ਲਈ ''ਭਰਤੀ ਦੇ ਨੇਮ'' ਪੁਸਤਕ ਵਿਚੋਂ ਹਵਾਲੇ ਦਿੰਦਿਆਂ ਲਿਖਿਆ ਹੈ ਕਿ ''ਯੋਧਾ ਜਾਤੀ'' ਦੀ ਪਛਾਣ ਵਿਚ ਸ਼ਾਮਲ ਸੀ ''ਵਫ਼ਾਦਾਰੀ, ਸੈਨਕ ਨਿਸ਼ਚਾ, ਤੇ ਮਰਦ ਹੋਣ ਉਤੇ ਮਾਣ''। ਇਸਦੇ ਉਲਟ ਜਾਤੀਆਂ ਉਹ ਸਨ ਜਿਨ੍ਹਾਂ ਦੇ ਮਰਦ ਜ਼ਨਾਨੜੇ, ਬੁਜ਼ਦਿਲ ਤੇ ਜੁਰਾਇਮ ਪੇਸ਼ਾ ਸਨ। ਜਾਰਜ ਮੈਕਮੁਨ, ਜਿਹੜਾ 1920 ਵਿਚ ਹਿੰਦੁਸਤਾਨੀ ਸੈਨਾ ਦਾ ਕੁਆਟਰ ਮਾਸਟਰ ਜੈਨਰਲ ਬਣਿਆ, ਆਪਣੀ ਪੁਸਤਕ ''ਹਿੰਦੁਸਤਾਨ ਦੀਆਂ ਯੋਧਾ ਜਾਤੀਆਂ'' ਵਿਚ ਲਿਖਦਾ ਹੈ ਕਿ ਇਹ ਕੇਵਲ ਹਿੰਦੋਸਤਾਨ ਹੀ ਸੀ ਜਿਸ ਵਿਚ ਅਸੀਂ ਯੋਧਾ ਜਾਤੀਆਂ ਦੇ ਅੱਡਰੇ ਹੋਣ ਦੀ ਗੱਲ ਕਰਦੇ ਸਾਂ ਕਿਉਂਕਿ ਬਾਕੀ ਜਨ-ਸਮੂਹ ਨਾ ਤਾਂ ਲੜਾਕੂ ਰੁਚੀ ਰੱਖਦਾ ਸੀ ਤੇ ਨਾ ਹੀ ਸਰੀਰਕ ਹੌਂਸਲਾ। ਮੈਕਮੁਨ ਨੇ ਬਰਤਾਨਵੀ ਪ੍ਰਸਾਸ਼ਕਾਂ ਨੂੰ ਇਹ ਰਾਜਕੀ ਵਿਚਾਰ ਪੇਸ਼ ਕੀਤਾ ਕਿ 'ਯੋਧਾ ਜਾਤੀਆਂ' ਮੁੱਖ ਤੌਰ 'ਤੇ ਅਸਲ ਗੋਰੀਆਂ (ਆਰੀਆਈ) ਜਾਤੀਆਂ ਦੀ ਨਸਲ ਵਿਚੋਂ ਹਨ, ਜਿਨ੍ਹਾਂ ਨੇ ਸਥਾਨਕ ਲੋਕਾਂ ਨਾਲ ਖੂਨ ਦੀ ਮਿਲਾਵਟ ਰਾਹੀਂ ਨੈਤਿਕਤਾ ਤੇ ਸਦਾਚਾਰ ਉਤੇ ਪੈਣ ਵਾਲੇ ਤਬਾਹਕੁਨ ਪ੍ਰਭਾਵਾਂ ਤੋਂ ਆਪਣੀਆਂ ਨਸਲਾਂ ਨੂੰ 'ਬਚਾਉਣ' ਲਈ ਜਾਤੀ ਪ੍ਰਥਾ ਦਾ ਢੰਗ ਲੱਭਿਆ। ਇਸ ਤੋਂ ਪਹਿਲਾਂ ਐਚ.ਐਚ. ਰਿਜ਼ਲੇ ਨੇ ਤੇ ਉਸ ਵਾਂਗ ਬਾਅਦ ਵਿਚ ਲੂਈ ਡੂਮੈਂਟ ਨੇ ਇਸ ਗੱਲ ਨੂੰ ਪਛਾਨਣ ਦੀ ਲੋੜ ਉਤੇ ਜ਼ੋਰ ਦਿੱਤਾ ਕਿ ਮੁਸਲਿਮ ਹਮਲਾਵਰਾਂ ਅਧੀਨ ਹਜ਼ਾਰਾਂ ਸਾਲਾਂ ਤੋਂ ਸਰਗਰਮ ਤੁਰੀਆਂ ਆ ਰਹੀਆਂ ''ਵਿਗਠਨ'' ਦੀਆਂ ਤਾਕਤਾਂ ਦੇ ਖਿਲਾਫ ਹਿੰਦੁਸਤਾਨੀ ਸਮਾਜ ਨੂੰ ਜਿਉਂ ਦਾ ਤਿਉਂ ਬਣਾਈ ਰੱਖਣ ਵਿਚ ਜਾਤੀ ਪ੍ਰਥਾ ਇਕ ਮੁੱਢਲਾ ਸੂਤਰ ਸਾਬਤ ਹੋਈ ਹੈ। ਇਸ ਤਰ੍ਹਾਂ ਜਾਤੀ ਪ੍ਰਥਾ ਨੂੰ ਇਕ ਅਜਿਹਾ ਮੁੱਢਲਾ ਤਰੀਕਾ ਪ੍ਰਵਾਨ ਕਰ ਲਿਆ ਗਿਆ, ਜਿਸ ਰਾਹੀਂ ''ਹਿੰਦੁਸਤਾਨ ਲਈ ਢੁਕਵੇਂ ਸਿਵਲ ਸਮਾਜ ਨੂੰ ਇਸਦੇ ਸੀਮਤ ਰਾਜਨੀਤਿਕ ਤੇ ਸਮਾਜੀ ਵਿਕਾਸ ਦੀਆਂ ਹਾਲਤਾਂ ਵਿਚ ਨੇਮਬੱਧ ਕੀਤਾ ਜਾ ਸਕਦਾ ਹੈ।''

1857 ਦੇ ਗ਼ਦਰ ਨੂੰ ਦਬਾਉਣ ਵਿਚ ਸਿੱਖਾਂ ਦੀ ਵਫਾਦਾਰੀ ਲਈ ਉਹਨਾਂ ਨੂੰ ਹਿੰਦੁਸਤਾਨ ਦੀਆਂ ਸਭ ਤੋਂ ਉੱਘੀਆਂ ਯੋਧਾ ਨਸਲਾਂ ਵਿਚੋਂ ਇਕ ਪ੍ਰਵਾਨ ਕਰ ਲਿਆ ਗਿਆ। ਤਾਂ ਵੀ, ਬਾਵਜੂਦ ਇਸ ਗੱਲ ਦੇ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਸਾਰੀਆਂ ਜਾਤੀਆਂ ਵਿਚੋਂ ਆਏ ਸਨ, ਇਹ ਵਿਸ਼ੇਸ਼ਤਾ ਜੱਟ ਬਰਾਦਰੀ ਨੂੰ ਦਿੱਤੀ ਗਈ ਕਿ ਸਿੱਖਾਂ ਦੇ ਕੌਮੀ ਚਰਿੱਤਰ ਦੀ ਬਣਤਰ ਦੀ ਗੱਲ ਉਹਨਾਂ ਦੇ ਹਵਾਲੇ ਨਾਲ ਹੀ ਕੀਤੀ ਜਾਏਗੀ। ਦੂਸਰੇ ਸ਼ਬਦਾਂ ਵਿਚ ਕਿਸੇ ਸਿੱਖ ਦਾ ਮੂਲ ਭਾਵੇਂ ਕੁਝ ਵੀ ਹੈ, ਅਮਲੀ ਰੂਪ ਵਿਚ ਹੁਣ ਤੋਂ ਉਸਨੂੰ ਪੰਜਾਬੀ ਜੱਟ ਦੀ ਤੁਲਨਾ ਵਿਚ ਹੀ ਸਮਝਿਆ ਜਾਏਗਾ। ਇਹ ਗੱਲ ਮੰਨੀ ਗਈ ਕਿ ਜਾਤੀਆਂ ਦੀ ਵੰਡ ਦੇ ਮਾਮਲੇ ਵਿਚ ਸਿੱਖ ਵੀ, ਕੱਟੜ ਹਿੰਦੂਆਂ ਵਾਂਗ ''ਅਛੂਤ ਸ਼੍ਰੇਣੀਆਂ ਤੋਂ ਪਰ੍ਹਾਂ ਹੀ ਰਹਿੰਦੇ ਹਨ ਅਤੇ ਏਥੋਂ ਤੱਕ ਕਿ ਮਜ਼ੁਬੀ ਸਿੱਖਾਂ ਨੂੰ ਵੀ ਧਾਰਮਿਕ ਸਥਾਨਾਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਂਦਾ ਅਤੇ ਉਹ ਧਾਰਮਿਕ ਰੀਤਾਂ ਰਸਮਾਂ ਆਪਣੀ ਜਾਤੀ ਦੇ ਗ੍ਰੰਥੀਆਂ ਰਾਹੀਂ ਹੀ ਨਿਭਾਉਂਦੇ ਹਨ।''

ਇਸ ਗੱਲ ਨੇ ਬਸਤੀਵਾਦੀ ਸਿਆਣਪ ਤੇ ਰਾਜਨੀਤੀ ਦਾ ਦਰਜਾ ਹਾਸਲ ਕਰ ਲਿਆ ਜਦੋਂ ਇਹ ਪ੍ਰਵਾਨ ਕਰ ਲਿਆ ਗਿਆ ਕਿ ਹਿੰਦੁਸਤਾਨ ਉਤੇ ਰਾਜ ਕਰਨ ਲਈ ਸ਼੍ਰੇਣੀ ਵੰਡ ਨੂੰ, ਇਸ ਵਿਚ ਕੋਈ ਅਦਲਾ-ਬਦਲੀ ਕੀਤੇ ਬਿਨਾਂ, ਇਸਨੂੰ ਇਕ ਅਤਿ ਆਵਸ਼ੱਕ ਢੰਗ ਵਜੋਂ ਵਰਤਿਆ ਜਾਏ। ਹਿੰਦੁਸਤਾਨੀ ਸਮਾਜ ਨੂੰ ਨੇਮਬੱਧ ਕਰਨ ਦੇ ਉਪ੍ਰੋਕਤ ਅਸੂਲਾਂ ਨੂੰ ਕਿੰਝ ਲਾਗੂ ਕੀਤਾ ਗਿਆ, ਉਸਦੀ ਇਕ ਮਹੱਤਵਪੂਰਨ ਮਿਸਾਲ ਉਹ ਨਵੀਆਂ ਨਹਿਰੀ ਬਸਤੀਆਂ ਹਨ ਜਿਹੜੀਆਂ ਬਾਰ ਵਿਚ ਖੇਤੀ ਹੇਠ ਲਿਆਂਦੀ ਗਈ ਨੌਤੋੜ ਜ਼ਮੀਨ ਦੇ 40 ਲੱਖ ਏਕੜ ਰਕਬੇ ਵਿਚ ਖੇਤੀ ਲਈ ਮਾਲਕੀ ਹੱਕਾਂ ਨਾਲ ਤਕਸੀਮ ਕਰਕੇ 1885-1940 ਦੇ ਵਿਚਕਾਰ ਵਸਾਈਆਂ ਗਈਆਂ ਸਨ।

ਆਪਣੇ ਇਸ ''ਨਰੋਏ ਅਸੂਲ'' ਤੇ ਕਾਇਮ ਰਹਿੰਦਿਆਂ ਕਿ ''ਪ੍ਰਚਲਤ ਸਮਾਜੀ ਤੇ ਆਰਥਿਕ ਪ੍ਰਬੰਧ ਨੂੰ ਨਹੀਂ ਹਿਲਾਇਆ-ਜੁਲਾਇਆ ਜਾਏਗਾ'', ਬਰਤਾਨੀਆਂ ਸਰਕਾਰ ਨੇ ਯਕੀਨੀ ਬਣਾਇਆ ਕਿ ''ਮੁਜ਼ਾਰਿਆਂ, ਖੇਤ ਮਜ਼ਦੂਰਾਂ ਤੇ ਹੋਰ ਬੇਜ਼ਮੀਨੇ ਲੋਕਾਂ ਨੂੰ ਉਪ੍ਰੋਕਤ ਜ਼ਮੀਨ ਵਿਚ ਵਸਾਉਣ ਲਈ ਦਸਤੂਰਨ ਨਾ ਚੁਣਿਆ ਜਾਏ।'' ਇਹ ਜ਼ਮੀਨ ਉਤਲੀਆਂ ਜਾਤੀਆਂ ਦੇ ਲੋਕਾਂ ਨੂੰ ਜ਼ਮੀਨ ਮਾਲਕੀ ਦੀ ਉਹਨਾਂ ਦੀ ਉਸ ਵੇਲੇ ਦੀ ਹੈਸੀਅਤ ਦੇ ਅਨੁਸਾਰ ਤਕਸੀਮ ਕੀਤੀ ਗਈ। ਉਸ ਵੇਲੇ ਦੇ ਦਸਤੂਰ ਅਨੁਸਾਰ ਮਜ਼ਬੀਆਂ, ਬਾਲਮੀਕੀਆਂ ਤੇ ਰਵੀਦਾਸੀਆਂ ਨੂੰ ਜ਼ਮੀਨ ਦੀ ਮਾਲਕੀ ਦਾ ਅਧਿਕਾਰ ਨਹੀਂ ਸੀ। ਵਾਸਤਵ ਵਿਚ ਪਿੰਡ ਦੀ ਸਾਂਝੀ ਜ਼ਮੀਨ-ਸ਼ਾਮਲਾਟ ਵਿਚ ਵੀ ਜ਼ਮੀਨਾਂ ਦੇ ਮੌਰੂਸੀ ਮਾਲਕ ਭਾਈਚਾਰੇ ਨੂੰ ਹੀ ਦਖਲ ਹਾਸਲ ਸੀ। ਜਿਸ ਤਰ੍ਹਾਂ ਅੰਬੇਦਕਰ ਨੇ 1954 ਵਿਚ ਰਾਜ ਸਭਾ ਨੂੰ ਦੱਸਿਆ ਸੀ, 'ਅਛੂਤ' ਅਤੇ 'ਕੰਮੀ' ਉਹਨਾਂ ਜ਼ਮੀਨਾਂ ਵਿਚ ਪੱਕੇ ਮਕਾਨ ਵੀ ਨਹੀਂ ਸਨ ਬਣਾ ਸਕਦੇ, ਜਿਨ੍ਹਾਂ ਵਿਚ ਉਹ ਵਸੇ ਹੋਏ ਹੁੰਦੇ ਸਨ। ਉਹਨਾਂ ਨੂੰ ਹਮੇਸ਼ਾ ਇਹ ਡਰ ਰਹਿੰਦਾ ਸੀ ਕਿ ਇਹ ਨਾ ਹੋਵੇ, ਪੰਜਾਬ ਦੇ ਜ਼ਿੰਮੀਦਾਰ ਉਹਨਾਂ ਨੂੰ ਜਦੋਂ ਚਾਹੁਣ ਕਿਧਰੇ ਕੱਢ ਦੇਣ।''

ਇਕ ਹੋਰ ਉਦਾਹਰਣ, ਜਿਹੜੀ ਆਪਣੇ ਮਾੜੇ ਸਿੱਟਿਆਂ ਕਾਰਨ ਹੋਰ ਵੀ ਅਰਥ ਭਰਪੂਰ ਸੀ, ਉਹ ਸੀ 1901 ਦਾ ਪੰਜਾਬ ਐਂਡ ਐਲੀਏਨੇਸ਼ਨ ਐਕਟ। ਇਹ ਕਾਨੂੰਨ ਕਹਿਣ ਨੂੰ ਕਰਜ਼ਾਈ ਜ਼ਿੰਮੀਦਾਰਾਂ ਨੂੰ ਖੱਤਰੀ, ਅਰੋੜੇ ਜਾਂ ਬ੍ਰਾਹਮਣ ਸੂਦਖੋਰਾਂ ਤੋਂ ਬਚਾਉਣ ਦੇ ਮੰਤਵ ਨਾਲ ਲਾਗੂ ਕੀਤਾ ਗਿਆ ਸੀ। ਇਸ ਅਧੀਨ ਖੇਤੀ ਜ਼ਮੀਨ ਕੇਵਲ ਉਹੀ ਲੋਕ ਖਰੀਦ ਜਾਂ ਹਾਸਲ ਕਰ ਸਕਦੇ ਸਨ ਜਿਹੜੇ ਕਾਸ਼ਤਕਾਰ ਕਰਾਰ ਦਿੱਤੀਆਂ ਗਈਆਂ ਜਾਤੀਆਂ ਨਾਲ ਸੰਬੰਧਤ ਹੁੰਦੇ ਸਨ। ਹੇਠਲੀਆਂ ਜਾਤੀਆਂ ਨਾਲ ਸੰਬੰਧਤ ਲੋਕ, ਜੇ ਉਹ ਕਾਸ਼ਤਕਾਰ ਕਬੀਲਿਆਂ ਵਿਚੋਂ ਨਹੀਂ ਸਨ ਹੁੰਦੇ, ਖੇਤੀ ਵਾਲੀ ਜ਼ਮੀਨ ਨਹੀਂ ਸਨ ਖਰੀਦ ਸਕਦੇ ਭਾਵੇਂ ਉਹਨਾਂ ਵਿਚੋਂ ਕੁਝ ਇਕਨਾਂ ਵਿਚ ਇਹ ਸਮਰੱਥਾ ਵੀ ਹੁੰਦੀ ਸੀ ਕਿ ਉਹ ਖੇਤੀ ਲਈ ਜ਼ਮੀਨ ਖਰੀਦ ਸਕਣ। (ਇਹ ਕੇਵਲ ਆਜ਼ਾਦੀ ਤੋਂ ਪਿੱਛੋਂ ਹੋਇਆ ਕਿ ਡਾ. ਅੰਬੇਦਕਰ ਨੇ ਕਾਨੂੰਨ ਮੰਤਰੀ ਵਜੋਂ 1952 ਵਿਚ ਇਹ ਮਤਾ ਪੇਸ਼ ਕੀਤਾ ਕਿ ਅਸਮਾਨਤਾ ਪੈਦਾ ਕਰਨ ਵਾਲਾ ਉਪਰੋਕਤ ਖਤਰਨਾਕ ਕਾਨੂੰਨ ਖਤਮ ਕੀਤਾ ਜਾਏ) ਵਿਸ਼ੇਸ਼ ਅਧਿਕਾਰ ਦਿੰਦੇ ਇਸ ਅਸਾਧਾਰਨ ਐਕਟ ਨੇ ਜੱਟ ਕਾਸ਼ਤਕਾਰਾਂ (ਜਿਹਨਾਂ ਵਿਚੋਂ ਕੇਂਦਰੀ ਪੰਜਾਬ ਵਿਚ 80 ਫੀਸਦੀ 1921 ਤਕ ਸਿੱਖ ਬਣ ਚੁੱਕੇ ਸਨ) ਦੇ ਸਮੂਹਕ ਗਲਬੇ ਨੂੰ ਹੋਰ ਪੱਕਾ ਕਰ ਦਿੱਤਾ ਤੇ ਸਮਾਜੀ ਤੌਰ 'ਤੇ ਉੱਚੇ ਹੋਣ ਦੀ ਉਹਨਾਂ ਦੀ ਭਾਵਨਾ ਤੇ ਗੁਮਾਨ ਵਿਚ ਹੋਰ ਵਾਧਾ ਕਰ ਦਿੱਤਾ।

ਦੂਸਰੇ ਪਾਸੇ ਮਜ਼ਹਬੀ ਸਿੱਖਾਂ ਦੇ ਦਰਜੇ ਵਿਚ ਵੀ ਕੁਝ ਤਬਦੀਲੀ ਕੀਤੀ ਗਈ, ਜਦੋਂ ਸ਼ਾਹੀ ਸੈਨਾ ਦੀਆਂ ਵੱਖਰੀਆਂ ਰਜਮੈਂਟਾਂ ਵਿਚ ਉਹਨਾਂ ਦੀ ਭਰਤੀ ਖੋਲ੍ਹੀ ਗਈ। 1857 ਦੇ ਗ਼ਦਰ ਸਮੇਂ ਦਿੱਲੀ ਦਾ ਘੇਰਾ ਪਾਉਣ ਲਈ ਪਹਿਲੋਂ ਪਹਿਲ 12000 ਦੀ ਨਫਰੀ ਵਾਲੇ ਮਜ਼ਹਬੀ ਸਿੱਖ ਦਸਤੇ ਕਾਇਮ ਕੀਤੇ ਗਏ। ਪਰ 1911 ਵਿਚ ਮਜ਼ਹਬੀ ਸਿੱਖ ਸੈਨਿਕਾਂ ਦੀ ਗਿਣਤੀ ਘੱਟ ਕੇ ਕੇਵਲ 1628 ਹੀ ਰਹਿ ਗਈ ਸੀ, ਜਿਹੜੀ ਉਹਨਾਂ ਦੀ 1857 ਦੀ ਗਿਣਤੀ ਦਾ 16 ਫੀਸਦੀ ਹੀ ਸੀ ਜਦਕਿ ਸ਼ਾਹੀ ਸੈਨਾ ਵਿਚ ਸਿੱਖਾਂ ਦੀ ਕੁੱਲ ਗਿਣਤੀ 10888 ਸੀ, ਇਹਨਾਂ ਵਿਚੋਂ ਜੱਟ ਸੈਨਿਕਾਂ ਦੀ ਗਿਣਤੀ 6626 ਸੀ। ਮਜ਼ਹਬੀ ਸਿੱਖਾਂ ਨੇ ਗੰਦਗੀ ਚੁੱਕਣ ਤੇ ਝਾੜੂ ਦੇਣ ਦੇ ਰਵਾਇਤੀ ਕਿੱਤੇ ਛੱਡ ਦਿੱਤੇ ਸਨ, ਜਿਸ ਕਰਕੇ ਉਹਨਾਂ ਆਪਣੀ ਸਥਿਤੀ ਕੁਝ ਬਦਲ ਲਈ ਸੀ। ਇਸੇ ਕਰਕੇ ਉਹਨਾਂ ਨੂੰ ਕੁਝ ਹੱਦ ਤੱਕ ਸੈਨਿਕਾਂ ਵਜੋਂ ਭਰਤੀ ਕਰਨ ਦੇ ਯੋਗ ਸਮਝਿਆ ਜਾਣ ਲੱਗਾ ਸੀ। ਪ੍ਰਤੱਖ ਹੈ ਕਿ ਬਰਤਾਨਵੀ ਹਾਕਮ ਉਹਨਾਂ ਨੂੰ ਵਧੀਆ ਸੈਨਿਕ ਗਿਣਦੇ ਸਨ। ਇਹ ਗੱਲ ਨੋਟ ਕੀਤੀ ਗਈ ਕਿ ਉਹ ਉੱਚੀ ਪੱਧਰ ਦੇ ਸੈਨਿਕ ਹਨ, ''ਅਤੇ ਸਾਡੀਆਂ ਕਈ ਰਿਜਮੈਂਟਾਂ ਮਜ਼ਹਬੀਆਂ ਉੱਤੇ ਹੀ ਕਾਇਮ ਹਨ।'' ਬਿੰਗਲੇ ਨੇ ਲਿਖਿਆ ਹੈ ਕਿ ''ਮਜ਼ਹਬੀ ਸਿੱਖ, ਜਿਹਨਾਂ ਨੂੰ ਘਿਰਣਾ ਨਾਲ ਚੂਹੜੇ ਜਾਂ ਭੰਗੀ ਕਿਹਾ ਜਾਂਦਾ ਸੀ, ਇਕਦਮ ਸੂਰਮੇ ਤੇ ਵਧੀਆ ਸੈਨਿਕ ਬਣ ਕੇ ਸਾਹਮਣੇ ਆਏ ਅਤੇ ਆਪਣੇ ਪੁਰਾਣੇ ਅਪਮਾਨਜਨਕ ਕਿੱਤੇ ਨੂੰ ਭੁੱਲ ਕੇ ਸੂਰਮਗਤੀ ਭਰੇ ਆਪਣੇ ਧਰਮ ਦੀ ਭਾਵਨਾ ਵਿਚ ਰੰਗੇ ਗਏ।'' ਮਗਰਲੀ ਗੱਲ ਵਿਚ ਇਸ ਪੱਖੋਂ ਖਾਸੀ ਅਤਿਕਥਨੀ ਸੀ, ਕਿਉਂਕਿ ਮਜ਼ਹਬੀਆਂ ਨੂੰ ਕੇਵਲ ਮਜ਼ਹਬੀ ਰਜਮੈਂਟਾਂ ਵਿਚ ਹੀ ਭਰਤੀ ਕੀਤਾ ਜਾਂਦਾ ਸੀ। ਇਹ ਰਜਮੈਂਟਾਂ ਸਨ ਸਿੱਖ ਪਾਇਨੀਅਰਜ਼ 23, 32 ਤੇ 34, ਜਿਹਨਾਂ ਨੂੰ ਬਾਅਦ ਵਿਚ ਸਿੱਖ ਲਾਈਟ ਇਨਫੈਂਟਰੀ ਦਾ ਨਾਂਅ ਦਿੱਤਾ ਗਿਆ। ਇਹ ਰਜਮੈਂਟਾਂ ਜੱਟ-ਸਿੱਖ ਰਜਮੈਂਟਾਂ ਨਾਲੋਂ ਉੱਕਾ ਹੀ ਵੱਖਰੀਆਂ ਤੇ ਨਿਖੜਵੀਆਂ ਸਨ। ਕਿਸੇ ਜੱਟ ਜਾਂ ਕਿਸੇ ਹੋਰ ਜਾਤੀ ਦੇ ਵਿਅਕਤੀ ਨੂੰ ਸਿੱਖ ਲਾਈਟ ਇਨਫੈਂਟਰੀ ਵਿਚ ਭਰਤੀ ਨਹੀਂ ਸੀ ਕੀਤਾ ਜਾ ਸਕਦਾ। ਦੂਜੇ ਪਾਸੇ ਸਿੱਖ ਰਜਮੈਂਟਾਂ ਵਿਚ, ਜਿਸ ਤਰ੍ਹਾਂ ਇਕ ਪੁਰਾਣੇ ਰਿਟਾਇਰਡ ਬ੍ਰਿਗੇਡੀਅਰ ਨੇ ਲੇਖਕ ਨੂੰ ਦੱਸਿਆ, ''ਲੁਬਾਣੇ ਸਿੱਖ ਨੂੰ ਵੀ ਭਰਤੀ ਨਹੀਂ ਸੀ ਕੀਤਾ ਜਾ ਸਕਦਾ।'' ਕਿਉਂਕਿ ਉਤਲੀਆਂ ਜਾਤੀਆਂ ਵਿਚ ਦੂਸ਼ਤ ਹੋਣ ਦਾ ਡਰ ਉਹਨਾਂ ਦੀ ਵਫਾਦਾਰੀ ਵਿਚ ਫਰਕ ਪਾ ਸਕਦਾ ਸੀ। ਤਾਂ ਵੀ ਸੈਨਾ ਵਿਚ ਭਰਤੀ ਦੇ ਯੋਗ ਸਮਝੇ ਜਾਣ ਨਾਲ ਮਜ਼ਹਬੀ ਸਿੱਖਾਂ ਵਿਚ ਸਵੈਮਾਣ ਦੀ ਭਾਵਨਾ ਜਾਗੀ ਤੇ ਉਹਨਾਂ ਨੂੰ ਹੋਰ ਅਛੂਤ ਜਾਤੀਆਂ ਵਿਚ ਇਕ ਵਿਸ਼ੇਸ਼ ਥਾਂ ਹਾਸਲ ਹੋ ਗਈ।''

ਤਾਂ ਵੀ ਪੰਜਾਬ ਵਿਚ ਵਿਕਾਸ ਦੇ ਜਿਹੜੇ ਕੁਝ ਇਕ ਕਦਮ ਚੁੱਕੇ ਗਏ, ਉਹਨਾਂ ਦੇ ਝੂੰਗੇ ਵਜੋਂ ਅਛੂਤ ਜਾਤੀਆਂ ਦੀਆਂ ਜੀਵਨ ਹਾਲਤਾਂ ਤੇ ਪਰਿਸਥਿਤੀਆਂ ਵਿਚ ਕਿੱਤਾ ਅਤੇ ਸਮਾਜੀ ਗਤੀਸ਼ੀਲਤਾ ਰਾਹੀਂ ਵਰਨਣਯੋਗ ਤਬਦੀਲੀ ਆਈ। ਇਕ ਤਬਦੀਲੀ ਇਹ ਸੀ ਕਿ ਨਹਿਰੀ ਬਸਤੀਆਂ ਦੇ ਵਿਕਾਸ ਦੇ ਸਮੇਂ ਮਿਹਨਤੀ ਲੋਕਾਂ ਨੇ ਵੱਡੇ ਪੈਮਾਨੇ ਉੱਤੇ ਉਸ ਪਾਸੇ ਵਲ ਚਾਲੇ ਪਾਏ ਤੇ ਉਥੇ ਜਾ ਕੇ ਉਹਨਾਂ ਆਪਣੇ ਰਵਾਇਤੀ ਕਿੱਤਿਆਂ ਦੀ ਥਾਂ ਨਵੇਂ ਕਿੱਤੇ ਅਪਣਾ ਲਏ। ਜੱਟਾਂ ਜਾਂ ਕਥਿਤ ਆਰੀਆਈ ਲੋਕਾਂ ਤੋਂ ਬਾਅਦ ਨਹਿਰੀ ਬਸਤੀਆਂ ਵਲ ਚਾਲੇ ਪਾਉਣ ਵਾਲੇ ਸਭ ਤੋਂ ਵੱਡੇ ਗ੍ਰੋਹ ਮਜ਼ਹਬੀ ਤੇ ਰਵੀਦਾਸੀਏ ਸਨ। ਮਿਸਾਲ ਲਈ ਚਨਾਬ ਬਸਤੀ ਵਿਚ ਆਏ ਕੁੱਲ ਪ੍ਰਵਾਸੀਆਂ ਵਿਚੋਂ 41,944 ਸਫਾਈ ਮਜ਼ਦੂਰ ਸਨ ਤੇ 26934 ਰਵੀਦਾਸੀਏ ਸਨ, ਜਦਕਿ 1502 ਮਜ਼ਹਬੀ ਸਨ। ਸਿੰਜਾਈ ਪ੍ਰਾਜੈਕਟਾਂ ਜਾਂ ਨਹਿਰੀ ਬਸਤੀਆਂ ਵਿਚ ਪਰਵਾਸ ਦਾ ਨਿਰਣਾ ਜਾਤੀ ਨਾਲ ਸਬੰਧਤ ਪੰਚਾਇਤਾਂ ਦੇ ਸਮੂਹਕ ਫੈਸਲਿਆਂ ਉੱਤੇ ਆਧਾਰਤ ਹੁੰਦਾ ਸੀ ਅਤੇ ਇਹ ਗੱਲ ਜਾਤੀ ਗਤੀਸ਼ੀਲਤਾ ਦਾ ਅਤੇ ਉਨ੍ਹਾਂ ਦੀ ਸਥਿਤੀ ਵਿਚ ਸੁਧਾਰ ਦਾ ਆਧਾਰ ਬਣ ਗਈ।

ਥੋੜ੍ਹੀ ਜਿਹੀ ਗਿਣਤੀ ਵਿਚ ਰਿਟਾਇਰਡ ਮਜ਼ਹਬੀ ਸੈਨਿਕਾਂ ਨੂੰ ਵੀ ਦੋ ਮਜ਼ਹਬੀ ਬਸਤੀਆਂ ਵਿਚ ਜ਼ਮੀਨਾਂ ਅਲਾਟ ਕੀਤੀਆਂ ਗਈਆਂ। ਬਾਅਦ ਵਿਚ ਇਹ ਗੱਲ ਸਾਹਮਣੇ ਆਈ ਕਿ ਇਹਨਾਂ ਅਲਾਟੀਆਂ ਵਿਚੋਂ ਅੱਧੇ ਤੋਂ ਵੱਧ ਜ਼ਮੀਨਾਂ ਦੇ ਮਾਲਕ ਜਾਂ ਮੁਜ਼ਾਰੇ ਬਣ ਗਏ ਅਤੇ 13 ਫੀਸਦੀ ਬੇ-ਜ਼ਮੀਨੇ ਖੇਤ ਮਜ਼ਦੂਰਾਂ ਵਜੋਂ ਕੰਮ ਕਰਨ ਲੱਗੇ। ਕੁਝ ਚੁਣਵੇਂ ਖੇਤਰਾਂ ਵਿਚ ਅਜਿਹੇ ਮਜ਼ਹਬੀ ''ਕਾਸ਼ਤਕਾਰ ਜਾਤੀਆਂ'' ਵਿਚ ਗਿਣੇ ਜਾਣ ਲੱਗੇ। ਸ਼ਾਹੀ ਫੌਜ ਵਿਚ ਸੈਨਿਕਾਂ ਵਜੋਂ ਉਹਨਾਂ ਦੀ ਭਰਤੀ ਨੇ ਹਿੰਦੂ ਭੰਗੀਆਂ ਦੇ ਮੁਕਾਬਲੇ ਵਿਚ ਉਹਨਾਂ ਦੀ ਸਮੂਹਿਕ ਸਥਿਤੀ ਵਿਚ ਪਹਿਲਾਂ ਹੀ ਕੁਝ ਬਿਹਤਰੀ ਲੈ ਆਂਦੀ ਸੀ। ਸਮਝਿਆ ਇਹੀ ਜਾਂਦਾ ਸੀ ਕਿ ਸਿੱਖ ਸਮਾਜ ਵਿਚ ਸਿੱਖ ਮਜ਼ਹਬੀਆਂ ਨੂੰ ਜਿਹੜੀ ਕੁਝ ਬਿਹਤਰ ਥਾਂ ਹਾਸਲ ਹੋ ਗਈ ਸੀ, ਉਹ ਵਧੇਰੇ ਕਰਕੇ ਉਸ ਰਿਆਇਤ ਦਾ ਸਿੱਟਾ ਸੀ, ਜਿਹੜੀ ਅੰਗਰੇਜ਼ਾਂ ਨੇ ਉਹਨਾਂ ਪ੍ਰਤੀ ਦਿਖਾਈ ਸੀ। ਇਸ ਲਿਹਾਜ਼ ਜਾਂ ਰਿਆਇਤੀ ਸਲੂਕ ਦਾ ਕਾਰਨ ਇਹ ਸੀ ਕਿ ਮਜ਼ਹਬੀ ਸਿੱਖਾਂ ਨੇ ਗ਼ਦਰ ਸਮੇਂ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ।

ਆਵਾਸੀ ਰਵਿਦਾਸੀਆਂ ਵਿਚੋਂ ਕੇਵਲ 26 ਫੀਸਦੀ ਨੇ ਆਪਣਾ ਜੱਦੀ ਕਿੱਤਾ ਜਾਰੀ ਰੱਖਿਆ, ਹੋਰਨਾਂ ਨੇ ਖੇਤ ਮਜ਼ਦੂਰਾਂ, ਬੁਣਕਰਾਂ, ਮੁਜ਼ਾਰਿਆਂ ਤੇ ਮਜ਼ਦੂਰਾਂ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਨਹਿਰਾਂ ਉੱਤੇ ਕੰਮ ਕਰਦੇ ਆਮ ਮਜ਼ਦੂਰਾਂ ਦੀ ਗਿਣਤੀ, ਜਿਹੜੀ 1891 ਵਿਚ 3,71,940 ਸੀ, 1901 ਵਿਚ ਵਧ ਕੇ 8,32,689 ਹੋ ਗਈ ਸੀ। ਇਹਨਾਂ ਵਿਚੋਂ ਬਹੁਤੇ ਮਜ਼ਦੂਰ 'ਅਛੂਤ ਜਾਤੀਆਂ' ਨਾਲ ਸਬੰਧਤ ਸਨ। ਐਚ.ਏ. ਰੋਜ਼ ਦੀ ਖੋਜ ਅਨੁਸਾਰ, ''1901 ਵਿਚ ਕਥਿਤ ਚੂਹੜੇ ਤੇ ਚਮਾਰ ਪੰਜਾਬ ਵਿਚ ਭੰਗੀਆਂ, ਸਫਾਈ ਕਰਨ ਵਾਲਿਆਂ ਜਾਂ ਚਮੜੇ ਦਾ ਕੰਮ ਕਰਨ ਵਾਲਿਆਂ ਦੀ ਥਾਂ ਆਮ ਮਜ਼ਦੂਰਾਂ ਵਜੋਂ ਕੰਮ ਕਰ ਰਹੇ ਸਨ।'' ਇਹਨਾਂ ਬਸਤੀਆਂ ਦੇ ਵਸਣ ਤੇ ਵਪਾਰਕ ਕੇਂਦਰ ਕਾਇਮ ਹੋਣ ਦੇ ਸਿੱਟੇ ਵਜੋਂ ਕਈ ਨਵੇਂ ਕਸਬੇ ਅਤੇ ਇਹਨਾਂ ਦੇ ਆਲੇ-ਦੁਆਲੇ ਕਈ ਮੰਡੀਆਂ ਵਸ ਗਈਆਂ। ਕੁਝ ਅਛੂਤ ਲੋਕ, ਜ਼ਿਆਦਾਤਰ ਰਵਿਦਾਸੀਏ, ਇਹਨਾਂ ਕਸਬਿਆਂ ਵਿਚ ਚਲੇ ਗਏ ਜਿਥੇ ਉਹ ਮੰਡੀਆਂ ਵਿਚ ਜਾਂ ਮਿਊਂਸਪਲ ਸੇਵਾਵਾਂ ਵਿਚ ਕੰਮ ਕਰਨ ਲੱਗ ਪਏ। ਸਮੂਹਿਕ ਗਤੀਵਿਧੀਆਂ ਦੇ ਮੁਕਾਬਲੇ ਅਛੂਤ ਜਾਤੀਆਂ ਦੇ ਵਿਅਕਤੀਗਤ ਮੈਂਬਰ ਨਕਦ ਕਮਾਈ ਕਰਨ ਲਈ ਸ਼ਹਿਰਾਂ ਤੇ ਕਸਬਿਆਂ ਵਿਚ ਚਲੇ ਗਏ, ਜਿਥੇ ਉਹਨਾਂ ਆਪਣੇ ਕਿੱਤੇ ਬਦਲ ਲਏ। ਉਹਨਾਂ ਵਿਚੋਂ ਕਈ ਹੁਨਰਮੰਦ ਦਸਤਕਾਰ ਬਣ ਗਏ ਤੇ ਕਈ ਹਾਲਤਾਂ ਵਿਚ ਪੇਸ਼ਾਵਰ ਸ਼੍ਰੇਣੀਆਂ ਵਿਚ ਸ਼ਾਮਲ ਹੋ ਗਏ। ਅਜਿਹੇ ਮਾਮਲਿਆਂ ਵਿਚ ਸਮਾਜੀ ਹੈਸੀਅਤ ਵਿਚ ਵਾਧਾ ਵਿਅਕਤੀਗਤ ਇਰਾਦੇ ਤੇ ਉੱਦਮ ਦਾ ਸਿੱਟਾ ਸੀ। ਮੰਡੀ ਅਰਥਚਾਰੇ ਅਤੇ ਨਕਦ ਉਜਰਤਾਂ ਦੇ ਰਾਇਜ ਹੋਣ ਦੇ ਕਾਰਨ ਅਛੂਤ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਦੀਆਂ ਜੀਵਨ ਹਾਲਤਾਂ ਤੇ ਸਵੈ-ਸੰਕਲਪ ਵਿਚ ਬਹੁਤ ਵੱਡਾ ਫਰਕ ਪਿਆ।

ਇਸਦੇ ਨਾਲ ਹੀ ਵਿਦਿਆ ਦੀ ਵਿਵਸਥਾ ਵਿਚ ਵੀ ਬਿਹਤਰੀ ਹੋਈ ਤੇ ਸਰਕਾਰੀ ਅਸਾਮੀਆਂ ਭਰਨ ਦੀ ਸ਼ਕਲ ਵਿਚ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਏ। ਫੈਕਟਰੀਆਂ ਸ਼ੁਰੂ ਹੋਣ ਨਾਲ ਹੁਨਰਮੰਦ ਤੇ ਗੈਰ ਹੁਨਰਮੰਦ ਮਜ਼ਦੂਰਾਂ ਲਈ ਵੀ ਨਵੇਂ ਮੌਕੇ ਪੈਦਾ ਹੋਏ। 1911 ਦੀ ਮਰਦਮਸ਼ੁਮਾਰੀ ਅਨੁਸਾਰ 13200 ਰਵਿਦਾਸੀਏ ਸਿੱਖ ਤੇ 2150 ਮਜ਼ਹਬੀ ਸਿੱਖ ਚਮੜਾ ਕਮਾਉਣ ਦੇ ਜੱਦੀ ਪੇਸ਼ੇ ਵਿਚ ਕੰਮ ਕਰ ਰਹੇ ਸਨ। ਆਰਥਿਕ ਤਬਦੀਲੀ ਕਾਰਨ ਆਈ ਸਮਾਜੀ ਗਤੀਸ਼ੀਲਤਾ ਨੇ ਸਮੂਹਿਕ ਤੇ ਵਿਅਕਤੀਗਤ ਉਦਮ ਤੇ ਕਿੱਤਿਆਂ ਵਿਚ ਤਬਦੀਲੀ ਨੂੰ ਉਤਸ਼ਾਹਤ ਕੀਤਾ ਅਤੇ ਸਿੱਖ ਭਾਈਚਾਰੇ ਵਿਚ ਜਾਤੀ ਸਬੰਧਾਂ ਦੀਆਂ ਪਦਾਰਥਕ ਹਾਲਤਾਂ ਵਿਚ ਪਰਿਵਰਤਨ ਲਿਆਂਦਾ।

ਐਥਨੇ ਮਾਰੈਂਕੋ ਦਾ ਵਿਸ਼ਵਾਸ ਹੈ ਕਿ ਬਰਤਾਨਵੀ ਹਾਕਮ ਜ਼ਬਾਨੀ-ਕਲਾਮੀ ਤਾਂ ਜਾਤੀ ਵੰਡ ਪ੍ਰਣਾਲੀ ਨੂੰ ਬੁਰਾ ਆਖਦੇ ਸਨ, ਪਰ ਕਿਸੇ ਤਰ੍ਹਾਂ ਦੀ ਸਮਾਜੀ ਆਰਥਿਕ ਤਬਦੀਲੀ ਨੂੰ ਇਕ ਅਜਿਹਾ ਕਾਰਨ ਵੀ ਸਮਝਦੇ ਸਨ ਜਿਹੜਾ ਵਰਣ ਆਸ਼ਰਮ ਨੂੰ ਕਮਜ਼ੋਰ ਕਰੇਗਾ।

**(ਬਾਕੀ ਅਗਲੇ ਅੰਕ 'ਚ)**

ਕਹਾਣੀ

# ਮੋਮਬੱਤੀ ਦਾ ਚਾਨਣ

ਸ਼ਰਨਜੀਤ ਕੌਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਮੈਨੂੰ ਜਾਪਦਾ ਕਿ ਇਉਂ ਘੜੀ ਮੁੜੀ, ਮਾਮੇ ਨੂੰ ਸਿੱਧੂ ਹੀ ਭੇਜਦਾ ਏ, ਪਰ ਮੈਨੂੰ ਇਹ ਉੱਕਾ ਸਮਝ ਨਾ ਪੈਂਦੀ ਕਿ ਸਿੱਧੂ ਦੀਪਾ ਨਾਲ ਵਿਆਹ ਦੇ ਰਿਸ਼ਤੇ ਦੀ ਗੱਲ ਕਿਉਂ ਨ੍ਹੀਂ ਕਰਦਾ? ਹੁਣ ਤਾਂ ਦੀਪਾ ਖੁੱਲ੍ਹੇ ਦਾਅ ਉਸ ਨਾਲ ਘੁੰਮਦੀ ਫਿਰਦੀ ਸੀ। ਪਤਾ ਨੀ ਕਿਥੇ-ਕਿਥੇ ਜਾਂਦੇ, ਕਿਥੇ-ਕਿਥੇ ਕੁੱਕੜ ਖੇਹ ਉਡਾਂਦੇ ਸਨ...।

ਇਕ ਦਿਨ ਸਵੇਰੇ-ਸਵੇਰੇ ਹੀ ਮੇਰਾ ਮਾਮਾ, ਮਾਮੀ ਤੇ ਸਿੱਧੂ, ਤਿੰਨੇ ਜਣੇ ਸਾਡੇ ਘਰ ਆਏ। ਮੈਂ ਅੰਦਰੋਂ ਹਿੱਲ ਗਈ ਕਿ ਪਤਾ ਨ੍ਹੀਂ ਹੁਣ ਇਹ ਕੀ ਨਵੀਂ ਯੋਜਨਾ ਲੈ ਕੇ ਆਏ ਨੇ, ਅੱਗੇ ਤਾਂ ਕਦੀ, ਇਉਂ ਇਕੱਠੇ ਨਹੀਂ ਸਨ ਆਏ। ਮੇਰੀ ਮਾਂ ਡਾਢੀ ਖੁਸ਼ ਹੁੰਦੀ, ਉਨ੍ਹਾਂ ਦੇ ਅੱਗੇ ਪਿੱਛੇ ਹੋਣ ਲੱਗੀ ਸੀ। ਉਸ ਮੈਨੂੰ ਚਾਹ ਧਰਨ ਲਈ ਕਿਹਾ ਤੇ ਆਪ ਗੱਲੀਂ ਲੱਗ ਗਈ। ਚਾਹ ਬਣਾਉਂਦੀ ਦੇ ਮੇਰੇ ਕੰਨੀ ਗਲ ਪਈ...ਮਾਮਾ ਕਹਿ ਰਿਹਾ ਸੀ...“ਭੈਣ ਜੀ! ਅਸੀਂ ਕੋਈ ਤੁਹਾਥੋਂ ਬਾਹਰੇ ਨਹੀਂ। ਜੀਜਾ ਜੀ ਨਹੀਂ ਇਸ ਲਈ ਮੇਰੀ ਇਨ੍ਹਾਂ ਕੁੜੀਆਂ ਲਈ ਜ਼ਿੰਮੇਵਾਰੀ ਬਣਦੀ ਏ। ਗੱਲ ਧਿਆਨ ਗੋਚਰ ਏ।” “ਹਾਂ। ਹਾਂ। ਮੈਂ ਤੁਹਾਥੋਂ ਕੋਈ ਬਾਹਰੀ ਹਾਂ ਉਨ੍ਹਾਂ ਦੇ ਜਾਣ ਮਗਰੋਂ ਮੈਨੂੰ ਤੁਹਾਡਾ ਹੀ ਤਾਂ ਆਸਰਾ ਵੇ, ਮੇਰਾ ਹੋਰ ਕੌਣ ਵੇ।”

ਮੇਰਾ ਮਾਮਾ ਮੇਰੀ ਮਾਂ ਦੀ ਗੱਲ ਸੁਣ ਅੱਗੋਂ ਬੋਲਿਆ, “ਗੱਲ ਇਹ ਵੇ ਕਿ ਮੈਨੂੰ ਕੁੜੀਆਂ ਦੀ ਚਿੰਤਾ ਦਿਨ ਰਾਤ ਖਾਈ ਜਾਂਦੀ ਏ, ਭੈਣ ਜੀ ਤੁਸੀਂ ਆਪ ਸਿਆਣੇ ਹੋ ਵੱਡੀ ਦੀ ਗੱਲ ਤਾਂ ਹੁਣ ਸਮਝੋ...” ਉਹ ਮਿੰਟ ਕੁ ਮਿੰਟ ਰੁਕਿਆ ਕੋਈ ਨਾ, “ਉਸਦਾ ਰਿਸ਼ਤਾ ਵੀ ਹੁਣ ਮੈਂ ਕਿਤੇ ਨਾ ਕਿਤੇ ਲੱਭ ਲੂੰਗਾ, ਪਰ ਹੁਣ ਗੱਲ ਤਾਂ ਇਸ ਨਿੱਕੀ ਦੀ ਏ। ਮੈਂ ਐਂ ਸੋਚਦਾਂ। ਭਈ ਕਿਉਂ ਨਾ ਪਹਿਲਾਂ ਨਿੱਕੀ ਦਾ ਹੀ ਆਪਾ ਕਾਰਜ ਸਵਾਰ ਲਈਏ।”

“ਠੀਕ ਏ! ਭਾਈ ਜੇ ਤੁਹਾਡੀ ਨਜ਼ਰੀਂ ਕੋਈ ਪੜ੍ਹਿਆ-ਲਿਖਿਆ ਮੁੰਡਾ ਹੈ ਵੇ ਤਾਂ ਦੱਸੋ, ਤੁਹਾਨੂੰ ਪਤੈ ਕਿ ਰਾਣੋ ਹੁਣ ਐਮ.ਏ. ਕਰ ਬੈਠੀ ਏ, ਸਿਆਣੀ ਏ”...

ਮਾਂ ਨੂੰ ਕੁਝ ਹੋਰ ਬੋਲਣ ਦੇਣ ਤੋਂ ਪਹਿਲਾਂ ਹੀ ਮੇਰੀ ਮਾਮੀ ਝੱਟ ਬੋਲੀ, “ਹਾਂ! ਭੈਣ ਜੀ ਮੁੰਡਾ ਤਾਂ ਘਰੇ ਹੀ ਹੈਗਾ।”

“ਘਰੇ!” ਮਾਂ ਨੇ ਹੈਰਾਨ ਪਰੇਸ਼ਾਨ ਹੁੰਦਿਆਂ ਕਿਹਾ, “ਆਹੋ! ਆਹ ਆਪਣਾ ਸ਼ੇਰ” ਉਸ ਸਿੱਧੂ ਦੀ ਪਿੱਠ ‘ਤੇ ਪਿਆਰ ਦਾ ਥੱਪਾ ਮਾਰਦਿਆਂ ਕਿਹਾ।

“ਸਿੱਧੂ!” ਹੈਰਾਨੀ ਨਾਲ ਮਾਂ ਬਸ ਇੰਨਾ ਕੁ ਆਖ ਹੀ ਚੁੱਪ ਕਰ ਗਈ।

“ਮਾਸੀ ਜੀ। ਕੀ ਗੱਲ ਤੁਸੀਂ ਕੁਝ ਨ੍ਹੀਂ ਬੋਲੇ। ਮੈਨੂੰ ਤੇ ਇਹ ਘਰ ਆਪਣਾ ਹੀ ਲੱਗਦਾ ਏ। ਮੈਂ ਤਾਂ ਐਥੇ ਹੀ ਰਹਿ ਲੂੰ, ਤੁਹਾਨੂੰ ਜ਼ਰਾ ਵੀ ਔਖ ਨਹੀਂ ਹੋਣੀ।” ਇਹ ਸਿੱਧੂ ਬੋਲ ਰਿਹਾ ਸੀ।

“ਉਹ ਤਾਂ ਠੀਕ ਏ ਪੁੱਤ! ਪਰ”....

“ਪਰ ਕੀ!” ਉਸ ਝੱਟਪਟ ਉਤਰ ਸੁਣਨ ਤੋਂ ਪਹਿਲਾਂ ਪ੍ਰਸ਼ਨ ਕਰ ਗੱਲ ਅਗਾਂਹ ਤੋਰੀ। ਰਾਣੀ ਤੋਂ ਪੁੱਛੇ ਬਿਨਾ ਕੋਈ ਹਾਮੀ ਨਹੀਂ ਭਰ ਸਕਦੀ।” ਮੈਂ ਸੁਣ ਸ਼ੁਕਰ ਕੀਤਾ ਕਿ ਮਾਂ ਨੇ ਵੀ ਕੁਝ ਹੌਸਲੇ ਨਾਲ ਗੱਲ ਕੀਤੀ ਏ।

“ਹੈਂ! ਤਾਂ ਕੀ, ਰਾਣੀ ਘਰੇ ਹੀ ਤਾਂ ਹੈ ਆਪਾਂ ਹੁਣੇ ਪੁੱਛ ਲੈਨੇ ਹਾਂ। ਉਹ ਤੇ ਬਹੁਤ ਸਿਆਣੀ ਕੁੜੀ ਏ ਸਭ ਸਮਝਦੀ ਏ। ਦੀਪਾ ਦੀ ਗੱਲ ਸਭ ਢਕੀ-ਢਕਾਈ ਰਹਿ ਜਾਏਗੀ।”

ਚਾਹ ਬਣ ਗਈ ਸੀ, ਕੱਪਾਂ ਵਿਚ ਚਾਹ ਪਾ, ਆਪਣੇ ਆਪ ਨੂੰ ਕਿਸੇ ਅਗਾਊਂ ਹੋਣੀ ਲਈ ਤਿਆਰ ਕਰ ਕੱਪਾਂ ਦੀ ਟਰੇਅ ਚੁੱਕ, ਮੈਂ ਮੇਜ਼ ‘ਤੇ ਲਿਆ ਧਰੀ। ਸਾਰਿਆਂ ਨੂੰ ਦੇਖ ਕੇ ਮੈਂ ਵੀ ਉਥੇ ਬਹਿ ਗਈ।

“ਰਾਣੀ! ਬਈ ਤੇਰਾ ਅਗਲਾ ਪ੍ਰੋਗਰਾਮ ਕੀ ਏ?” ਮਾਮਾ ਜੀ ਬੋਲੇ।

“ਮਾਮਾ ਜੀ! ਜੇ ਪੜ੍ਹਾਈ ਦਾ ਪ੍ਰੋਗਰਾਮ ਪੁੱਛਦੇ ਹੋ ਤਾਂ ਕੋਈ ਹੋਰ ਦੂਜੀ ਗੱਲ ਨਹੀਂ, ਬਸ ਐਮ.ਏ. ਤਾਂ ਸਮਝੋ ਪੂਰੀ ਹੋ ਗਈ। ਮੈਂ ਅੱਗੋਂ ਹੁਣ ਬੀ.ਐਡ ਕਰਨੀ ਏ।”

“ਬੀ.ਐਡ. ਤੂੰ ਕੀ ਕਰਨੀ ਏ? ਅਸਾਂ ਕਿਹੜਾ ਨੌਕਰੀ ਕਰਨੀ ਐ, ਬੀਬਾ! ਬਸ ਇੱਜ਼ਤ ਆਬਰੂ ਨਾਲ ਆਪੋ-ਆਪਣੇ ਘਰਾਂ ਵਿਚ ਜਾਵੋ ਤਾਂ ਜੋ ਤੇਰੀ ਮਾਂ ਤੇ ਅਸੀਂ ਸੁਰਖਰੂ ਹੋਈਏ।”

“ਮੈਂ ਤੁਹਾਡੀ ਗੱਲ ਸਮਝੀ ਨ੍ਹੀਂ।”

“ਗੱਲ ਇਹ ਵੇ ਭਾਈ ਐਹ ਤੇਰੀ ਮਾਮੀ ਤੈਨੂੰ ਬਹੁਤ ਪਸੰਦ ਕਰਦੀ ਏ ਤੇ ਸਿੱਧੂ ਲਈ ਰਿਸ਼ਤਾ ਮੰਗਦੀ ਏ।”

“ਰਿਸ਼ਤਾ ਕਿਹਦਾ ਰਿਸ਼ਤਾ।”

“ਤੇਰਾ ਭਈ! ਹੋਰ ਕੀਹਦਾ?”

“ਕਿਉਂ? ਮੈਂ ਲੂਲੀ ਲੰਗੜੀ ਆਂ ਜੁ ਇਸ ਬੁੱਢੇ ਨਾਲ...” ਅਜੇ ਮੈਂ ਇੰਨੀ ਕੁ ਗੱਲ ਮੂੰਹੋਂ ਕੱਢੀ ਕਿ ਮੇਰੇ ਮਾਮੇ ਨੇ ਮੇਰੇ ‘ਤੇ ਹੱਥ ਚੁੱਕਿਆ, ਪਰ ਝੱਟ ਹੀ ਸ਼ਾਂਤ ਹੁੰਦਿਆਂ, ਹੱਥ ਟਿਕਾਣੇ ‘ਤੇ ਕਰ ਲਿਆ।

“ਕਿਉਂ...ਸਾਨੂੰ ਖੂਹ ‘ਚ ਝੋਕ ਰਹੇ ਹੋ ਕਿ ਸਾਡਾ ਭਲਾ ਕਰ ਰਹੇ ਹੋ?”

ਮੇਰੀ ਮਾਂ ਬਿਟ ਬਿਟ ਮੇਰੇ ਵਲ ਝਾਕਦੀ ਨਿਮਾਣੀ ਜਿਹੀ ਹੋ ਬੋਲੀ। “ਆਹ ਕੀ ਕਹਿੰਦੀ ਏਂ ਰਾਣੋ?”

“ਮਾਂ ! ਠੀਕ ਕਹਿੰਦੀ ਹਾਂ ਮੈਂ...ਤੂੰ ਮੇਰੀ ਗੱਲ ਸਮਝਦੀ ਨਹੀਂ। ਗੱਲ ਤਾਂ ਉਹੀ ਏ।” ਮੈਂ ਕਹਿਣਾ ਚਾਹੁੰਦੀ ਸਾਂ, ਗੁਲਛਰੇ ਉਡਾਉਂਦੈ ਮੇਰੀ ਗਰੀਬੜੀ ਜਿਹੀ ਭੈਣ ਨਾਲ ਤੇ ਵਿਆਹ ਮੇਰੇ ਨਾਲ। ਮਰਦੂਦ ਕਿਤੋਂ ਦਾ...ਪਰ ਮੈਂ ਚੁੱਪ ਰਹੀ ਕਿ ਮੇਰੀ ਕਿਸੇ ਮੰਨਣੀ ਨਹੀਂ ਤੇ ਕਿਤੇ ਹੋਰ ਹੰਗਾਮਾ ਹੀ ਨਾ ਖੜਾ ਹੋ ਜਾਵੇ। ਪਰ ਨਾਲ ਹੀ ਮੈਂ ਸੋਚਿਆ ਲੱਗਦੇ ਹੱਥ ਇਨ੍ਹਾਂ ਨੂੰ ਕੁਝ ਸੁਣਾ ਹੀ ਦੇਵਾਂ ਤਾਂ ਜੋ ਮੁੜ ਮੁੜ ਇਹ ਸਿੱਧੂ ਮੈਨੂੰ ਤੰਗ ਹੀ ਨਾ ਕਰੇ।

“ਤੁਹਾਨੂੰ ਮੇਰੇ ਵਿਆਹ ਦੀ ਚਿੰਤਾ ਕਰਨ ਦੀ ਲੋੜ ਨ੍ਹੀਂ, ਮੈਂ ਆਪੇ ਲੱਭ ਲੂੰਗੀ ਮੁੰਡਾ।”

“ਨਾ! ਤੇ ਅਸੀਂ ਕੋਈ ਤੇਰੇ ਦੁਸ਼ਮਣ ਹਾਂ।” ਮਾਮੀ ਬੋਲੀ ਸੀ। “ਸਾਨੂੰ ਵੀ ਤੇ ਦੱਸ ਆਖਰ ਕਿਹੜੇ ਮੁੰਡੇ ‘ਤੇ ਲੱਟੂ ਹੋਈ ਫਿਰਦੀ ਏਂ ਤੇ ਕਿਹਦੇ ਸਿਰ ਚੜ੍ਹ ਨਚੱਦੀ ਐਂ।” ਉਦੋਂ ਹੀ ਮੇਰਾ ਚਾਚਾ ਵੀ ਆ ਪਹੁੰਚਿਆ, ਖਵਰੇ ਮਾਮੇ ਨੇ ਬੁਲਾਵਾ ਭੇਜਿਆ ਸੀ, ਨਿਰਾ ਫਿੱਟਣੀਆਂ ਦਾ ਫੇਟ, ਲੂਤੀ ਖੋਰਾ।

“ਕੁੜੇ ਅਸੀਂ ਤੇਰੇ ਵੱਡੇ ਵਡੇਰੇ ਤੇਰੇ ਪਿਓ ਦੀ ਜਗ੍ਹਾ। ਤੇਰੀ ਮਾਮੀ ਠੀਕ ਆਂਹਦੀ ਏ।” ਚਾਚੇ ਨੇ ਮੇਰੇ ਸਿਰ ‘ਤੇ ਹੱਥ ਰੱਖਿਆ ਤੇ ਮੁੜ ਬੋਲਿਆ “ਦਸ! ਮੇਰਾ ਪੁੱਤਰ ਦੱਸ! ਅਸੀਂ ਤਾਂ ਤੇਰੇ ਹੱਥ ਜਲਦੀ ਤੋਂ ਜਲਦੀ ਪੀਲੇ ਕਰਨੇ ਚਾਹੁੰਦੇ ਹਾਂ, ਪਹਿਲੀ ਗੱਲ ਦੀ ਨਮੋਸ਼ੀ ਨੇ ਸਾਨੂੰ ਮੂੰਹ ਦਿਖਾਉਣ ਜੋਗਾ ਨੀ ਛੱਡਿਆ।” ਹਾਲਾਤ ਗੰਭੀਰ ਹੋ ਗਏ ਹਨ ਮੈਂ ਸੋਚਿਆ ਹੁਣ ਕੀ ਕਰਾਂ। ਚੱਲ ਮਨਾਂ ਉਖਲੀ ‘ਚ ਸਿਰ ਦਿੱਤਾ ਤਾਂ ਡਰ ਕਾਹਦਾ? ਕਦੀ ਨਾ ਕਦੀ ਤਾਂ ਮੈਨੂੰ ਇੰਦਰ ਦਾ ਨਾਂ ਲੈਣਾ ਹੀ ਪਵੇਗਾ। ਉਂਜ ਮੈਂ ਅੱਗ ਬਗੂਲੇ ਸਮੇਂ ਵਿਚ ਉਸਦਾ ਨਾਂ ਲੈਣਾ ਨਹੀਂ ਸਾ ਚਾਹੁੰਦੀ। ਪਰ ਹੁਣ ਤਾਂ ਗੱਲ ਹੀ ਉਧਰ ਟੁਰ ਪਈ ਸੀ ਆਪੇ ਹੀ ਕੀ ਕਰਦੀ ਮੈਂ, ਸੱਪ ਦੇ ਮੂੰਹ ਕੋਹੜ ਕਿਰਲੀ।

“ਬੋਲ! ਬੋਲ! ਮੇਰੀ ਧੀ।”

“ਦੇਖੋ ਚਾਚਾ ਜੀ ਉਂਜ ਮੈਂ ਤਾਂ ਅਜੇ ਦੋ ਸਾਲ ਤਕ ਵਿਆਹ ਕਰਾਉਣਾ ਹੀ ਨਹੀਂ, ਪੜਨੈ, ਤੇ ਜੇ ਵਿਆਹ ਬਾਰੇ ਸੋਚਿਆ ਵੀ ਤਾਂ ਮੈਂ ਆਪਣੇ ਨਾਲ ਪੜ੍ਹਦੇ ਇੰਦਰ ਨਾਲ....”

ਮੇਰੇ ਬਾਕੀ ਬੋਲ ਮੂੰਹ ‘ਚ ਹੀ ਦੱਬ ਦਿਤੇ ਗਏ, ਜਦੋਂ ਮਾਮਾ ਜੀ ਮੰਜੇ ਤੋਂ ਉਛਲ ਪਏ ਜਿਵੇਂ ਭੂਚਾਲ ਆ ਗਿਆ ਸੀ- “ਤੂੰ ਤਾਂ ਬਰਾੜਾਂ ਦੇ ਖਾਨਦਾਨ ਦੀਆਂ ਜੜ੍ਹਾਂ ਹਿਲਾ ਦਿੱਤੀਆਂ! ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣ ਲੱਗੀ ਏਂ। ਆਪਣੇ ਜੱਟਾਂ ‘ਚ ਤੈਨੂੰ ਕੋਈ ਨੀ ਥਿਆਇਆ ਕਲਮੂੰਹੀ...” ਚਾਚਾ ਬੋਲ ਰਿਹਾ ਸੀ- “ਤੈਂ ਤਾਂ ਆਪਣੇ ਖਾਨਦਾਨ ਦੀ ਚਲੀ ਆਉਂਦੀ ਰੀਤ ‘ਤੇ ਪਾਣੀ ਫੇਰ ਦਿੱਤਾ।” ਭਰਜਾਈ! ਉਹ ਮੇਰੀ ਮਾਂ ਵਲ ਮੂੰਹ ਕਰਦਾ ਬੋਲਿਆ, “ਤੂੰ ਕਾਹਨੂੰ ਚੁੱਪ ਬੈਠੀ ਏਂ? ਇਹ ਚੰਦਰਮਾ ਨੂੰ ਗ੍ਰਹਿਣ ਕਦ ਤੋਂ ਲੱਗਣਾ ਸ਼ੁਰੂ ਹੋਇਆ? ਤੇ ਤੂੰ ਤਮਾਸ਼ੇ ਦੇਖਦੀ ਰਹੀਂ।”

“ਮੇਰੀ ਧੀ ਰਾਣੋ ਸਿਆਣੀ ਏ, ਪੜ੍ਹੀ ਲਿਖੀ ਏ, ਮੈਂ ਕੀ ਬੋਲਾਂ?”

“ਹਲਾ, ਤੇ ਅਸੀਂ ਹੀ ਮੂਰਖ ਠਹਿਰੇ, ਜੋ ਐਡੇ ਦੂਰੋਂ ਤੇਰਾ ਦੁੱਖ ਵੰਡਾਉਣ ਆਏ ਹਾਂ।” ਮਾਮਾ ਮਾਮੀ ਕਈ ਕੁਝ ਬੋਲ ਕੁਬੋਲ ਜੋ ਮੂੰਹ ਆਇਆ ਬੋਲੀ ਜਾ ਰਹੇ ਸਨ।

ਚਾਚਾ ਮੇਰੇ ਵਲ ਮੂੰਹ ਕਰਦਾ ਕਹਿ ਰਿਹਾ ਸੀ “ਕੁੜੀਏ! ਇਸ ਇੰਦਰ ਦੇ ਵੱਡੇ ਵਡੇਰੇ ਸਾਡੇ ਸੀਰੀ ਸਨ। ਉਹ ਤਾਂ ਸਦਾ ਸਾਡੇ ਕਰਜ਼ਾਈ ਰਹੇ ਨੇ ਇਉਂ ਇਹ ਸਾਡੇ ਪਾਣੀ ਹਾਰ ਹੋਏ, ਸਾਡੇ ਨੌਕਰ ਚਾਕਰ, ਸਾਡੀਆਂ ਰੋਟੀਆਂ ‘ਤੇ ਪਲਣਹਾਰੇ...ਇਹ ਤੈਨੂੰ ਅਣਹੋਣੀ ਕੀ ਸੁੱਝੀ? ਇਕ ਭੈਣ ਬਲਾਤਕਾਰ ਕਰਵਾ ਬੈਠੀ ਤੇ ਦੂਜੀ ਕਮਜਾਤਾਂ ਵਿਚ ਨਾਲੇ ਸਾਡੇ ‘ਲਾਹੇ’ ਪਾਉਣ ਵਾਲਿਆਂ ਵਿਚ ਭੱਜਣ ਨੂੰ ਏ। ਸਾਡੀ ਖਾਨਦਾਨੀ...ਨੱਕ ਤਾਂ ਸਾਡੀ ਕਟੀ ਗਈ ਨਾ...”

ਮੈਂ ਆਪਣੇ ਮਨ ਵਿਚ ਧਾਰ ਲਿਆ ਕਿ ਰੋਣਾ ਨੀ ਬਿਲਕੁਲ, ਇਕ ਅੱਥਰੂ ਵੀ ਨੀ ਕੱਢਣਾ। ਮੈਂ ਕਾਇਰ ਨਹੀਂ, ਨਾ ਹੀ ਬੁਜ਼ਦਿਲ। ਮੈਂ ਅਜਿਹੇ ਹਾਲਾਤਾਂ ਸਾਹਮਣੇ ਖਾਨਦਾਨ ਦੀ ਝੂਠੀ ਸ਼ੇਖੀ, ਇਨਸਾਨੀਅਤ ਤੋਂ ਕੋਰੀ ਸ਼ਾਨ-ਸ਼ੌਕਤ, ਸਾਹਵੇਂ ਹਥਿਆਰ ਨਹੀਂ ਸੁੱਟਣੇ। ਮੈਂ ਆਪਣੀ ਭੈਣ ਥਾਵੇਂ ਵੀ ਖਲੋ ਗਈ ਸਾਂ। ਮੈਂ ਅੰਗਾਰੇ ਲਟ ਲਟ ਬਲਦੇ, ਆਪਣੀ ਝੋਲੀ ਪਾਉਣ ਨੂੰ ਤਿਆਰ ਸਾਂ? ਆਪਣੀ ਭੈਣ ਦੀ ਪੱਤ ਲੁੱਟਣ ਵਾਲੇ ਨਾਲ ਮੈਂ ਕਿਉਂ ਵਿਆਹ ਕਰਵਾਵਾਂ ਕੀ ਕੱਜ ਏ ਮੇਰੇ ਵਿਚ? ਮੈਂ ਸਾਰਿਆਂ ਵਲ ਮੂੰਹ ਕਰ ਬਹੁਤ ਹੌਸਲੇ ਵਿਚ ਬੋਲੀ, “ਮੇਰੇ ਲਈ ਕਿਸੇ ਸੀਰੀ ਤੇ ਕਿਸੇ ਜੱਟ ਵਿਚ ਕੋਈ ਫਰਕ ਨਹੀਂ। ਬਸ! ਮਰਦ, ਇਨਸਾਨ ਹੋਵੇ ਕਰਮਯੋਗੀ, ਸਚਿਆਰਾ। ਮੈਂ ਸਿੱਧੂ ਵਲ ਤੱਕਦਿਆਂ ਫਿਰ ਕਿਹਾ, ਝੂਠ, ਫਰੇਬ, ਧੋਖਾ, ਬੇਈਮਾਨ ਤੋਂ ਪਰ੍ਹਾ ਹੋਵੇ। ਬਸ ਮੈਂ ਤਾਂ ਇਕ ਵਧੀਆ ਇਨਸਾਨ ਦਾ ਸੁਪਨਾ ਵੇਖਿਆ ਸੀ। ਠੀਕ ਹੈ ਜੇ ਤੁਹਾਡੀ ਨਹੀਂ ਮਰਜ਼ੀ ਤਾਂ ਮੈਂ ਵਿਆਹ ਹੀ ਨਹੀਂ ਕਰਾਉਣਾ। ਬਸ ਹੁਣ ਖੁਸ਼ ਹੋ ਨਾ”...ਇਹ ਕਹਿ ਕੇ ਮੈਂ ਅੰਦਰ ਵੜ ਗਈ। ਮਗਰੋਂ ਰਲਵੀਆਂ ਮਿਲਵੀਆਂ ਤਲਖੀਆਂ ਭਰੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਮੇਰੇ ਪਿੜ ਪੱਲੇ ਕੁਝ ਨਾ ਪਿਆ।

ਸਮੇਂ ਨੇ ਇਕ ਨਾ ਸੁਣੀ, ਰਹੀ ਵਾਸਤੇ ਘਤ ਤੇ ਗੱਲ, ਖੰਭ ਬਣ ਫੈਲਦੀ ਫੈਲਦੀ ਇੰਦਰ ਕੋਲ, ਇਕ ਲੰਮੀ ਫਹਰਿਸ਼ਤ ਵਿਚ ਪਹੁੰਚੀ। ਮੈਂ ਕਿਤਨੇ ਦਿਨ ਕਾਲਜ ਵਲ ਹੀ ਨਾ ਜਾ ਸਕੀ। ਸ਼ੁਕਰ ਕਿ ਪੇਪਰ ਦੇ ਦਿੱਤੇ ਸਨ, ਨਹੀਂ ਤਾਂ ਮਗਰੋਂ ਇੰਦਰ, ਇਕ ਦੋ ਵਾਰ ਆਇਆ ਵੀ ਪਰ ਮੇਰਾ ਰੌਂ ਦੇਖ ਚੁੱਪ ਕੀਤਾ ਜਾਂਦਾ ਰਿਹਾ। ਹੁਣ ਤਾਂ ਮੇਰੀ ਭੈਣ ਦੀਪਾ ਵੀ ਮਾਸੀ ਘਰੋਂ ਕਈ ਮਹੀਨਿਆਂ ਮਗਰੋਂ ਮੁੜ ਆਈ ਸੀ। ਹੁਣ ਤਾਂ ਪਾਣੀ ਵੀ ਰੰਗ ਵਟਾ ਰਹੇ ਸਨ, ਮੇਰੀ ਮਾਸੀ ਨੇ ਮੇਰੀ ਮਾਂ ਨੂੰ ਦੀਪਾਂ ਵਾਸਤੇ ਯੋਗ ਰਿਸ਼ਤਾ ਦੱਸਿਆ ਸੀ। ਦੀਪਾ ਨੂੰ ਜਦੋਂ ਪਤਾ ਲੱਗਾ, ਉਸ ਤਕ ਗੱਲ ਪਹੁੰਚੀ ਸੀ ਕਿ ਸਿੱਧੂ ਤਾਂ ਰਾਣੀ ਨਾਲ ਵਿਆਹ ਕਰਾਉਣ ਨੂੰ ਹੈ ਤਾਂ ਉਸਦੇ ਵੀ ਸੱਤੀਂ ਕੱਪੜੀ ਅੱਗ ਲਗ ਗਈ ਸੀ। ਪਰ ਹੁਣ ਤਾਂ ਸਭ ਹੱਥੋਂ ਨਿੱਕਲ ਚੁੱਕਿਆ ਸੀ। ਉਹ ਅੰਦਰੋਂ ਬਹੁਤ ਦੁਖੀ ਸੀ। ਇਸ ਵਾਸਤੇ ਕਿ ਉਸ ਕੀ-ਕੀ ਝੂਠ ਨਹੀਂ ਸੀ ਬੋਲਿਆ। ਹੁਣ ਤੇ ਪਛਤਾਂਦੀ ਸੀ ਕਿ ਸ਼ਰੀਕਾਂ ਮੈਨੂੰ ਲੁੱਟ-ਪੁੱਟ ਲਿਆ, ਬੇਇੱਜ਼ਤੀ ਹੋਈ, ਹੁਣ ਤੇ ਬਸ ਦੋਵੇਂ ਹੱਥ ਝਾੜ ਮਾਸੀ ਵਾਲੇ ਰਿਸ਼ਤੇ ‘ਤੇ ਸਬਰ ਕਰ ਚੁੱਕੀ ਸੀ। ਉਸਨੂੰ ਨਹੀਂ ਸੀ ਸਮਝ ਕਿ ਮੁਹੱਬਤ ਦਾ ਅਰਥ ਔਰਤ ਵਾਸਤੇ ਹੋਰ ਹੁੰਦਾ ਏ ਤੇ ਮਰਦ ਵਾਸਤੇ ਕੁਝ ਹੋਰ। ਮਰਦ ਮੁਹੱਬਤ ਨੂੰ ਆਪਣੀ ਹੋਂਦ ਦਾ ਕੇਵਲ ਇਕ ਹਿੱਸਾ ਮੰਨਦਾ ਹੈ ਤੇ ਔਰਤ ਆਪਣੀ ਸਾਰੀ ਹੀ ਹੋਂਦ ਨੂੰ ਮੁਹੱਬਤ ਸਮਝ ਬੈਠਦੀ ਹੈ। ਉਸ ਨੇ ਤੇ ਅੱਜ ਤਾਈਂ ਹੁੰਗਾਰੇ ਜਿਹਾ ਰਿਸ਼ਤਾ ਨਿਭਾਇਆ ਸੀ। ਉਹ ਰਾਣੀ ਨੂੰ ਸਭ ਦੱਸਣਾ ਚਾਹੁੰਦੀ ਸੀ। ਉਹ ਤਾਂ ਇਸ ਕੁੱਤੇ ਮਰਦ ਤੋਂ ਆਪਣੀ ਭੈਣ ਨੂੰ ਫੁੱਲਾਂ ਵਾਂਗੂੰ ਬਚਾ ਕੇ ਰੱਖਣਾ ਚਾਹੁੰਦੀ ਸੀ ਪਰ ਕਰੇ ਤਾਂ ਕੀ ਕਰੇ? ਦੱਸੇ ਤੇ ਕਿਵੇਂ ਦੱਸੇ? ਕਿਹੜੇ ਖੂਹ ਖਾਤੇ ਮੂੰਹ ਧਰੇ। ਹਾਏ ਵੇ ਵੈਰੀਆ। ਉਹ ਆਪਣੇ ਮਨ ਵਿਚ ਸੋਚਦੀ ਤੂੰ ਕੇਹਾ ਕਹਿਰ ਕਮਾਇਆ ਮੇਰੇ ਨਾਲ। ਤੇਰਾ ਕੱਖ ਨਾ ਰਹੇ ਦੁਸ਼ਮਣਾ। ਪਰ ਹੁਣ ਤੇ ਇਸ ਸਭ ਕਾਸੇ ਦਾ ਕੋਈ ਫਾਇਦਾ ਹੀ ਨਹੀਂ ਸੀ। ਦੀਵਾਲੀ ਮੁੜ ਆ ਗਈ ਸੀ ਦੋ ਦਿਨਾਂ ਨੂੰ। ਮੋਮਬੱਤੀਆਂ ਤਾਂ ਹਰ ਦੀਵਾਲੀ ਜਗਦੀਆਂ। ਮੋਮਬੱਤੀਆਂ ਜਗਾਉਣ ਉਹ ਮੈਥੋਂ ਪਹਿਲਾਂ ਪਹੁੰਚਿਆ ਹੋਇਆ ਸੀ। ਹੁਣ ਵੀ ਉਸ ਮੇਰੀ ਮੋਮਬੱਤੀ ਨਾਲ ਆਪਣੀ ਮੋਮਬੱਤੀ ਖੜ੍ਹੀ ਕੀਤੀ। ਐਤਕੀਂ ਮੈਂ ਦੋ ਦੀਵੇ ਵੀ ਜਗਾਏ ਸਨ।

“ਦੀਵੇ ਵੀ ਲਿਆਈ ਏ” ਉਸ ਮੈਥੋਂ ਪੁਛਿਆ ਸੀ।

“ਹਾਂ! ਆਖਦੇ ਨੇ ਦੀਵਿਆਂ ਦਾ ਸ਼ਗਨ ਹੁੰਦਾ ਏ...ਦੀਵੇ ਤੇ ਮੋਮਬੱਤੀਆਂ ਦੋਵੇਂ ਰਲਦੇ ਨੇ ਤਾਂ ਟੁੱਟੀ ਜੁੜਦੀ ਏ। ਦੀਵਿਆਂ ਵਿਚ ਅਤੀਤ ਰੁਸ਼ਨਾਉਂਦਾ ਏ ਤੇ ਮੋਮਬੱਤੀਆਂ ਵਿਚ ਅੱਜ....”

ਜਗਮਗ ਜਗਮਗ ਰੌਸ਼ਨੀ ਚਾਰੇ ਪਾਸੇ ਖਿੱਲਰ ਚੁੱਕੀ ਸੀ। ਰੌਸ਼ਨੀ ਵਿਚੋਂ ਮੈਂ ਉਹਦਾ ਚਿਹਰਾ ਲੱਭਿਆ। ਉਹ ਤਾਂ ਰੋ ਰਿਹਾ ਸੀ...



“ਇੰਦਰ!” ਮੈਂ ਆਵਾਜ਼ ਮਾਰੀ...

“ਰਾਣੋ! ਰਾਹ ਕਿਧਰੇ ਗੁਆਚ ਗਏ ਲੱਗਦੇ ਨੇ।” ਉਸ ਮੋਮਬੱਤੀ ਚੁਕ ਉੱਚੀ ਕੀਤੀ ਆਪਣੇ ਅਤੇ ਮੇਰੇ ਮੂੰਹ ਦੇ ਵਿਚ ਵਿਚਾਲੇ ਮੋਮਬੱਤੀ ਰੱਖ ਚਾਨਣ-ਚਾਨਣ ਕੀਤਾ।

“ਰਾਣੀ! ਦੇਖੀਂ! ਇਸ ਕੰਬਦੇ ਚਾਨਣ ਦੀ ਵੀ ਭਲਾ ਕੋਈ ਜਾਤ ਹੋ ਸਕਦੀ ਏ? ਇਹ ਤਾਂ ਨਿਰੀ ਅਰਾਧਨਾ ਏ। ਦਿਲ ਦੀਆਂ ਮੋਮਬੱਤੀਆਂ ਤਾਂ ਸਦੀਆਂ ਤੋਂ ਜਲ ਰਹੀਆਂ ਨੇ, ਖਵਰੇ ਕਦੋਂ ਤਕ ਜਲਦੀਆਂ ਰਹਿਣ। ਸਮੇਂ ਨਾਲ ਸਮਝੌਤਾ ਕਰਨਾ ਕਈ ਵਾਰ ਡਾਢਾ ਔਖਾ ਹੁੰਦਾ ਏ। ਸਮੇਂ ਨੂੰ ਜਿਤਿਆ ਨਹੀਂ ਜਾ ਸਕਦਾ, ਪਰ ਸਮੇਂ ਦੇ ਰਾਹ ਤੋਂ ਪਰ੍ਹਾਂ ਹਟਿਆ ਜਾ ਸਕਦੈ।”

“ਇੰਦਰ! ਇੰਜ ਨਾ ਕਹਿ, ਮੈਨੂੰ ਡਰ ਲੱਗਦੈ। ਤੇਰਾ ਮੇਰਾ ਰਾਹ ਇਕੋ ਏ।”

“ਸਾਡੀ ਮੁਹੱਬਤ ਵਿਚ, ਜ਼ਿੰਦਗੀ ਦੇ ਰਾਹ ਉਤੇ ਇੰਜ ਤੁਰਨਾ ਏ, ਜਿਵੇਂ ਕੋਈ ਬਰਫ ਉਤੇ ਤੁਰਦਾ ਰਵੇ ਤੇ ਹੌਲੀ ਹੌਲੀ ਖੁਰਦਾ ਰਵੇ ਤੇ ਮਗਰੋਂ ਬਰਫ ਉਤੇ ਕੋਈ ਪੈਰਾਂ ਦੇ ਨਿਸ਼ਾਨ ਤਕ ਵੀ ਨਾ ਰਹਿਣ ਦੇਵੇ।”

ਅਸੀਂ ਦੋਵੇਂ ਹੀ ਚੌਂਕੜਾ ਮਾਰ ਉਥੇ ਹੀ ਦੀਵਿਆਂ ਅਤੇ ਮੋਮਬੱਤੀਆਂ ਕੋਲ ਬਹਿ ਗਏ ਸਾਂ। ਕੀਰਤਨ ਹੋ ਰਿਹਾ ਸੀ। ‘ਦੀਵਾਲੀ ਦੀ ਰਾਤ ਦੀਵੇ ਬਾਲੀਅਨ’ ਭੈੜੀਆਂ ਯਾਦਾਂ... ਫਰੋਲਦਿਆਂ ਇਕ ਪੀੜ ਉਠਦੀ ਏ, ਜੋ ਆਲੇ-ਦੁਆਲੇ ਝੁੰਗਲਮਾਟਾ ਜਿਹਾ ਮਾਰ ਅੰਦਰ ਹੀ ਅੰਦਰ ਧੁਖਦੀ ਏ। ਜ਼ਿੰਦਗੀ ਵਿਚ, ਜ਼ਿੰਦਗੀ ਦੇ ਕੁਝ ਪਲ ਇਹੋ ਜਿਹੇ ਵੀ ਹੁੰਦੇ ਨੇ ਕਿ ਧਰਤੀ ਅਸਮਾਨ ਮਾਪਿਆ ਜਾਂਦਾ ਏ ਤੇ ਜਦੋਂ ਤਾਈਂ, ਉਦਾਸ ਨਹੀਂ ਵੇਖਿਆ ਤੇ ਹੁਣ ਇਹ ਕੀ?”

“ਮੋਮਬੱਤੀ ਦੇ ਓਹਲੇ ਵਿਚ ਉਸ ਮੇਰਾ ਮੂੰਹ ਚੁੰਮ ਲਿਆ...ਪਿਘਲਦੀ ਮੋਮ ਨਾਲ ਉਹ ਪਿਘਲ, ਤੀਲ੍ਹਾ ਤੀਲ੍ਹਾ ਹੋ ਗਿਆ- “ਰਾਣੋ! ਮੈਂ ਇਥੋਂ ਚਲੇ ਜਾਣਾ ਏ ਤੇ ਉਸਦਾ ਗੱਚ ਭਰ ਆਇਆ, ਉਹ ਕੁਝ ਨਾ ਬੋਲਿਆ “ਇੰਦਰ! ਇਹ ਕੀ? ਤੂੰ ਮੇਰਾ ਨੀ ਸੋਚਿਆ? ਇੰਦਰ ਤੂੰ ਤੇ ਮੈਂ ਵਿਹੜੇ ਲਗੀ ਨਿੰਮ ਦੇ ਰੁੱਖ ਤੋਂ ਉਸਦਾ ਬੂਰ ਝੜਦਾ ਇਕੱਠੇ ਦੇਖਿਐ, ਤੂੰ ਤੇ ਮੈਂ ਇਕੱਠਿਆ ਸਫਾਂ ਦੇ ਮਿੱਠੇ ਫੁੱਲਾਂ ਦਾ ਸਵਾਦ ਚਖਿਐ ਤੇ ਹੁਣ... ਉਹ ਕੁਝ ਨਾ ਬੋਲਿਆ। ਸਾਨੂੰ ਪਤਾ ਹੀ ਨਾ ਲਗਾ ਦੀਵਾਲੀ ਦੀ ਰਾਤ ਦਾ ਭੋਗ ਪੈਣ ਵਾਲਾ ਹੋ ਗਿਆ।

“ਇੰਦਰ ਬਹੁਤ ਦੇਰ ਹੋ ਗਈ।”

“ਹਾਂ! ਰਾਣੋ! ਦੇਰ ਤਾਂ ਹੋਣੀ ਹੀ ਸੀ। ਚੱਲ ਜਲਦੀ ਕਰ, ਮੈਂ ਤੈਨੂੰ ਘਰ ਛੱਡ ਦਿੰਨਾ।” ਤੇ ਉਸ ਰਾਤ ਉਹ ਮੈਨੂੰ ਘਰ ਛੱਡ ਅਜਿਹਾ ਗਿਆ ਕਿ ਸਮੇਂ ਦਾ ਕੁਝ ਪਤਾ ਨਾ ਲੱਗਾ। ਹੌਲੀ-ਹੌਲੀ ਉਸਦੇ ਨਕਸ਼ ਤੇ ਹੌਲੀ-ਹੌਲੀ ਨਕਸ਼ਾਂ ਦੇ ਨਿਸ਼ਾਨ ਮਿਟਦੇ ਗਏ। ਪਾਣੀ ਆਪਣਾ ਰਸਤਾ ਆਪ ਬਣਾ ਲੈਂਦਾ ਹੈ ਤੁਰਦਾ ਹੈ ਮੈਂ ਵੀ ਧਾਰ ਲਿਆ ਸੀ ਕਿ ਹੁਣ...ਇਕ ਦਿਨ ਅਚਾਨਕ ਜੈ ਪਾਲੀ ਮੇਰੀ ਪੁਰਾਣੀ ਸਹੇਲੀ ਆਈ।

“ਕਿੱਥੇ ਮਰ ਗਈ ਸੀ ਨੀ ਹੁਣ ਜਦੋਂ ਸਭ ਕੁਝ ਖਤਮ ਹੋ ਗਿਆ ਆ ਵੜੀ ਏਂ।” “ਬਸ ਕੁਝ ਨਾ ਪੁੱਛ ਮੈਂ ਆਪਣੀ ਭੈਣ ਕੋਲ ਮਦਰਾਸ ਚਲੀ ਗਈ ਸਾਂ ਬਸ ਝਟਪਟ ਹੀ ਪ੍ਰੋਗਰਾਮ ਬਣਿਆ, ਉਸਦੇ ਮੁੰਡਾ ਹੋਣਾ ਸੀ ਤੇ ਮੈਂ ਫਸ ਗਈ।”

“ਹਾਂ ਸੱਚ! ਇੰਦਰ ਤਾਂ ਕੈਨੇਡਾ ਨੂੰ ਤੁਰ ਗਿਆ ਸੀ। ਅਖੇ ਬਸ ਝਟਪਟ ਕੋਈ ਜੁਗਾੜ ਬਣ ਗਿਆ ਸੀ ਤੇ ਆਹ ਚਿੱਠੀ ਤੇਰੇ ਲਈ ਦੇ ਗਿਆ ਸੀ।”

“ਵੈਰਨੇ! ਸਾਲ ਹੋਣ ਨੂੰ ਆਇਆ ਤੇ ਹੁਣ ਤੂੰ ਮੈਨੂੰ ਚਿੱਠੀ ਦੇਣ ਲੱਗੀ ਏਂ। ਅਖੇ ਮਰੀ ਤਾਂ ਜੇ ਸਾਹ ਨਾ ਆਇਆ। ਐਥੇ ਕੀ-ਕੀ ਹੋ ਗਿਆ ਤੇ ਤੂੰ।”

“ਵੈਰੀ ਸਾਰੀ! ਤੂੰ ਦੇਖ ਸਾਂਭ-ਸਾਂਭ ਰੱਖੀ ਤੇਰੀ ਨਿਸ਼ਾਨੀ।”

ਰਾਣੀ ਨੇ ਝਟਪਟ ਚਿੱਠੀ ਖੋਲ੍ਹੀ। ਸੁੱਕੀਆਂ ਪੁੱਕੀਆਂ ਦੋ ਤਾਂ ਲਾਈਨਾਂ ਸਨ।

“ਜੇ ਤੂੰ ਮੇਰੀ ਉਡੀਕ ਰੱਖੀ ਤਾਂ ਮੈਂ ਆਊਂਗਾ ਜ਼ਰੂਰ। ਸੱਤ ਸਮੁੰਦਰ ਪਾਰ ਕਰ ਆਊਂਗਾ-ਤੇਰਾ ਇੰਦਰ...”

ਦੋ ਲਾਈਨਾਂ ਹੀ ਪੜ੍ਹ ਜਿਵੇਂ ਰਾਣੋ ਦੀਆਂ ਅੱਖਾਂ ‘ਚ ਅੱਥਰੂਆਂ ਦਾ ਹੜ੍ਹ ਆ ਗਿਆ। ਜੈ ਪਾਲੀ ਨੇ ਰਾਣੀ ਨੂੰ ਜੱਫੀ ਵਿਚ ਲਿਆ ਤੇ ਕਿਹਾ, “ਸਮੇਂ ਨਾਲ ਲੜਨਾ, ਸੰਘਰਸ਼ ਕਰਨਾ ਹੀ ਜ਼ਿੰਦਗੀ ਹੁੰਦੀ ਏ। ਐਓਂ ਢਿੱਗੀ ਢਾਹੁਣ ਨਾਲ ਕੁਝ ਨੀ ਬਣਨਾ।” ਜੈ ਪਾਲੀ ਕਾਫੀ ਦੇਰ ਬੈਠੀ ਰਹੀ ਤੇ ਮਗਰੋਂ ਮੁੜ ਆਉਣ ਦਾ ਵਾਅਦਾ ਕਰ ਉਹ ਆਪਣੇ ਘਰੇ ਤੁਰ ਪਈ ਸੀ।

ਸਿੱਧੂ ਅਜੇ ਵੀ ਲਗਾਤਾਰ ਉਵੇਂ ਜਿਵੇਂ ਘਰ ਆਈ ਜਾਂਦਾ ਸੀ। ਕਦੇ ਮਾਮੇ ਦਾ ਕੋਈ ਸੁਨੇਹਾ ਦੇਣ, ਕਦੀ ਪਿੰਡੋਂ ਘਿਓ ਦੁੱਧ ਦੇਣ ਤੇ ਕਦੀ ਮੇਰਾ ਹਾਲ-ਚਾਲ ਪੁੱਛਣ ਲਈ ਆਉਂਦਾ। “ਰਾਣੋ! ਕੀ ਹਾਲ ਹੈ? ਅੱਜ ਕੱਲ ਕੀ ਕਰਦੀ ਏਂ? ਤੂੰ ਅਜੇ ਵੀ ਮੇਰੇ ਨਾਲ ਨਰਾਜ਼ ਏ।”

“ਨਹੀਂ ਨਰਾਜ਼ਗੀ ਕਾਹਦੀ। ਆਪੋ-ਆਪਣਾ ਜ਼ੋਰ ਹੁੰਦਾ ਏ ਨਾਲੇ ਮੈਂ ਕੁਝ ਨਾ ਕੁਝ ਕਰਦੀ ਹੀ ਰਹਿੰਦੀ ਹਾਂ। ਮੈਂ ਉੱਕਾ ਵਿਹਲੀ ਨਹੀਂ।”

“ਮੈਂ ਸੁਣਿਐ ਤੂੰ ਤਾਂ ਹੁਣ ਕਹਾਣੀਆਂ ਲਿਖਣ ਲੱਗ ਪਈ ਏਂ ਤੇ ਤੇਰੀ ਪੁਸਤਕ ਛਪ ਰਹੀ ਏ। ਮੈਂ ਪੜ੍ਹੀਆਂ ਤੇਰੀਆਂ ਕਹਾਣੀਆਂ, ਕੀ ਗਲ ਤੈਨੂੰ ਤਾਂ ਨਾ ਸ਼ਰਾਬਾਂ ਦੇ ਨਾਂ ਆਉਂਦੇ ਨੇ ਨਾ ਵੱਡੀਆਂ ਗੱਡੀਆਂ ਦੇ ਨਾਂ ਤੇ ਨਾ ਹੀ ਤੂੰ ਕਦੀ ਮਰਦਾਂ ਦੇ ਗੁਣ ਹੀ ਕਹਾਣੀਆਂ ਵਿਚ ਦੱਸੇ ਨੇ ਇਹ ਕਾਹਦੀਆਂ ਕਹਾਣੀਆਂ ਹੋਈਆਂ।”

“ਸਿੱਧੂ ਸਾਹਬ! ਜ਼ਿੰਦਗੀ ਜੀਊਣ ਲਈ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਏ ਦਲੀਲ ਯਾਨਿ ਤਰਕ, ਮੰਤਵ ਯਾਨਿ ਇੱਛਾ ਕੀ ਹੈ? ਤੇ ਤੀਜੇ ਸਵੈ-ਕਦਰ ਤੇ ਤੁਹਾਡੇ ਵਿਚੋਂ ਮੈਨੂੰ ਇਹ ਤਿੰਨੋ ਚੀਜ਼ਾਂ ਗਾਇਬ ਲੱਗਦੀਆਂ ਨੇ।”

ਸਿੱਧੂ ਜੋ ਬਣ-ਬਣ ਗੱਲਾਂ ਕਰ ਰਿਹਾ ਸੀ। ਜੁਆਨਾਂ ਵਾਂਗੂੰ ਚੋਹਲ ਮੋਹਲ ਕਰ ਰਿਹਾ ਸੀ। ਇਕ ਵਾਰ ਤਾਂ ਨਿਰੀ ਮਿੱਟੀ ਦੀ ਢੇਰੀ ਬਣ ਠੁੱਸ ਹੋ ਬਹਿ ਗਿਆ। ਚੁੱਪ ਚੁਪੀਤਾ ਉਠ ਬੈਠਾ। ਰਾਣੀ ਸੱਚੀ ਮੁੱਚੀ ਤੂੰ ਤਾਂ ਬਹੁਤ ਇੰਟੈਲੀਜੈਂਟ ਏਂ, ਕਹਿ, ਉਹ ਤੁਰ ਗਿਆ। ਮੁੜ ਥੋੜ੍ਹੇ ਹੀ ਦਿਨਾਂ ਮਗਰੋਂ ਮੇਰੀ ਮਾਮੀ ਦੇ ਪੇਕਿਓਂ ਉਸਦੇ ਚਾਚੇ ਦੀ ਮੌਤ ਹੋ ਗਈ ਸੀ ਤੇ ਮੇਰੀ ਮਾਂ ਨੇ ਮਕਾਣੀਂ ਜਾਣਾ ਸੀ। ਦੀਪਾ ਤਾਂ ਪਿਛਲੇ ਮਹੀਨੇ ਦੀ ਮਾਸੀ ਕੋਲ ਵਿਆਹ ਦੀਆਂ ਤਿਆਰੀਆਂ ਲਈ ਗਈ ਹੋਈ ਸੀ। ਮੇਰੀ ਭੈਣ ਨੇ ਕੱਲ ਮੁੜ ਆਉਣਾ ਸੀ। ਇਸੇ ਲਈ ਮਾਂ ਕਹਿਣ ਲੱਗੀ “ਕੁੜੇ! ਜਾਣਾ ਤਾਂ ਪਊ ਹੁਣ ਨਹੀਂ ਤਾਂ ਮਗਰੋਂ, ਨਾਲੇ ਈਦ ਪਿੱਛੋਂ ਕੀ ਤੰਬਾ ਫੂਕਣੈ।”

“ਠੀਕ ਹੈ ਮਾਂ ਤੂੰ ਜਾ ਕੋਈ ਚਿੰਤਾ ਨਹੀਂ।”

“ਦੇਖ ਪੁੱਤ ਧਿਆਨ ਰੱਖੀਂ, ਰਾਤੀਂ ਆਪਣੀ ਸਹੇਲੀ ਜੈ ਪਾਲੀ ਨੂੰ ਬੁਲਵਾ ਲਈਂ।”

ਅਜੇ ਮਾਂ ਨੂੰ ਤੁਰਿਆ ਘੰਟਾ ਹੀ ਹੋਇਆ ਹੋਵੇਗਾ ਕਿ ਸਿੱਧੂ ਆ ਧਮਕਿਆ, ਜਿਵੇਂ ਮਾਂ ਨੂੰ ਬੱਸ 'ਚ ਚੜ੍ਹਾ ਪਿੰਡ ਪਹੁੰਚਾ ਆਇਆ ਹੋਵੇ ਤੇ ਜਿਵੇਂ ਲੁੱਡੀਆਂ ਪਾਉਂਦਾ ਆਇਆ ਹੋਵੇ।

"ਰਾਣੋ! ਕੀ ਹਾਲ ਏ? ਮੈਂ ਸੋਚਿਆ ਤੇਰਾ ਕੋਈ ਕੰਮ ਹੀ ਕਰਵਾ ਦੇਵਾਂ।"

"ਕਿਉਂ! ਮੇਰਾ ਕਿਹੜਾ ਕੰਮ ਤੇਰੇ ਬਿਨ ਥੁੜਿਐ।"

"ਨਹੀਂ! ਨਹੀਂ! ਉਹੀ ਲਿਖਣ ਪੜ੍ਹਨ ਵਾਲਾ, ਲੈ ਉਹ ਕਹਾਣੀ ਜਿਹੜੀ ਤੂੰ ਕਹਿੰਦੀ ਸੀ ਦੁਬਾਰਾ ਲਿਖ ਦਿੰਨਾ।"

"ਤੂੰ ਪਿੰਡ ਨਹੀਂ ਸੀ ਜਾਣਾ, ਤੇਰਾ ਵੀ ਤਾਂ ਚਾਚਾ ਮੋਇਆ।"

ਕੋਈ ਨਾ ਚਲਾ ਜਾਊਂ ਤੇ ਉਹ ਮੈਨੂੰ ਬਾਹੋਂ ਫੜ ਅੰਦਰ ਲੈ ਤੁਰਿਆ ਜਿਥੇ ਮੇਰੀਆਂ ਕਿਤਾਬਾਂ ਕਾਪੀਆਂ ਪਈਆਂ ਸਨ। ਪਲੰਗ 'ਤੇ ਬਿਠਾ ਉਸ ਸਾਹਿਤਕ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸਦੀ ਸਾਈਕਾਲੋਜੀ ਸੀ ਕਿ ਮੈਨੂੰ ਅਜਿਹੀਆਂ ਗੱਲਾਂ ਹੀ ਪਸੰਦ ਨੇ। ਹੌਲੀ-ਹੌਲੀ ਉਸ ਮੇਰੀ ਪਿੱਠ ਮਲਣੀ ਸ਼ੁਰੂ ਕਰ ਦਿੱਤੀ। ਮੈਂ ਖਿਝੀ। ਮੈਂ ਸੋਚਿਆ ਮਜ਼ਾਕ ਕਰ ਰਿਹੈ। ਫਿਰ ਉਸ ਮੇਰੇ ਵਾਲ ਖੋਹਲ ਧਰੇ ਤੇ ਪੋਟਿਆਂ ਨਾਲ ਮਾਲਸ਼ ਕਰਨੀ ਸ਼ੁਰੂ ਕਰ ਦਿੱਤੀ। ਮੈਂ ਅੱਖਾਂ ਕੱਢ ਉਸ ਵਲ ਝਾਕੀ, ਕੀ ਐ ਸਿੱਧੂ? ਪਰ੍ਹੇ ਹੋ! ਮੈਂ ਉਸਨੂੰ ਧੱਕਾ ਮਾਰਿਆ। ਉਸ ਅੱਖ ਪਲਕਾਰੇ ਵਿਚ ਮੈਨੂੰ ਪਲੰਗ 'ਤੇ ਪਾ ਲਿਆ। ਮੇਰੇ ਕੱਪੜੇ ਕਾਹਲੀ-ਕਾਹਲੀ ਲਾਹੁਣੇ ਸ਼ੁਰੂ ਕਰ ਦਿੱਤੇ। "ਓ! ਕਮੀਨੇ, ਕੁੱਤੇ ਤੂੰ ਆਪਣੇ ਆਪ ਨੂੰ ਸਮਝਦਾ ਕੀ ਏਂ? ਮੈਂ ਉਚੀ ਚੀਕੀ।

"ਉਠੋ! ਰਾਣੋ! ਮੈਂ ਤੈਨੂੰ ਇਕ ਗੱਲ ਹੋਰ ਦੱਸਣ ਲੱਗਾ ਸਾਂ। ਉਹ ਨਾਲ-ਨਾਲ ਐਧਰ-ਉਧਰ ਹੱਥ ਮਾਰਨ ਲੱਗਾ। ਮੇਰੇ ਸ਼ੋਰ ਪਾਉਣ ਦੇ ਬਾਵਜੂਦ ਉਸ ਮੈਨੂੰ ਘੁਟਦਿਆਂ ਆਖਿਆ- "ਦੇਖ ਤੇਰੀ ਭੈਣ ਦੀਪਾ ਵੀ ਬਹੁਤ ਪਿਆਰੀ ਏ, ਜਿਵੇਂ ਕਹੋ ਝੱਟ ਮੰਨ ਜਾਂਦੀ ਏ, ਤੂੰ ਵੀ ਪਿਆਰੀ ਏਂ, ਪਰ ਨਾਲ-ਨਾਲ ਤੂੰ ਤਾਂ ਸੈਕਸੀ ਬਹੁਤ ਏਂ। ਉਸ ਮੈਨੂੰ ਹੋਰ ਘੁਟ ਲਿਆ। ਪਹਿਲਾਂ ਤਾਂ ਮੈਂ ਥਾਏਂ ਸੁੰਨ ਹੋ ਗਈ, ਢੇਰੀ ਹੀ ਹੋ ਗਈ। ਫਿਰ ਮੈਂ ਆਪਣੀ ਹੋਸ਼ ਸੰਭਾਲੀ। ਮੈਂ ਡੈਣ ਬਣ ਅੱਖਾਂ ਕੱਢਦੀ ਉਠੀ। ਚਾਰੇ ਪਾਸੇ ਦੇਖਿਆ। ਮੇਰੇ ਪਿੱਛੇ ਮੇਜ਼ 'ਤੇ ਕੱਚ ਦਾ ਫੁਲਦਾਨ ਪਿਆ ਸੀ। ਮੈਂ ਝੱਟ ਚੁੱਕ ਲਿਆ ਤੇ ਉਸ ਵਲ ਉਲਰ ਕੇ ਬੋਲੀ...

"ਕੁੱਤੇ ਦੇ ਪੁੱਤਰ, ਹਰਾਮਜ਼ਾਦੇ, ਬਲਾਤਕਾਰੀ, ਖ਼ਬਰਦਾਰ ਜੇ ਇਕ ਕਦਮ ਵੀ ਅੱਗੇ ਵਧਿਆ ਤਾਂ।" ਮੈਂ ਸਾਰੇ ਜ਼ੋਰ ਲਾ ਫੁੱਲਦਾਨ ਉਸ ਵਲ ਉਲਾਰਿਆ "ਓ! ਹੋ!" ਉਸ ਮੇਰੇ ਵਲ ਦੇਖਿਆ ਤੇ ਕਿਹਾ "ਲੈ! ਮੈਂ ਕੁਝ ਕਰਨਾ ਥੋਹੜਾ ਸੀ...ਬਸ ਤੈਨੂੰ ਤਿਆਰ ਕਰ ਤੜਫਾਣਾ ਸੀ। ਭਈ ਕਿਵੇਂ ਜਾਪਦੈ ਉਸ ਵੇਲੇ ਔਰਤ ਨੂੰ ਵੀ ਉਵੇਂ ਜਾਪਦੈ ਕਿ ਨੀ! ਤੈਨੂੰ ਤਾਂ ਮੈਂ ਵਿਚ-ਵਿਚਾਲੇ ਹੀ ਛੱਡਣਾ ਸੀ। ਦੁਬਾਰਾ-ਦੁਬਾਰਾ ਥੋਹੜਾ ਬਲਾਤਕਾਰ ਕਰਨੈ।" ਤੇ ਉਹ ਇਹ ਕਹਿ ਚਲਾ ਗਿਆ। ਮੈਂ ਉਥੇ ਹੀ ਢੇਰੀ

*ਮੈਂ ਆਪਣੇ ਮਨ ਵਿਚ ਧਾਰ ਲਿਆ ਕਿ ਰੋਣਾ ਨੀ ਬਿਲਕੁਲ, ਇਕ ਅੱਥਰੂ ਵੀ ਨੀ ਕੱਢਣਾ। ਮੈਂ ਕਾਇਰ ਨਹੀਂ, ਨਾ ਹੀ ਬੁਜ਼ਦਿਲ। ਮੈਂ ਅਜਿਹੇ ਹਾਲਾਤਾਂ ਸਾਹਮਣੇ ਖਾਨਦਾਨ ਦੀ ਝੂਠੀ ਸ਼ੇਖੀ, ਇਨਸਾਨੀਅਤ ਤੋਂ ਕੋਰੀ ਸ਼ਾਨੋ-ਸ਼ੌਕਤ, ਸਾਹਵੇਂ ਹਥਿਆਰ ਨਹੀਂ ਸੁੱਟਣੇ। ਮੈਂ ਆਪਣੀ ਭੈਣ ਥਾਵੇਂ ਵੀ ਖਲੋ ਗਈ ਸਾਂ। ਮੈਂ ਅੰਗਾਰੇ ਲਟ ਲਟ ਬਲਦੇ, ਆਪਣੀ ਝੋਲੀ ਪਾਉਣ ਨੂੰ ਤਿਆਰ ਸਾਂ? ਆਪਣੀ ਭੈਣ ਦੀ ਪੱਤ ਲੁੱਟਣ ਵਾਲੇ ਨਾਲ ਮੈਂ ਕਿਉਂ ਵਿਆਹ ਕਰਵਾਵਾਂ ਕੀ ਕੱਜ ਏ ਮੇਰੇ ਵਿਚ? ਮੈਂ ਸਾਰਿਆਂ ਵਲ ਮੂੰਹ ਕਰ ਬਹੁਤ ਹੌਂਸਲੇ ਵਿਚ ਬੋਲੀ, "ਮੇਰੇ ਲਈ ਕਿਸੇ ਸੀਰੀ ਤੇ ਕਿਸੇ ਜੱਟ ਵਿਚ ਕੋਈ ਫਰਕ ਨਹੀਂ। ਬਸ! ਮਰਦ, ਇਨਸਾਨ ਹੋਵੇ ਕਰਮਯੋਗੀ, ਸਚਿਆਰਾ। ਮੈਂ ਸਿੱਧੂ ਵਲ ਤੱਕਦਿਆਂ ਫਿਰ ਕਿਹਾ, ਝੂਠ, ਫਰੇਬ, ਧੋਖਾ, ਬੇਈਮਾਨ ਤੋਂ ਪਰ੍ਹਾ ਹੋਵੇ। ਬਸ ਮੈਂ ਤਾਂ ਇਕ ਵਧੀਆ ਇਨਸਾਨ ਦਾ ਸੁਪਨਾ ਵੇਖਿਆ ਸੀ। ਠੀਕ ਹੈ ਜੇ ਤੁਹਾਡੀ ਨਹੀਂ ਮਰਜ਼ੀ ਤਾਂ ਮੈਂ ਵਿਆਹ ਹੀ ਨਹੀਂ ਕਰਾਉਣਾ। ਬਸ ਹੁਣ ਖੁਸ਼ ਹੋ ਨਾ"...ਇਹ ਕਹਿ ਕੇ ਮੈਂ ਅੰਦਰ ਵੜ ਗਈ। ਮਗਰੋਂ ਰਲਵੀਆਂ ਮਿਲਵੀਆਂ ਤਲਖੀਆਂ ਭਰੀਆਂ ਆਵਾਜ਼ਾਂ ਆਉਂਦੀਆਂ ਰਹੀਆਂ। ਮੇਰੇ ਪਿੜ ਪੱਲੇ ਕੁਝ ਨਾ ਪਿਆ।*

ਹੋ ਗਈ, ਸਾਹ ਸੱਤਹੀਣ। ਉਵੇਂ ਜਿਵੇਂ ਬਿਸਤਰੇ ਵਿਚ ਧਸ ਗਈ। ਇਸ ਭੱਜ ਨੱਸ ਵਿਚ ਮੈਨੂੰ ਜਿਵੇਂ ਟੈਨਸ਼ਨ ਨਾਲ ਪੰਜ ਭੱਠ ਬੁਖਾਰ ਹੋ ਗਿਆ ਜਾਪਦਾ ਸੀ। ਨੀਮ ਬੇਹੋਸ਼ੀ ਵਿਚ ਮੈਂ ਪਈ ਰਹੀ।

ਬਾਹਰਲਾ ਦਰਵਾਜ਼ਾ ਚੁਫਾਲ ਖੁੱਲ੍ਹਾ ਪਿਆ ਸੀ ਕਿਸ ਬੰਦ ਕਰਨਾ ਸੀ। ਸਿੱਧੂ ਤਾਂ ਅੱਗੀਂ ਸੜਦਾ ਬਲਦਾ ਭੱਜ ਗਿਆ ਸੀ। ਹਨੇਰਾ ਉਤਰ ਆਇਆ ਸੀ।

ਘਰ ਵਿਚ ਸੁੰਨ ਮਸਾਣ ਸੀ। ਕੋਈ ਵਾਜ ਸਵਾਜ ਨਹੀਂ, ਰੱਬ ਸਬੱਬੀਓਂ ਪਰੇ ਦੂਰੋਂ ਉਹ ਲੰਘ ਰਿਹਾ ਸੀ। ਅਜੇ ਕਿਸੇ ਨੂੰ ਨ੍ਹੀਂ ਸੀ ਪਤਾ ਕਿ ਉਹ ਵਾਪਸ ਆ ਗਿਐ। ਦੋ ਦਿਨ ਤਾਂ ਉਹ ਸੁੱਤਾ ਹੀ ਰਿਹਾ ਕਿਉਂਕਿ ਲੰਬੀ ਫਲਾਈਟ ਕਾਰਨ ਸਮੇਂ ਦੇ ਫਰਕ ਨਾਲ ਜਾਗਣਾ ਹੋ ਜਾਂਦਾ ਹੈ। ਉਸ ਦਰਵਾਜਾ ਚੌਫਾਲ ਖੁੱਲ੍ਹਾ ਦੇਖਿਆ...ਗਲੀ ਵਾਲੀ ਟਿਊਬ ਦੀ ਰੌਸ਼ਨੀ ਦਰਵਾਜ਼ੇ 'ਤੇ ਪੈ ਰਹੀ ਸੀ। ਆਪਣੇ-ਆਪ ਉਸ ਦੇ ਪੈਰ ਘਰ ਵਲ ਹੋ ਗਏ। ਅੰਦਰ ਵੜਿਆ। ਚੁਪ ਚਾਂ। ਉਸ 'ਵਾਜ਼ਾ ਮਾਰੀਆਂ "ਰਾਣੀ! ਏ ਰਾਣੋ।" ਪਰ ਕੋਈ ਜੁਆਬ ਨਾ। "ਐਸ ਵੇਲੇ ਕੌਣ ਬਾਹਰ ਗਿਆ ਹੋਊ ਰਾਣੀ ਤਾਂ ਜਾਂਦੀ ਨਹੀਂ ਤੇ ਦੀਪੀ ਤਾਂ ਡਰਦੀ ਦੱਬੀ ਘੁੱਟੀ ਉਂਜ ਵੀ ਲੋਕਾਂ ਦੇ ਤਾਹਨਿਆਂ ਮਿਹਣਿਆਂ ਤੋਂ ਡਰਦੀ ਬਾਹਰ ਜਾਂਦੀ ਨੀ, ਤੇ ਮਾਸੀ! ਮਾਸੀ ਨੇ ਭਲਾ ਕਿਥੇ ਜਾਣੈ? ਇਓਂ ਹੀ ਸੋਚੀਂ ਪਿਆ ਉਹ ਵਿਹੜੇ ਵਿਚ, ਫਿਰ ਵਰਾਂਡੇ ਵਿਚ ਅਗਲੇ ਕਮਰੇ ਵਿਚ ਤੇ ਮੁੜ ਰਾਣੀ ਦੇ ਕਮਰੇ ਤਕ ਪਹੁੰਚਿਆ...ਉਹ ਹੈਰਾਨ ਪਰੇਸ਼ਾਨ ਰਾਣੀ! ਭਾਈ ਘਰ ਕੋਈ ਹੈ? ਮਾਸੀ ਜੀ ਕਿੱਥੇ ਨੇ?" ਕੋਈ ਜੁਆਬ ਨਹੀਂ ਤੇ ਉਹ ਰਾਣੀ ਦੇ ਪਲੰਗ ਤਕ ਪਹੁੰਚ ਗਿਆ ਹਨੇਰਾ ਘੁੱਪ...ਉਸ ਬਤੀ ਜਗਾਈ- "ਰਾਣੀ! ਉਸ ਰਾਣੀ ਦੀ ਚਾਦਰ ਤੋਂ ਬਾਹਰ ਪਈ ਬਾਂਹ ਹਿਲਾਈ। ਰਾਣੀ ਘਰ ਕੋਈ ਨਹੀਂ ਤੇ ਤੂੰ ਵੀ ਘੋੜੇ ਵੇਚ ਸੁਤੀ ਪਈ ਏ। ਬੂਹੇ ਖੁੱਲ੍ਹੇ ਇਹ ਕੀ ਏ? ਰਾਣੀ ਨੇ ਹੌਲੇ ਹੌਲੇ ਅੱਖਾਂ ਖੋਹਲੀਆਂ, ਭੜਕਾਈ ਅਵਾਜ਼ ਵਿਚ ਉਹ ਬੋਲੀ "ਆ ਗਿਐਂ ਹੁਣ...

"ਹਾਂ ਮੈਨੂੰ ਅਜੇ ਦੋ ਕੁ ਦਿਨ ਹੀ ਹੋਏ ਨੇ ਪਰ ਕੀ ਕਰਾਂ ਤੇਰੇ ਘਰਦੀਆਂ ਗੱਲਾਂ ਨੇ ਮੇਰੇ ਪੈਰ ਜਕੜ ਰੱਖੇ ਸਨ। ਨਹੀਂ ਤਾਂ ਜਹਾਜ਼ੋਂ ਉਤਰਦਾ ਤੇਰੇ ਕੋਲ ਪਹਿਲਾਂ ਪਹੁੰਚਦਾ। ਇੰਦਰ ਨੇ ਪਲੰਗ ਦੀ ਬਾਹੀ ਤੋਂ ਚਾਦਰ ਪਰ੍ਹੇ ਕਰਦਿਆਂ ਆਪਣੇ ਬੈਠਣ ਲਈ ਜਗ੍ਹਾ ਬਣਾਉਣੀ ਚਾਹੀ। ਉਸ ਚਾਦਰ ਚੁੱਕੀ ਤੇ ਹੈਰਾਨ ਰਹਿ ਗਿਆ "ਹੈਂ! ਇਹ ਕੀ? ਉਸ ਆਪਣੇ ਮੂੰਹ ਹੱਥ ਧਰਿਆ ਰਾਣੀ! ਤੂੰ ਨੰਗ ਮੁਨੰਗੀ ਸੁੱਤੀ ਸੈਂ।" "ਨਹੀਂ! ਇੰਦਰ ਨਹੀਂ! ਤੇਰੀ ਉਡੀਕ ਕਰ ਰਹੀ ਸਾਂ ਤੂੰ ਆਵੇ ਤਾਂ...ਉਸ ਇੰਦਰ ਦੀ ਬਾਂਹ ਖਿੱਚ ਆਪਣੇ ਉਪਰ ਕਰ ਲਿਆ। "ਇੰਦਰ! ਮੈਂ ਤੇਰੀ ਹਾਂ ਸਦਾ ਤੇਰੀ। ਤੈਨੂੰ ਫਿਰ ਦਸੂੰ ਸਾਰੀ ਕਹਾਣੀ ਮੇਰੇ ਨਾਲ ਕੀ ਅਣਹੋਣੀ ਹੋਈ। ਹੁਣ ਤੂੰ ਮੇਰੇ ਨਾਲ ਏਂ, ਮੇਰੇ ਬਿਲਕੁਲ ਨਾਲ। ਹੁਣ ਮੈਨੂੰ ਉੱਕਾ ਕੋਈ ਡਰ ਨਹੀਂ" ਤੇ ਉਹ...।

***(ਸਮਾਪਤ)***

## ਜੱਟ ਅਮਰੀਕਾ ਵਿਚ

ਲੈ ਲੈ ਵੀਜ਼ੇ ਦਿਲੀਓਂ ਜੱਟ ਅਮਰੀਕਾ ਆਉਂਦੇਂ ਨੇ
5-10 ਦੀ ਗੱਲ ਛੱਡੋ 20-20 ਲੱਖ ਵੀ ਲਾਉਂਦੇਂ ਨੇ
ਵਾਪਸ ਘਰ ਨਹੀਂ ਮੁੜਨਾ ਕਰਦੇ ਤਾਹਨੇ ਤੰਗ ਸ਼ਰੀਕਾਂ ਦੇ
ਜੱਟ ਪੰਜਾਬੀ ਬਣ ਗਏ ਹੁਣ ਤਾਂ ਜੱਟ ਅਮਰੀਕਾ ਦੇ।

ਕਈ ਏਥੇ ਆ ਕੇ ਕੰਮ ਖੱਤਿਆਂ ਦਾ ਕਰ ਲੈਂਦੇ
ਰਾਤ ਦਿਨ ਚਲਾ ਕੇ ਟੈਕਸੀ ਝੋਲੇ ਡਾਲਰਾਂ ਦੇ ਭਰ ਲੈਂਦੇ
ਦਿਨੇ ਵੀ ਡਿਊਟੀ ਲਾ ਕੇ ਕੰਮ ਰਾਤਾਂ ਨੂੰ ਵੀ ਕਰ ਲੈਂਦੇ
ਲੰਮੇ ਲੰਮੇ ਟਰੱਕ ਚਲਾਉਂਦੇ ਲੰਮਾਂ ਹਾਉਕਾ ਭਰ ਲੈਂਦੇ
ਓਵਰ ਸਪੀਡ ਚਲਾਉਂਦੇ ਨੂੰ ਫੜਦੇ ਥਾਣੇਦਾਰ ਅਮਰੀਕਾ ਦੇ
ਜੱਟ ਪੰਜਾਬੀ...।

ਕਈ ਏਥੇ ਆ ਕੇ ਗੈਸ ਸਟੇਸ਼ਨ ਚਲਾਉਂਦੇ ਨੇ
ਰੈਸਟੋਰੈਂਟਾਂ ਦੇ ਵਿਚ ਕਈ ਕਈ ਖਾਣੇ ਬਣਾਉਂਦੇ ਨੇ
ਮਿਹਨਤ ਕਰਨੀ ਮਾੜੀ ਨਹੀਂ ਹਰ ਇਕ ਨੂੰ ਕਹਿ ਦੇਂਦੇ
ਇੰਡੀਆਂ ਨਾਲੋਂ ਚੰਗਾ ਹਰ ਰੋਜ ਨਾਂ ਰੱਬ ਦਾ ਲੈ ਲੈਂਦੇ
ਹੱਸ ਹੱਸ ਮਿਲਦੇ ਗੋਰੇ ਹੋਣ ਜਾਂ ਕਾਲੇ ਅਫਰੀਕਾ ਦੇ
ਜੱਟ ਪੰਜਾਬੀ...।

ਰਹਿਣ ਸਹਿਣ ਨੂੰ ਚੰਗਾ ਕੀਤੀਆਂ ਨੇਕ ਕਮਾਈਆਂ ਨੇ
ਜੱਟਾ, ਕਾਹਦੀ ਸਰਦਾਰੀ ਚੱਕ-ਚੱਕ ਰੂੜੀਆਂ ਪਾਈਆਂ ਨੇ
ਝੋਨਾ ਹੋਵੇ ਜਾਂ ਕਣਕ ਜੱਟ ਜਾ ਦਰ ਲਾਲੇ ਦੇ ਬਹਿ ਜਾਂਦਾ
ਮਿਹਨਤ ਕਰਦਾ ਕੋਈ ਕੁੰਡੀ ਫਿਰ ਵੀ ਲਾਲਾ ਜੜ ਜਾਂਦਾ
ਛੇਤੀ ਭਰਨ ਨਾ ਜ਼ਖਮ ਖੇਤੋਂ ਆਈਆਂ ਝਰੀਟਾਂ ਦੇ
ਜੱਟ ਪੰਜਾਬੀ...।

ਖੁਸ਼ ਰਹੋ ਤੇ ਕਰੋ ਕਮਾਈਆਂ ਰੱਖਿਓ ਯਾਦ ਪੰਜਾਬ
ਹਰ ਥਾਂ ਦੇਸ਼ ਦੀ ਇੱਜਤ ਵਧਾਇਓ, ਕਰਿਓ ਨਾ ਖਰਾਬ
ਜਿਥੇ ਮੈਂ ਸੀ ਜੰਮਿਆ ਪਲ਼ਿਆ ਮੇਰੇ ਪਿੰਡ ਦਾ ਨਾਂ ਹੈ ਬੱਗਾ
ਕਈ ਵਾਰੀ ਲੱਭਣ ਗਿਆਂ ਪਰ ਬਚਪਨ ਨਾ ਮੇਰਾ ਲੱਭਾ
ਜਦ ਵੀ ਪਿੰਡ ਮੈਂ ਜਾਨਾਂ ਮਿਠੇ ਲਗਦੇ ਬੋਲ ਸ਼ਰੀਕਾਂ ਦੇ
ਜੱਟ ਪੰਜਾਬੀ ...।

***-ਲਖਵਿੰਦਰ ਸਿੰਘ ਮੱਟੂ***
***ਡੇਟਨ ਓਹਾਇਓ, 513-300-4020***

# ਬਲਿਊ ਸਟਾਰ ਪਿੱਛੋਂ ਪਾਕਿਸਤਾਨੋਂ .....

ਜਵਾਬ ਮਿਲਿਆ ਕਿ ਜਦ ਤੀਕ ਉਸ ਦੇ ਕਮਾਂਡਰ ਦਾ ਹੁਕਮ ਨਹੀਂ ਮਿਲਦਾ, ਤੁਸੀਂ ਅੱਗੇ ਨਹੀਂ ਜਾ ਸਕਦੇ। ਉਸ ਨੇ ਆਪਣੇ ਕਮਾਂਡਰ ਤੋਂ ਹੁਕਮ ਮਿਲਣ 'ਤੇ, ਹੀ ਅੱਗੇ ਜਾਣ ਦਿੱਤਾ, ਪਰ ਨੁੱਕਰ ਵਾਲੀ ਛਬੀਲ ਤੋਂ ਅੱਗੇ ਕਮਾਂਡ ਬਦਲ ਗਈ। ਇਸ ਲਈ ਸਾਨੂੰ ਕੁਝ ਦੇਰ ਹੋਰ ਰੁਕਣਾ ਪਿਆ। ਆਖਰ 9 ਵਜੇ ਤੀਕ ਅਸੀਂ ਦਰਬਾਰ ਸਾਹਿਬ ਦੇ ਅੰਦਰ ਮੱਥਾ ਟੇਕ ਕੇ ਹਰਿ ਕੀ ਪੌੜੀ ਦੇ ਸਾਹਮਣੇ ਵਰਾਂਡੇ ਵਿਚ ਬੈਠ ਗਏ। ਇਥੇ ਹੀ ਮੀਟਿੰਗ ਹੋਣੀ ਸੀ। ਇਥੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਵੀ ਬੈਠੇ ਹੋਏ ਸਨ। ਸ. ਸਰਦਾਰਾ ਸਿੰਘ ਸਾਬਕਾ ਡੀ.ਸੀ. ਅੰਮ੍ਰਿਤਸਰ, ਸ. ਜੇ.ਐਸ. ਕੇਸਰ ਡੀ.ਸੀ. ਜਲੰਧਰ ਅਤੇ ਅੰਮ੍ਰਿਤਸਰ ਦੇ ਇੰਡਸਟਰੀਅਲ ਅਫਸਰ ਵੀ ਬੋਰਡ ਦੇ ਮੈਂਬਰ ਸਨ, ਜੋ ਥੋੜ੍ਹੇ ਸਮੇਂ ਵਿਚ ਹੀ ਪੁੱਜ ਗਏ।

ਤੋਸ਼ੇਖਾਨੇ ਦੀ ਸੰਭਾਲ ਲਈ ਬਣਾਏ ਬੋਰਡ ਦੀ ਮੀਟਿੰਗ ਕਰਨ ਸਮੇਂ ਪਹਿਲਾਂ ਤੋਸ਼ੇਖਾਨੇ ਵਾਲਾ ਕਮਰਾ ਖੋਲ੍ਹਿਆ ਗਿਆ। ਟੈਂਕ ਜਾਂ ਤੋਪ ਦਾ ਗੋਲਾ ਕੰਧ ਪਾੜ ਕੇ ਅੰਦਰ ਜਾਣ ਕਾਰਨ ਕੀਮਤੀ ਚਾਨਣੀ, ਜੋ ਨਿਜ਼ਾਮ ਹੈਦਰਾਬਾਦ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਭੇਟ ਕੀਤੀ ਗਈ ਸੀ ਅਤੇ ਜਿਸ ਦੀ ਸੁੰਦਰਤਾ ਤੋਂ ਪ੍ਰਭਾਵਤ ਹੋ ਕੇ ਮਹਾਰਾਜੇ ਵਲੋਂ ਇਹ ਚਾਨਣੀ ਹਰਿਮੰਦਰ ਸਾਹਿਬ ਵਿਖੇ ਭੇਟ ਕਰ ਦਿੱਤੀ ਗਈ ਸੀ, ਸੜ ਕੇ ਸਵਾਹ ਹੋ ਚੁੱਕੀ ਸੀ। ਧੂੰਏਂ ਤੇ ਸੇਕ ਦਾ ਅਸਰ ਜਲੌਅ ਦੇ ਬਾਕੀ ਸਾਮਾਨ 'ਤੇ ਵੀ ਨਜ਼ਰ ਆ ਰਿਹਾ ਸੀ, ਪਰ ਹਾਲਾਤ ਅਨੁਸਾਰ ਸਾਮਾਨ ਪੂਰਾ ਜਾਪਦਾ ਸੀ। ਤੋਸ਼ੇਖਾਨੇ ਵਾਲੇ ਰਜਿਸਟਰ ਨਾਲ ਮਿਲਾਨ ਕੀਤਾ ਗਿਆ। ਵੇਖਣ ਉਪਰੰਤ ਤਾਲੇ ਲਗਾ ਕੇ ਫੌਜ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਨਿਯਤ ਕੀਤੀ ਗਈ। ਹੋਈ ਕਾਰਵਾਈ 'ਤੇ ਬੋਰਡ ਦੇ ਮੈਂਬਰਾਂ ਤੋਂ ਛੁੱਟ ਸ. ਕੁਲਦੀਪ ਸਿੰਘ ਮੀਤ ਸਕੱਤਰ ਦੇ ਦਸਤਖ਼ਤ ਵੀ ਕਰਵਾਏ ਗਏ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਸ਼ਸਤਰਾਂ ਦਾ ਜ਼ਿਕਰ ਆਇਆ ਤਾਂ ਜਥੇਦਾਰ ਕਿਰਪਾਲ ਸਿੰਘ ਨੇ ਦੱਸਿਆ ਕਿ 8 ਜੂਨ ਨੂੰ ਪੰਜਾਂ ਪਿਆਰਿਆਂ ਨੂੰ ਸੱਦ ਕੇ ਭਾਲ ਕੀਤੀ ਜਾ ਚੁੱਕੀ ਹੈ। ਤਸੱਲੀ ਹੋਣ 'ਤੇ ਫੌਜੀ ਅਧਿਕਾਰੀਆਂ ਨੇ ਕਿਸੇ ਹੋਰ ਕੀਮਤੀ ਵਸਤੂ ਹੋਣ ਬਾਰੇ ਪੁੱਛਿਆ, ਜਿਸ 'ਤੇ ਮੈਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਪਾਲਕੀ ਉਪਰ ਸੋਨਾ ਲੱਗਾ ਹੋਇਆ, ਉਸ ਦਾ ਵੇਰਵਾ ਕਿਧਰੇ ਨਹੀਂ ਮਿਲਿਆ ਤਾਂ ਸਾਰੇ ਅਧਿਕਾਰੀ ਮੌਕੇ ਉੱਪਰ ਗਏ। ਤੋਪਾਂ ਦੇ ਗੋਲਿਆਂ ਨਾਲ ਪਾਲਕੀ ਸਾਹਿਬ ਵਾਲੀ ਜਗ੍ਹਾ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਮਲਬੇ ਦੇ ਢੇਰ ਵਿਚੋਂ ਕੁਝ ਟੁਕੜੇ ਸਬੰਧਤ ਅਧਿਕਾਰੀਆਂ ਨੂੰ ਵਿਖਾਏ ਗਏ ਤਾਂ ਉਨ੍ਹਾਂ ਸੋਨੇ ਦੇ ਪੱਤਰਿਆਂ ਦੀ ਭਾਲ ਦਾ ਵਿਸ਼ਵਾਸ ਦਿਵਾਇਆ। ਉਹ ਕਮਰਾ (ਗੁਰਦੁਆਰਾ ਕੋਠਾ ਸਾਹਿਬ) ਜਿਥੇ ਰਾਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹਰਿਮੰਦਰ ਸਾਹਿਬ ਤੋਂ ਲਿਆ ਕੇ ਸੁਸ਼ੋਭਿਤ ਕੀਤੀ ਜਾਂਦੀ ਸੀ, ਅੰਦਰੋਂ ਬਿਲਕੁਲ ਠੀਕ ਸੀ। ਕਿਸੇ ਗੋਲੀ ਆਦਿ ਦਾ ਨਿਸ਼ਾਨ ਨਹੀਂ ਸੀ। ਇਸ ਕਮਰੇ ਦੇ ਦਰਵਾਜ਼ੇ ਅੰਦਰ ਖੜ੍ਹੇ ਹੋ ਕੇ ਵੇਖੀਏ ਤਾਂ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਿਲਕੁਲ ਸਾਹਮਣੇ ਵਿਖਾਈ ਦਿੰਦਾ ਸੀ। ਅਸੀਂ ਇਹ ਵੇਖ ਕੇ ਹੈਰਾਨ ਵੀ ਸਾਂ ਕਿ ਇਤਨੀ ਭਾਰੀ ਗੋਲਾਬਾਰੀ ਸਮੇਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬਾਕੀ ਇਮਾਰਤ ਖੰਡਰ ਬਣ ਗਈ ਸੀ ਤਾਂ ਇਹ ਕਮਰਾ ਕਿਸ ਤਰ੍ਹਾਂ ਬਚ ਗਿਆ। ਤਕਰੀਬਨ ਇਕ ਵਜੇ ਤੋਂ ਪਿਛੋਂ ਸਾਨੂੰ ਘਰੋ-ਘਰੀ ਪਹੁੰਚਾ ਦਿੱਤਾ ਗਿਆ ਅਤੇ ਸ. ਭਾਨ ਸਿੰਘ ਅਤੇ ਸ. ਅਬਿਨਾਸ਼ੀ ਸਿੰਘ ਨੂੰ ਫੌਜੀ ਅਧਿਕਾਰੀ ਨਾਲ ਲੈ ਗਏ।

11 ਜੂਨ ਸਵੇਰੇ ਅੱਠ ਵਜੇ ਤਿਆਰ ਰਹਿਣ ਲਈ ਸ. ਰਣਜੀਤ ਸਿੰਘ ਮੈਨੇਜਰ ਨੇ ਮੈਨੂੰ ਕਿਹਾ। ਮਿਥੇ ਸਮੇਂ 'ਤੇ ਕਰਨਲ ਗੁਰਾਇਆ ਅਤੇ ਸ. ਰਣਜੀਤ ਸਿੰਘ ਛੋਟੀ ਜੀਪ ਵਿਚ ਘਰੋਂ ਲੈ ਗਏ। ਫੌਜ ਦੀ ਇਕ ਜੀਪ ਸਾਡੇ ਨਾਲ ਹੋਰ ਸੀ। ਸਾਨੂੰ ਦੱਸਿਆ ਗਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਖੇ ਕੁਝ ਪੁਸਤਕਾਂ ਬਾਰੇ ਜਾਣਕਾਰੀ ਲੈਣੀ ਹੈ। ਗੁਰੂ ਰਾਮਦਾਸ ਨਿਵਾਸ ਦੇ ਸਾਹਮਣੇ ਸਾਨੂੰ ਉਤਾਰ ਕੇ ਡਿਓੜੀ ਰਾਹੀਂ ਪਰਿਕਰਮਾ ਵਿਚ ਲਿਜਾਇਆ ਗਿਆ।

ਡਿਓੜੀ ਤੋਂ ਹੇਠਾਂ ਉਤਾਰਨ ਵਾਲੇ ਸੰਗਮਰਮਰ ਦੇ ਪੌੜ ਟੁੱਟੇ ਹੋਏ ਸਨ। ਸਾਨੂੰ ਦੱਸਿਆ ਗਿਆ ਕਿ ਟੈਂਕ ਇਸੇ ਰਸਤੇ ਪਰਿਕਰਮਾ ਵਿਚ ਉਤਾਰੇ ਗਏ ਸਨ। ਪਰਿਕਰਮਾ ਵਿਚ ਨੰਗੇ ਪੈਰੀਂ ਤੁਰਨਾ ਮੁਸ਼ਕਿਲ ਹੋ ਰਿਹਾ ਸੀ। ਪਰਿਕਰਮਾ ਸਵਾਹ, ਇੱਟਾਂ ਅਤੇ ਸੰਗਮਰਮਰ ਦੀਆਂ ਕੰਕਰਾਂ ਨਾਲ ਭਰੀਆਂ ਹੋਈਆਂ ਸਨ। ਟੈਂਕਾਂ ਦੇ ਚੱਲਣ ਨਾਲ ਸੰਗਮਰਮਰ 'ਤੇ ਝਰੀਟਾਂ ਅਤੇ ਤਰੇੜਾਂ ਸਾਫ਼ ਦਿੱਸ ਰਹੀਆਂ ਸਨ। ਸ਼ਹੀਦ ਬਾਬਾ ਦੀਪ ਸਿੰਘ ਦੇ ਗੁਰਦੁਆਰਾ ਸਾਹਿਬ ਤੋਂ ਪਹਿਲਾਂ ਹੀ ਕਈ ਥਾਵਾਂ 'ਤੇ ਸੰਗਮਰਮਰ ਹੇਠਾਂ ਦੱਬਿਆ ਹੋਇਆ ਤੇ ਟੁੱਟਾ ਹੋਇਆ ਸੀ, ਜਿਸ ਬਾਰੇ ਦੱਸਿਆ ਗਿਆ ਕਿ ਇਸ ਥਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ ਰਾਹੀਂ ਗੋਲੇ ਚਲਾਏ ਗਏ ਸਨ।

ਇਹੋ ਹਾਲਤ ਆਟਾ ਮੰਡੀ ਵਾਲੀ ਡਿਓੜੀ ਤੀਕ ਸੀ। ਪਰ ਫਰਸ਼ 'ਤੇ ਟੈਂਕਾਂ ਦੀ ਰਗੜ ਅੱਗੇ ਤੀਕ ਵੀ ਜਾਂਦੀ ਸੀ। ਅਸਾਂ ਭਾਂਪ ਲਿਆ ਕਿ ਇਸ ਪਾਸੇ ਤੋਂ ਟੈਂਕਾਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਗਈ ਸੀ। ਆਟਾ ਮੰਡੀ ਵਾਲੀ ਡਿਓੜੀ ਲਾਗੇ ਇਕ ਨਾਇਬ ਸੂਬੇਦਾਰ ਜਿਸ ਦਾਹੜੀ ਕੱਟੀ ਕੀਤੀ ਹੋਈ ਸੀ, ਫੌਜੀ ਸਫਾਈ ਮਹਿਕਮੇ ਦੇ ਜਵਾਨਾਂ ਨਾਲ ਫਲੀਟਾਂ ਪਾਈ ਕੰਮ ਕਰਵਾ ਰਿਹਾ ਸੀ। ਉਸ ਨੇ ਦੱਸਿਆ ਕਿ ਨੰਗੇ ਪੈਰੀਂ ਕੰਮ ਨਹੀਂ ਹੋ ਸਕਦਾ। ਡਿਓੜੀ ਉਪਰ ਚੜ੍ਹ ਕੇ ਜਦੋਂ ਅਸੀਂ ਰੈਫਰੈਂਸ ਲਾਇਬ੍ਰੇਰੀ ਦੀਆਂ ਪੌੜੀਆਂ ਪਾਸ ਗਏ ਤਾਂ ਸਾਨੂੰ ਇਹ ਵੇਖ ਕੇ ਬਹੁਤ ਦੁੱਖ ਹੋਇਆ ਕਿ ਪੌੜੀਆਂ ਚੜ੍ਹਨ ਤੋਂ ਪਹਿਲਾਂ ਖੱਬੇ ਪਾਸੇ ਵਾਲੀ ਦੁਕਾਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਇਕੱਤਰ ਕਰਕੇ ਰੈਕਾਂ ਵਿਚ ਰੱਖੀਆਂ ਹੋਈਆਂ ਸਨ, ਅੰਦਰ ਇਕ ਮੰਜੇ 'ਤੇ ਬੈਠਾ ਫੌਜੀ ਸਿਪਾਹੀ ਸਿਗਰਟ ਪੀ ਰਿਹਾ ਸੀ। ਸਾਡੇ ਇਤਰਾਜ਼ ਕਰਨ 'ਤੇ ਫੌਜੀ ਨੇ ਸਿਗਰਟ ਪੀਣੀ ਤਾਂ ਬੰਦ ਕਰ ਦਿੱਤੀ, ਪਰ ਮੰਜੇ ਉੱਪਰ ਬੈਠਾ ਰਿਹਾ। ਅਸਾਂ ਕਰਨਲ ਗੁਰਾਇਆ ਨੂੰ ਸਮਝਾਇਆ ਤਾਂ ਉਸ ਨੇ ਭਰੋਸਾ ਦਿਵਾਇਆ ਕਿ ਇਸ ਕਮਰੇ ਨੂੰ ਤਾਲਾ ਲਾ ਕੇ ਪੂਰੀ ਸੰਭਾਲ ਕਰ ਲਈ ਜਾਵੇਗੀ। ਇਸ ਕਮਰੇ ਬਾਰੇ ਹੀ ਉਨ੍ਹਾਂ ਨੂੰ ਜਾਣਕਾਰੀ ਦੀ ਲੋੜ ਜ਼ਿਆਦਾ ਸੀ। ਉਪਰ ਜਾ ਕੇ ਵੇਖਿਆ ਤਾਂ ਕਮਰੇ ਸਾਰੇ ਠੀਕ ਸਨ, ਪਰ ਅਲਮਾਰੀਆਂ ਵਿਚੋਂ ਪੁਸਤਕਾਂ ਗਾਇਬ ਸਨ। ਫਿਰ ਵੀ ਕਈ ਕੀਮਤੀ ਪੁਸਤਕਾਂ ਖਿਲਰੀਆਂ ਹੋਈਆਂ ਸਨ। ਅੱਗੇ ਜਾ ਕੇ ਝਾਤ ਮਾਰੀ ਤਾਂ ਡਿਓੜੀ ਦੇ ਉਪਰ ਵਾਲੇ ਸਾਰੇ ਹਿੱਸੇ ਵਿਚ ਰੈਕ ਸੜੇ ਹੋਏ ਸਨ ਅਤੇ ਸਵਾਹ ਦੇ ਢੇਰ ਲੱਗੇ ਹੋਏ ਸਨ।

ਇਸ ਥਾਂ 'ਤੇ ਆਮ ਤੌਰ 'ਤੇ ਅਖਬਾਰਾਂ ਹੀ ਰੱਖੀਆਂ ਹੋਈਆਂ ਸਨ, ਜਿਨ੍ਹਾਂ ਤੋਂ ਬਹੁਤ ਪੁਰਾਣੇ ਰੈਫਰੈਂਸ ਲਏ ਜਾ ਸਕਦੇ ਸਨ। ਇਹ ਗੱਲ ਸਾਫ਼ ਸੀ ਕਿ ਕੀਮਤੀ ਪੁਸਤਕਾਂ ਸਾੜੀਆਂ ਨਹੀਂ, ਸਗੋਂ ਲਿਜਾਈਆਂ ਜਾ ਚੁੱਕੀਆਂ ਸਨ। ਜੋ ਪੁਸਤਕਾਂ ਉਸ ਸਮੇਂ ਉਥੇ ਖਿਲਰੀਆਂ ਪਈਆਂ ਸਨ ਬਾਅਦ ਵਿਚ ਉਨ੍ਹਾਂ ਵਿਚੋਂ ਵੀ ਕੋਈ ਪੁਸਤਕ ਨਹੀਂ ਮਿਲ ਸਕੀ। ਤਕਰੀਬਨ 9:30 ਵਜੇ ਤੀਕ ਅਸੀਂ ਪਰਿਕਰਮਾ ਵਿਚੋਂ ਬਾਹਰ ਆ ਗਏ ਤਾਂ ਸਾਨੂੰ ਮਿਲਟਰੀ ਦੇ ਕੈਂਪ ਵਿਚ ਕਰਨਲ ਗੁਰਾਇਆ ਲੈ ਗਏ ਜਿਥੇ ਉਨ੍ਹਾਂ ਸਾਨੂੰ ਆਪਣੇ ਦਫਤਰ ਵਿਚ ਬਿਠਾਇਆ ਅਤੇ ਦੱਸਿਆ ਕਿ 11:30 ਵਜੇ ਸਕਰੀਨਿੰਗ ਕਮੇਟੀ ਦੀ ਮੀਟਿੰਗ ਹੈ ਜਿਸ ਵਿਚ ਫੌਜੀ ਅਧਿਕਾਰੀਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਪੁਲਿਸ ਦੇ ਨੁਮਾਇੰਦੇ ਵੀ ਹਨ, ਤੁਸਾਂ ਆਪਣੇ ਮੁਲਾਜ਼ਮਾਂ ਦੀ ਪਛਾਣ ਕਰਨੀ ਹੈ। ਸਾਨੂੰ ਦਫਤਰ ਵਿਚ ਚਾਹ ਪਿਲਾਈ ਗਈ। ਕਰਨਲ ਗੁਰਾਇਆ ਕੁਝ ਸਮੇਂ ਲਈ ਦਫ਼ਤਰ ਵਿਚੋਂ ਬਾਹਰ ਚਲਾ ਗਿਆ। ਇਥੇ ਦਫ਼ਤਰ ਵਿਚ ਇਕ ਮੇਜਰ ਬੈਠਾ ਸੀ। ਚਾਹ ਪੀਂਦਿਆਂ ਉਸ ਨੇ ਕਿਹਾ ਕਿ "ਸਰਦਾਰ ਜੀ, ਇਸ ਮਿਲਟਰੀ ਐਕਸ਼ਨ ਕੇ ਬਾਰੇ ਮੇਂ ਆਪ ਕਾ ਕਿਆ ਵਿਚਾਰ ਹੈ।"

ਮੈਂ ਠਰ੍ਹੰਮੇ ਨਾਲ ਗੱਲ ਕਰਦਿਆਂ ਉਸ ਨੂੰ ਦੱਸਿਆ ਇਸ ਕਾਰਵਾਈ ਵਿਚ ਫੌਜ ਦਾ ਹਿੱਸਾ ਲੈਣਾ ਦੇਸ਼ ਲਈ ਹਾਨੀਕਾਰਕ ਹੈ, ਕਿਉਂਕਿ ਫੌਜ ਦਾ ਸਤਿਕਾਰ ਜਨਤਾ ਦੇ ਮਨਾਂ ਵਿਚ ਇਸ ਕਰਕੇ ਜ਼ਿਆਦਾ ਹੁੰਦਾ ਹੈ ਕਿ ਹਰ ਕੋਈ ਜਾਣਦਾ ਹੈ ਕਿ ਫੌਜ ਨੇ ਬਾਹਰਲੇ ਹਮਲਾਵਰਾਂ ਤੋਂ ਦੇਸ਼ ਨੂੰ ਬਚਾਉਣਾ ਹੁੰਦਾ ਹੈ। ਇਸੇ ਕਰਕੇ 1965 ਅਤੇ 1971 ਦੀਆਂ ਪਾਕਿਸਤਾਨ ਨਾਲ ਹੋਈਆਂ ਲੜਾਈਆਂ ਵਿਚ ਜੋ ਹਿੱਸਾ ਪੰਜਾਬੀਆਂ ਨੇ ਪਾਇਆ ਜਿਵੇਂ ਅਸਲਾ, ਰਾਸ਼ਨ, ਦੁੱਧ ਅਤੇ ਖਾਣ-ਪੀਣ ਵਾਲੀਆਂ ਵਸਤੂਆਂ ਅਗਲੇ ਮੋਰਚਿਆਂ ਤੀਕ ਪੁਚਾ ਕੇ ਜਵਾਨਾਂ ਦੇ ਹੌਸਲੇ ਵਧਾਏ, ਜੇਕਰ ਜਨਤਾ ਦਾ ਸਹਿਯੋਗ ਨਾ ਹੁੰਦਾ ਤਾਂ ਭਾਰਤੀ ਫੌਜ ਦਾ ਇਥੋਂ ਪਾਕਿਸਤਾਨ ਅੱਗੇ ਟਿਕਣਾ ਮੁਸ਼ਕਿਲ ਸੀ। ਉਸ ਸਮੇਂ ਫੌਜੀ ਜਵਾਨਾਂ ਲਈ ਲੋਕਾਂ ਦੀ ਹਮਦਰਦੀ ਸੀ ਅਤੇ ਇਸ ਐਕਸ਼ਨ ਪਿਛੋਂ ਫੌਜ ਪ੍ਰਤੀ ਨਫ਼ਰਤ ਪੈਦਾ ਹੋ ਗਈ ਹੈ। ਪਰਮਾਤਮਾ ਨਾ ਕਰੇ, ਜੇ ਕਿਧਰੇ ਫਿਰ ਲੜਾਈ ਲੱਗੇ ਤਾਂ ਫੌਜ ਨੂੰ ਇਥੇ ਦੂਣੀ ਤਾਕਤ ਦੀ ਵਰਤੋਂ ਕਰਨੀ ਪਵੇਗੀ। ਉਸ ਨੇ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ, ਪਰ ਨਾਲ ਹੀ ਕਿਹਾ ਕਿ ਫੌਜੀ ਜਵਾਨ ਦੇ ਕੀ ਵੱਸ ਹੈ, ਇਹ ਤਾਂ ਹੁਕਮ ਮੰਨਣ ਵਾਲੇ ਹਨ, ਇਹ ਸੋਚ ਤਾਂ ਹਾਕਮਾਂ ਨੂੰ ਹੋਣੀ ਚਾਹੀਦੀ ਹੈ ਕਿ ਫੌਜ ਨੂੰ ਘਰੇਲੂ ਮਸਲਿਆਂ ਵਿਚ ਨਾ ਵਰਤਣ।

ਨਿਯਤ ਸਮੇਂ 'ਤੇ ਕਰਨਲ ਗੁਰਾਇਆ ਛਾਉਣੀ ਵਿਚਲੇ ਸਕੂਲ ਵਿਚ ਲੈ ਗਿਆ। ਸਾਨੂੰ ਦਫ਼ਤਰ ਵਿਚ ਬਿਠਾ ਦਿੱਤਾ ਗਿਆ। ਸਕੂਲ ਦੀ ਇਮਾਰਤ ਦੀ ਦੂਜੀ ਮੰਜ਼ਲ 'ਤੇ ਸਾਡੇ ਕੁਝ ਮੁਲਾਜ਼ਮਾਂ ਨੇ ਸਾਨੂੰ ਵੇਖ ਲਿਆ ਅਤੇ ਹੱਥ ਨਾਲ ਇਸ਼ਾਰੇ ਕਰਨ ਲੱਗੇ। ਅਸੀਂ ਕਮਰੇ ਤੋਂ ਬਾਹਰ ਵੀ ਨਹੀਂ ਸਾਂ ਜਾ ਸਕਦੇ। ਗਿਆਨੀ ਪ੍ਰੀਤਮ ਸਿੰਘ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ ਬਰਾਂਡੇ ਵਿਚ ਆਏ। ਉਨ੍ਹਾਂ ਦੇ ਗਲ਼ ਵਿਚ ਪਾਟੀ ਹੋਈ ਚਿੱਕੜ ਵਰਗੀ ਬੁਨੈਣ ਅਤੇ ਕਛਹਿਰਾ ਸੀ। ਇਹੋ ਜਿਹੀ ਹੀ ਦਸ਼ਾ ਬਾਕੀਆਂ ਦੀ ਵੀ ਸੀ। ਅਸੀਂ ਮਾਯੂਸ ਬੈਠੇ ਕੁਝ ਨਹੀਂ ਸੀ ਕਰ ਸਕਦੇ। ਪਰ ਆਸ ਸੀ ਕਿ ਇਨ੍ਹਾਂ ਦੀ ਪਹਿਚਾਣ ਹੋਣ ਪਿੱਛੋਂ ਇਨ੍ਹਾਂ ਨੂੰ ਛੁਟਕਾਰਾ ਮਿਲ ਜਾਵੇਗਾ। ਦੁਪਹਿਰੇ ਢਾਈ ਕੁ ਵਜੇ ਤੀਕ ਸਿਵਲ ਅਧਿਕਾਰੀ ਕਿਸੇ ਕਾਰਨ ਨਾ ਪੁੱਜੇ, ਪਰ ਇਹ ਫੌਜੀ ਕਰਨਲ ਸ਼ਰਮਾ ਜੋ ਬੰਦੀਆਂ ਦਾ ਇੰਚਾਰਜ ਵੀ ਲੱਗਦਾ ਸੀ, ਬੜੇ ਗੁੱਸੇ ਵਿਚ ਬੋਲਿਆ ਕਿ ਅਸੀਂ ਇਹੋ ਜਿਹੀ ਸਿਆਸਤ ਨਹੀਂ ਚੱਲਣ ਦੇਣੀ, ਕੋਈ ਪਛਾਣ ਨਹੀਂ ਕਰਾਉਣੀ। ਕਰਨਲ ਗੁਰਾਇਆ ਸਾਨੂੰ ਨਾਲ ਲੈ ਕੇ ਗੁੱਸੇ ਵਿਚ ਬੋਲਦਾ ਬਾਹਰ ਆ ਗਿਆ ਕਿ ਤੁਸੀਂ ਕਿੰਨੇ ਦੇਸ਼ ਭਗਤ ਹੋ, ਮੈਂ ਜਾਣਦਾ ਹਾਂ। ਸਾਂਬਾ ਸੈਕਟਰ ਵਿਚ ਪਾਕਿਸਤਾਨ ਨਾਲ ਜਾਸੂਸੀ ਕਰਦੇ 7 ਸ਼ਰਮੇ ਅਫਸਰ ਫੜੇ ਗਏ ਸਨ।

ਪਰ ਇਹ ਤਾਂ ਆਪਣੇ ਕੰਢੇ ਲੂਹਣ ਵਾਲੀ ਗੱਲ ਸੀ। ਉਹ ਵੀ ਮਾਯੂਸ ਸੀ। ਫਿਰ ਵੀ ਉਸ ਨੇ ਕਿਹਾ ਕਿ ਘੱਟੋ-ਘੱਟ ਢਾਈ ਵਜੇ ਤੀਕ ਕਮੇਟੀ ਮੈਂਬਰਾਂ ਦੀ ਉਡੀਕ ਕਰ ਲਈਏ, ਸ਼ਾਇਦ ਗੱਲ ਬਣ ਜਾਵੇ। ਕਰਨਲ ਗੁਰਾਇਆ ਪੂਰੀ ਹਮਦਰਦੀ ਨਾਲ ਸਾਡੇ ਨਾਲ ਵਿਚਰ ਰਿਹਾ ਸੀ। ਧਰਵਾਸ ਦਿੰਦਿਆਂ, ਗੱਲਾਂ ਕਰਦਿਆਂ ਫੌਜੀ ਭਾਰਤੀ ਆਫਿਸ ਸਾਹਮਣੇ ਆਫੀਸਰ ਮੈੱਸ ਵਿਚ ਸਾਨੂੰ ਲਿਜਾ ਕੇ ਜ਼ੋਰ ਦੇ ਕੇ ਦੋ-ਦੋ ਫੁਲਕੇ ਛਕਾਏ। ਸਾਡੇ ਮਨ ਤਾਂ ਭਰੇ ਹੋਏ ਸਨ, ਪਰ ਸਮਾਂ ਕਾਫੀ ਹੋ ਜਾਣ ਕਾਰਨ ਭੁੱਖ ਵੀ ਲੱਗੀ ਸੀ।

ਕਾਫ਼ੀ ਸਮੇਂ ਦੀ ਉਡੀਕ ਤੋਂ ਪਿੱਛੋਂ ਨਿਰਾਸ਼ਾ ਭਰੀ ਹਾਲਤ ਵਿਚ ਉਹ ਸਾਨੂੰ ਘਰੀਂ ਛੱਡ ਗਿਆ। ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਦੋ ਦਿਨ ਪਹਿਲਾਂ ਸ. ਸੁਰਜੀਤ ਸਿੰਘ ਮੀਤ ਸਕੱਤਰ, ਸ. ਗੁਰਬਚਨ ਸਿੰਘ ਚਾਂਦ ਚੀਫ ਗੁ. ਇੰਸਪੈਕਟਰ ਅਤੇ ਸ. ਹਰਪਾਲ ਸਿੰਘ ਅਰਦਾਸੀਆਂ ਪਾਸੋਂ ਵੀ ਕੁਝ ਮੁਲਾਜ਼ਮਾਂ ਦੀ ਸ਼ਨਾਖ਼ਤ ਕਰਵਾਈ ਗਈ ਸੀ। ਨੌਜਵਾਨ ਮੁਲਾਜ਼ਮਾਂ ਨੂੰ ਤਾਂ ਫੌਜ ਨੇ ਨਹੀਂ ਛੱਡਿਆ, ਜਦਕਿ 35 ਸਾਲ ਤੋਂ ਉਪਰ ਦੇ ਮੁਲਾਜ਼ਮਾਂ ਸਮੇਤ ਗਿਆਨੀ ਪ੍ਰੀਤਮ ਸਿੰਘ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੁਝ ਦਿਨਾਂ ਬਾਅਦ ਛੱਡ ਦਿੱਤਾ ਗਿਆ ਸੀ।

**(ਸਮਾਪਤ)**

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ - 1

ਹਰਪਾਲ ਆਪਣੀ ਨਿੱਕੀ ਨਿੱਕੀ ਮੁੱਛ ਮਰੋੜਦਾ ਛੱਤ ਦੇ ਟਾਈਲੀ ਫਰਸ਼ 'ਤੇ ਅੱਧ ਅਸਮਾਨ ਵਿਚ ਆਏ ਸੂਰਜ ਦੀਆਂ ਠਰੀਆਂ ਕਿਰਨਾਂ ਵਲ ਵੇਖ ਰਿਹਾ ਸੀ। ਬਲਬੀਰ ਤੇ ਮੈਨੇਜਰ ਮਲਕ ਦੇ ਕੇ ਫਿਰ ਆ ਕੇ ਕੁਰਸੀਆਂ ਵਿਚ ਬਹਿ ਗਏ। ਹਰਪਾਲ ਨੇ ਚੋਰ ਅੱਖ ਨਾਲ ਉਨ੍ਹਾਂ ਦੇ ਚਿਹਰਿਆਂ ਵਲ ਦੇਖਿਆ, ਹੁਣ ਉਸ ਨੂੰ ਉਨ੍ਹਾਂ ਦੇ ਚਿਹਰੇ ਸਖ਼ਤ ਜਿਹੇ ਜਾਪੇ, ਜਿਵੇਂ ਸਿੱਕਰੀ ਜੰਮੀ ਹੋਵੇ। ਸਹਿਜ ਸੁਭਾਅ ਉਸ ਆਪਣੇ ਮੂੰਹ 'ਤੇ ਹੱਥ ਫੇਰਿਆ, ਬਲਬੀਰ ਨੇ ਹਰਪਾਲ ਦੀਆਂ ਚੰਗਿਆੜੇ ਵਾਂਗ ਮੱਚਦੀਆਂ ਅੱਖਾਂ ਵਲ ਝਾਤੀ ਮਾਰੀ, ਫੇਰ ਸੂਰਤ ਵਾਂਗ ਬੈਠੇ ਮੈਨੇਜਰ ਵਲ ਝਾਕ ਕੇ ਬੋਲਿਆ, "ਪਾਲ ਇਕ ਗੱਲ ਮੈਂ ਤੇਰੇ ਨਾਲ ਕਰਨੀ ਭੁੱਲ ਗਿਆ।"

ਹਰਪਾਲ ਨੇ ਤਾੜਿਆ, ਬਲਬੀਰ ਨੀਵੀਂ ਪਾ ਕੇ ਗੱਲ ਕਰ ਰਿਹਾ ਸੀ, ਪਾਲ ਦੇ ਮਨ ਵਿਚ ਘਾਰ ਉੱਠੀ, ਬਲਬੀਰ ਨੇ ਮੇਜ ਉਤੇ ਐਵੇਂ ਹੀ ਦੋਵੇਂ ਹੱਥਾਂ ਦੀਆਂ ਉਂਗਲਾਂ ਨੂੰ ਮਿਲਾਉਂਦਿਆਂ ਸਿਰ ਚੁੱਕਿਆ। ਉਦੋਂ ਹੀ ਕਿਚਨ ਦਾ ਜਾਲੀਦਾਰ ਬੂਹਾ ਖੜਕਿਆ, ਉਹ ਸਾਰੇ ਉਧਰ ਝਾਕੇ, ਮੈਨੇਜਰ ਉਠ ਕੇ ਚਾਹ ਫੜ ਲਿਆਇਆ। ਗਲਾਸ ਮੇਜ ਉਤੇ ਧਰਨ ਨਾਲ ਮਾਮੂਲੀ ਜਿਹੀ ਠੱਕ ਠੱਕ ਹੋਈ। ਬਲਬੀਰ ਨੇ ਗਲਾਸ ਹੱਥ ਵਿਚ ਫੜ ਲਿਆ, "ਮੈਨੇਜਰ ਸਾਹਬ ਆਪਣੇ ਖਾਸ ਆਦਮੀ ਐ।...ਇਹ ਐਵੇਂ ਜਣੇ-ਖਣੇ ਦਾ ਤਾਂ ਕੰਮ ਕਰਦੇ ਨਹੀਂ...ਪਰ ਆਪਣਾ ਜ਼ਰੂਰ ਕਰਨਗੇ।" ਮਗਰਲਾ ਵਾਕ ਉਹ ਗੜਕੇ ਨਾਲ ਬੋਲਿਆ ਤੇ ਪਾਲ ਦਾ ਅੰਦਰ ਤ੍ਰਬਕ ਗਿਆ, "ਤੂੰ ਪੜ੍ਹਿਆ ਲਿਖਿਆ ਮੁੰਡੈਂ! ਇਹ ਦੁਨੀਆਂ ਬਾਹਰੋਂ ਕੁਝ ਹੋਰ ਤਰ੍ਹਾਂ ਦਿਸਦੀ ਐ, ਤੇ ਅੰਦਰੋਂ ਕੁਛ ਹੋਰ!"

ਪਾਲ ਦੇ ਅੰਦਰ ਝਈ ਉੱਠੀ, ਐਵੇਂ ਪਾਣੀ 'ਚ ਮਧਾਣੀ ਕਿਉਂ ਪਾਈ ਐ? ਚਾਹ ਉਤੇ ਘਸਮੈਲੀ ਜਿਹੀ ਮਲਾਈ ਆਉਂਦੀ ਵੇਖ ਕੇ ਮੈਨੇਜਰ ਨੇ ਚਾਹ ਪੀਣ ਲਈ ਆਖਿਆ। ਪਾਲ ਨੇ ਗਲਾਸ ਚੁੱਕਦਿਆਂ ਮੈਨੇਜਰ ਦੇ ਮਟੂਨ ਜਿਹੇ ਚਿਹਰੇ ਵਲ ਨਜ਼ਰ ਫੇਰੀ। ਬਲਬੀਰ ਘੁੱਟ ਭਰ ਕੇ ਕਹਿਣ ਲੱਗਾ, "ਲੋਨ ਆਪਣਾ ਪਾਸ ਹੋ ਜੂ ਗਾ, ਪਰ ਆਪਾਂ ਨੂੰ ਮਨੇਜਰ ਸਾਹਬ ਦੇ ਪੈਰੀਂ ਹੱਥ ਲਾਉਣਾ ਪਊਗਾ।"

ਪਾਲ ਬੋਲਿਆ ਕੁਝ ਨਾ, ਪਰ ਹਾਸਾ ਉਸ ਦੇ ਹੋਠਾਂ 'ਚ ਖਿਲਰ ਗਿਆ, "ਦੱਸੋ, ਕਿਵੇਂ ਲਾਈਏ!"

ਬਲਬੀਰ ਹਰਪਾਲ ਵਲ ਵੇਖ ਕੇ ਚੁੱਪ ਕਰ ਗਿਆ, ਚੁੱਪ ਐਨੀ ਟਿਕਵੀਂ ਸੀ ਕਿ ਚਾਹ ਦੇ ਸੁੜ੍ਹਾਕੇ ਸੁਣ ਰਹੇ ਸਨ। ਮੈਨੇਜਰ ਨੇ ਹੌਲੀ ਜਿਹੀ ਬੁੱਲ੍ਹ ਮੀਚਦਿਆਂ ਕਿਹਾ, "ਸਿਰਫ ਵੀਹ ਪਰਸੈਂਟ!"

"ਵੀਹ ਪਰਸੈਂਟ ਬਈ...!"

"ਪੂਰੀ ਰਕਮ 'ਚੋਂ ਵੀਹ ਪਰਸੈਂਟ!" ਇਸ ਵਾਰ ਪਾਲ ਨੂੰ ਮੈਨੇਜਰ ਦੀ ਆਵਾਜ਼ ਖੜਕਵੀਂ ਮਹਿਸੂਸ ਹੋਈ। ਚੁੱਪ ਫਿਰ ਛਾ ਗਈ, ਕਦੇ ਕਦੇ ਕਿਚਨ ਵਿਚ ਕੁਝ ਖੜਕਦਾ, ਜਾਂ ਬਾਹਰਲੀ ਸੁੰਨੀ ਜਿਹੀ ਗਲੀ ਵਿਚੋਂ ਕਿਸੇ ਲੰਘਦੇ ਦੀ ਪੈਰ ਚਾਪ ਸੁਣਾਈ ਦਿੰਦੀ।

"ਇਹ ਗੱਲ ਤੁਸੀਂ ਪਹਿਲਾਂ ਹੀ ਕਹਿ ਦਿੰਦੇ। ਪਾਲ ਨੇ ਗੁੱਝਾ ਜਿਹਾ ਹੱਸਦਿਆਂ ਸਿਰ ਟੇਢਾ ਕਰ ਲਿਆ, "ਏਨੇ ਵਲ ਫੇਰ ਪਾਉਣ ਦੀ ਕੀ ਲੋੜ ਸੀ।"

ਬਲਬੀਰ ਤੇ ਮੈਨੇਜਰ ਹੱਸ ਪਏ, ਪਰ ਹਰਪਾਲ ਨੂੰ ਲੱਗਿਆ, ਜਿਵੇਂ ਉਨ੍ਹਾਂ ਦਾ ਹਾਸਾ ਛੱਪੜ ਦੇ ਪਾਣੀ ਵਰਗਾ ਹੋਵੇ।

"ਦੇਖੋ", ਮਨੇਜਰ ਨੇ ਗੰਭੀਰ ਹੁੰਦਿਆਂ ਬੜੀ ਟਿਕਵੀਂ ਆਵਾਜ਼ ਵਿਚ ਆਖਣਾ ਸ਼ੁਰੂ ਕੀਤਾ, "ਕੰਮ ਆਪਾਂ ਲੱਲੀ-ਛੱਲੀ ਦੇ ਤਾਂ ਕਰਦੇ ਨਹੀਂ। ਕਰੀਦੇ ਆਂ ਤਾਂ ਖਾਸ ਬੰਦਿਆਂ ਦੇ! ਅੱਗੇ ਇਨ੍ਹਾਂ ਦੇ ਵੀ ਕੇਸ ਇਸੇ ਤਰ੍ਹਾਂ ਪਾਸ ਕੀਤੇ ਐ।"

ਚਾਹ ਠੰਡੀ ਹੋ ਗਈ ਸੀ, ਇਕ ਹੋਰ ਘੁੱਟ ਭਰ ਕੇ ਹਰਪਾਲ ਨੇ ਗਲਾਸ ਮੇਜ਼ 'ਤੇ ਰੱਖਦਿਆਂ ਮਹਿਸੂਸ ਕੀਤਾ, ਜਿਵੇਂ ਕਿਧਰੋਂ ਅਮੋਲਕ ਉਹਦੇ ਅੰਦਰ ਆ ਕੇ ਬੈਠ ਗਿਆ ਸੀ, ਗਲਾਸ ਥੋੜ੍ਹਾ ਜ਼ੋਰ ਨਾਲ ਰੱਖਣ ਕਰਕੇ ਬਚਦੀ ਚਾਹ ਗਲਾਸ ਦੇ ਗਲ ਤੱਕ ਬੁੜਕੀ, ਪਰ ਬਾਹਰ ਨਹੀਂ ਡੁੱਲ੍ਹੀ।

"ਮੈਨੇਜਰ ਸਾਹਬ, ਇਕ ਗੱਲ ਦੱਸੋ, ਸਰਕਾਰ ਦਾ ਫਿਰ ਇਹ ਫਰਾਡ ਈ ਹੋਇਐ! ਊਂ ਮਨਿਸਟਰ ਬਿਆਨ ਦਿੰਦੇ ਥੱਕਦੇ ਨਹੀਂ, ਅਸੀਂ ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ ਰੁਜ਼ਗਾਰ ਸਕੀਮਾਂ ਵਿਚ ਲਾਵਾਂਗੇ! ਤੇ..."

"ਨਹੀਂ, ਸਰਕਾਰ ਦੀ ਸਕੀਮ ਤਾਂ ਠੀਕ ਐ!"

"ਫੇਰ ਤੁਸੀਂ ਸਰਕਾਰ ਨੂੰ ਬਦਨਾਮ ਕਰ ਰਹੇ ਓ!"

ਮੈਨੇਜਰ ਦੇ ਪਾਸੇ ਲਮਕਦੇ ਵਾਲ ਖੜੇ ਹੋ ਗਏ, ਉਸ ਦੀਆਂ ਅੱਖਾਂ ਵਿਚ ਚਿਟਿਆਈ ਉਤਰ ਆਈ, "ਨਹੀਂ ਕਾਕਾ, ਇਹ ਤਾਂ ਆਪਣੀ ਲਿਹਾਜ਼ੋਗਰੀ ਐ!"

"ਲਿਹਾਜ਼ੋਗਰੀ!" ਪਾਲ ਬੁੜਕਿਆ, "ਬਲਬੀਰ ਉਸ ਵਲ ਝਾਕਿਆ, ਉਹਨੇ ਹੱਥ ਨਾਲ ਪਾਲ ਨੂੰ ਰੋਕਣ ਦਾ ਯਤਨ ਕੀਤਾ, ਪਰ ਉਹ ਪਾਲ ਦਾ ਭਖਦਾ ਚਿਹਰਾ ਵੇਖ ਕੇ ਕੁਝ ਨਾ ਬੋਲ ਸਕਿਆ।

"ਲਿਹਾਜ਼ੋਗਰੀ ਵਿਚ ਤਾਂ ਤੁਸੀਂ ਬੈਂਕ ਦੀਆਂ ਇੱਟਾਂ ਵੇਚ ਕੇ ਵੀ ਖਾ ਜਾਵੋਗੇ!"

"ਯਾਰ ਤੂੰ ਸਮਝਦਾ ਕਿਉਂ ਨਹੀਂ!" ਬਲਬੀਰ ਛੇਤੀ ਦੇ ਕੇ ਬੋਲਿਆ।

"ਅਜੇ ਹੋਰ ਵੀ ਸਮਝਣ ਦੀ ਲੋੜ ਐ? ਇਕ ਪਾਸੇ ਤਾਂ ਅਫਸਰਸ਼ਾਹੀ ਡੀਂਗਾਂ ਮਾਰਦੀ ਨਹੀਂ ਹੰਭਦੀ! ਤੇ ਇਧਰ ਕਹਿੰਦੀ ਐ, ਅਧ ਵੰਡ ਲਈਏ।"

"ਵੀਹ ਪਰਸੈਂਟ ਨਾਲ ਅੱਧ ਕਿਵੇਂ ਹੋਇਐ?"

"ਦਸ ਹਜ਼ਾਰ 'ਚੋਂ ਦੋ ਹਜ਼ਾਰ ਇਹ ਲੈ ਗਏ, ਪਿੱਛੇ ਕੀ ਰਹਿ ਗਿਆ?"

"ਕਰਜ਼ਾ ਵਧ ਵੀ ਲਿਆ ਜਾ ਸਕਦੈ!"

"ਵਧ ਕਰਜ਼ੇ ਨਾਲ ਪਰਸੈਂਟੇਜ ਵੀ ਵਧਣੀ ਐ।" ਪਾਲ ਨੇ ਫਿਰ ਮੈਨੇਜਰ ਨੂੰ ਆਖਿਆ, "ਥੋਡਾ ਬਹੁਤ ਬਹੁਤ ਸ਼ੁਕਰੀਆ! ਮੇਰਾ ਅੱਜ ਇਹ ਭਰਮ ਵੀ ਲਹਿ ਗਿਆ! ਜਦੋਂ ਖੇਤ ਨੂੰ ਵਾੜ ਈ ਖਾਣ ਲੱਗ ਜੇ, ਫੇਰ ਰੱਬ ਈ ਰਾਖਾ ਐ!"

"ਤੂੰ ਸਾਨੂੰ ਪੜ੍ਹਾਉਣ ਆਇਐਂ?" ਮੈਨੇਜਰ ਦੀਆਂ ਗੱਲਾਂ ਦੇ ਦੋਵੇਂ ਪਾਸੀਂ ਲਾਲੀ ਭਖਣ ਲੱਗੀ।

"ਮੈਂ ਤੁਹਾਨੂੰ ਕਿਵੇਂ ਪੜ੍ਹਾ ਸਕਦਾਂ! ਤੁਸੀਂ ਤਾਂ ਐਸੀ ਪਾੜਤ ਪੜ੍ਹੀ ਫਿਰਦੇ ਓ!...ਆ ਚੱਲੀਏ ਚਾਚਾ।" ਬਿਨਾ ਕੁਝ ਆਖੇ ਹਰਪਾਲ ਪੌੜੀਆਂ ਉਤਰ ਕੇ ਗਲੀ ਵਿਚ ਆ ਗਿਆ, ਕਿੰਨਾ ਚਿਰ ਰਿੱਝਦਾ ਰਿਹਾ, "ਸਾਲੇ ਹੋਏ ਐ, ਦੇਸ਼ ਦੀ ਤਰੱਕੀ ਕਰਨ ਦੇ! ਭੈਣ ਦੇਣਿਓ, ਜਦੋਂ ਤਨਖਾਹਾਂ ਨਾਲ ਤਾਂ ਰੱਜਦੇ ਨਹੀਂ ਵੀਹ ਪਰਸੈਂਟ ਨਾਲ ਜ਼ਰੂਰ ਰੱਜੋਗੇ, ਸਾਲੇ ਕੁੱਤੇ!"

ਵਾਹਵਾ ਸਮੇਂ ਮਗਰੋਂ ਬਲਬੀਰ ਅਤੇ ਮੈਨੇਜਰ ਥੱਲੇ ਉਤਰੇ। ਮੈਨੇਜਰ ਭਨੂਰੇ ਵਰਗਾ ਮੂੰਹ ਕਰੀ ਬੈਂਕ ਵਿਚ ਚਲਾ ਗਿਆ। ਬਲਬੀਰ ਉਹਦੇ ਕੋਲ ਆਇਆ ਤੇ ਉਹ ਬਿਨਾ ਕੋਈ ਗੱਲ ਕਰੇ ਤੁਰ ਪਏ। ਬੱਸ ਸਟੈਂਡ ਕੋਲ ਆ ਕੇ ਬਲਬੀਰ ਨੇ ਹੌਲੀ ਜਿਹੀ ਆਖਿਆ, "ਯਾਰ, ਤੂੰ ਤਾਂ ਮੁੰਡਪੁਣਾ ਈ ਕਰ ਤਾ।"

"ਮੈਂ ਮੁੰਡਪੁਣਾ ਕੀਤੈ?" ਹਰਪਾਲ ਛੇਤੀ ਦੇ ਕੇ ਬਲਬੀਰ ਵਲ ਝਾਕਿਆ, ਉਹ ਉਸ ਦਾ ਦਗਦਾ ਚਿਹਰਾ ਵੇਖ ਕੇ ਥੋੜਾ ਜਿਹਾ ਝੇਪ ਗਿਆ।

"ਉਹਨੇ ਕੀ ਕੀਤਾ? ਜੇ ਉਹਨੇ ਹੱਡ ਈ ਖਾਣਾ ਸੀ! ਥੋਡੀ ਸਿਫਾਰਸ਼ ਦੀ ਫੇਰ ਕੀ ਲੋੜ ਸੀ।...ਮੇਰੇ ਐਨੇ ਗੇੜੇ ਮਰਵਾਉਣ ਦਾ ਉਹਨੂੰ ਚਾਅ ਸੀ! ਉਦੋਂ ਕਹਿੰਦਾ, ਬਈ ਆਹ ਵਿਹਾਰ ਕਰਾਂਗੇ! ਮੇਰਾ ਮਨ ਕਰਦਾ, ਮੈਂ ਹਾਂ ਕਰਦਾ! ਨਾ ਮੰਨਦਾ...।" ਬੋਲਦਾ ਬੋਲਦਾ ਉਹ ਬਲਬੀਰ ਦੇ ਡਰੇ ਜਿਹੇ ਚਿਹਰੇ ਵਲ ਵੇਖ ਕੇ ਚੁੱਪ ਕਰ ਗਿਆ।

"ਤੇਰੇ 'ਚ ਅਜੇ ਲਹੂ ਗਰਮ ਐ! ਮੇਰੀ ਸਿਫਾਰਸ਼ ਉਹ ਤਾਂ ਮੰਨੇ ਜੇ ਉਹਨੇ ਮੇਰੇ ਕੋਲੋਂ ਨਾ ਖਾਧਾ ਹੋਵੇ! ਨਾਲੇ ਏਥੇ ਹਰੀਸ਼ ਚੰਦਰ ਕਿਹੜਾ ਐ? ਸਾਰੇ ਆਪਣੇ ਮੋਰਚਿਆਂ 'ਚ ਦਾਅ ਭਰੀ ਬੈਠੇ ਐ! ਜਦੋਂ ਮੌਕਾ ਲੱਗਿਐ, ਰਗੜਾ ਚਾੜ੍ਹ ਦੇਣਾ ਐ!"

ਹਰਪਾਲ ਉਹਦੀ ਗੱਲ ਸੁਣ ਕੇ ਬਲਬੀਰ ਵਲ ਝਾਕ ਕੇ ਉਸੇ ਤਰ੍ਹਾਂ ਸੇਕ ਮਾਰਦਾ ਚਿਹਰਾ ਆਪਣੇ ਧਿਆਨ ਪਾ ਕੇ ਤੁਰਨ ਲੱਗ ਪਿਆ, ਪਰ ਬਹੁਤਾ ਸਮਾਂ ਉਹ ਆਪਣੇ ਆਪ ਨੂੰ ਕਾਬੂ ਨਾ ਰੱਖ ਸਕਿਆ।

"ਹਰੀਸ਼ ਚੰਦਰ ਵੀ ਇਸੇ ਦੇਸ਼ ਵਿਚ ਪੈਦਾ ਹੋਇਆ ਸੀ?"

ਬਲਬੀਰ ਉਸ ਵਲ ਮਾੜਾ ਜਿਹਾ ਮੁਸਕਰਾ ਕੇ ਚੁੱਪ ਕਰ ਰਿਹਾ, ਹਰਪਾਲ ਫਿਰ ਬੋਲਿਆ, "ਜੇ ਉਦੋਂ ਹਰੀਸ਼ ਚੰਦਰ ਪੈਦਾ ਹੋ ਸਕਦੈ, ਹੁਣ ਕਿਉਂ ਨਹੀਂ? ਗੱਲ ਐ, ਬਦਨੀਤੀ ਦੀ। ਲੁੱਟਣ-ਖਾਣ ਤੇ ਹੋ ਗਈ ਸਾਰੀ ਦੁਨੀਆਂ!"

"ਮੈਂ ਵੀ ਤਾਂ ਏਹੀ ਆਖਦਾਂ!"

ਦੋਵੇਂ ਜਣੇ ਇਨਫੀਲਡ ਮੋਟਰ ਸਾਈਕਲ ਦੀ 'ਦੁਗ ਦੁਗ' ਦੇ ਨਾਲ ਈ ਲੰਮੀ ਆਵਾਜ਼ 'ਚ 'ਟੀਂ-ਟੀਂ' ਸੁਣ ਕੇ ਛੇਤੀ ਦੇ ਕੇ ਝਾਕੇ, ਸਾਹਮਣੇ ਕੁਲਵੰਤ ਬਰਾੜ ਹੈਂਡਲ ਨੂੰ ਅੰਦਾਜ਼ ਜਿਹੇ ਵਿਚ ਫੜੀ ਹੱਸ ਰਿਹਾ ਸੀ, ਉਸਦੇ ਮੁਸ਼ਕੀ ਰੰਗ ਵਿਚ ਲਾਲੀ ਘੁਲ ਕੇ ਧੁਫ ਜਿਹੀ ਖਿਲਰੀ ਪਈ ਸੀ। ਦੋਹਾਂ ਨਾਲ ਹੱਥ ਮਿਲਾ ਕੇ, ਕੁਲਵੰਤ ਨੇ ਹੱਸ ਕੇ ਪੁੱਛਿਆ, "ਕੀ ਗੱਲ, ਸਿਆਲ ਵਿਚ ਵੀ ਭਖਿਆ ਫਿਰਦੈਂ ?"

"ਨਹੀਂ!" ਕੱਚੀ ਜਿਹੀ ਹਾਸੀ ਹੱਸ ਕੇ ਹਰਪਾਲ ਨੇ ਨੇੜੇ ਹੋ ਕੇ ਕੁਲਵੰਤ ਨੂੰ ਜੱਫੀ ਵਿਚ ਲੈ ਲਿਆ, ਉਹ ਬਲਬੀਰ ਨੂੰ ਭੁੱਲ ਕੇ ਆਪਣੀ ਖਰਮਸਤੀ ਵਿਚ ਰੁਝ ਗਏ। ਉਨ੍ਹਾਂ ਨੂੰ ਗੱਲੀਂ ਪਏ ਵੇਖ ਕੇ ਬਲਬੀਰ ਨੇ ਗਰਮਜੋਸ਼ੀ ਨਾਲ ਹੱਥ ਮੂਹਰੇ ਕਰਦਿਆਂ ਆਖਿਆ, "ਚੰਗਾ ਪਾੜ੍ਹਿਆ, ਤੂੰ ਆਪਣੇ ਆੜੀ ਨਾਲ ਉੱਠ ਜਾ ਮੈਂ...।" ਉਸ ਅੱਗੋਂ ਕਰਿਆ ਹੱਥ ਬਾਜ਼ਾਰ ਵਲ ਘੁਮਾਇਆ, "ਕੋਈ ਕੰਮ ਧੰਦਾ ਕਰ ਲੈਨਾਂ।" ਮੱਲੋ-ਮੱਲੀ ਹੱਥ ਮਿਲਾ ਕੇ ਉਹ ਤੁਰਦਾ ਬਣਿਆ, ਮੁੰਡੇ ਭਵੰਤਰੇ ਜਿਹੇ ਵੇਖਦੇ ਰਹੇ, ਹਰਪਾਲ ਤਾਂ ਜਿਵੇਂ ਕੁਝ ਬੋਲ ਨਾ ਸਕਿਆ ਹੋਵੇ, ਪਰ ਕੁਲਵੰਤ ਨੇ ਉਹਨੂੰ ਤੁਰਦੇ ਨੂੰ ਆਖਿਆ, "ਚਾਹ ਤਾਂ ਪੀ ਜੋ ਜੀ!"

ਪਰ ਬਲਬੀਰ ਨੇ ਪਿਛਾਂਹ ਵੇਖੇ ਬਿਨਾ ਸਰੀਰ ਵਿਚ ਲਚਕ ਜਿਹੀ ਭਰਦਿਆਂ ਹੱਥ ਖੜਾ ਕੀਤਾ ਤੇ ਅਗਾਂਹ ਤੁਰ ਗਿਆ।

ਕੁਲਵੰਤ ਤੇ ਹਰਪਾਲ ਇਕ ਦੂਜੇ ਵਲ ਵੇਖ ਕੇ ਤਿੜ-ਤਿੜ ਕਰਕੇ ਹੱਸ ਪਏ। ਪਲ ਕੁ ਚੁੱਪ ਪਸਰ ਗਈ। ਫਿਰ ਕੁਲਵੰਤ ਨੇ ਮੋਟਰ ਸਾਈਕਲ ਉਤੇ ਬੈਠਿਆਂ ਹੀ ਗੱਦੀ 'ਤੇ ਭਾਰ ਜਿਹਾ ਦਿੰਦਿਆਂ ਪੁੱਛਿਆ, "ਕੀ ਬਣਦਾ ਐ?"

"ਬਣਦਾ ਕੀ ਐ?-ਧੱਕੇ ਖਾਂਦੇ ਫਿਰਦੇ ਆਂ!"

"ਗੱਲ ਦੱਸ?"

"ਗੱਲ ਤੈਨੂੰ ਬੈਠ ਕੇ ਦੱਸੂੰ, ਆ ਜਾ, ਨਾਲੇ ਔਥੇ ਚਾਹ ਪੀਨੇ ਆਂ, ਨਾਲੇ ਤੈਨੂੰ ਗੱਲ ਸੁਣਾਉਨਾ ਆਂ।"

ਉਸੇ ਪੁਰਾਣੀ ਜਾਣੀ-ਪਛਾਣੀ ਚਾਹ ਦੀ ਦੁਕਾਨ ਵਿਚ ਜਿਥੇ ਉਹ ਲਗਾਤਾਰ ਕਈ ਸਾਲ ਬੈਠਦੇ ਰਹੇ ਸਨ, ਚਾਹ ਪੀਂਦਿਆਂ ਹਰਪਾਲ ਤੋਂ ਸਾਰੀ ਗੱਲ ਸੁਣ ਕੇ ਕੁਲਵੰਤ ਨੇ ਬੜੇ ਟਿਕਵੇਂ ਸੁਰ ਵਿਚ ਆਖਿਆ, "ਇਹਦੇ 'ਚ ਗੁੱਸਾ ਕਰਨ ਵਾਲੀ ਕਿਹੜੀ ਗੱਲ ਐ? ਤੂੰ ਸ਼ੁਕਰ ਕਰ ਤੈਨੂੰ ਉਹਨੇ ਹਾਂ ਕਰ-ਤੀ, ਨਹੀਂ ਤਾਂ ਇਹ ਭੈਣ ਦੇਣੇ ਕਿਸੇ ਨੂੰ ਖੰਘਣ ਨ੍ਹੀਂ ਦਿੰਦੇ!"

ਹੋਰ ਗੱਲਾਂ ਕਰਦਿਆਂ-ਕਰਵਾਉਂਦਿਆਂ ਕੁਲਵੰਤ ਨੇ ਉੱਠਦਿਆਂ ਕਿਹਾ, "ਤੂੰ ਤਾਂ ਯਾਰ ਐਵੇਂ ਉਦਾਸ ਹੋਇਐਂ ਫਿਰਦੈਂ! ਕਰਜ਼ੇ ਬਥੇਰੇ। ਬਾਪੂ ਜੀ ਤੋਂ ਅਖਵਾ ਦਿਆਂਗੇ ਮਨੇਜਰ ਨੂੰ! ਮਨੇਜਰ ਸਾਲੇ ਦੀ ਕੀ ਸੱਤਿਐ! ਉਹ ਆਪਣਾ ਕੰਮ ਨਾ ਕਰੇ।"

ਬਾਹਰ ਨਿਕਲ ਕੇ ਹਰਪਾਲ ਨੇ ਆਉਂਦੇ ਜਾਂਦੇ ਲੋਕਾਂ ਵਲ ਦੇਖਿਆ, ਬਿੰਦ ਕੁ ਪਹਿਲਾਂ ਸੌਦਾ-ਪੱਤਾ ਲੈਣ ਆਏ ਲੋਕ ਸਿਆਲ ਦੀ ਖੁਸ਼ਕ ਧੁੱਪ ਵਿਚ ਰੁਲੇ ਜਿਹੇ ਜਾਪਦੇ ਸਨ, ਹੁਣ ਉਸ ਨੂੰ ਖਿੜ੍ਹੇ ਪ੍ਰਤੀਤ ਹੋਏ। ਕੁਲਵੰਤ ਜਿੱਦ ਕਰਕੇ ਪਾਲ ਨੂੰ ਨਾਲ ਹੀ ਜਗਰਾਵਾਂ ਨੂੰ ਲੈ ਗਿਆ। ਸਿਆਲਾਂ ਦੇ ਦਿਨ ਛੋਟੇ ਹੋਣ ਕਾਰਨ ਸੂਰਜ ਹਉਕੇ ਜਿਹੇ ਭਰਦਾ ਮਲੂਮ ਹੁੰਦਾ ਸੀ। ਮੰਡੀ ਵਿਚ ਇਕ ਦੋ ਦੁਕਾਨਾਂ 'ਤੇ ਘੁੰਮਦਿਆਂ ਹੀ ਸ਼ਾਮ ਢਲ ਗਈ ਸੀ, ਹਰਪਾਲ ਬਰਾੜ ਨੂੰ ਛੇਤੀ ਕਰਨ ਲਈ ਹੁੱਜਾਂ ਮਾਰਦਾ ਸੀ। ਪਰ ਬਰਾੜ ਨੇ ਮੰਡੀ ਦੇ ਮੋੜ ਵਾਲੇ ਅੰਗਰੇਜ਼ੀ ਦੇ ਠੇਕੇ ਤੋਂ ਅਧੀਆ ਲੈ ਕੇ ਨਾਲ ਦੀ ਦੁਕਾਨ ਵਿਚ ਵੜ ਕੇ ਜਦੋਂ ਉਨ੍ਹਾਂ ਘੁੱਟ-ਘੁੱਟ ਲਾਈ, ਉਨ੍ਹਾਂ ਦੋਹਾਂ ਦੇ ਸ਼ਰਬਤੀ ਭਾਅ ਮਾਰਦੇ ਮੂੰਹ ਇਕ ਦੂਜੇ ਵਿਚ ਘੁਲੇ ਪਏ ਸਨ। ਕੁਲਵੰਤ ਨੇ ਆਪਣੀਆਂ ਅੱਖਾਂ ਵਿਚ ਸੰਘਣੀ ਖੁਸ਼ੀ ਭਰ ਕੇ ਆਖਿਆ, "ਪਾਲ ਤੂੰ ਮੁਫ਼ਤੋਂ ਈ ਐਹੋ ਜਿਆਂ ਘਰ ਜਾ ਕੇ ਦੱਸ, ਤੂੰ ਕੀ ਕਰਨਾ ਐ? ਚਲਦੇ ਆਂ! ਗੱਡੀ ਆਪਣੀ ਘਰ ਦੀ ਐ! ਘੁੰਮਦੇ ਫਿਰਦੇ ਆਂ। ਘੁੱਟ ਘੁੱਟ ਹੋਰ ਲਾਉਨੇ ਆਂ।"

"ਘੁੰਮਣ ਫਿਰਨ ਨੂੰ ਇਹ ਕਸ਼ਮੀਰ ਐ!"

ਕੁਲਵੰਤ ਉਹਦੇ ਵਲ ਦੇਖ ਕੇ ਹੱਸ ਪਿਆ, ਉਹਨੇ ਜੇਬ 'ਚੋਂ ਲਾਪ੍ਰਵਾਹੀ ਨਾਲ ਵੀਹਾਂ ਦਾ ਨੋਟ ਕੱਢ ਕੇ ਮੁੰਡੂ ਵਲ ਸਿੱਧਾ ਝਾਕਦਿਆਂ ਕਿਹਾ, "ਇਕ ਕੁਆਟਰ ਜਿੰਨ ਦਾ।"

ਮਗਰੋਂ ਪਾਲ ਨੇ ਆਪਣੀਆਂ ਸਰੂਰ ਨਾਲ ਭਰੀਆਂ ਅੱਖਾਂ ਕੁਲਵੰਤ ਵਲ ਉਲਾਰੀਆਂ, ਉਹਦੇ ਅੰਦਰ ਹੁਣ ਕੁਤ-ਕੁਤਾਰੀਆਂ ਜਿਹੀਆਂ ਉਠਣ ਲੱਗ ਪਈਆਂ, ਉਹਨੇ ਸਲਾਦ ਵਾਲੀ ਪਲੇਟ ਵਿਚੋਂ ਮੂਲੀ ਚੁੱਕ ਕੇ ਦੰਦਾਂ 'ਚ ਲੈਂਦਿਆਂ ਮੁਸਕਰਾ ਕੇ ਪੁੱਛਿਆ, "ਭੂੰਦੜੀ ਵਾਲਿਆਂ ਦਾ ਕੀ ਹਾਲ ਐ?"

ਕੁਲਵੰਤ ਹਰਪਾਲ ਵਲ ਵੇਖ ਕੇ ਹੱਸ ਪਿਆ, ਉਸ ਦੀਆਂ ਬਲੌਰੀ ਅੱਖਾਂ ਵਿਚ ਨਸ਼ਾ ਛਾਇਆ ਹੋਇਆ ਸੀ, "ਭੂੰਦੜੀ ਵਾਲਿਆਂ ਦੇ ਹਾਲ ਨੂੰ ਕੀ ਹੋਇਐ? ਵਧੀਐ!" ਕਹਿ ਕੇ ਦੋਵੇਂ ਜਣੇ ਹੱਸ ਪਏ।

"ਯਾਰ ਉਹ ਕੁੜੀਆਂ ਨੂੰ ਵਿਆਹੁੰਦੇ ਕਾਹਤੋਂ ਨਹੀਂ?"

"ਵਿਆਹੁਣ 'ਚ ਆਪਾਂ ਨੂੰ ਕੀ ਲੱਭੂ? ਨਾ ਵਿਆਹੁਣ 'ਚ ਈ ਫਾਇਦੈ!"

ਨੌਕਰ ਪਊਆ ਲੈ ਕੇ ਆ ਗਿਆ ਸੀ, ਕੁਲਵੰਤ ਨੇ ਬਾਕੀ ਪੈਸੇ ਫੜ ਕੇ ਇਕ ਰੁਪਈਆ ਮੁੰਡੂ ਨੂੰ ਦੇ ਦਿੱਤਾ। ਹਰਪਾਲ ਡੱਟ ਤੋੜ ਕੇ ਸ਼ਰਾਬ ਗਲਾਸਾਂ ਵਿਚ ਪਾਉਣ ਲੱਗ ਪਿਆ। ਬਰਾੜ ਭੂੰਦੜੀ ਵਾਲਿਆਂ ਦੀਆਂ ਗੱਲਾਂ ਕਰਨ ਲੱਗ ਪਿਆ। ਉਨ੍ਹਾਂ ਦੀਆਂ ਦੋ ਮੁਟਿਆਰ ਕੁੜੀਆਂ ਬੱਸਾਂ ਵਿਚ ਘੁੰਮਦੀਆਂ ਦਾ ਸਬੱਬੀਂ ਬਰਾੜ ਨਾਲ ਮੇਲ ਹੋ ਗਿਆ, ਹੌਲੀ ਹੌਲੀ ਬਰਾੜ ਉਨ੍ਹਾਂ ਦੇ ਘਰ ਜਾਣ ਲੱਗ ਪਿਆ। ਕੁੜੀਆਂ ਦਾ ਇਕੋ ਇਕ ਸਿੱਧੜ ਜਿਹਾ ਭਰਾ ਸੀ। ਬਹਿਰੇ ਨੇ ਦੋ ਤਿੰਨ ਵਾਰੀ ਪਰਦਾ ਚੁੱਕ ਕੇ ਵੇਖਿਆ।

"ਬਰਾੜਾ, ਹੁਣ ਚੱਲੀਏ ਯਾਰ, ਬਹਿਰਾ ਝਾਤੀਆਂ ਮਾਰਦੈ।"

"ਚਲਦੇ ਆਂ! ਬਹਿਰੇ ਦੀ ਭੈਣ ਦੀ..."

"ਉਠ ਯਾਰ।" ਉਠਣ ਲੱਗੇ ਹਰਪਾਲ ਦਾ ਸਰੀਰ ਮਾਮੂਲੀ ਜਿਹਾ ਝੂਟਾ ਖਾ ਗਿਆ, ਜਦੋਂ ਬਾਹਰ ਆਏ, ਸੜਕ 'ਤੇ ਆਉਂਦੇ ਜਾਂਦੇ ਰੰਗ-




ਬਰੰਗੇ ਕਪੜਿਆਂ ਵਿਚ ਸਜੇ ਲੋਕ ਉਨ੍ਹਾਂ ਨੂੰ ਚੰਗੇ ਚੰਗੇ ਲੱਗ ਰਹੇ ਸਨ। ਹਰਪਾਲ ਨੇ ਅਸਮਾਨ ਵਲ ਵੇਖਿਆ, ਕੋਈ ਕੋਈ ਬੱਦਲ ਉੱਡ ਰਿਹਾ ਸੀ। ਮੋਟਰ ਸਾਈਕਲ ਜਦੋਂ ਫਾਟਕ ਲੰਘਿਆ, ਕੋਲ ਦੀ ਲੰਘਦਾ ਸਕੂਟਰ ਉਨ੍ਹਾਂ ਤੋਂ ਅਗਾਂਹ ਜਾ ਕੇ ਖੜੋ ਗਿਆ, ਬਰਾੜ ਨੇ ਮੋਟਰ ਸਾਈਕਲ ਮੋੜ ਕੇ ਉਨ੍ਹਾਂ ਦੇ ਬਰਾਬਰ ਲਾ ਦਿੱਤਾ, ਹੱਥ ਮਿਲਾ ਕੇ ਉਹ ਏਨਾ ਜ਼ੋਰ ਦੀ ਹੱਸੇ ਕਿ ਲੰਘਦੇ-ਟੱਪਦੇ ਉਨ੍ਹਾਂ ਵਲ ਵੇਖਣ ਲੱਗ ਪਏ।

"ਕਿਵੇਂ ਫਿਰਦੇ ਓ?"

"ਬੱਸ ਉਈਂ!" ਬਰਾੜ ਨੇ ਹੱਸ ਕੇ ਉਤਰ ਦਿੱਤਾ, "ਤੁਸੀਂ ਅੱਜ ਫੇਰ?"

"ਅਸੀਂ ਵੀ ਥੋਡੇ ਵਾਂਗੂੰ ਕੁੱਤੇ ਖੱਸੀ ਕਰਦੇ ਆਂ।"

ਉਹ ਸਾਰੇ ਜਣੇ ਏਨਾ ਉੱਚੀ ਹੱਸੇ, ਆਉਣ ਜਾਣ ਵਾਲੇ ਫੇਰ ਉਨ੍ਹਾਂ ਵਲ ਭਵੰਤਰ ਕੇ ਝਾਕੇ, ਸਕੂਟਰ ਵਾਲੇ ਗੱਠੇ ਜਿਹੇ ਸਰੀਰ ਵਾਲੇ ਨੇ ਬਰਾੜ ਦੇ ਕੰਨ ਵਿਚ ਪੁੱਛਿਆ, "ਮਾਨਾ ਵਾਲੀ ਨ੍ਹੀਂ ਵੇਖੀ?"

ਬਰਾੜ ਨੇ ਸਕੂਟਰ ਵਾਲੇ ਦੇ ਗੋਲ-ਭਰਵੇਂ ਚਿਹਰੇ ਵਲ ਟੇਢੀ ਅੱਖ ਤੱਕਿਆ।

"ਸਾਲਿਓ, ਕੋਈ ਚੱਜ ਦਾ ਕੰਮ ਵੀ ਕਰ ਲਿਆ ਕਰੋ!"

"ਹੱਛਿਆ! ਤੂੰ ਗੁਰਦਵਾਰੇ ਦਾ ਗ੍ਰੰਥੀ ਐਂ?"

"ਭਲੇਮਾਣਸ ਤਾਂ ਉਹ ਵੀ ਨਹੀਂ ਹੁੰਦੇ!"

ਏਸ ਗੱਲ 'ਤੇ ਉਹ ਦੋਵੇਂ ਜਣੇ ਫੇਰ ਹੱਸੇ। ਹਰਪਾਲ ਅਤੇ ਸਕੂਟਰ ਵਾਲੇ ਦੇ ਮਗਰ ਬੈਠਾ ਹੌਲਾ ਜਿਹਾ ਮੁੰਡਾ ਵੀ ਨਾਲ ਹੱਸਣ ਦਾ ਯਤਨ ਕਰ ਰਹੇ ਸਨ, ਸੜਕ 'ਤੇ ਇਕ ਕੁੜੀ ਤੇ ਬੁੜੀ ਤੁਰੀਆਂ ਜਾਂਦੀਆਂ ਸਨ, ਬਰਾੜ ਨੇ ਕੁੜੀ ਵਿਚ ਨਿਗਾਹ ਗੱਡ ਲਈ। ਸਕੂਟਰ ਵਾਲੇ ਨੇ ਹੁੱਜ ਮਾਰੀ, "ਕੰਜਰਾ, ਐਵੇਂ ਜਣੀ-ਖਣੀ ਵਲ ਵੇਖੀ ਜਾਨੈਂ! ਤੂੰ..."

"ਕਿਉਂ ਅੱਖ ਤੱਤੀ ਕਰਨ 'ਤੇ ਵੀ ਟੈਕਸ ਲੱਗਦੈ!"

"ਹੱਛਿਆ!" ਸਕੂਟਰ ਵਾਲਾ ਗੁੱਝਾ ਜਿਹਾ ਮੁਸਕਰਾਇਆ, ਯਾਦ ਐ, ਲੁਧਿਆਣੇ ਚੌੜੇ ਬਾਜ਼ਾਰ 'ਚ ਬੁੜੀ ਨੇ ਕੀ ਆਖਿਆ ਸੀ।"

"ਓਦਣ ਤਾਂ ਯਾਰ ਕੰਜਰ ਦੀ ਬੁੜੀ ਨੇ ਉਈਂ ਬਰਫ 'ਚ ਲਾ-ਤੇ!" ਹਰਪਾਲ ਨੇ ਵੇਖਿਆ, ਬਰਾੜ ਦਾ ਚਿਹਰਾ ਮਾਂਦਾ ਪੈ ਗਿਆ ਸੀ। ਸਰੂਰ ਪਾਲ ਨੂੰ ਵੀ ਸੀ, ਉਹਨੇ ਬਰਾੜ ਨੂੰ ਮਗਰੋਂ ਜੱਫੀ ਪਾ ਕੇ ਘੁੱਟਦਿਆਂ ਪੁੱਛਿਆ, "ਕੀ ਗੱਲ, ਹੁਣ ਆਪਾਂ ਬੁੜ੍ਹੀਆਂ ਜੋਗੇ ਹੋ ਗਏ?"

ਸਕੂਟਰ ਵਾਲਾ ਮੁੰਡਾ ਏਨਾ ਹੱਸਿਆ, ਪਾਲ ਨੂੰ ਸਕੂਟਰ ਦੀ ਗੱਦੀ 'ਤੇ ਬੈਠਿਆਂ ਉਸ ਦਾ ਢਿੱਡ ਸਣੇ ਸਕੂਟਰ ਪੰਡ ਵਾਂਗ ਹਿਲਦਾ ਦਿੱਸਿਆ ਤੇ ਉਹ ਹੱਸਣ ਲੱਗਾ, ਪਰ ਉਸ ਬਰਾੜ ਵਲ ਵੇਖ ਕੇ ਆਖਿਆ, "ਇਹ ਤਾਂ ਆਪਣੇ ਘਰ ਦੇ ਬੰਦੇ ਐ!"

ਸਕੂਟਰ ਵਾਲਾ ਛਿੰਦਾ ਹਰਪਾਲ ਹੋਰਾਂ ਵਲ ਝੁਕ ਕੇ, ਦਬਵੀਂ ਅਵਾਜ਼ ਵਿਚ ਕਹਿਣ ਲੱਗਾ, "ਚੌੜੇ ਬਾਜ਼ਾਰ 'ਚ ਐਂ-ਈਂ ਅਸੀਂ ਮਟਰਗਸ਼ਤੀ ਕਰਦੇ ਫਿਰਦੇ ਸੀ! ਮੂਹਰਿਉਂ ਇਕ ਬੁੜ੍ਹੀ ਨਾਲ ਪਟਾਕੇ ਵਰਗੀ ਕੁੜੀ ਆਵੇ। ਕੁੜੀ ਸਾਲੀ ਸੁਹਣੀ ਵੀ ਪੁੱਜ ਕੇ ਤੇ ਆਪਣੇ ਬਰਾੜ ਸਾਹਬ।" ਉਹਨੇ ਹੱਸਦੀਆਂ ਅੱਖਾਂ ਮਾਰ ਕੇ ਆਖਿਆ, "ਜਿਉਂ ਵੇਖਣ ਲੱਗੇ, ਤੁਰਿਆ ਜਾਂਦਾ ਕੁੜੀ ਦੇ ਮੂੰਹ ਵਲ ਈ ਝਾਕੀ ਜਾਵੇ।"

"ਭਾਵੇਂ ਕਿਸੇ ਵਿਚ ਵੱਜਦਾ!"

"ਵੱਜ ਦਾ ਛੱਡ, ਭਾਵੇਂ ਦਲੀਆ ਬਣ ਜਾਂਦਾ! ਉਹ ਬੁੜੀ ਜਿਹੜੀ ਓਸ ਪਟਾਕੇ ਦੇ ਨਾਲ ਸੀ! ਸਾਡੇ ਕੋਲ ਆ ਕੇ ਸਰਦਾਰ ਸਾਹਬ ਨੂੰ ਕਹਿੰਦੀ, ਵੇ ਭਾਈ ਤੇਰਾ ਕੁਛ ਗੁਆਚ ਗਿਆ?"

ਇਹ ਛੇਤੀ ਦੇ ਕੇ ਆਸੇ ਪਾਸੇ ਝਾਕ ਕੇ ਬੋਲਿਆ, "ਨਹੀਂ!"

"ਕਹਿੰਦੀ, ਮੈਂ ਤੈਨੂੰ ਘੰਟੇ ਤੋਂ ਵੇਖੀ ਜਾਨੀ ਆਂ, ਤੂੰ ਕੁੜੀ ਦੇ ਮੂੰਹ ਵਲ ਈ ਝਾਕੀ ਜਾਨੈਂ।"

ਛਿੰਦੇ ਨਾਲ ਉਹ ਸਾਰੇ ਜਣੇ ਜ਼ੋਰ ਦੀ ਹੱਸੇ।

ਬਰਾੜ ਵੀ ਖਸਿਆਨਾ ਜਿਹਾ ਹੱਸ ਰਿਹਾ ਸੀ।

"ਤੇ ਫੇਰ?" ਪਾਲ ਨੂੰ ਗੱਲਾਂ ਵਿਚੋਂ ਸੁਆਦ ਆਉਣ ਲੱਗ ਪਿਆ ਸੀ।

"ਫੇਰ ਕੀ, ਫੇਰ ਬਰਾੜ ਸਾਹਬ ਰੇਵੀਏ ਚਾਲ!"

"ਏਹੀ ਤਾਂ ਰਾਜ ਨੀਤੀ ਐ!"

ਬਰਾੜ ਨੇ ਗੱਦੀ 'ਤੇ ਕੁੱਦ ਕੇ ਜਿਹਾ ਕਿਹਾ, "ਨਿਹੱਥੇ ਸੂਰਮੇ ਦੀ ਮੈਦਾਨੋਂ ਭੱਜ ਜਾਣ 'ਚ ਈ ਸੂਰਮਤਾਈ ਐ।"

ਹਾਸਾ ਫਿਰ ਪੈ ਗਿਆ। ਛਿੰਦਾ ਕੋਈ ਹੋਰ ਗੱਲ ਸੁਣਾਉਣ ਲੱਗ ਪਿਆ।

"ਉਇ ਹੁਣ ਬੱਸ ਵੀ ਕਰ, ਕੰਜਰਦਿਆ ਮਰਾਸੀਆ! ਕੋਈ ਅੱਜ ਹੈਗੀ ਐ।"

"ਮਾਨਾਂ ਵਾਲੀ ਪਿਛੇ ਤਾਂ ਦੁਪਹਿਰ ਤੋਂ ਫਿਰਦੇ ਆਂ! ਸਾਲੀ ਸਵੇਰੇ ਇਕ ਵਾਰ ਝਲਕਾਰਾ ਜਿਆ ਮਾਰ ਗਈ! ਮੁੜਕੇ ਛੂੰ-ਛਾਂ ਹੋਗੀ ਕਿਧਰੇ!"

"ਮਾਨਾਂ ਆਲੀ ਕਿਤੇ 'ਕੱਲੀ ਐ।"

ਪਲ ਕੁ ਛਿੰਦਾ ਸੋਚਦਾ ਰਿਹਾ, ਫੇਰ ਉਨ੍ਹਾਂ ਨੂੰ ਬੋਲਿਆ, "ਤੁਸੀਂ ਤਿੰਨੇ ਐਥੇ ਈ ਖੜੋਵੋ! ਮੈਂ ਹੁਣੇ ਆਇਆ!"

ਉਹਨੇ ਕਿੱਕ ਮਾਰੀ ਅਤੇ ਸਕੂਟਰ ਨੇ ਜ਼ੋਰ ਦੀ ਘਰਰ ਘਰਰ ਕੀਤਾ, ਧੂੰਏ ਦਾ ਬੱਦਲ ਜਿਹਾ ਬਣਾਉਂਦਾ ਸਕੂਟਰ ਅੱਖਾਂ ਤੋਂ ਓਹਲੇ ਹੋ ਗਿਆ। ਪਿੱਛੋਂ ਉਹ ਤਿੰਨੇ ਪਲ ਕੁ ਚੁੱਪ ਖਲੋਤੇ ਰਹੇ, ਫੇਰ ਆਪਸ ਵਿਚ ਗੱਲੀਂ ਪੈ ਗਏ। ਸ਼ਹਿਰ ਵਲ ਨੂੰ ਆਵਾਜਾਈ ਘੱਟ ਸੀ, ਅੱਡੇ ਦੀ ਤਰਫ ਭੀੜ ਦੀ ਵਹੀਰ ਪਲ ਪਲ ਵਧ ਰਹੀ ਸੀ।

*(ਬਾਕੀ ਅਗਲੇ ਅੰਕ 'ਚ)*

# ਮੇਰਾ ਤੇ ਯੁਵਰਾਜ ਦਾ ਰੁਝਾਨ ਸਿਰਫ ਕ੍ਰਿਕਟ, ਕੁਝ ਹੋਰ ਨਾ ਜੇ ਸਮਝਣਾ!

ਬੇਹੱਦ ਟੈਲੇਂਟਿਡ ਅਭਿਨੇਤਰੀ ਪ੍ਰਿਟੀ ਨੂੰ ਸਾਈਨ ਕਰਨ ਲਈ ਨਿਰਮਾਤਾ ਹਮੇਸ਼ਾ ਬੇਤਾਬ ਰਹੇ ਹਨ। ਫਰਕ ਸਿਰਫ ਇਨਾ ਹੈ ਕਿ ਉਸ ਨੂੰ ਲੀਡ ਰੋਲ ਹੁਣ ਸ਼ਾਇਦ ਹੀ ਮਿਲੇ। ਦੂਜੇ ਪਾਸੇ ਨੇਸ ਵਾਡੀਆ ਉਨ੍ਹਾਂ ਤੋਂ ਦੂਰ ਜਾ ਚੁੱਕੇ ਹਨ। ਦੋਵੇਂ ਵਿਆਹ ਦਾ ਮਨ ਬਣਾ ਚੁੱਕੇ ਸਨ, ਪਰ ਨੇਸ ਨੇ ਇਹ ਸ਼ਰਤ ਰੱਖ ਦਿੱਤੀ ਕਿ ਵਿਆਹ ਤੋਂ ਬਾਅਦ ਪ੍ਰਿਟੀ ਨੂੰ ਫਿਲਮਾਂ ਛੱਡਣੀਆਂ ਪੈਣਗੀਆਂ। ਫਿਲਮਾਂ ਛੱਡਣ ਦੀ ਗੱਲ ਆਈ, ਤਾਂ ਪ੍ਰਿਟੀ ਭੜਕ ਗਈ। ਲਿਹਾਜ਼ਾ ਉਸ ਨੇ ਨੇਸ ਦੀ ਸ਼ਰਤ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਪਹਿਲਾਂ ਤੋਂ ਹੀ ਫਿਲਮਾਂ ਘੱਟ ਕਰਦੇ ਸੀ ਅਤੇ ਹੁਣ ਤਾਂ ਤੁਹਾਡੀ ਕੋਈ ਫਿਲਮ ਫਲੋਰ 'ਤੇ ਵੀ ਨਹੀਂ ਹੈ ਤਾਂ ਉਸ ਨੇ ਕਿਹਾ, ਜਾਨੂ ਬਰੂਆ ਦੀ ਫਿਲਮ 'ਹਰ ਪਲ' ਦੀ ਸ਼ੂਟਿੰਗ ਪੂਰੀ ਕਰਕੇ ਮੈਂ ਆਈ.ਪੀ.ਐਲ. 'ਚ ਆਪਣੀ ਟੀਮ ਨੂੰ ਲੈ ਕੇ ਰੁਝ ਗਈ ਸੀ। ਉਸ ਤੋਂ ਪਹਿਲਾਂ ਮੈਂ ਦੋ-ਤਿੰਨ ਸਕ੍ਰਿਪਟਾਂ ਪੜ੍ਹੀਆਂ ਸਨ। ਉਨ੍ਹਾਂ ਵਿਚੋਂ ਕੁਝ ਫਿਲਮਾਂ ਨੂੰ ਹੁਣ ਸਟਾਰਟ-ਆਊਟ ਕਰਾਂਗੀ। ਪਿਛਲੇ ਕੁਝ ਸਾਲਾਂ ਤੋਂ ਮੈਂ ਇਸੇ ਅੰਦਾਜ਼ ਵਿਚ ਫਿਲਮਾਂ ਚੁਣ ਰਹੀ ਹਾਂ।



ਜਦੋਂ ਉਸ ਨੂੰ ਪੁੱਛਿਆ ਗਿਆ ਕਿ ਹੁਣ ਤੁਹਾਡੀ ਉਮਰ 33 ਸਾਲ ਹੋ ਗਈ ਹੈ, ਤੁਸੀਂ ਆਪਣੇ ਕੈਰੀਅਰ ਬਾਰੇ ਕੀ ਸੋਚਿਆ ਹੈ ਤਾਂ ਉਸ ਨੇ ਕਿਹਾ, ਜੇਕਰ ਤੁਸੀਂ ਸਟਾਰਡਮ ਦੀ ਗੱਲ ਕਰ ਰਹੇ ਹੋ, ਤਾਂ ਉਸ ਪਿਛੇ ਮੈਂ ਕਦੀ ਨਹੀਂ ਭੱਜੀ। ਆਪਣੇ ਕੈਰੀਅਰ ਵਿਚ ਮੈਂ ਬਹੁਤ ਕੁਝ ਹਾਸਲ ਕੀਤਾ ਹੈ। ਫਿਲਮਾਂ ਦੀ ਗਿਣਤੀ ਤਾਂ ਸ਼ੁਰੂ ਤੋਂ ਹੀ ਮੇਰੇ ਲਈ ਕੋਈ ਮਾਅਨੇ ਨਹੀਂ ਰੱਖਦੀ ਸੀ, ਹੁਣ ਤਾਂ ਉਸ ਦੀ ਗਿਣਤੀ ਜ਼ੋਰ 'ਤੇ ਆ ਗਈ ਹੈ। ਪਰ ਬਾਵਜੂਦ ਇਸ ਦੇ ਫਿਲਮਾਂ ਨੂੰ ਛੱਡਣਾ ਮੇਰੇ ਲਈ ਕਦੀ ਮੁਮਕਿਨ ਨਹੀਂ ਹੋਵੇਗਾ। ਪਤਾ ਨਹੀਂ ਕਿਉਂ ਹੁਣ ਕਿਹੜਾ ਰੋਲ ਮੈਨੂੰ ਪਸੰਦ ਆ ਜਾਏ ਅਤੇ ਮੈਂ ਉਹ ਰੋਲ ਕਰਨ ਤੋਂ ਆਪਣੇ ਆਪ ਨੂੰ ਰੋਕ ਨਾ ਸਕਾਂ। ਉਦੋਂ ਜ਼ੀਰੋ ਤੋਂ ਵਧ ਕੇ ਇਹ ਗਿਣਤੀ ਦੋ-ਤਿੰਨ ਵੀ ਹੋ ਸਕਦੀ ਹੈ। ਦੀਪਾ ਮਹਿਤਾ ਦੀ 'ਹੈਵਨ ਆਨ ਅਰਥ' ਅਤੇ ਜਾਨੂ ਬਰੂਆ ਦੀ 'ਹਰ ਪਲ' ਬਾਰੇ ਦੱਸਦਿਆਂ ਉਸ ਨੇ ਕਿਹਾ ਕਿ ਮੈਂ ਮੰਨਦੀ ਹਾਂ ਕਿ ਅਜਿਹੀਆਂ ਫਿਲਮਾਂ ਖਾਸ ਦਰਸ਼ਕ ਵਰਗ ਦੇ ਜ਼ਿਆਦਾ ਕਰੀਬ ਹੁੰਦੀਆਂ ਹਨ, ਪਰ ਇਨ੍ਹਾਂ ਫਿਲਮਾਂ ਨੂੰ ਆਮ ਦਰਸ਼ਕ ਦੀ ਫਿਲਮ ਬਨਣ ਵਿਚ ਜ਼ਿਆਦਾ ਸਮਾਂ ਨਹੀਂ ਲੱਗਦਾ।

ਖ਼ੈਰ, ਮੇਰੇ ਲਈ ਸਭ ਤੋਂ ਅਹਿਮ ਗੱਲ ਹੈ ਮਜ਼ੇਦਾਰ ਰੋਲ। ਜੇਕਰ ਅਜਿਹੀਆਂ ਫਿਲਮਾਂ ਵਿਚ ਮੈਨੂੰ ਕੋਈ ਬੇਹੱਦ ਦਮਦਾਰ ਰੋਲ ਮਿਲ ਰਿਹਾ ਹੈ, ਤਾਂ ਉਸ ਨੂੰ ਮੈਂ ਕਿਉਂ ਛੱਡਾਂਗੀ।

ਉਸ ਨੇ ਹੋਰ ਕਿਹਾ ਕਿ ਤੁਸੀਂ ਇਨ੍ਹਾਂ ਫਿਲਮਾਂ ਨੂੰ ਵੱਖਰੀ ਕੈਟੇਗਰੀ ਵਿਚ ਕਿਉਂ ਰੱਖ ਰਹੇ ਹੋ? ਮੈਂ ਤਾਂ ਹਰ ਫਿਲਮ ਨੂੰ ਸਿਰਫ ਚੰਗੇ ਜਾਂ ਬੁਰੇ ਦੀ ਸ਼੍ਰੇਣੀ ਵਿਚ ਰੱਖਦੀ ਹਾਂ। ਦੁਰਭਾਗ ਨਾਲ 'ਵਿਦੇਸ਼' ਨਹੀਂ ਚੱਲੀ, ਤਾਂ ਉਸ ਨੂੰ ਬੁਰੀ ਫਿਲਮ ਕਿਹਾ ਗਿਆ।

ਜਦੋਂਕਿ ਇਹ ਮੇਰੇ ਲਈ ਅੱਜ ਵੀ ਇਕ ਚੰਗੀ ਫਿਲਮ ਹੈ। ਉਦਾਂ ਜਲਦੀ ਹੀ ਮੇਰੀਆਂ ਦੋ ਨਵੀਆਂ ਫਿਲਮਾਂ ਸ਼ੁਰੂ ਹੋ ਰਹੀਆਂ ਹਨ। ਇਹ ਫਿਲਮਾਂ ਵੀ ਮੈਂ ਸਿਰਫ ਇਸ ਲਈ ਕਰ ਰਹੀ ਹਾਂ, ਕਿਉਂਕਿ ਇਨ੍ਹਾਂ ਦਾ ਵਿਸ਼ਾ ਅਤੇ ਆਪਣਾ ਰੋਲ ਮੈਨੂੰ ਬਹੁਤ ਚੰਗਾ ਲੱਗਾ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਤੁਸੀਂ ਆਪਣੀ ਪਹਿਲੀ, 'ਕਿਆ ਕਹਿਨਾ' ਵਰਗੀ ਫਿਲਮ ਕਰਨਾ ਚਾਹੁੰਦੇ ਹੋ? ਤਾਂ ਉਸ ਨੇ ਕਿਹਾ ਕਿ ਮੈਂ ਮੰਨਦੀ ਹਾਂ 'ਵਿਦੇਸ਼' ਤੋਂ ਬਾਅਦ 'ਹਰ ਪਲ' ਵੀ ਔਰਤ ਆਧਾਰਤ ਹੈ, ਪਰ ਫਿਲਮਾਂ ਦੀ ਚੋਣ ਵਿਚ ਮੇਰੀ ਅਜਿਹੀ ਕੋਈ ਸੋਚ ਰੁਕਾਵਟ ਨਹੀਂ ਬਣ ਰਹੀ। ਮੈਂ ਹੁਣ ਸਿਰਫ ਇਸ ਗੱਲ ਦਾ ਖਿਆਲ ਰੱਖ ਰਹੀ ਹਾਂ ਕਿ ਮੇਰਾ ਰੋਲ ਦਮਦਾਰ ਹੋਵੇ।

ਪਰਦੇ 'ਤੇ ਹੁਣ ਗਲੈਮਰ ਡਾਲ ਦਿੱਸਣਾ ਨਾ ਮੈਨੂੰ ਪਸੰਦ ਹੈ, ਨਾ ਹੀ ਦਰਸ਼ਕ ਮੇਰੇ ਤੋਂ ਅਜਿਹੀ ਉਮੀਦ ਰੱਖਦੇ ਹਨ, ਉਹ ਹੁਣ ਸਿਰਫ ਇਹੀ ਚਾਹੁੰਦੇ ਹਨ ਕਿ ਮੈਂ ਕਿਸੇ ਕਰੈਕਟਰ ਨੂੰ ਲਾਈਵ ਬਣਾ ਦਿਆਂ। ਸ਼ਾਇਦ ਮੇਰਾ ਐਕਟਿੰਗ ਤਜਰਬਾ ਵੀ ਮੇਰੇ ਤੋਂ ਇਹੀ ਚਾਹੁੰਦਾ ਹੈ।

ਮੇਰੀ ਨਿੱਜੀ ਜ਼ਿੰਦਗੀ ਬਹੁਤ ਚੰਗੀ ਜਾ ਰਹੀ ਹੈ।

ਆਈ.ਪੀ.ਐਲ. ਨੇ ਮੈਨੂੰ ਵੱਖਰੇ ਢੰਗ ਨਾਲ ਬਿਜ਼ੀ ਕਰ ਦਿੱਤਾ ਹੈ। ਦੂਜੇ ਪਾਸੇ ਮੀਡੀਆ ਸਿਰਫ ਮੇਰਾ ਵਿਆਹ ਅਤੇ ਤੋੜ-ਵਿਛੋੜੇ ਦੀਆਂ ਖ਼ਬਰਾਂ ਵਿਚ ਉਲਝਿਆ ਹੋਇਆ ਹੈ। ਉਹ ਉਸ ਨੂੰ ਆਪਣੇ ਢੰਗ ਨਾਲ ਮਸਾਲੇ ਦਾ ਰੰਗ ਦੇ ਰਿਹਾ ਹੈ। ਅਸਲ ਵਿਚ ਮੈਂ ਆਪਣੀ ਰੁਟੀਨ ਜ਼ਿੰਦਗੀ ਵਿਚ ਇੰਨੀ ਰੁੱਝੀ ਹੋਈ ਹਾਂ ਕਿ ਇਹ ਗੱਲਾਂ ਮੈਨੂੰ ਜ਼ਰਾ ਵੀ ਪ੍ਰਭਾਵਤ ਨਹੀਂ ਕਰ ਰਹੀਆਂ।ਨੇਸ ਵਾਡੀਆ ਬਾਰੇ ਉਸ ਨੇ ਕਿਹਾ ਕਿ ਉਹ ਹਮੇਸ਼ਾ ਮੇਰੇ ਚੰਗੇ ਦੋਸਤ ਰਹੇ ਹਨ। ਸ਼ਾਇਦ ਤੁਸੀਂ ਮੇਰੇ ਤੋਂ ਇਸ ਤਰ੍ਹਾਂ ਦੇ ਜਵਾਬ ਦੀ ਉਮੀਦ ਨਹੀਂ ਕਰ ਰਹੇ ਹੋਵੋਗੇ। ਪਰ ਫਿਲਹਾਲ ਮੀਡੀਆ ਦੇ ਇਸ ਸਵਾਲ ਦਾ ਜਵਾਬ ਮੈਂ ਇਹੀ ਦਿਆਂਗੀ।

ਵਿਆਹ ਬਾਰੇ ਉਸ ਨੇ ਕਿਹਾ ਕਿ ਤੁਸੀਂ ਜਿਸ ਤਰ੍ਹਾਂ ਮੇਰੇ ਵਿਆਹ ਦੀ ਤਰੀਕ ਮਿੱਥ ਰਹੇ ਸੀ ਕਿ ਮੈਨੂੰ ਕੁਝ ਦਿਨਾਂ ਲਈ ਇਸ ਨੂੰ ਟਾਲਣਾ ਪਿਆ। ਉਦਾਂ ਵਿਆਹ, ਪਰਿਵਾਰ ਅਤੇ ਬੱਚੇ ਸਾਰਾ ਕੁਝ ਮੇਰੇ ਜ਼ਿਹਨ ਵਿਚ ਹੈ। ਮੈਂ ਮਾਂ ਬਣਨ ਦੇ ਸੁੱਖ ਦਾ ਪੂਰਾ ਆਨੰਦ ਲੈਣਾ ਚਾਹੁੰਦੀ ਹਾਂ।

ਆਈ.ਪੀ.ਐਲ. ਵਿਚ ਆਪਣੀ ਟੀਮ ਦੇ ਕਪਤਾਨ ਯੁਵਰਾਜ ਸਿੰਘ ਬਾਰੇ ਉਸ ਨੇ ਕਿਹਾ ਕਿ ਯੁਵਰਾਜ ਖਿਡਾਰੀ ਹੀ ਨਹੀਂ, ਇਨਸਾਨ ਦੇ ਰੂਪ ਵਿਚ ਵੀ ਅਦਭੁੱਤ ਹੈ। ਹੁਣ ਕ੍ਰਿਪਾ ਕਰਕੇ ਇਸ ਦਾ ਕੋਈ ਗਲਤ ਅਰਥ ਨਾ ਕੱਢਣਾ। ਸਾਡੇ ਦੋਵਾਂ ਦਾ ਇਕੋ ਇਕ ਰੁਝਾਨ ਕ੍ਰਿਕਟ ਹੈ। ਇਸ ਵਜ੍ਹਾ ਨਾਲ ਸਾਡੀ ਦੋਸਤੀ ਹੋਰ ਜੰਮ ਗਈ ਹੈ। ਜਿਸ ਦੇ ਸਹਾਰੇ ਅਸੀਂ ਆਪਣੀ ਟੀਮ ਨੂੰ ਹੋਰ ਜ਼ਿਆਦਾ ਮਜ਼ਬੂਤ ਕਰ ਰਹੇ ਹਾਂ।

## ਕਰੀਨਾ ਨੂੰ ਘਰ ਵਰਗੇ ਲਗਦੇ ਨੇ ਯੂਰਪੀ ਸ਼ਹਿਰ

ਕਰੀਨਾ ਕਪੂਰ ਨੂੰ ਪਿਆਰ ਹੋ ਗਿਆ ਹੈ। ਹੈਰਾਨ ਨਾ ਹੋਵੋ, ਅਸੀਂ ਸੈਫ ਅਲੀ ਖਾਨ ਦੀ ਗੱਲ ਨਹੀਂ ਕਰ ਰਹੇ। ਅਸਲ 'ਚ ਬੇਬੋ ਨੂੰ ਯੂਰਪ ਨਾਲ ਪਿਆਰ ਹੋ ਗਿਆ ਹੈ, ਉਹ ਵੀ ਇਨਾ ਕਿ ਯੂਰਪ ਉਸਨੂੰ ਘਰ ਵਰਗਾ ਲੱਗਣ ਲੱਗਾ ਹੈ। ਉਸ ਦੇ ਇਕ ਨਜ਼ਦੀਕੀ ਨੇ ਦੱਸਿਆ, "ਕਰੀਨਾ ਨੂੰ ਯੂਰਪੀ ਸ਼ਹਿਰਾਂ ਦੀ ਜ਼ਿੰਦਗੀ ਬੇਹੱਦ ਹੌਲੀ ਰਫ਼ਤਾਰ ਵਾਲੀ ਅਤੇ ਅਰਾਮਦਾਇਕ ਲਗਦੀ ਹੈ। ਉਥੋਂ ਦੀ ਹਵਾ 'ਚ ਇਕ ਅਜੀਬ ਸ਼ਾਂਤੀ ਹੈ, ਜੋ ਕਰੀਨਾ ਨੂੰ ਪੂਰੀ ਤਰ੍ਹਾਂ ਤਰੋ-ਤਾਜ਼ਾ ਕਰ ਦਿੰਦੀ ਹੈ।" ਇਸੇ ਨਜ਼ਦੀਕੀ ਨੇ ਦੱਸਿਆ ਕਿ ਕਰੀਨਾ ਭਾਵੇਂ ਕਿ ਅਮਰੀਕਾ ਦੇ ਲਾਸ ਏਂਜਲਸ, ਨਿਊਯਾਰਕ ਅਤੇ ਫਿਲਾਡੇਲਫੀਆ 'ਚ ਫਿਲਮਾਂ ਦੀ ਸ਼ੂਟਿੰਗ ਕਰ ਚੁੱਕੀ ਹੈ, ਫਿਰ ਵੀ ਉਸ ਨੂੰ ਯੂਰਪੀ ਸ਼ਹਿਰ ਹੀ ਵਧੇਰੇ ਪਸੰਦ ਹਨ।



ਕਰੀਨਾ ਨੂੰ ਲੱਗਦੈ ਕਿ ਅਮਰੀਕਾ ਦੇ ਸ਼ਹਿਰ ਦੌੜ-ਭੱਜ ਭਰੇ ਹਨ, ਇਸ ਲਈ ਉਹ ਉਥੇ ਰਹਿਣਾ ਪਸੰਦ ਨਹੀਂ ਕਰਦੀ। ਅੱਜਕਲ ਬੇਬੋ ਲੱਦਾਖ 'ਚ ਰਾਜ ਕੁਮਾਰ ਹੀਰਾਨੀ ਦੀ ਫਿਲਮ '3 ਈਡੀਅਟਸ' ਦੀ ਸ਼ੂਟਿੰਗ ਕਰ ਰਹੀ ਹੈ, ਜੋ ਚੇਤਨ ਭਗਤ ਦੇ ਨਾਵਲ 'ਤੇ ਆਧਾਰਤ ਹੈ। ਉਹ ਆਪਣੇ ਪਰਿਵਾਰ ਨਾਲ ਸੰਪਰਕ 'ਚ ਬਿਲਕੁਲ ਨਹੀਂ ਹੈ, ਕਿਉਂਕਿ ਲੱਦਾਖ ਬਹੁਤ ਉਚਾਈ 'ਤੇ ਸਥਿਤ ਹੈ, ਇਸ ਲਈ ਜ਼ਿਆਦਾਤਰ ਲੋਕਾਂ ਨਾਲ ਉਸ ਦਾ ਸੰਪਰਕ ਨਹੀਂ ਹੋ ਰਿਹਾ।

ਜੋ ਵੀ ਹੋਵੇ, ਅਮਰੀਕਾ ਦੇ ਸ਼ਹਿਰਾਂ ਦੇ ਭੀੜ-ਭੜੱਕੇ ਅਤੇ ਦੌੜ-ਭੱਜ ਤੋਂ ਅੱਕ ਚੁੱਕੀ ਕਰੀਨਾ ਦਾ ਯੂਰਪ ਦੇ ਸ਼ਹਿਰਾਂ ਦੇ ਸ਼ਾਂਤ ਵਾਤਾਵਰਣ ਨਾਲ ਪਿਆਰ ਸ਼ਾਇਦ ਇਸ ਲਈ ਹੈ, ਕਿਉਂਕਿ ਨਿੱਜੀ ਸੰਬੰਧਾਂ ਦੇ ਮਾਮਲੇ 'ਚ ਬੇਬੋ ਪਹਿਲਾਂ ਹੀ ਕਾਫੀ ਦੌੜ-ਭੱਜ ਦਾ ਸਾਹਮਣਾ ਕਰ ਚੁੱਕੀ ਹੈ, ਪਹਿਲਾਂ ਸ਼ਾਹਿਦ ਅਤੇ ਹੁਣ ਸੈਫ...ਖੈਰ!

## ਵਿੱਦਿਆ ਨੇ ਦਿੱਤੇ ਗਰਮਾ ਗਰਮ ਦ੍ਰਿਸ਼

ਉਂਜ ਤਾਂ ਵਿੱਦਿਆ ਬਾਲਨ ਆਪਣੀਆਂ ਪਿਛਲੀਆਂ ਕੁਝ ਫਿਲਮਾਂ 'ਚ ਆਪਣੀ ਬੇਮਿਸਾਲ ਅਦਾਕਾਰੀ ਅਤੇ ਆਪਣੇ ਜਲਵਿਆਂ ਲਈ ਖੂਬ ਵਾਹ-ਵਾਹ ਖੱਟ ਚੁੱਕੀ ਹੈ, ਪਰ ਕੁਝ ਗਲੈਮਰਹੀਣ 'ਕੋਲਡ' ਭੂਮਿਕਾਵਾਂ ਕਰਕੇ ਹੈਰਾਨ ਵੀ ਕਰਦੀ ਰਹੀ ਹੈ। ਜਦਕਿ ਕੋਲਡ ਵਿੱਦਿਆ ਵੀ ਪਰਦੇ 'ਤੇ ਕਮਾਲ ਦੀ ਨਜ਼ਰ ਆਉਂਦੀ ਰਹੀ ਹੈ।



ਭਾਵ ਵਿੱਦਿਆ ਕਿਸੇ ਫਿਲਮ 'ਚ 'ਕੋਲਡ' ਅਤੇ ਗਲੈਮਰਹੀਣ ਭੂਮਿਕਾ ਕਰਕੇ ਆਪਣੀ ਇਕ ਵੱਖਰੀ ਪਛਾਣ ਬਣਾਉਣ ਦਾ ਸੰਕੇਤ ਦਿੰਦੀ ਹੈ ਤਾਂ ਅਗਲੀ ਹੀ ਕਿਸੇ ਫਿਲਮ 'ਚ ਇਕ ਵੱਖਰੇ ਅੰਦਾਜ਼ 'ਚ ਬਿਲਕੁਲ 'ਹੌਟ-ਹੌਟ' ਵਿੱਦਿਆ ਦੇ ਦੀਦਾਰ ਕਰਕੇ ਦਰਸ਼ਕ ਝੂਮਣ ਲੱਗਦੇ ਹਨ। ਇਸ ਤੋਂ ਪਹਿਲਾਂ ਵਿੱਦਿਆ ਜਿਥੇ ਫਿਲਮ 'ਪਰਿਣੀਤਾ' ਅਤੇ 'ਹੇ ਬੇਬੀ' 'ਚ ਬਹੁਤ ਹੀ ਬਿੰਦਾਸ ਭੂਮਿਕਾਵਾਂ ਅਤੇ ਹੌਟ ਸੀਨ ਕਰ ਚੁੱਕੀ ਹੈ, ਉਥੇ ਹੀ ਨਿਖਿਲ ਅਡਵਾਨੀ ਦੀ ਫਿਲਮ 'ਚਾਂਦ ਭਾਈ' ਅਤੇ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਚੇਨਾਬ ਗਾਂਧੀ' 'ਚ ਗਲੈਮਰਹੀਣ ਭੂਮਿਕਾ ਕਰ ਰਹੀ ਹੈ।

ਦੂਜੇ ਪਾਸੇ ਵਿਸ਼ਾਲ ਭਾਰਦਵਾਜ ਦੀ ਫਿਲਮ 'ਇਸ਼ਕੀਆ' ਵਿਚ ਵਿੱਦਿਆ ਨੇ ਇੰਨੇ ਬੋਲਡ ਸੀਨ ਕੀਤੇ ਹਨ ਕਿ ਕਿਹਾ ਜਾ ਰਿਹਾ ਹੈ ਕਿ ਉਹ ਬਿੰਦਾਸਪਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਲੈਣਾ ਚਾਹੁੰਦੀ ਹੈ।

ਸ਼ਾਇਦ ਇਨ੍ਹਾਂ ਬੋਲਡ ਦ੍ਰਿਸ਼ਾਂ ਦੀ ਬਦੌਲਤ ਹੀ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਫਿਲਮ ਵਿੱਦਿਆ ਦੇ ਕੈਰੀਅਰ ਨੂੰ ਇਕ ਨਵੀਂ ਉਚਾਈ ਤੱਕ ਪਹੁੰਚਾਉਣ 'ਚ ਸਫਲ ਹੋਵੇਗੀ।

## ਪ੍ਰਿਯੰਕਾ-ਹਰਮਨ ਹੋਏ ਵੱਖ, ਬੋਲਚਾਲ ਵੀ ਬੰਦ

ਲੱਗਦੈ ਕਿ ਪ੍ਰਿਯੰਕਾ ਚੋਪੜਾ ਅਤੇ ਹਰਮਨ ਬਵੇਜਾ ਦੀ ਪ੍ਰੇਮ ਕਹਾਣੀ ਦਾ ਪਰਦਾ ਡਿੱਗ ਚੁੱਕਾ ਹੈ। ਇਹ ਦੋਵੇਂ, ਜੋ ਕੁਝ ਦਿਨ ਪਹਿਲਾਂ ਤੱਕ ਡੇਟਿੰਗ 'ਤੇ ਸਨ, ਅੱਜ ਕੱਲ੍ਹ ਆਪਸ 'ਚ ਬੋਲਦੇ ਤੱਕ ਨਹੀਂ। ਦੋਹਾਂ ਦੇ ਇਕ ਨੇੜਲੇ ਸੂਤਰ ਨੇ ਦੱਸਿਆ, "ਹਰਮਨ ਅਤੇ ਪ੍ਰਿਯੰਕਾ ਨੇ ਅਜੇ ਆਸ਼ੂਤੋਸ਼ ਗੋਵਾਰੀਕਰਨ ਦੀ ਫਿਲਮ 'ਵ੍ਹਾਟਸ ਯੋਰ ਰਾਸ਼ੀ' ਦੇ ਦੋ ਗੀਤ ਪੂਰੇ ਕਰਨੇ ਹਨ। ਜਦੋਂ ਇਹ ਦੋਵੇਂ ਗੀਤ ਪੂਰੇ ਹੋ ਜਾਣਗੇ ਤਾਂ ਦੋਵੇਂ ਪ੍ਰੋਫੈਸ਼ਨਲੀ ਵੀ ਵੱਖ ਹੋ ਜਾਣਗੇ।" ਕਹਿੰਦੇ ਹਨ ਕਿ ਇਕ-ਦੂਜੇ ਤੋਂ ਦੂਰ ਹੋਣ ਪਿਛੋਂ ਦੋਵੇਂ ਰੋਮਾਂਟਿਕਦ੍ਰਿਸ਼ ਕਰਨ 'ਚ ਸਹਿਜ ਮਹਿਸੂਸ ਨਹੀਂ ਕਰ ਰਹੇ ਸਨ।



ਇਸ ਸਬੰਧੀ ਜਦ ਹਰਮਨ ਨੂੰ ਪੁੱਛਿਆ ਗਿਆ ਤਾਂ ਉਸ ਨੇ ਕਿਹਾ, "ਅਸੀਂ ਪ੍ਰੋਫੈਸ਼ਨਲ ਹਾਂ, ਕਲਾਕਾਰ ਹਾਂ ਅਤੇ ਸੈੱਟਸ 'ਤੇ ਸਾਡੇ ਸਬੰਧਾਂ ਬਾਰੇ ਜੋ ਕੁਝ ਵੀ ਕਿਹਾ ਜਾ ਰਿਹਾ ਹੈ, ਉਹ ਵਧਾ-ਚੜ੍ਹਾ ਕੇ ਕਿਹਾ ਜਾ ਰਿਹਾ ਹੈ।"

ਉਧਰ ਦੂਜੇ ਪਾਸੇ ਅਜਿਹੀ ਖ਼ਬਰ ਵੀ ਹੈ ਕਿ ਪ੍ਰਿਯੰਕਾ ਚੋਪੜਾ ਬ੍ਰਿਟਿਸ਼ ਅਭਿਨੇਤਾ ਗੇਰਾਰਡ ਬਟਲਰ ਦੇ ਸਨਮਾਨ 'ਚ ਇਕ ਪਾਰਟੀ ਦੇਣ ਵਾਲੀ ਸੀ, ਜਿਸ ਨੂੰ ਉਸ ਨੇ ਬਿਲਕੁਲ ਗੁਪਤ ਰੱਖਣਾ ਸੀ, ਪਰ ਇਹ ਖ਼ਬਰ ਲੀਕ ਹੋ ਗਈ।

ਪ੍ਰਿਯੰਕਾ ਦੇ ਕਿਸੇ ਨੇੜਲੇ ਸੂਤਰ ਨੇ ਉਸ ਨੂੰ ਕਿਹਾ ਕਿ ਇਹ ਖ਼ਬਰ ਹਰਮਨ ਕੈਂਪ ਵਲੋਂ ਫੈਲਾਈ ਗਈ ਸੀ।

## ਦੀਪਿਕਾ ਦੇ ਬਿਆਨ ਨਾਲ ਉੱਡੇ ਕਰੀਨਾ ਦੇ ਹੋਸ਼

ਦੀਪਿਕਾ ਪਾਦੂਕੋਣ ਇਨ੍ਹੀਂ ਦਿਨੀਂ ਬੇਬੋ ਲਈ ਸਿਰਦਰਦ ਬਣੀ ਹੋਈ ਹੈ। ਕਾਰਨ ਹੈ, ਉਸ ਦਾ ਹਾਲ ਹੀ ਵਿਚ ਦਿੱਤਾ ਗਿਆ ਬਿਆਨ। ਇਸ ਬਿਆਨ ਮੁਤਾਬਕ ਫਿਲਮ 'ਲਵ ਆਜ ਕੱਲ' ਦੀ ਸ਼ੂਟਿੰਗ ਦੌਰਾਨ 'ਕਿਸ ਸੀਨ' ਵਿਚ ਉਹ ਅਤੇ ਸੈਫ ਅਲੀ ਖ਼ਾਨ ਖ਼ੁਦ ਨੂੰ ਬੇਹਦ ਸਹਿਜ ਮਹਿਸੂਸ ਕਰ ਰਹੇ ਸਨ। ਦਰਅਸਲ, ਦੀਪਿਕਾ ਨੇ ਵੱਡੇ ਬੈਨਰ ਦੀਆਂ ਫਿਲਮਾਂ ਨੂੰ ਅਹਿਮੀਅਤ ਦੇਣ ਦੀ ਬਜਾਏ ਇਹ ਸਮਝਦਾਰੀ ਭਰਿਆ ਬਿਆਨ ਇਸ ਲਈ ਦਿੱਤਾ ਹੈ, ਕਿਉਂਕਿ ਉਹ ਮੰਨਦੀ ਹੈ ਕਿ ਫਿਲਮਾਂ ਵਿਚ ਸਕ੍ਰਿਪਟ ਦੀ ਡਿਮਾਂਡ ਦੇ ਹਿਸਾਬ ਨਾਲ ਸਾਰਾ ਕੁਝ ਕਰਨਾ ਪੈਂਦਾ ਹੈ।



ਇਸ ਬਾਰੇ ਜਦੋਂ ਉਸ ਤੋਂ ਪੁੱਛਿਆ ਗਿਆ ਕਿ 'ਜਬ ਵੀ ਮੇਟ' ਫੇਮ ਡਾਇਰੈਕਟਰ ਇਮਤਿਆਜ਼ ਅਲੀ ਦੀ ਇਸ ਫਿਲਮ ਵਿਚ ਉਨ੍ਹਾਂ ਨੇ ਸੈਫ ਨਾਲ ਕਿੱਸ ਸੀਨ ਇੰਨੀ ਸਹਿਜਤਾ ਨਾਲ ਕਿੰਵੇਂ ਕਰ ਲਿਆ, ਤਾਂ ਉਹ ਬੋਲੀ, "ਮੈਂ ਅਤੇ ਸੈਫ ਫਿਲਮ ਵਿਚ ਜੋੜੀ ਹਾਂ। ਜ਼ਾਹਿਰ ਹੈ ਕਿ ਅਸੀਂ ਇਕ-ਦੂਜੇ ਵਿਚ ਪੂਰੀ ਤਰ੍ਹਾਂ ਡੁੱਬੇ ਬਗੈਰ ਅਜਿਹਾ ਸੀਨ ਨਹੀਂ ਕਰ ਸਕਦੇ ਸਾਂ।"

ਦੀਪਿਕਾ, ਇਹ ਗੱਲ ਤਾਂ ਸਹੀ ਹੈ ਕਿ ਹੁਣ ਕਿਸਿੰਗ ਸੀਨ ਲਈ ਦੋ ਫੁੱਲਾਂ ਨੂੰ ਆਪਸ ਵਿਚ ਜੋੜ ਦੇਣ ਦੀ ਪਰੰਪਰਾ ਨਹੀਂ ਰਹੀ, ਪਰ ਇਸ ਤਰ੍ਹਾਂ ਦੇ ਬਿਆਨਾਂ ਨੇ ਕਰੀਨਾ ਦੇ ਹੋਸ਼ ਜ਼ਰੂਰ ਉਡਾ ਦਿੱਤੇ ਹਨ।

ਅਜਿਹਾ ਵੀ ਹੋ ਸਕਦਾ ਹੈ ਕਿ ਸੈਫ ਨੇ ਅਕਸ਼ੈ ਕੁਮਾਰ ਨੂੰ ਕਿਸ ਦੇਣ ਵਾਲੀ ਬੇਬੋ ਨੂੰ ਸਾੜਨ ਲਈ ਅਜਿਹਾ ਸੀਨ ਜਾਣ ਬੁੱਝ ਕੇ ਆਪਣੀ ਫਿਲਮ ਵਿਚ ਰਖਵਾਇਆ ਹੋਵੇ। ਖ਼ੈਰ, ਇਹ ਵਜ੍ਹਾ ਚਾਹੇ ਜਿਹੜੀ ਵੀ ਹੋਵੇ, ਇਹ ਸੀਨ ਫਿਲਮ ਨੂੰ ਪਬਲੀਸਿਟੀ ਦਿਵਾਉਣ ਵਿਚ ਕਾਮਯਾਬ ਤਾਂ ਹੋ ਹੀ ਰਿਹਾ ਹੈ।

## ਅਸਿਨ ਨੇ ਮੰਨੀ ਗੱਲ, ਹੁਣ ਸ਼ੂਟਿੰਗ 'ਤੇ ਇਕੱਲੀ ਆਵੇਗੀ

ਫਿਲਮ ਇੰਡਸਟਰੀ ਵਿਚ ਅਜਿਹੀਆਂ ਹੀਰੋਇਨਾਂ ਦੀ ਗਿਣਤੀ ਚੰਗੀ ਭਲੀ ਹੈ, ਜਿਨ੍ਹਾਂ ਨਾਲ ਸੈੱਟ 'ਤੇ ਉਨ੍ਹਾਂ ਦੀਆਂ ਮੰਮੀਆਂ ਵੀ ਆਉਂਦੀਆਂ ਹਨ। ਪਰ ਅਸਿਨ ਪਹਿਲੀ ਅਜਿਹੀ ਹੀਰੋਇਨ ਹੈ, ਜਿਸ ਨਾਲ ਉਨ੍ਹਾਂ ਦੇ ਪਿਤਾ ਪ੍ਰਛਾਂਵੇਂ ਵਾਂਗ ਮੌਜੂਦ ਰਹਿੰਦੇ ਹਨ। ਅਜਿਹੇ ਵਿਚ ਕਈ ਹੀਰੋਆਂ ਨੂੰ ਇਹ ਗੱਲ ਨਾਗਵਾਰ ਗੁਜ਼ਰੀ। ਦਰਅਸਲ, ਬਾਕਸ ਆਫਿਸ 'ਤੇ ਰਿਕਾਰਡ ਬਣਾਉਣ ਵਾਲੀ 'ਗਜ਼ਨੀ' ਜ਼ਰੀਏ ਅਸਿਨ ਨੇ ਬਾਲੀਵੁੱਡ ਦੇ ਲੋਕਾਂ 'ਤੇ ਵੀ ਅਸਰ ਛੱਡਿਆ ਹੈ, ਜਿਸ ਦੇ ਚੱਲਦੇ ਸੈੱਟ 'ਤੇ ਵਿਹਲੇ ਸਮੇਂ ਉਹ ਉਨ੍ਹਾਂ ਨਾਲ ਗੱਪਾਂ ਸ਼ੱਪਾਂ ਮਾਰਨਾ ਚਾਹੁੰਦੇ ਹਨ...ਹਾਸਾ-ਮਜ਼ਾਕ ਕਰਨਾ ਚਾਹੁੰਦੇ ਹਨ। ਪਰ ਇਹ ਉਦੋਂ ਤੱਕ ਮੁਮਕਿਨ ਨਹੀਂ, ਜਦੋਂ ਤੱਕ ਉਹ ਇਕੱਲੀ ਨਾ ਹੋਵੇ। ਹੁਣ ਅਸਿਨ ਦੇ ਪਿਤਾ ਦੀ ਮੌਜੂਦਗੀ ਵਿਚ ਜਵਾਨ ਅਸਿਨ ਅਜਿਹਾ ਕਰ ਵੀ ਕਿਵੇਂ ਸਕਦੀ ਹੈ। ਇਸ ਲਈ ਕੁਝ ਕੋ-ਸਟਾਰਾਂ ਨੇ ਅਸਿਨ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਨਾਲ ਆਪਣੇ ਪਿਤਾ ਨੂੰ ਨਾ ਲਿਆਇਆ ਕਰੇ, ਤਾਂ ਅਸਿਨ ਨੇ ਗੱਲ ਮੰਨ ਲਈ। ਹੁਣ ਉਹ ਸੈੱਟ 'ਤੇ ਇਕੱਲੀ ਹੀ ਆਉਂਦੀ ਹੈ। ਅਸਿਨ ਦੇ ਇਸ ਤਰ੍ਹਾਂ ਗੱਲ ਮੰਨਣ ਨਾਲ ਉਸ ਦੇ ਦੋਸਤ ਖੁਸ਼ ਹੋ ਰਹੇ ਹਨ।

## ਆਮਿਰ ਖਾਨ ਨੇ ਕੱਢਿਆ ਆਪਣੇ ਹੀ ਸਟਾਫ 'ਤੇ ਗੁੱਸਾ?

ਪਰਫੈਕਸ਼ਨਿਸਟ ਦੇ ਨਾਂ ਨਾਲ ਪ੍ਰਸਿੱਧ ਹੋ ਚੁੱਕੇ ਆਮਿਰ ਖਾਨ ਨੂੰ ਆਪਣੀਆਂ ਫਿਲਮਾਂ ਦੇ ਨਾਲ-ਨਾਲ ਆਪਣੀ ਅਸਲ ਜ਼ਿੰਦਗੀ 'ਚ ਵੀ ਸਭ ਕੁਝ ਸਰਵੋਤਮ ਹੋਣ ਦੀ ਆਸ ਰਹਿੰਦੀ ਹੈ ਅਤੇ ਜਦੋਂ ਵੀ ਅਜਿਹਾ ਨਹੀਂ ਹੁੰਦਾ ਤਾਂ ਉਸਨੂੰ ਬਹੁਤ ਗੁੱਸਾ ਆਉਂਦਾ ਹੈ।

ਪਿਛਲੇ ਦਿਨੀਂ ਮੁੰਬਈ ਏਅਰਪੋਰਟ 'ਤੇ ਕੁਝ ਅਜਿਹਾ ਹੀ ਹੋਇਆ, ਜਿੱਥੇ ਉਸ ਨੂੰ ਕਾਫੀ ਗੁੱਸੇ 'ਚ ਦੇਖਿਆ ਗਿਆ। ਅਜਿਹਾ ਨਹੀਂ ਸੀ ਕਿ ਉਸ ਦਾ ਪਾਰਾ ਮੁੰਬਈ ਦੀ ਤੇਜ਼ ਗਰਮੀ ਕਾਰਨ ਚੜ੍ਹ ਗਿਆ ਹੋਵੇ, ਕਿਉਂਕਿ ਉਹ ਇੱਥੇ ਲੱਦਾਖ ਦੀਆਂ ਠੰਡੀਆਂ ਵਾਦੀਆਂ 'ਚ ਆਪਣੀ ਫਿਲਮ '3 ਈਡੀਅਟਸ' ਦੀ ਸ਼ੂਟਿੰਗ ਖਤਮ ਕਰ ਕੇ ਪਹੁੰਚਿਆ ਸੀ। ਉਸਦੇ ਗੁੱਸੇ ਦਾ ਕਾਰਨ ਕੁਝ ਹੋਰ ਹੀ ਜਾਪ ਰਿਹਾ ਸੀ। ਏਅਰਪੋਰਟ ਪਹੁੰਚ ਕੇ ਆਮਿਰ ਖਾਨ ਲਗਭਗ 10 ਮਿੰਟਾਂ ਤੱਕ ਆਪਣੇ ਫੋਨ 'ਤੇ ਕਿਸੇ ਨੂੰ ਝਿੜਕਦਾ ਰਿਹਾ। ਉਸ ਪਿਛੋਂ ਉਹ ਆਪਣੇ ਬਾਡੀਗਾਰਡ ਨਾਲ ਇਕ ਟੈਕਸੀ 'ਚ ਬੈਠ ਕੇ ਉਥੋਂ ਚਲਾ ਗਿਆ। ਇਸ ਨੂੰ ਦੇਖ ਕੇ ਤਾਂ ਇਹੀ ਅੰਦਾਜ਼ਾ ਲੱਗਾ ਕਿ ਆਮਿਰ ਖਾਨ ਦੇ ਏਅਰਪੋਰਟ ਪਹੁੰਚਣ ਦੇ ਬਾਵਜੂਦ ਉਸ ਦੀ ਕਾਰ ਸਮੇਂ ਸਿਰ ਉਥੇ ਨਹੀਂ ਪਹੁੰਚ ਸਕੀ, ਇਸ ਲਈ ਉਹ ਆਪਣੇ ਸਟਾਫ 'ਤੇ ਆਪਣਾ ਗੁੱਸਾ ਕੱਢ ਰਿਹਾ ਸੀ।

# Real Estate and Loans
## Under One Roof

**Call: Sam Chahal Tel: 916-612-5773**



Sam (Sohanpreet)Chahal, MBA
CA Lic. 01504071
Realtor/Notary Public
e-mail:sam@jassigill.com

**We Help You Buy/Sell Business & Homes**

**Multi-Million Dollars Producer-2007-08**

## Reo-Bankowned Properties

Serving from Bay Area to Sacramento

***For Buying and Selling Residential, Commercial property and for Loans in Sacramento area***

**ਪਹਿਲੀ ਵਾਰ ਘਰ ਖਰੀਦਣ ਅਤੇ ਇਨਵੈਸਟਮੈਂਟ ਲਈ ਸੁਨਹਿਰੀ ਮੌਕਾ**

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

**We can help you get a loan with as little as 3.5% down.**

Interest rates are historic low and to get your dream home or investment property.

## Golden State Realty

Sacramento Office: 8695 Territorial Way, Elk Grove CA 95624
Tel:916-612-5773 Fax:916-689-5707